ਅਦਾਰਾ
ਚੜ੍ਹਦੀਕਲਾ
ਵੱਲੋਂ
ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਥਾਪਨਾ ਦਿਵਸ ਦੀਆਂ ਲੱਖ-ਲੱਖ ਵਧਾਈਆਂ



ਨਾਨਕ ਨਾਮ ਚੜ੍ਹਦੀਕਲਾ ਤੇਰੇ ਭਾਣੇ ਸਰਬੱਤ ਦਾ ਭਲਾ

PRGI (RNI) Regd. No. 22972/1972

# ਚੜ੍ਹਦੀਕਲਾ

DAILY CHARHDIKALA, PATIALA

ਬਾਨੀ : (ਸਵ:) ਗਿ: ਹਰਨਾਮ ਸਿੰਘ ਜੀ

ਮੁੱਖ ਸੰਪਾਦਕ: ਡਾ. ਜਗਜੀਤ ਸਿੰਘ 'ਦਰਦੀ'    ਸੰਪਾਦਕ : ਹਰਪ੍ਰੀਤ ਸਿੰਘ 'ਦਰਦੀ'    (ਕੁੱਲ ਸਫ਼ੇ 12 Pages 12)

(Wednesday, 2 July, 2025) ਪਟਿਆਲਾ ਬੁੱਧਵਾਰ, 2 ਜੁਲਾਈ, 2025, 18 ਹਾੜ, ਨਾਨਕਸ਼ਾਹੀ ਸੰਮਤ 557, ਬਿਕ੍ਰਮੀ 2082

ਰਜਿਸਟਰਡ ਪੋਸਟਲ ਰਜਿ: ਨੰ. Pb/PTA(0274)/2024-26, ਸਾਲ (Year) 57    ਅੰਕ ਨੰਬਰ (Volume No.) 181    ਮੁੱਲ : 2.00 ਰੁਪਏ    ਫ਼ੋਨ: +91- 92168-07500 Posted at RMS Patiala    www.charhdikala.com    E-mail: news@charhdikala.com


ਕੋਲਕਾਤਾ ਲਾਅ ਕਾਲਜ ਰੇਪ ਮਾਮਲਾ

## ਮੁੱਖ ਮੁਲਜ਼ਮ ਦੇ ਸਰੀਰ 'ਤੇ ਨਹੁੰਆਂ ਦੇ ਨਿਸ਼ਾਨ ਮਿਲੇ

ਕੋਲਕਾਤਾ, 1 ਜੁਲਾਈ (ਚੜ੍ਹਦੀਕਲਾ ਬਿਊਰੋ) : ਕੋਲਕਾਤਾ ਦੇ ਲਾਅ ਕਾਲਜ ਵਿੱਚ ਇੱਕ ਵਿਦਿਆਰਥਣ ਨਾਲ ਸਮੂਹਿਕ ਜਬਰ ਜਨਾਹ ਦੇ ਮਾਮਲੇ ਵਿੱਚ ਗ੍ਰਿਫਤਾਰ ਕੀਤੇ ਗਏ ਮੁੱਖ ਮੁਲਜ਼ਮ ਮੋਨੋਜੀਤ ਮਿਸ਼ਰਾ ਦੇ ਸਰੀਰ 'ਤੇ ਡਾਕਟਰਾਂ ਨੂੰ ਨਹੁੰਆਂ ਦੇ ਨਿਸ਼ਾਨ ਮਿਲੇ ਹਨ। ਉਨ੍ਹਾਂ ਕਿਹਾ ਕਿ ਨਹੁੰਆਂ ਨਾਲ ਜ਼ਖ਼ਮ ਦੇ ਨਿਸ਼ਾਨ 25 ਜੂਨ ਦੀ ਸ਼ਾਮ ਨੂੰ ਦੱਖਣੀ ਕਲਕੱਤਾ ਲਾਅ ਕਾਲਜ ਦੇ ਇੱਕ ਸੁਰੱਖਿਆ ਗਾਰਡ ਦੇ ਕਮਰੇ ਦੇ ਅੰਦਰ ਹੋਏ ਕਥਿਤ ਜਿਨਸੀ ਹਮਲੇ (ਬਾਕੀ ਸਫਾ 2 'ਤੇ)

# ਪੰਜਾਬ ਦੇ 11 ਜ਼ਿਲ੍ਹਿਆਂ 'ਚ ਅਚਾਨਕ ਹੜ੍ਹਾਂ ਦੀ ਚੇਤਾਵਨੀ



ਚੜ੍ਹਦੀਕਲਾ ਬਿਊਰੋ

================

ਚੰਡੀਗੜ੍ਹ, 1 ਜੁਲਾਈ :ਮੌਸਮ ਵਿਗਿਆਨ ਕੇਂਦਰ ਨੇ 6 ਜੁਲਾਈ ਤੱਕ ਹਿਮਾਚਲ ਪ੍ਰਦੇਸ਼ ਅਤੇ ਪੰਜਾਬ ਵਿੱਚ ਕੁਝ ਥਾਵਾਂ 'ਤੇ ਭਾਰੀ ਮੀਂਹ ਪੈਣ ਦੀ ਭਵਿੱਖਬਾਣੀ ਕੀਤੀ ਹੈ। ਅਗਲੇ 7 ਦਿਨਾਂ ਵਿੱਚ, ਉੱਤਰ-ਪੱਛਮੀ ਭਾਰਤ ਵਿੱਚ ਜ਼ਿਆਦਾਤਰ ਥਾਵਾਂ 'ਤੇ ਹਲਕੀ ਤੋਂ ਦਰਮਿਆਨੀ ਬਾਰਿਸ਼ ਹੋ ਸਕਦੀ ਹੈ, ਜਦੋਂ ਕਿ ਕੁਝ ਥਾਵਾਂ 'ਤੇ 30-40 ਕਿਲੋਮੀਟਰ ਪ੍ਰਤੀ ਘੰਟਾ ਦੀ ਰਫ਼ਤਾਰ ਨਾਲ ਗਰਜ, ਬਿਜਲੀ ਅਤੇ ਤੇਜ਼ ਹਵਾਵਾਂ ਚੱਲਣ ਦੀ ਵੀ ਸੰਭਾਵਨਾ ਹੈ। ਮੰਗਲਵਾਰ ਸਵੇਰ ਤੋਂ ਹੀ ਪੰਜਾਬ ਵਿੱਚ ਬੱਦਲ ਛਾਏ ਹੋਏ ਹਨ। ਸੋਮਵਾਰ ਸ਼ਾਮ ਤੱਕ, ਪੰਜਾਬ ਦੇ ਪਟਿਆਲਾ ਵਿੱਚ 6 ਮਿਲੀਮੀਟਰ, ਫਤਿਹਗੜ੍ਹ ਸਾਹਿਬ ਵਿੱਚ 1 ਮਿਲੀਮੀਟਰ ਅਤੇ ਰੂਪਨਗਰ ਵਿੱਚ 2.5 ਮਿਲੀਮੀਟਰ ਮੀਂਹ ਦਰਜ ਕੀਤਾ ਗਿਆ। ਜਿਸ ਕਾਰਨ ਰਾਜ ਵਿੱਚ ਵੱਧ ਤੋਂ ਵੱਧ ਤਾਪਮਾਨ ਔਸਤਨ 0.5 ਡਿਗਰੀ ਸੈਲਸੀਅਸ ਡਿੱਗ ਗਿਆ ਹੈ। ਹਾਲਾਂਕਿ, ਇਹ ਆਮ ਨਾਲੋਂ 3.8 ਡਿਗਰੀ ਸੈਲਸੀਅਸ ਘੱਟ ਹੈ। ਰਾਜ ਵਿੱਚ ਸਭ ਤੋਂ ਵੱਧ ਤਾਪਮਾਨ 38.6 ਡਿਗਰੀ ਸੈਲਸੀਅਸ ਹੈ, ਜੋ ਬਠਿੰਡਾ ਵਿੱਚ ਦਰਜ ਕੀਤਾ ਗਿਆ ਸੀ। (ਬਾਕੀ ਸਫਾ 2 'ਤੇ)

### ਪੰਡੋਹ ਡੈਮ ਦੇ ਸਾਰੇ ਗੇਟ ਖੋਲ੍ਹੇ, ਸੱਤ ਜ਼ਿਲ੍ਹਿਆਂ 'ਚ ਹੜ੍ਹ ਦਾ ਅਲਰਟ

ਸ਼ਿਮਲਾ, 1 ਜੁਲਾਈ (ਚੜ੍ਹਦੀਕਲਾ ਬਿਊਰੋ) : ਹਿਮਾਚਲ ਪ੍ਰਦੇਸ਼ ਵਿਚ ਅਗਲੇ 24 ਘੰਟਿਆਂ ਵਿਚ ਭਾਰੀ ਮੀਂਹ ਪੈਣ ਵਾਲਾ ਹੈ। ਭਾਰਤੀ ਮੌਸਮ ਵਿਭਾਗ ਦੀ ਹਾਈਡਰੋ ਮੈਟਰੋਲੋਜੀਕਲ ਡਿਵੀਜ਼ਨ ਨੇ ਹਿਮਾਚਲ ਪ੍ਰਦੇਸ਼ ਵਿਚ ਲਗਾਤਾਰ ਪੈ ਰਹੇ ਭਾਰੀ ਮੀਂਹ ਕਰਕੇ ਅਗਲੇ 24 ਘੰਟਿਆਂ ਵਿਚ ਪਹਾੜੀ ਰਾਜ ਦੇ ਸੱਤ ਜ਼ਿਲ੍ਹਿਆਂ ਵਿਚ ਹੜ੍ਹਾਂ ਦੀ ਚਿਤਾਵਨੀ ਦਿੱਤੀ ਹੈ। ਇਸ ਅਨੁਸਾਰ ਅਗਲੇ 24 ਘੰਟਿਆਂ ਵਿਚ ਰਾਜ ਦੇ ਚੰਬਾ, ਕਾਂਗੜਾ, ਕੁੱਲੂ, ਮੰਡੀ, ਸ਼ਿਮਲਾ, ਸਿਰਮੌਰ ਅਤੇ ਸੋਲਨ ਜ਼ਿਲ੍ਹਿਆਂ ਦੇ ਕੁਝ ਜਲ-ਖੇਤਰਾਂ (ਨਦੀਆਂ-ਨਾਲਿਆਂ) ਅਤੇ ਨੇੜਲੇ ਇਲਾਕਿਆਂ ਵਿੱਚ 1 ਜੁਲਾਈ ਤੱਕ ਦਰਮਿਆਨੇ ਤੋਂ ਉੱਚ ਪੱਧਰੀ ਹੜ੍ਹਾਂ ਦਾ ਬਹੁਤ ਜ਼ਿਆਦਾ ਖ਼ਤਰਾ ਹੈ। ਹੜ੍ਹਾਂ ਕਰਕੇ ਨੀਵੇਂ ਇਲਾਕਿਆਂ ਵਿੱਚ ਪਾਣੀ ਭਰਨ ਦੀ (ਬਾਕੀ ਸਫਾ 2 'ਤੇ)

### ਪੰਜਾਬ ਸਰਕਾਰ ਲਏਗੀ 8500 ਕਰੋੜ ਦਾ ਕਰਜ਼ਾ, ਆਰ.ਬੀ.ਆਈ. ਨੇ ਕੀਤਾ ਮਨਜ਼ੂਰ

ਚੰਡੀਗੜ੍ਹ, 1 ਜੁਲਾਈ (ਚੜ੍ਹਦੀਕਲਾ ਬਿਊਰੋ) : ਪੰਜਾਬ ਸਰਕਾਰ ਜੁਲਾਈ ਤੋਂ ਸਤੰਬਰ ਤਿਮਾਹੀ ਦੌਰਾਨ ਲਗਭਗ 8,500 ਕਰੋੜ ਰੁਪਏ ਦਾ ਨਵਾਂ ਕਰਜ਼ਾ ਲੈਣ ਜਾ ਰਹੀ ਹੈ। ਇਹ ਕਰਜ਼ਾ ਭਾਰਤੀ ਰਿਜ਼ਰਵ ਬੈਂਕ (ਆਰ.ਬੀ.ਆਈ.) ਦੀ ਪ੍ਰਵਾਨਗੀ ਦੇ ਅਧੀਨ ਹੋਵੇਗਾ ਅਤੇ ਇਸ ਨੂੰ ਬਾਜ਼ਾਰ ਤੋਂ ਇਕੱਠਾ ਕੀਤਾ ਜਾਵੇਗਾ। ਜਾਣਕਾਰੀ ਮੁਤਾਬਕ ਸਰਕਾਰ ਜੁਲਾਈ ਵਿੱਚ 2,000 ਕਰੋੜ ਰੁਪਏ, ਅਗਸਤ ਵਿੱਚ 3,000 ਕਰੋੜ ਰੁਪਏ ਅਤੇ ਸਤੰਬਰ ਵਿੱਚ 3,500 ਕਰੋੜ ਰੁਪਏ ਦਾ ਕਰਜ਼ਾ ਲਵੇਗੀ। ਇਸ ਤੋਂ ਪਹਿਲਾਂ ਸਰਕਾਰ ਅਪ੍ਰੈਲ ਅਤੇ ਮਈ ਵਿੱਚ 6,241.92 ਕਰੋੜ ਰੁਪਏ ਦਾ ਕਰਜ਼ਾ ਲੈ ਚੁੱਕੀ ਹੈ। ਕੁੱਲ ਮਿਲਾ ਕੇ ਮੌਜੂਦਾ ਵਿੱਤੀ ਸਾਲ 2025-26 ਵਿੱਚ ਹੁਣ ਤੱਕ ਲਿਆ ਗਿਆ ਕੁੱਲ ਕਰਜ਼ਾ 14,741.92 ਕਰੋੜ ਰੁਪਏ ਤੱਕ ਪਹੁੰਚ ਜਾਵੇਗਾ। ਦੱਸ ਦੇਈਏ ਕਿ ਪੰਜਾਬ ਸਰਕਾਰ ਨੇ ਇਸ ਪੂਰੇ ਵਿੱਤੀ ਸਾਲ ਵਿੱਚ 34,201.11 ਕਰੋੜ ਰੁਪਏ ਦਾ ਕਰਜ਼ਾ ਇਕੱਠਾ ਕਰਨ ਦਾ ਟੀਚਾ ਰੱਖਿਆ ਹੈ। ਜੇ ਇਹ ਟੀਚਾ ਪੂਰਾ ਹੋ ਜਾਂਦਾ ਹੈ, ਤਾਂ ਮਾਰਚ, (ਬਾਕੀ ਸਫਾ 2 'ਤੇ)

# ਜੀ.ਐਸ.ਟੀ. ਦੇ ਇਤਿਹਾਸਕ ਸੁਧਾਰ ਨੇ ਭਾਰਤ ਦੇ ਆਰਥਕ ਦ੍ਰਿਸ਼ ਨੂੰ ਨਵਾਂ ਰੂਪ ਦਿੱਤਾ: ਮੋਦੀ

ਚੜ੍ਹਦੀਕਲਾ ਬਿਊਰੋ

================

ਨਵੀਂ ਦਿੱਲੀ, 1 ਜੁਲਾਈ :ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਮੰਗਲਵਾਰ ਨੂੰ ਵਸਤੂ ਅਤੇ ਸੇਵਾ ਟੈਕਸ (ਜੀ.ਐੱਸ.ਟੀ.) ਲਾਗੂ ਹੋਣ ਦੀ ਅੱਠਵੀਂ ਵਰ੍ਹੇਗੰਢ ਉਤੇ ਕਿਹਾ ਕਿ ਅਪ੍ਰਤੱਖ ਟੈਕਸ ਪ੍ਰਣਾਲੀ ਇਕ ਇਤਿਹਾਸਕ ਸੁਧਾਰ ਹੈ, ਜਿਸ ਨੇ ਭਾਰਤ ਦੇ ਆਰਥਕ ਦ੍ਰਿਸ਼ ਨੂੰ ਨਵਾਂ ਰੂਪ ਦਿਤਾ ਹੈ। ਉਨ੍ਹਾਂ ਨੇ 'ਐਕਸ' ਉਤੇ ਕਿਹਾ, "ਕਾਨੂੰਨ ਪਾਲਣਾ ਦੇ ਬੋਝ ਨੂੰ ਘਟਾ ਕੇ, ਇਸ ਨੇ ਕਾਰੋਬਾਰ ਕਰਨ ਦੀ ਆਸਾਨੀ ਵਿਚ ਬਹੁਤ ਸੁਧਾਰ ਕੀਤਾ ਹੈ, ਖਾਸ ਕਰ ਕੇ ਛੋਟੇ ਅਤੇ ਦਰਮਿਆਨੇ ਉੱਦਮਾਂ ਲਈ। ਜੀ.ਐਸ.ਟੀ. ਨੇ ਆਰਥਕ ਵਿਕਾਸ ਲਈ ਇਕ ਸ਼ਕਤੀਸ਼ਾਲੀ ਇੰਜਣ ਵਜੋਂ ਵੀ ਕੰਮ ਕੀਤਾ ਹੈ, ਜਦਕਿ ਭਾਰਤ ਦੇ ਬਾਜ਼ਾਰ ਨੂੰ ਏਕੀਕ੍ਰਿਤ ਕਰਨ ਦੀ ਇਸ ਯਾਤਰਾ ਵਿਚ ਸੂਬਿਆਂ ਨੂੰ ਬਰਾਬਰ ਦਾ ਭਾਈਵਾਲ ਬਣਾ ਕੇ ਸੱਚੇ ਸਹਿਕਾਰੀ ਸੰਘਵਾਦ ਨੂੰ ਉਤਸ਼ਾਹਤ ਕੀਤਾ ਹੈ।"ਜੀ.ਐਸ.ਟੀ., ਜੋ 1 ਜੁਲਾਈ, 2017 ਤੋਂ ਲਾਗੂ ਕੀਤਾ ਗਿਆ ਸੀ, ਨੇ 17 ਟੈਕਸਾਂ ਅਤੇ 13 ਸੈੱਸਾਂ ਨੂੰ ਏਕੀਕ੍ਰਿਤ ਕੀਤਾ ਹੈ, ਜਿਸ ਨਾਲ ਪਾਲਣਾ ਨੂੰ ਸਰਲ ਬਣਾ ਕੇ ਅਤੇ ਟੈਕਸ ਪ੍ਰਣਾਲੀਆਂ ਨੂੰ ਡਿਜੀਟਲ ਬਣਾ ਕੇ ਇਕ ਨਿਰਵਿਘਨ ਕੌਮੀ ਬਾਜ਼ਾਰ ਬਣਾਇਆ ਗਿਆ ਹੈ। ਸਰਕਾਰ ਨੇ ਕਿਹਾ ਹੈ ਕਿ ਇਸ ਨੇ ਟੈਕਸਦਾਤਾਵਾਂ ਦੇ ਆਧਾਰ ਦਾ ਵਿਸਥਾਰ ਕੀਤਾ ਹੈ ਅਤੇ ਸਹਿਕਾਰੀ ਸੰਘਵਾਦ ਨੂੰ ਮਜ਼ਬੂਤ ਕੀਤਾ ਹੈ।



### ਪੰਜਾਬ ਵੱਲੋਂ ਪਹਿਲੀ ਤਿਮਾਹੀ ਵਿੱਚ 27 ਫ਼ੀਸਦੀ ਦੀ ਰਿਕਾਰਡ ਤੋੜ ਜੀ.ਐਸ.ਟੀ ਵਿਕਾਸ ਦਰ ਹਾਸਿਲ: ਚੀਮਾ

ਚੰਡੀਗੜ੍ਹ, 1 ਜੁਲਾਈ (ਚੜ੍ਹਦੀਕਲਾ ਬਿਊਰੋ) : ਪੰਜਾਬ ਨੇ ਨਵੇਂ ਕੀਰਤੀਮਾਨ ਸਥਾਪਤ ਕਰਦਿਆਂ ਜੂਨ 2025 ਲਈ ਸ਼ੁੱਧ ਜੀਐਸਟੀ ਪ੍ਰਾਪਤੀ ਵਿੱਚ ਰਿਕਾਰਡ ਤੋੜ 44.44 ਪ੍ਰਤੀਸ਼ਤ ਵਾਧਾ ਅਤੇ ਵਿੱਤੀ ਸਾਲ 2025-26 ਦੀ ਪਹਿਲੀ ਤਿਮਾਹੀ ਲਈ 27.01 ਪ੍ਰਤੀਸ਼ਤ ਦਾ ਵਾਧਾ ਦਰਜ ਕੀਤਾ ਹੈ, ਜੋ ਕਿ ਸੂਬੇ ਦੇ ਇਤਿਹਾਸ ਵਿੱਚ ਕਿਸੇ ਵਿੱਤੀ ਤਿਮਾਹੀ ਦੌਰਾਨ ਅਤੇ ਜੂਨ ਮਹੀਨੇ ਲਈ ਹੁਣ ਤੱਕ ਦਾ ਦਰਜ ਕੀਤਾ ਗਿਆ ਸਭ ਤੋਂ ਵੱਧ ਜੀ.ਐਸ.ਟੀ ਮਾਲੀਆ ਵਾਧਾ ਹੈ।

ਪੰਜਾਬ ਦੇ ਵਿੱਤ, ਯੋਜਨਾ, ਆਬਕਾਰੀ ਅਤੇ ਕਰ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਇਹ ਪ੍ਰਗਟਾਵਾ ਰਾਜ ਦੇ ਚੋਟੀ ਦੇ ਪੰਜ ਟੈਕਸਦਾਤਾਵਾਂ ਨੂੰ ਰਾਜ ਦੇ ਆਰਥਿਕ ਵਿਕਾਸ ਅਤੇ ਮਾਲੀਆ ਉਤਪਾਦਨ ਵਿੱਚ ਉਨ੍ਹਾਂ ਦੇ ਮਿਸਾਲੀ ਯੋਗਦਾਨ ਲਈ ਸਨਮਾਨਿਤ ਕਰਨ ਤੋਂ ਬਾਅਦ ਇੱਕ ਪ੍ਰੈਸ ਕਾਨਫਰੰਸ ਨੂੰ (ਬਾਕੀ ਸਫਾ 2 'ਤੇ)

### ਪਾਕਿ ਅਤੇ ਭਾਰਤ ਨੇ ਇਕ-ਦੂਜੇ ਦੀ ਹਿਰਾਸਤ 'ਚ ਬੰਦ ਕੈਦੀਆਂ ਦੀ ਸੂਚੀ ਦਾ ਕੀਤਾ ਆਦਾਨ-ਪ੍ਰਦਾਨ

ਨਵੀਂ ਦਿੱਲੀ, 1 ਜੁਲਾਈ (ਚੜ੍ਹਦੀਕਲਾ ਬਿਊਰੋ) : ਪਾਕਿਸਤਾਨ ਅਤੇ ਭਾਰਤ ਨੇ ਮੰਗਲਵਾਰ ਨੂੰ ਇਕ-ਦੂਜੇ ਦੀ ਹਿਰਾਸਤ 'ਚ ਬੰਦ ਕੈਦੀਆਂ ਦੀ ਸੂਚੀ ਦਾ ਆਦਾਨ-ਪ੍ਰਦਾਨ ਕੀਤਾ ਹੈ। ਇਸਲਾਮਾਬਾਦ ਨੇ 53 ਨਾਗਰਿਕਾਂ ਅਤੇ 193 ਮਛੇਰਿਆਂ ਸਮੇਤ 246 ਭਾਰਤੀ ਜਾਂ ਭਾਰਤੀ ਕੈਦੀਆਂ ਦੇ ਨਾਂ ਸੌਂਪੇ। ਵਿਦੇਸ਼ ਮੰਤਰਾਲੇ ਨੇ ਇਕ ਬਿਆਨ ਵਿਚ ਕਿਹਾ ਕਿ ਕੌਂਸਲਰ ਪਹੁੰਚ ਉਤੇ ਸਮਝੌਤਾ, 2008 ਅਨੁਸਾਰ ਦੋਹਾਂ ਧਿਰਾਂ ਨੂੰ ਹਰ ਸਾਲ ਇਕ ਜਨਵਰੀ ਅਤੇ ਇਕ ਜੁਲਾਈ ਨੂੰ ਇਕ-ਦੂਜੇ ਦੀ ਹਿਰਾਸਤ ਵਿਚ ਕੈਦੀਆਂ ਦੀ ਸੂਚੀ ਸਾਂਝੀ ਕਰਨ ਦੀ ਲੋੜ ਹੁੰਦੀ ਹੈ। ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਪਾਕਿਸਤਾਨ ਨੇ ਇਸਲਾਮਾਬਾਦ ਸਥਿਤ ਭਾਰਤੀ ਹਾਈ ਕਮਿਸ਼ਨ ਦੇ (ਬਾਕੀ ਸਫਾ 2 'ਤੇ)

# ਕੇਂਦਰੀ ਕੈਬਨਿਟ ਨੇ 'ਖੇਲੋ ਭਾਰਤ ਨੀਤੀ' ਨੂੰ ਪ੍ਰਵਾਨਗੀ ਦਿੱਤੀ

ਚੜ੍ਹਦੀਕਲਾ ਬਿਊਰੋ

================



ਨਵੀਂ ਦਿੱਲੀ, 1 ਜੁਲਾਈ : ਵਿਸ਼ਵ ਖੇਡਾਂ 'ਚ ਭਾਰਤ ਨੂੰ ਚੋਟੀ ਦੇ ਪੰਜ ਦੇਸ਼ਾਂ 'ਚ ਸ਼ਾਮਲ ਕਰਨ ਲਈ ਰਣਨੀਤੀ ਉਲੀਕਦਿਆਂ ਕੈਬਨਿਟ ਨੇ ਮੰਗਲਵਾਰ ਨੂੰ 'ਖੇਲੋ ਭਾਰਤ ਨੀਤੀ' ਨੂੰ ਪ੍ਰਵਾਨਗੀ ਦੇ ਦਿਤੀ। ਇਸ ਨੀਤੀ ਅਧੀਨ ਕੋਚਿੰਗ ਅਤੇ ਐਥਲੀਟਾਂ ਦੀ ਸਹਾਇਤਾ ਲਈ ਵਿਸ਼ਵ ਪੱਧਰੀ ਪ੍ਰਣਾਲੀ ਤਿਆਰ ਕੀਤੀ ਜਾਵੇਗੀ ਅਤੇ ਦੇਸ਼ ਨੂੰ 2036 ਓਲੰਪਿਕ ਲਈ ਮਜ਼ਬੂਤ ਦਾਅਵੇਦਾਰ ਬਣਾਇਆ ਜਾ ਸਕੇ। ਨਵੀਂ ਨੀਤੀ ਇਹ ਖੇਡਾਂ ਨੂੰ ਸੈਰ-ਸਪਾਟਾ ਅਤੇ ਆਰਥਕ ਵਿਕਾਸ ਨਾਲ ਜੋੜਨਾ ਚਾਹੁੰਦੀ ਹੈ। 'ਖੇਲੋ ਭਾਰਤ ਨੀਤੀ' 2025 ਪਹਿਲਾਂ 'ਕੌਮੀ ਖੇਡ ਨੀਤੀ' ਵਜੋਂ ਜਾਣੀ ਜਾਂਦੀ ਅਤੇ 1984 ਵਿਚ ਪਹਿਲੀ ਵਾਰ ਪੇਸ਼ ਕੀਤੀ ਗਈ 2001 ਦੀ ਨੀਤੀ ਦੀ ਥਾਂ ਲਵੇਗੀ। ਇਹ ਦੇਸ਼ ਦੇ ਖੇਡ ਵਾਤਾਵਰਣ ਦੀ ਬਿਹਤਰੀ ਲਈ ਯੋਜਨਾਵਾਂ ਅਤੇ ਯੋਜਨਾਵਾਂ ਤਿਆਰ ਕਰਨ ਲਈ ਇਕ 'ਮਾਰਗਦਰਸ਼ਕ ਦਸਤਾਵੇਜ਼' ਹੈ। ਸੂਚਨਾ ਅਤੇ ਪ੍ਰਸਾਰਣ ਮੰਤਰੀ ਅਸ਼ਵਨੀ ਵੈਸ਼ਣਵ ਨੇ ਨੀਤੀ ਅਤੇ ਕੈਬਨਿਟ ਦੇ ਹੋਰ ਫੈਸਲਿਆਂ ਦਾ ਪ੍ਰਗਟਾਵਾ ਕਰਦੇ ਹੋਏ ਪੱਤਰਕਾਰਾਂ ਨੂੰ ਕਿਹਾ,"ਅਸੀਂ ਪਿਛਲੇ 10 ਸਾਲਾਂ ਦੇ ਤਜਰਬੇ ਦੀ ਵਰਤੋਂ ਕੀਤੀ ਹੈ ਅਤੇ ਨਵੀਂ ਨੀਤੀ ਖੇਡਾਂ ਦੇ ਸੁਧਾਰ ਲਈ ਕੰਮ ਕਰੇਗੀ। ਇਸ ਦਾ ਮੁੱਖ ਉਦੇਸ਼ 2047 ਤਕ ਭਾਰਤ ਨੂੰ ਚੋਟੀ ਦੇ ਪੰਜ ਖੇਡ ਦੇਸ਼ ਬਣਾਉਣਾ ਹੈ। ਇਹ ਸਮੁੱਚਾ ਉਦੇਸ਼ ਹੈ।" ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨੇ ਖੇਡਾਂ ਖਾਸ ਕਰ ਕੇ ਪੇਂਡੂ ਖੇਤਰਾਂ ਉਤੇ ਵੱਖਰੇ ਤਰ੍ਹਾਂ ਦਾ ਜ਼ੋਰ ਦਿਤਾ ਹੈ। ਉਨ੍ਹਾਂ ਕਿਹਾ ਕਿ ਇਹ ਇਕ ਚੰਗੀ ਤਰ੍ਹਾਂ ਸੋਚੀ ਸਮਝੀ ਨੀਤੀ ਹੈ ਜੋ ਖੇਡਾਂ ਨਾਲ ਜੁੜੇ ਸਾਰੇ ਮਾਮਲਿਆਂ ਨੂੰ ਹੱਲ ਕਰਦੀ ਹੈ। ਇਸ ਵਿਚ ਖੇਡ ਸ਼ਾਸਨ ਲਈ ਢਾਂਚਾ ਵੀ ਸ਼ਾਮਲ ਹੈ। ਭਾਰਤ 2036 ਓਲੰਪਿਕ ਖੇਡਾਂ ਦੀ ਮੇਜ਼ਬਾਨੀ ਲਈ ਬੋਲੀ ਲਗਾ ਰਿਹਾ ਹੈ,ਜਿਸ ਲਈ ਬੁਨਿਆਦੀ ਢਾਂਚਾ ਤਿਆਰ ਕਰਨ ਅਤੇ ਦੇਸ਼ ਵਿਚ ਕੌਮਾਂਤਰੀ ਪੱਧਰ ਦੇ ਸਮਾਗਮਾਂ ਨੂੰ ਲਿਆਉਣ ਲਈ ਵੱਡੇ ਪੱਧਰ ਉਤੇ ਜ਼ੋਰ ਦਿਤਾ ਗਿਆ ਹੈ। ਪ੍ਰੈਸ ਇਨਫਰਮੇਸ਼ਨ ਬਿਊਰੋ ਨੇ ਇਕ ਬਿਆਨ ਵਿਚ ਨਵੀਂ ਨੀਤੀ ਨੂੰ ਕੇਂਦਰੀ ਮੰਤਰਾਲਿਆਂ, ਨੀਤੀ ਆਯੋਗ, ਰਾਜ ਸਰਕਾਰਾਂ, ਕੌਮੀ ਖੇਡ ਫੈਡਰੇਸ਼ਨਾਂ (ਐਨ.ਐਸ.ਐਫ.), ਐਥਲੀਟਾਂ, (ਬਾਕੀ ਸਫਾ 2 'ਤੇ)

### ਪਹਿਲਗਾਮ ਅੱਤਵਾਦੀ ਹਮਲਾ ਆਰਥਿਕ ਜੰਗ ਸੀ : ਜੈਸ਼ੰਕਰ

ਨਿਊਯਾਰਕ, 1 ਜੁਲਾਈ (ਚੜ੍ਹਦੀਕਲਾ ਬਿਊਰੋ) : ਵਿਦੇਸ਼ ਮੰਤਰੀ ਐੱਸ. ਜੈਸ਼ੰਕਰ ਨੇ ਕਿਹਾ ਕਿ ਪਹਿਲਗਾਮ ਦਹਿਸ਼ਤੀ ਹਮਲਾ ਆਰਥਿਕ ਜੰਗ ਸੀ, ਜਿਸ ਦਾ ਮਕਸਦ ਕਸ਼ਮੀਰ ਵਿੱਚ ਸੈਰ-ਸਪਾਟੇ ਨੂੰ ਤਬਾਹ ਕਰਨਾ ਸੀ। ਜੈਸ਼ੰਕਰ ਨੇ ਜ਼ੋਰ ਦੇ ਕੇ ਆਖਿਆ ਭਾਰਤ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਉਹ ਪਾਕਿਸਤਾਨ ਤੋਂ ਪੈਦਾ ਹੋਣ ਵਾਲੇ ਅਤਿਵਾਦ ਦਾ ਜਵਾਬ ਦੇਣ ਤੋਂ ਰੋਕਣ ਲਈ ਪਰਮਾਣੂ ਬਲੈਕਮੇਲ ਦੀ ਇਜਾਜ਼ਤ ਨਹੀਂ ਦੇਵੇਗਾ।ਜੈਸ਼ੰਕਰ ਨੇ ਕਿਹਾ ਕਿ ਪਿਛਲੇ ਸਾਲਾਂ ਦੌਰਾਨ ਭਾਰਤ ਵਿਚ (ਬਾਕੀ ਸਫਾ 2 'ਤੇ)

# ਰਾਸ਼ਟਰਪਤੀ ਮੁਰਮੂ ਵੱਲੋਂ ਦਿੱਲੀ ਸਿੱਖ ਗੁਰਦੁਆਰਾ (ਸੋਧ) ਬਿੱਲ-2025 ਨੂੰ ਪ੍ਰਵਾਨਗੀ

ਚੜ੍ਹਦੀਕਲਾ ਬਿਊਰੋ

================



ਨਵੀਂ ਦਿੱਲੀ, 1 ਜੁਲਾਈ : ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੇ ਦਿੱਲੀ ਸਿੱਖ ਗੁਰਦੁਆਰਾ (ਸੋਧ) ਬਿਲ 2025 'ਤੇ ਦਸਤਖ਼ਤ ਕਰ ਕੇ, ਇਸ ਨੂੰ ਪ੍ਰਵਾਨਗੀ ਦੇ ਦਿਤੀ ਹੈ।

ਹੁਣ ਦਿੱਲੀ ਸਿੱਖ ਗੁਰਦੁਆਰਾ ਐਕਟ-1971 ਵਿਚ ਤਖ਼ਤ ਸ੍ਰੀ ਦਮਦਮਾ ਸਾਹਿਬ, ਸਾਬੋ ਕੀ ਤਲਵੰਡੀ, ਪੰਜਾਬ ਦੇ ਜਥੇਦਾਰ ਨੂੰ ਵੀ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਨਾਮਜ਼ਦ ਮੈਂਬਰ ਮੰਨਿਆ ਜਾਵੇਗਾ, ਪਰ ਜਥੇਦਾਰ ਕੋਲ ਵੋਟ ਦਾ ਹੱਕ ਨਹੀਂ ਹੋਵੇਗਾ। 4 ਤਖ਼ਤਾਂ ਦੇ ਜਥੇਦਾਰ ਪਹਿਲਾਂ ਹੀ ਦਿੱਲੀ ਕਮੇਟੀ ਦੇ ਨਾਮਜ਼ਦ ਮੈਂਬਰ ਹੁੰਦੇ ਹਨ। ਰਾਸ਼ਟਰਪਤੀ ਵਲੋਂ 17 ਜੂਨ ਨੂੰ ਐਕਟ ਵਿਚ ਸੋਧ ਨੂੰ ਪ੍ਰਵਾਨਗੀ ਦੇਣ ਤੋਂ ਬਾਅਦ ਦਿੱਲੀ ਸਰਕਾਰ ਦੇ ਕਾਨੂੰਨ, ਨਿਆਂ ਮਾਮਲਿਆਂ ਬਾਰੇ ਮਹਿਕਮੇ ਨੇ 24 ਜੂਨ ਨੂੰ ਨੋਟੀਫ਼ੀਕੇਸ਼ਨ (ਬਾਕੀ ਸਫਾ 2 'ਤੇ)

### ਦੇਸ਼ 'ਚ ਕਿਤੇ ਵੀ ਦਰਜ ਹੋਵੇ ਐਫ.ਆਈ.ਆਰ., ਤਿੰਨ ਸਾਲਾਂ 'ਚ ਮਿਲ ਕੇ ਰਹੇਗਾ ਨਿਆਂ: ਸ਼ਾਹ

ਨਵੀਂ ਦਿੱਲੀ, 1 ਜੁਲਾਈ (ਚੜ੍ਹਦੀਕਲਾ ਬਿਊਰੋ) : ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਮੰਗਲਵਾਰ ਨੂੰ ਕਿਹਾ ਕਿ 'ਮੈਂ ਸਾਰੇ ਦੇਸ਼ ਵਾਸੀਆਂ ਨੂੰ ਭਰੋਸਾ ਦਿਵਾਉਣਾ ਚਾਹੁੰਦਾ ਹਾਂ ਕਿ ਇਨ੍ਹਾਂ ਨਵੇਂ ਅਪਰਾਧਿਕ ਕਾਨੂੰਨਾਂ ਨੂੰ ਪੂਰੀ ਤਰ੍ਹਾਂ ਲਾਗੂ ਹੋਣ ਵਿੱਚ ਵੱਧ ਤੋਂ ਵੱਧ ਤਿੰਨ ਸਾਲ ਲੱਗਣਗੇ। ਪਰ ਮੈਂ ਪੂਰੇ ਵਿਸ਼ਵਾਸ ਨਾਲ ਕਹਿ ਸਕਦਾ ਹਾਂ ਕਿ ਇਸ ਤੋਂ ਬਾਅਦ, ਤੁਸੀਂ ਦੇਸ਼ 'ਚ ਜਿੱਥੇ ਵੀ ਐਫ.ਆਈ.ਆਰ. ਦਰਜ ਹੋਵੇਗੀ, ਤੁਹਾਨੂੰ ਤਿੰਨ ਸਾਲਾਂ ਦੇ ਅੰਦਰ ਨਿਆਂ (ਬਾਕੀ ਸਫਾ 2 'ਤੇ)

ਆਮਦਨ ਤੋਂ ਵੱਧ ਜਾਇਦਾਦ ਦਾ ਮਾਮਲਾ

# ਪੰਜਾਬ ਵਿਜੀਲੈਂਸ ਬਿਊਰੋ ਨੇ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਬਿਕਰਮ ਸਿੰਘ ਮਜੀਠੀਆ ਨੂੰ ਲੈ ਕੇ ਮਜੀਠਾ ਵਿਖੇ ਕੀਤੀ ਜਾਂਚ ਪੜਤਾਲ

ਬਬਲੂ ਮਹਾਜਨ

================



ਅੰਮ੍ਰਿਤਸਰ , 1 ਜੁਲਾਈ :ਆਮਦਨ ਤੋਂ ਵੱਧ ਜਾਇਦਾਦ ਮਾਮਲੇ 'ਚ ਪੰਜਾਬ ਵਿਜੀਲੈਂਸ ਬਿਊਰੋ, ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਬਿਕਰਮ ਸਿੰਘ ਮਜੀਠੀਆ ਨੂੰ ਲੈ ਕੇ ਮਜੀਠਾ ਵਿਖੇ ਪਹੁੰਚ ਗਈ। ਅਕਾਲੀ ਆਗੂ ਨੂੰ ਭਾਰੀ ਪੁਲਿਸ ਸੁਰੱਖਿਆ ਵਿਚਾਲੇ ਮਜੀਠਾ ਸਥਿਤ ਉਨ੍ਹਾਂ ਦੇ ਦਫਤਰ ਲਿਆਂਦਾ ਗਿਆ। ਦੱਸ ਦਈਏ ਕਿ ਵਿਜੀਲੈਂਸ ਬਿਊਰੋ ਵੱਲੋਂ ਆਗੂ ਤੋਂ ਲਗਾਤਾਰ ਆਮਦਨ ਤੋਂ ਵੱਧ ਮਾਮਲੇ ਵਿੱਚ ਪੁੱਛਗਿਛ ਕੀਤੀ ਜਾ ਰਹੀ ਹੈ ਅਤੇ ਸਬੂਤ ਜੁਟਾਉਣ ਲਈ ਵੱਖ-ਵੱਖ ਥਾਂਵਾਂ 'ਤੇ ਛਾਪਾਮਾਰੀ ਵੀ ਕੀਤੀ ਜਾ ਰਹੀ ਹੈ। ਬਿਕਰਮ ਸਿੰਘ ਮਜੀਠੀਆ ਦੀ ਪਤਨੀ ਗਨੀਵ ਕੌਰ ਮੁਤਾਬਕ ਉਹ ਹਰ ਰੋਜ਼ ਦੀ ਤਰ੍ਹਾਂ ਆਪਣੇ ਦਫਤਰ ਪਹੁੰਚੇ ਪਰ ਪੁਲਿਸ ਨੇ ਉਨ੍ਹਾਂ ਨੂੰ ਆਪਣੇ ਹੀ ਦਫਤਰ 'ਚ ਦਾਖ਼ਲ ਹੋਣ ਤੋਂ ਰੋਕ ਦਿੱਤਾ।

ਮਜੀਠੀਆ ਨੂੰ ਉਨ੍ਹਾਂ ਦੇ ਦਫਤਰ ਲਿਆਉਣ ਦੀ ਜਾਣਕਾਰੀ ਮਿਲਦੇ ਹੀ ਉਨ੍ਹਾਂ ਦੇ ਸਮਰਥਕ ਦਫਤਰ ਦੇ ਆਸ-ਪਾਸ ਇਕੱਠੇ ਹੋ ਗਏ ਪਰ ਪੁਲਿਸ ਨੇ ਪਹਿਲਾਂ ਹੀ ਉੱਥੇ ਸੁਰੱਖਿਆ ਦੇ ਬੰਦੋਬਸਤ ਕਰ ਕੇ ਬੈਰੀਕੇਡ ਲਗਾ ਦਿੱਤੇ ਸਨ।ਗਨੀਵ ਕੌਰ ਦੀ ਇਸ ਦੌਰਾਨ ਪੁਲਿਸ ਅਧਿਕਾਰੀਆਂ ਨਾਲ ਬਹਿਸ ਹੋ ਗਈ। ਪੁਲਿਸ ਅਧਿਕਾਰੀਆਂ ਨੇ ਗਨੀਵ ਕੌਰ ਨੂੰ (ਬਾਕੀ ਸਫਾ 2 'ਤੇ)

### ਮਜੀਠੀਆ ਨੇ ਹਾਈ ਕੋਰਟ 'ਚ ਪੰਜਾਬ ਸਰਕਾਰ ਤੇ ਵਿਜੀਲੈਂਸ ਖ਼ਿਲਾਫ਼ ਪਾਈ ਪਟੀਸ਼ਨ

ਚੰਡੀਗੜ੍ਹ , 1 ਜੁਲਾਈ (ਚੜ੍ਹਦੀਕਲਾ ਬਿਊਰੋ) : ਅਕਾਲੀ ਦਲ ਦੇ ਸੀਨੀਅਰ ਆਗੂ ਬਿਕਰਮ ਸਿੰਘ ਮਜੀਠੀਆ ਨੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦਾ ਰੁਖ਼ ਕੀਤਾ ਹੈ। ਮਜੀਠੀਆ ਨੇ ਹਾਈ ਕੋਰਟ ਵਿੱਚ ਪਟੀਸ਼ਨ ਪੰਜਾਬ ਅਤੇ ਵਿਜੀਲੈਂਸ ਖਿਲਾਫ਼ ਪਾਈ ਹੈ। ਉਨ੍ਹਾਂ ਨੇ ਪਟੀਸ਼ਨ ਵਿੱਚ ਕਾਰਵਾਈ ਨੂੰ ਗੈਰ ਕਾਨੂੰਨੀ ਦੱਸਿਆ ਹੈ ਅਤੇ ਵਿਜੀਲੈਂਸ ਵੱਲੋਂ ਦਰਜ ਕੀਤੀ ਗਈ ਐਫਆਈ ਆਰ ਨੂੰ ਸਿਆਸੀ ਦੱਸਿਆ ਹੈ।ਪਟੀਸ਼ਨ (ਬਾਕੀ ਸਫਾ 2 'ਤੇ)

ਐਨ.ਐਚ.ਏ.ਆਈ. ਅਧਿਕਾਰੀ ਨਾਲ ਦੁਰਵਿਵਹਾਰ ਦਾ ਮਾਮਲਾ

### ਹਿਮਾਚਲ ਦੇ ਮੰਤਰੀ ਅਨਿਰੁੱਧ ਸਿੰਘ ਵਿਰੁੱਧ ਐਫ.ਆਈ.ਆਰ.ਦਰਜ

ਸ਼ਿਮਲਾ, 1 ਜੁਲਾਈ (ਚੜ੍ਹਦੀਕਲਾ ਬਿਊਰੋ) : ਸ਼ਿਮਲਾ ਜ਼ਿਲ੍ਹੇ ਵਿੱਚ ਇੱਕ ਸਾਈਟ ਨਿਰੀਖਣ ਦੌਰਾਨ ਭਾਰਤੀ ਰਾਸ਼ਟਰੀ ਰਾਜਮਾਰਗ ਅਥਾਰਟੀ (ਐਨ.ਐਚ.ਏ.ਆਈ.) ਦੇ ਇੱਕ ਸੀਨੀਅਰ ਅਧਿਕਾਰੀ 'ਤੇ ਸਰੀਰਕ ਹਮਲੇ ਦੇ ਦੋਸ਼ਾਂ ਤੋਂ ਬਾਅਦ ਹਿਮਾਚਲ ਪ੍ਰਦੇਸ਼ ਦੇ ਪੰਚਾਇਤੀ ਰਾਜ ਅਤੇ ਪੇਂਡੂ ਵਿਕਾਸ ਮੰਤਰੀ ਅਨਿਰੁੱਧ ਸਿੰਘ ਵਿਰੁੱਧ ਐਫ.ਆਈ.ਆਰ. ਦਰਜ ਕੀਤੀ ਗਈ ਹੈ। ਇਹ ਮਾਮਲਾ ਐਨ.ਐਚ.ਏ.ਆਈ. ਮੈਨੇਜਰ (ਤਕਨੀਕੀ) ਅਚਲ ਜਿੰਦਲ ਦੀ ਸ਼ਿਕਾਇਤ ਦੇ ਆਧਾਰ 'ਤੇ ਦਰਜ ਕੀਤਾ ਗਿਆ ਹੈ, ਜਿਨ੍ਹਾਂ ਨੇ 30 ਜੂਨ ਨੂੰ ਭੱਟਾਕੁਫਰ ਖੇਤਰ ਵਿੱਚ ਇੱਕ ਪੰਜ ਮੰਜ਼ਿਲਾ ਇਮਾਰਤ ਦੇ ਢਹਿ ਜਾਣ ਤੋਂ ਬਾਅਦ (ਬਾਕੀ ਸਫਾ 2 'ਤੇ)

### ਹੁਣ ਦਿੱਲੀ 'ਚ 15 ਸਾਲ ਪੁਰਾਣੇ ਵਾਹਨਾਂ ਨੂੰ ਨਹੀਂ ਮਿਲੇਗਾ ਪੈਟਰੋਲ ਤੇ ਡੀਜ਼ਲ

ਨਵੀਂ ਦਿੱਲੀ, 1 ਜੁਲਾਈ (ਚੜ੍ਹਦੀਕਲਾ ਬਿਊਰੋ) : ਮੰਗਲਵਾਰ ਤੋਂ ਰਾਸ਼ਟਰੀ ਰਾਜਧਾਨੀ ਵਿੱਚ 15 ਸਾਲ ਪੁਰਾਣੇ ਪੈਟਰੋਲ ਅਤੇ 10 ਸਾਲ ਪੁਰਾਣੇ ਡੀਜ਼ਲ ਵਾਹਨਾਂ ਨੂੰ ਈਂਧਨ ਨਹੀਂ ਮਿਲੇਗਾ। ਜੇਕਰ ਜਨਤਕ ਥਾਵਾਂ 'ਤੇ ਪਾਇਆ ਜਾਂਦਾ ਹੈ, ਤਾਂ ਅਜਿਹੇ ਵਾਹਨ ਜ਼ਬਤ ਕਰ ਕੇ ਸਿੱਧੇ ਸਕ੍ਰੈਪ ਯਾਰਡ ਵਿੱਚ ਭੇਜੇ ਜਾਣਗੇ ਅਤੇ ਚਾਰ ਪਹੀਆ ਵਾਹਨਾਂ 'ਤੇ 10,000 ਰੁਪਏ ਅਤੇ ਦੋ ਪਹੀਆ ਵਾਹਨਾਂ 'ਤੇ 5,000 ਰੁਪਏ ਦਾ ਜੁਰਮਾਨਾ ਲਗਾਇਆ ਜਾਵੇਗਾ। ਹਵਾ ਪ੍ਰਦੂਸ਼ਣ ਨੂੰ ਕੰਟਰੋਲ ਵਿੱਚ ਰੱਖਣ ਲਈ, ਏਅਰ ਕੁਆਲਿਟੀ ਮੈਨੇਜਮੈਂਟ ਕਮਿਸ਼ਨ (CAQM) ਨੇ ਦਿੱਲੀ ਦੇ ਸਾਰੇ ਪੈਟਰੋਲ ਪੰਪਾਂ ਨੂੰ ਨਿਰਦੇਸ਼ ਦਿੱਤਾ ਹੈ ਕਿ ਉਹ ਉਨ੍ਹਾਂ ਵਾਹਨਾਂ ਨੂੰ ਪੈਟਰੋਲ ਅਤੇ ਡੀਜ਼ਲ ਨਾ ਦੇਣ ਜਿਨ੍ਹਾਂ ਨੇ (ਬਾਕੀ ਸਫਾ 2 'ਤੇ)

# 'ਰੇਲਵਨ ਐਪ' ਰੇਲ ਯਾਤਰੀਆਂ ਨੂੰ ਪ੍ਰਦਾਨ ਕਰਵਾਏਗਾ ਸਾਰੀਆਂ ਸਹੂਲਤਾਂ: ਵੈਸ਼ਨਵ



ਚੜ੍ਹਦੀਕਲਾ ਬਿਊਰੋ

================

ਨਵੀਂ ਦਿੱਲੀ, 1 ਜੁਲਾਈ : ਰੇਲਵੇ ਮੰਤਰੀ ਅਸ਼ਵਨੀ ਵੈਸ਼ਣਵ ਨੇ ਮੰਗਲਵਾਰ ਨੂੰ ਰੇਲਵਨ ਮੋਬਾਈਲ ਐਪਲੀਕੇਸ਼ਨ ਲਾਂਚ ਕਰਦਿਆਂ ਰੇਲ ਯਾਤਰੀਆਂ ਨੂੰ ਵੱਡੀ ਸਹੂਲਤ ਪ੍ਰਦਾਨ ਕੀਤੀ ਹੈ। ਇਹ ਐਪ ਯਾਤਰੀਆਂ ਨੂੰ ਕਈ ਸੇਵਾਵਾਂ ਜਿਵੇਂ ਕਿ ਟਿਕਟ ਬੁਕਿੰਗ, ਟ੍ਰੇਨ ਅਤੇ ਪੀ.ਐਨ.ਆਰ. ਪੁੱਛਗਿੱਛ, ਯਾਤਰਾ ਦੀ ਯੋਜਨਾਬੰਦੀ, ਰੇਲ ਹੈਲਪ ਸੇਵਾਵਾਂ ਅਤੇ ਭੋਜਨ ਬੁਕਿੰਗ ਤੱਕ ਆਸਾਨ ਪਹੁੰਚ ਪ੍ਰਦਾਨ ਕਰੇਗੀ। ਵੈਸ਼ਨਵ ਨੇ ਸੈਂਟਰ ਫਾਰ ਰੇਲਵੇ ਇਨਫਰਮੇਸ਼ਨ ਸਿਸਟਮਜ਼ ਦੇ 40ਵੇਂ ਸਥਾਪਨਾ ਦਿਵਸ ਸਮਾਰੋਹ ਵਿੱਚ ਇਸ ਐਪ ਦਾ ਉਦਘਾਟਨ ਕੀਤਾ। ਇਹ ਐਪ ਐਂਡਰਾਇਡ ਪਲੇਅ ਸਟੋਰ ਅਤੇ ਆਈਓਐਸ ਐਪ ਸਟੋਰ ਦੋਵਾਂ ਪਲੇਟਫਾਰਮਾਂ 'ਤੇ ਉਪਲਬਧ ਹੈ।ਰੇਲਵੇ ਮੰਤਰਾਲਾ ਦੇ ਪ੍ਰੈਸ ਨੋਟ ਅਨੁਸਾਰ, ਰੇਲਵਨ (ਬਾਕੀ ਸਫਾ 2 'ਤੇ)

### ਬੈਂਗਲੂਰ 'ਚ ਚਾਰ ਜੂਨ ਦੀ ਭਾਜੜ ਲਈ ਆਰ.ਸੀ.ਬੀ. ਜ਼ਿੰਮੇਵਾਰ: ਟ੍ਰਿਬਿਊਨਲ

ਬੈਂਗਲੁਰੂ, 1 ਜੁਲਾਈ (ਚੜ੍ਹਦੀਕਲਾ ਬਿਊਰੋ) : : ਕੇਂਦਰੀ ਪ੍ਰਸ਼ਾਸਕੀ ਟ੍ਰਿਬਿਊਨਲ (ਕੈਟ) ਨੇ ਮੰਗਲਵਾਰ ਨੂੰ ਕਿਹਾ ਕਿ 4 ਜੂਨ ਨੂੰ ਚਿੰਨਾਸਵਾਮੀ ਸਟੇਡੀਅਮ ਦੇ ਬਾਹਰ ਭਾਜੜ ਮਚਣ ਲਈ ਰਾਇਲ ਚੈਲੇਂਜਰਜ਼ ਬੈਂਗਲੁਰੂ (ਆਰ.ਸੀ.ਬੀ.) ਪਹਿਲੀ ਨਜ਼ਰ 'ਚ ਜ਼ਿੰਮੇਵਾਰ ਹੈ। ਐਮ. ਚਿੰਨਾਸਵਾਮੀ ਸਟੇਡੀਅਮ ਦੇ ਸਾਹਮਣੇ 4 ਜੂਨ ਨੂੰ ਵਾਪਰੀ ਦੁਖਦਾਈ ਘਟਨਾ ਵਿਚ 11 ਲੋਕਾਂ ਦੀ ਮੌਤ ਹੋ ਗਈ ਸੀ ਜਿਸ ਦੀ ਯੋਜਨਾਬੰਦੀ ਅਤੇ ਭੀੜ ਪ੍ਰਬੰਧਨ ਲਈ ਤਿੱਖੀ ਆਲੋਚਨਾ ਹੋਈ ਸੀ। ਆਰ.ਸੀ.ਬੀ. ਵਲੋਂ ਟੀਮ ਦੀ ਪਹਿਲੀ ਆਈ.ਪੀ.ਐਲ. ਜਿੱਤ ਦਾ ਜਸ਼ਨ ਮਨਾਉਣ ਲਈ ਵਿਧਾਨ ਸਭਾ ਤੋਂ ਜਿੱਤ ਪਰੇਡ ਅਤੇ ਸਟੇਡੀਅਮ ਵਿਚ ਪ੍ਰਸ਼ੰਸਕਾਂ ਦੀ ਸ਼ਮੂਲੀਅਤ ਵਾਲੇ ਪ੍ਰੋਗਰਾਮ ਦਾ ਐਲਾਨ ਕੀਤਾ ਗਿਆ ਸੀ। ਇਸ ਐਲਾਨ ਤੋਂ ਬਾਅਦ ਸਟੇਡੀਅਮ ਦੇ ਨੇੜੇ ਐਮ.ਜੀ. ਰੋਡ ਅਤੇ ਕਬਨ ਰੋਡ ਇਲਾਕਿਆਂ (ਬਾਕੀ ਸਫਾ 2 'ਤੇ)




# ਦੇਸ਼ 'ਚ ਅਗਲੇ 6-7 ਦਿਨਾਂ ਦੌਰਾਨ ਭਾਰੀ ਮੀਂਹ ਦੀ ਭਵਿੱਖਬਾਣੀ

## ਹਿਮਾਚਲ , ਪੰਜਾਬ, ਹਰਿਆਣਾ ਤੇ ਰਾਜਸਥਾਨ 'ਚ ਭਾਰੀ ਮੀਂਹ ਪਵੇਗਾ: ਮੌਸਮ ਵਿਭਾਗ

ਨਵੀਂ ਦਿੱਲੀ, 1 ਜੁਲਾਈ (ਚ.ਨ.ਸ.): ਭਾਰਤੀ ਮੌਸਮ ਵਿਭਾਗ (ਆਈਐਮਡੀ) ਨੇ ਅੱਜ ਕਿਹਾ ਕਿ ਦੇਸ਼ ਦੇ ਹਿਮਾਚਲ ਪ੍ਰਦੇਸ਼, ਉੱਤਰਾਖੰਡ, ਉੱਤਰ ਪ੍ਰਦੇਸ਼, ਪੰਜਾਬ, ਹਰਿਆਣਾ ਅਤੇ ਰਾਜਸਥਾਨ ਵਿੱਚ ਅਗਲੇ ਛੇ ਤੋਂ ਸੱਤ ਦਿਨਾਂ ਵਿੱਚ ਬਹੁਤ ਭਾਰੀ ਮੀਂਹ ਪੈਣ ਦੀ ਸੰਭਾਵਨਾ ਹੈ। ਇਨ੍ਹਾਂ ਦਿਨਾਂ ਦੌਰਾਨ ਉੱਤਰ-ਪੱਛਮੀ, ਮੱਧ ਅਤੇ ਪੂਰਬੀ ਭਾਰਤ ਦੇ ਕਈ ਹਿੱਸਿਆਂ ਵਿਚ ਮੌਨਸੂਨ ਸਰਗਰਮ ਰਹੇਗਾ। ਇਸ ਤੋਂ ਇਲਾਵਾ ਮੱਧ ਪ੍ਰਦੇਸ਼, ਵਿਧਰਭ, ਛੱਤੀਸਗੜ੍ਹ, ਬਿਹਾਰ, ਪੱਛਮੀ ਬੰਗਾਲ, ਸਿੱਕਮ ਅਤੇ ਝਾਰਖੰਡ ਵਿੱਚ ਵੀ ਭਾਰੀ ਮੀਂਹ ਦੀ ਸੰਭਾਵਨਾ ਹੈ। ਮੱਧ ਪ੍ਰਦੇਸ਼, ਝਾਰਖੰਡ ਅਤੇ ਉੜੀਸਾ ਵਿੱਚ ਕੁਝ ਦਿਨ ਭਾਰੀ ਬਾਰਿਸ਼ ਹੋ ਸਕਦੀ ਹੈ।



ਮੌਸਮ ਵਿਭਾਗ ਨੇ ਕਿਹਾ ਕਿ ਕੋਂਕਣ ਅਤੇ ਗੋਆ, ਮੱਧ ਮਹਾਰਾਸ਼ਟਰ ਅਤੇ ਗੁਜਰਾਤ ਵਿੱਚ ਕੁਝ ਥਾਵਾਂ 'ਤੇ ਭਾਰੀ ਤੋਂ ਬਹੁਤ ਭਾਰੀ ਮੀਂਹ ਪੈ ਸਕਦਾ ਹੈ। ਅਗਲੇ ਸੱਤ ਦਿਨਾਂ ਵਿੱਚ ਸੌਰਾਸ਼ਟਰ ਅਤੇ ਕੱਛ ਵਿੱਚ ਵੀ ਭਾਰੀ ਮੀਂਹ ਪੈ ਸਕਦਾ ਹੈ। ਉੱਤਰ-ਪੂਰਬੀ ਭਾਰਤ ਵਿੱਚ ਇਸ ਸਮੇਂ ਦੌਰਾਨ ਵੱਖ-ਵੱਖ ਥਾਵਾਂ 'ਤੇ ਭਾਰੀ ਤੋਂ ਬਹੁਤ ਭਾਰੀ ਮੀਂਹ ਪੈਣ ਦੀ ਸੰਭਾਵਨਾ ਹੈ। ਤੱਟਵਰਤੀ ਆਂਧਰਾ ਪ੍ਰਦੇਸ਼, ਤੇਲੰਗਾਨਾ, ਕੇਰਲ ਅਤੇ ਕਰਨਾਟਕ ਵਿੱਚ ਹਫ਼ਤੇ ਦੇ ਕੁਝ ਦਿਨਾਂ ਵਿੱਚ ਭਾਰੀ ਮੀਂਹ ਪੈ ਸਕਦਾ ਹੈ। ਮੌਸਮ ਵਿਭਾਗ ਨੇ ਦੇਸ਼ ਵਿੱਚ ਜੁਲਾਈ ਵਿੱਚ ਆਮ ਨਾਲੋਂ ਵੱਧ ਮੀਂਹ ਦੀ ਭਵਿੱਖਬਾਣੀ ਕਰਦਿਆਂ ਮੱਧ ਭਾਰਤ, ਉੱਤਰਾਖੰਡ ਅਤੇ ਹਰਿਆਣਾ ਵਿੱਚ ਅਧਿਕਾਰੀਆਂ ਅਤੇ ਲੋਕਾਂ ਨੂੰ ਹੜ੍ਹਾਂ ਦੇ ਖਤਰੇ ਕਾਰਨ ਚੌਕਸ ਰਹਿਣ ਲਈ ਕਿਹਾ।ਸ਼ਿਮਲਾ, 1 ਜੁਲਾਈ ਹਿਮਾਚਲ ਪ੍ਰਦੇਸ਼ ਵਿੱਚ ਸੋਮਵਾਰ ਤੋਂ ਪੈ ਰਹੇ ਭਾਰੀ ਮੀਂਹ ਕਰਕੇ ਚੰਬਾ, ਮੰਡੀ, ਹਮੀਰਪੁਰ, ਸ਼ਿਮਲਾ, ਸਿਰਮੌਰ ਅਤੇ ਸੋਲਨ ਜ਼ਿਲ੍ਹਿਆਂ ਵਿਚ ਅਗਲੇ 24 ਘੰਟਿਆਂ ਲਈ ਹੜ੍ਹਾਂ ਦੀ ਚੇਤਾਵਨੀ ਜਾਰੀ ਕੀਤੀ ਗਈ ਹੈ।

# ਮੋਦੀ ਦੇ ਫ਼ੈਸਲਿਆਂ ਕਰਕੇ 'ਆਪ੍ਰੇਸ਼ਨ ਸਿੰਦੂਰ' ਦੌਰਾਨ ਦੇਸ਼ ਨੂੰ ਨੁਕਸਾਨ ਝੱਲਣਾ ਪਿਆ: ਕਾਂਗਰਸ

ਨਵੀਂ ਦਿੱਲੀ, 1 ਜੁਲਾਈ (ਚ.ਨ.ਸ.): ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਭਲਕ ਤੋਂ ਸ਼ੁਰੂ ਹੋ ਰਹੇ 8 ਰੋਜ਼ਾ ਪੰਜ ਮੁਲਕੀ ਦੌਰੇ ਤੋਂ ਪਹਿਲਾਂ ਮੁੱਖ ਵਿਰੋਧੀ ਧਿਰ ਕਾਂਗਰਸ ਨੇ ਅੱਜ ਪ੍ਰਧਾਨ ਮੰਤਰੀ 'ਤੇ ਇਹ ਕਹਿੰਦੇ ਹੋਏ ਤੰਜ਼ ਕੱਸਿਆ ਕਿ ਉਹ ਦੇਸ਼ ਨੂੰ ਦਰਪੇਸ਼ ਮੁੱਦਿਆਂ ਤੋਂ 'ਭੱਜ' ਰਹੇ ਹਨ। ਕਾਂਗਰਸ ਨੇ ਦਾਅਵਾ ਕੀਤਾ ਕਿ ਪ੍ਰਧਾਨ ਮੰਤਰੀ ਵੱਲੋਂ ਲਏ ਫੈਸਲਿਆਂ ਕਰਕੇ ਆਪ੍ਰੇਸ਼ਨ ਸਿੰਦੂਰ ਦੇ ਪਹਿਲੇ ਦੋ ਦਿਨਾਂ ਵਿਚ ਭਾਰਤ ਨੂੰ ਨੁਕਸਾਨ ਝੱਲਣਾ ਪਿਆ। ਪਾਰਟੀ ਦੇ ਜਨਰਲ ਸਕੱਤਰ ਜੈਰਾਮ ਰਮੇਸ਼ ਨੇ ਐਕਸ 'ਤੇ ਇਕ ਪੋਸਟ ਵਿਚ ਪ੍ਰਧਾਨ ਮੰਤਰੀ ਦੇ ਪੰਜ ਮੁਲਕੀ ਦੌਰੇ ਨੂੰ ਸੈਰ-ਸਪਾਟਾ ਦੱਸਿਆ।ਰਮੇਸ਼ ਨੇ ਕਿਹਾ, "ਸੁਪਰ ਪ੍ਰੀਮੀਅਮ ਫ੍ਰੀਕੁਐਂਟ ਫਲਾਇਰ ਪੀਐੱਮ 5-ਦੇਸ਼ਾਂ, 8-ਦਿਨਾਂ ਦੀ ਯਾਤਰਾ 'ਤੇ ਹਨ। ਉਹ ਘੱਟੋ-ਘੱਟ 4 ਮੁੱਦਿਆਂ ਤੋਂ ਭੱਜ ਰਹੇ



ਹਨ, ਜੋ ਦੇਸ਼ ਨੂੰ ਪ੍ਰੇਸ਼ਾਨ ਕਰ ਰਹੇ ਹਨ। ਕਾਂਗਰਸੀ ਸੰਸਦ ਮੈਂਬਰ ਨੇ ਮਨੀਪੁਰ ਦਾ ਹਵਾਲਾ ਦਿੰਦੇ ਹੋਏ ਕਿਹਾ ਕਿ ਜਦੋਂ ਤੋਂ ਰਾਜ ਵਿੱਚ ਡਬਲ ਇੰਜਣ ਲੀਹੋਂ ਲੱਥਿਆ ਹੈ ਅਤੇ ਜਦੋਂ ਤੋਂ ਰਾਜ ਵਿੱਚ ਆਮ ਜੀਵਨ ਪੂਰੀ ਤਰ੍ਹਾਂ ਤਬਾਹ ਹੋ ਗਿਆ ਹੈ, ਪ੍ਰਧਾਨ ਮੰਤਰੀ ਉਦੋਂ ਦੇ ਉੱਥੇ ਨਹੀਂ ਗਏ ਹਨ। ਰਮੇਸ਼ ਨੇ ਦਾਅਵਾ ਕੀਤਾ ਕਿ ਪ੍ਰਧਾਨ ਮੰਤਰੀ ਵੱਲੋਂ ਲਏ ਫੈਸਲਿਆਂ ਕਰਕੇ ਆਪ੍ਰੇਸ਼ਨ ਸਿੰਦੂਰ ਦੇ ਪਹਿਲੇ ਦੋ ਦਿਨਾਂ ਵਿਚ ਭਾਰਤ ਨੂੰ ਵੱਡਾ ਨੁਕਸਾਨ ਝੱਲਣ ਪਿਆ। ਰਮੇਸ਼ ਨੇ ਕਿਹਾ, "ਰੱਖਿਆ ਅਧਿਕਾਰੀਆਂ ਵੱਲੋਂ ਕੀਤੇ ਗਏ ਖੁਲਾਸੇ ਮੁਤਾਬਕ ਪ੍ਰਧਾਨ ਮੰਤਰੀ ਦੇ ਫੈਸਲਿਆਂ ਕਾਰਨ ਆਪ੍ਰੇਸ਼ਨ ਸਿੰਦੂਰ ਦੇ ਪਹਿਲੇ ਦੋ ਦਿਨਾਂ ਵਿੱਚ ਭਾਰਤ ਨੂੰ ਉਲਟਾ ਨੁਕਸਾਨ ਝੱਲਣਾ ਪਿਆ।

ਰਮੇਸ਼ ਨੇ ਵਪਾਰ ਦੀ ਧਮਕੀ ਦਾ ਇਸਤੇਮਾਲ ਕਰਕੇ ਭਾਰਤ ਤੇ ਪਾਕਿਸਤਾਨ ਦਰਮਿਆਨ ਜੰਗਬੰਦੀ ਕਰਵਾਉਣ ਦੇ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੇ ਦਾਅਵਿਆਂ 'ਤੇ ਵੀ ਚਾਨਣਾ ਪਾਇਆ। ਉਨ੍ਹਾਂ ਕਿਹਾ, ਰਾਸ਼ਟਰਪਤੀ ਟਰੰਪ ਲਗਾਤਾਰ ਦਾਅਵਾ ਕਰ ਰਹੇ ਹਨ ਕਿ ਉਨ੍ਹਾਂ ਵਪਾਰ ਸਮਝੌਤੇ ਦਾ ਇਸਤੇਮਾਲ ਕਰਕੇ ਭਾਰਤ ਤੇ ਪਾਕਿਸਤਾਨ ਵਿਚਾਲੇ ਜੰਗਬੰਦੀ ਕਰਵਾਈ ਹੈ। ਉਨ੍ਹਾਂ ਕਿਹਾ ਕਿ ਮੋਦੀ ਦੀ ਅਗਵਾਈ ਵਾਲੀ ਸਰਕਾਰ 70 ਦਿਨਾਂ ਬਾਅਦ ਵੀ ਪਹਿਲਗਾਮ ਦਹਿਸ਼ਤੀ ਹਮਲੇ ਦੇ ਕਸੂਰਵਾਰਾਂ ਨੂੰ ਨਿਆਂ ਦੇ ਕਟਹਿਰੇ ਵਿੱਚ ਖੜ੍ਹਾਉਣ ਵਿੱਚ ਨਾਕਾਮ ਰਹੀ ਹੈ।

## ਮੁੱਖ ਮੁਲਜ਼ਮ ਦੇ ਸਰੀਰ 'ਤੇ ਨਹੁੰਆਂ ਦੇ

ਦੌਰਾਨ ਪੀੜਤਾ ਵੱਲੋਂ ਕੀਤੇ ਗਏ ਵਿਰੋਧ ਨੂੰ ਦਰਸਾਉਂਦੇ ਹਨ। ਅਧਿਕਾਰੀ ਨੇ ਕਿਹਾ, 'ਮੋਨੋਜੀਤ ਦੇ ਸਰੀਰ 'ਤੇ ਜ਼ਖ਼ਮ ਦੇ ਨਿਸ਼ਾਨ ਹਨ ਜੋ ਤਾਜ਼ੇ ਹਨ। ਅਜਿਹਾ ਉਦੋਂ ਹੁੰਦਾ ਹੈ, ਜਦੋਂ ਕਿਸੇ ਨੂੰ ਸੰਘਰਸ਼ ਜਾਂ ਵਿਰੋਧ ਦਾ ਸਾਹਮਣਾ ਕਰਨਾ ਪੈਂਦਾ ਹੈ।' ਕੋਲਕਾਤਾ ਪੁਲਿਸ ਦੀ ਨੌਂ ਮੈਂਬਰੀ ਵਿਸ਼ੇਸ਼ ਜਾਂਚ ਟੀਮ (ਐਸ.ਆਈ.ਟੀ.) ਨੂੰ ਫੋਨ ਕਾਲ ਡਿਟੇਲ ਰਿਕਾਰਡ (ਸੀ.ਡੀ.ਆਰ.) ਦੀ ਜਾਂਚ ਕਰਦੇ ਹੋਏ, ਅਪਰਾਧ ਤੋਂ ਬਾਅਦ ਸਵੇਰੇ ਮੋਨੋਜੀਤ ਅਤੇ ਕਾਲਜ ਦੀ ਵਾਈਸ ਪ੍ਰਿੰਸੀਪਲ ਡਾਕਟਰ ਨੈਨਾ ਚੈਟਰਜੀ ਵਿਚਕਾਰ ਹੋਈ ਗੱਲਬਾਤ ਦੇ ਸਬੂਤ ਵੀ ਮਿਲੇ।

## ਪੰਜਾਬ ਦੇ 11 ਜ਼ਿਲ੍ਹਿਆਂ 'ਚ ਅਚਾਨਕ

ਇਸ ਵੇਲੇ ਮੌਸਮ ਵਿਭਾਗ ਨੇ ਸੰਗਰੂਰ, ਬਰਨਾਲਾ, ਪਟਿਆਲਾ, ਮੋਹਾਲੀ, ਫਤਿਹਗੜ੍ਹ ਸਾਹਿਬ, ਲੁਧਿਆਣਾ, ਚੰਡੀਗੜ੍ਹ, ਰੂਪਨਗਰ, ਜਲੰਧਰ ਅਤੇ ਸ਼ਹੀਦ ਭਗਤ ਸਿੰਘ ਨਗਰ ਵਿੱਚ ਫਲੈਸ਼ ਅਲਰਟ ਜਾਰੀ ਕੀਤਾ ਹੈ। ਇੱਥੇ ਦਰਮਿਆਨੀ ਬਾਰਿਸ਼ ਦੇ ਨਾਲ-ਨਾਲ ਬਿਜਲੀ ਅਤੇ ਤੇਜ਼ ਹਵਾਵਾਂ (30-40 ਕਿਲੋਮੀਟਰ ਪ੍ਰਤੀ ਘੰਟਾ) ਦੀ ਸੰਭਾਵਨਾ ਹੈ।

**ਪੰਜਾਬ ਦੇ 9 ਜ਼ਿਲ੍ਹਿਆਂ ਵਿੱਚ ਅੱਜ ਮੀਂਹ ਪੈਣ ਦੀ ਸੰਭਾਵਨਾ**

ਇਸ ਦੇ ਨਾਲ ਹੀ ਅੱਜ ਹਿਮਾਚਲ ਪ੍ਰਦੇਸ਼ ਨਾਲ ਲੱਗਦੇ 9 ਜ਼ਿਲ੍ਹਿਆਂ ਵਿੱਚ ਮੀਂਹ ਪੈਣ ਲਈ ਪੀਲਾ ਅਲਰਟ ਜਾਰੀ ਕੀਤਾ ਗਿਆ ਹੈ। ਮੌਸਮ ਵਿਗਿਆਨ ਕੇਂਦਰ ਦੇ ਅੰਕੜਿਆਂ ਅਨੁਸਾਰ ਅੱਜ ਪਠਾਨਕੋਟ, ਗੁਰਦਾਸਪੁਰ, ਹੁਸ਼ਿਆਰਪੁਰ, ਨਵਾਂਸ਼ਹਿਰ, ਲੁਧਿਆਣਾ, ਰੂਪਨਗਰ, ਮੋਹਾਲੀ, ਫਤਿਹਗੜ੍ਹ ਸਾਹਿਬ ਅਤੇ ਪਟਿਆਲਾ ਵਿੱਚ ਮੀਂਹ ਪੈਣ ਦੀ ਸੰਭਾਵਨਾ ਹੈ।ਜਦੋਂ ਕਿ ਹੋਰ ਜ਼ਿਲ੍ਹਿਆਂ ਵਿੱਚ ਸਥਿਤੀ ਆਮ ਰਹਿ ਸਕਦੀ ਹੈ।

ਪੰਜਾਬ ਵਿੱਚ 69.7 ਮਿਲੀਮੀਟਰ ਮੀਂਹ ਜੂਨ ਮਹੀਨੇ ਵਿੱਚ ਪੰਜਾਬ ਵਿੱਚ ਮੌਨਸੂਨ ਸਮੇਂ ਤੋਂ 5 ਦਿਨ ਪਹਿਲਾਂ ਹੀ ਆ ਗਿਆ। ਇੰਨਾ ਹੀ ਨਹੀਂ, ਮੌਨਸੂਨ ਸੂਬੇ 'ਤੇ ਬਹੁਤ ਮਿਹਰਬਾਨ ਵੀ ਰਿਹਾ। ਆਮ ਤੌਰ 'ਤੇ ਜੂਨ ਮਹੀਨੇ ਵਿੱਚ ਪੰਜਾਬ ਵਿੱਚ 54.5 ਮਿਲੀਮੀਟਰ ਮੀਂਹ ਪੈਂਦਾ ਹੈ, ਜਦੋਂ ਕਿ ਇਸ ਸਾਲ 69.9 ਮਿਲੀਮੀਟਰ ਮੀਂਹ ਪਿਆ ਹੈ। ਯਾਨੀ ਕਿ ਆਮ ਨਾਲੋਂ 28 ਪ੍ਰਤੀਸ਼ਤ ਜ਼ਿਆਦਾ ਮੀਂਹ ਪਿਆ ਹੈ।

## ਪੰਡੋਹ ਡੈਮ ਦੇ ਸਾਰੇ ਗੇਟ ਖੋਲ੍ਹੇ,

ਸੰਭਾਵਨਾ ਹੈ। ਗੁਆਂਢੀ ਸੂਬੇ ਵਿਚ ਇਸ ਤਬਾਹੀ ਕਾਰਨ ਪੰਜਾਬ ਵਿਚ ਵੀ ਖਤਰਾ ਵੱਧ ਗਿਆ ਹੈ। ਦਰਿਆਵਾਂ ਦਾ ਪਾਣੀ ਲਗਾਤਾਰ ਚੜ੍ਹ ਰਿਹਾ ਹੈ। ਇਸ ਕਾਰਨ ਪ੍ਰਸ਼ਾਸਨ ਵੀ ਚੌਕਸ ਹੋ ਗਿਆ ਹੈ।

ਪਿਛਲੀ ਵਾਰ ਮੰਡੀ ਲਈ ਬਾਰਿਸ਼ ਲਈ ਰੈੱਡ ਅਲਰਟ ਦੋ ਸਾਲ ਪਹਿਲਾਂ 9-10 ਜੁਲਾਈ ਨੂੰ ਜਾਰੀ ਕੀਤਾ ਗਿਆ ਸੀ ਅਤੇ ਉਸ ਸਮੇਂ ਦੌਰਾਨ ਇੱਥੇ ਦੇਖੇ ਗਏ ਤਬਾਹੀ ਦੇ ਦ੍ਰਿਸ਼ ਨੇ ਪੂਰੇ ਸੂਬੇ ਨੂੰ ਹਿਲਾ ਕੇ ਰੱਖ ਦਿੱਤਾ ਸੀ। ਹੁਣ ਇੱਕ ਵਾਰ ਫਿਰ ਭਾਰੀ ਮੀਂਹ ਦੀ ਚੌਕਸੀ ਚਿਤਾਵਨੀ ਕਾਰਨ ਡਰ ਦਾ ਮਾਹੌਲ ਹੈ। ਐਤਵਾਰ ਅੱਧੀ ਰਾਤ ਤੋਂ ਜ਼ਿਲ੍ਹੇ ਵਿੱਚ ਲਗਾਤਾਰ ਮੀਂਹ ਨੇ ਪਹਿਲਾਂ ਹੀ ਜਨਜੀਵਨ 'ਤੇ ਵਿਆਪਕ ਪ੍ਰਭਾਵ ਪਾਇਆ ਹੈ। ਅੱਜ, ਲਾਰਜੀ ਬੈਰਾਜ ਉੱਤੇ ਫਲੱਸ਼ਿੰਗ ਦੇ ਕੰਮ ਕਾਰਨ 76 ਮੀਟਰ ਉੱਚੇ ਪੰਡੋਹ ਡੈਮ ਦੇ ਸਾਰੇ ਪੰਜ ਗੇਟ ਖੋਲ੍ਹ ਕੇ 43 ਹਜ਼ਾਰ ਕਿਊਸਿਕ ਪਾਣੀ ਮੰਡੀ ਵੱਲ ਛੱਡਿਆ ਜਾ ਰਿਹਾ ਹੈ। ਪਿਛਲੇ ਬੁੱਧਵਾਰ ਡੈਮ ਤੋਂ ਵਿਆਸ ਵਿੱਚ 60 ਹਜ਼ਾਰ ਕਿਊਸਿਕ ਪਾਣੀ ਛੱਡਿਆ ਗਿਆ ਸੀ ਅਤੇ ਲਗਾਤਾਰ ਮੀਂਹ ਕਾਰਨ, ਫਲੱਸ਼ਿੰਗ ਦਾ ਕੰਮ ਅੱਜ ਵੀ ਜਾਰੀ ਰਹੇਗਾ।

ਸਾਲ 2023 ਵਿਚ ਭਾਰੀ ਮੀਂਹ ਅਤੇ ਬੱਦਲ ਫਟਣ ਤੋਂ ਬਾਅਦ ਪੰਡੋਹ ਡੈਮ ਤੋਂ ਲਗਾਤਾਰ ਦੋ ਦਿਨ 1.5 ਲੱਖ ਕਿਊਸਿਕ ਪਾਣੀ ਛੱਡਿਆ ਗਿਆ ਸੀ। ਅਜਿਹੀ ਸਥਿਤੀ ਵਿਚ ਇਸ ਵਾਰ ਵੀ ਮੌਸਮ ਦੇ ਰੈੱਡ ਅਲਰਟ ਨੂੰ ਲੈ ਕੇ ਬਹੁਤ ਸਾਵਧਾਨੀ ਵਰਤਣ ਦੀ ਲੋੜ ਹੈ। ਐਤਵਾਰ ਨੂੰ ਦਿਨ ਵਿੱਚ ਤਿੰਨ ਤੋਂ ਚਾਰ ਵਾਰ ਪੰਡੋਹ ਡੈਮ ਤੋਂ ਮੰਡੀ ਵੱਲ ਪਾਣੀ ਛੱਡਣ ਦੀ ਚਿਤਾਵਨੀ ਦਿੱਤੀ ਗਈ ਹੈ। ਅੱਜ ਭਾਰੀ ਮੀਂਹ ਦੇ ਨਾਲ-ਨਾਲ ਤੇਜ਼ ਹਵਾਵਾਂ ਅਤੇ ਬਿਜਲੀ ਡਿੱਗਣ ਬਾਰੇ ਵੀ ਅਲਰਟ ਜਾਰੀ ਕੀਤਾ ਗਿਆ ਹੈ। ਇਸ ਲਈ, ਲੋਕਾਂ ਨੂੰ ਇਸ ਪੜਾਅ 'ਤੇ ਵਿਸ਼ੇਸ਼ ਸਾਵਧਾਨੀ ਵਰਤਣੀ ਪਵੇਗੀ। ਸੈਲਾਨੀਆਂ ਅਤੇ ਆਮ ਲੋਕਾਂ ਨੂੰ ਉੱਚੀਆਂ ਥਾਵਾਂ 'ਤੇ ਨਾ ਜਾਣ ਅਤੇ ਨਦੀਆਂ ਅਤੇ ਨਾਲਿਆਂ ਤੋਂ ਦੂਰ ਰਹਿਣ ਲਈ ਕਿਹਾ ਗਿਆ ਹੈ।

## ਪੰਜਾਬ ਸਰਕਾਰ ਲਏਗੀ 8500 ਕਰੋੜ

2026 ਤੱਕ ਸੂਬੇ 'ਤੇ ਕੁੱਲ ਬਕਾਇਆ ਕਰਜ਼ਾ 4 ਲੱਖ ਕਰੋੜ ਰੁਪਏ ਨੂੰ ਪਾਰ ਕਰ ਜਾਵੇਗਾ। ਇਸ ਵੇਲੇ (ਮਾਰਚ, 2024 ਤੱਕ), ਪੰਜਾਬ ਦਾ ਕਰਜ਼ਾ 3.82 ਲੱਖ ਕਰੋੜ ਰੁਪਏ ਹੈ, ਜੋ ਕਿ ਸੂਬੇ ਦੇ ਜੀ.ਐੱਸ.ਡੀ.ਪੀ. ਦੇ 44 ਫੀਸਦੀ ਤੋਂ ਵੱਧ ਹੈ। ਜੇਕਰ ਸੂਬੇ ਦੀ ਆਬਾਦੀ 3 ਕਰੋੜ ਮੰਨੀ ਜਾਵੇ, ਤਾਂ ਹਰੇਕ ਨਾਗਰਿਕ 'ਤੇ ਔਸਤਨ 1.33 ਲੱਖ ਰੁਪਏ ਦਾ ਕਰਜ਼ਾ ਹੋਵੇਗਾ। ਇਸ ਸਾਲ ਦੇ ਸ਼ੁਰੂ ਵਿੱਚ ਸੰਸਦ ਵਿੱਚ ਪੇਸ਼ ਕੀਤੀ ਗਈ ਇੱਕ ਰਿਪੋਰਟ ਵਿੱਚ ਕੇਂਦਰੀ ਵਿੱਤ ਰਾਜ ਮੰਤਰੀ ਪੰਕਜ ਚੌਧਰੀ ਨੇ ਕਿਹਾ ਸੀ ਕਿ ਜੇਕਰ ਕਰਜ਼ੇ ਦੇ ਜੀ.ਐੱਸ.ਡੀ.ਪੀ.ਅਨੁਪਾਤ ਨੂੰ ਮੰਨਿਆ ਜਾਵੇ ਤਾਂ ਪੰਜਾਬ ਦੇਸ਼ ਦਾ ਦੂਜਾ ਸਭ ਤੋਂ ਵੱਧ ਕਰਜ਼ਦਾਰ ਸੂਬਾ ਹੈ।

## ਪੰਜਾਬ ਵੱਲੋਂ ਪਹਿਲੀ ਤਿਮਾਹੀ ਵਿੱਚ 27 ਫ਼ੀਸਦੀ ਦੀ

ਸੰਬੋਧਨ ਕਰਦਿਆਂ ਕੀਤਾ। ਸਨਮਾਨਿਤ ਕੀਤੇ ਗਏ ਕਰਦਾਤਾਵਾਂ ਵਿੱਚ ਅੰਬੂਜਾ ਸੀਮੈਂਟ ਤੋਂ ਆਸ਼ੂ ਅਗਨੀਹੋਤਰੀ, ਐਚ.ਪੀ.ਸੀ.ਐਲ-ਮਿੱਤਲ ਐਨਰਜੀ ਲਿਮਟਿਡ (ਐਚ.ਐਮ.ਈ.ਐਲ) ਤੋਂ ਸੰਜੇ ਮਲਹੋਤਰਾ, ਸੈਮਸੰਗ ਇੰਡੀਆ ਪ੍ਰਾਈਵੇਟ ਲਿਮਟਿਡ ਤੋਂ ਚਮਨ ਲਾਲ ਸ਼ਰਮਾ, ਟਾਟਾ ਸਟੀਲ ਤੋਂ ਅੰਕੁਸ਼ ਸ਼ਰਮਾ ਅਤੇ ਦਾਦਾ ਮੋਟਰਜ਼ ਤੋਂ ਨਿਤਿਨ ਦਾਦਾ ਸ਼ਾਮਲ ਹਨ। ਵਿੱਤ ਮੰਤਰੀ ਨੇ ਉਨ੍ਹਾਂ ਦੇ ਯੋਗਦਾਨ ਦੀ ਸ਼ਲਾਘਾ ਕਰਦਿਆਂ ਸਮਾਵੇਸ਼ੀ ਵਿਕਾਸ ਅਤੇ ਵਿੱਤੀ ਸਥਿਰਤਾ ਪ੍ਰਾਪਤ ਕਰਨ ਵਿੱਚ ਜ਼ਿੰਮੇਵਾਰ ਟੈਕਸਦਾਤਾਵਾਂ ਦੀ ਮਹੱਤਤਾ 'ਤੇ ਜ਼ੋਰ ਦਿੱਤਾ।

ਵਿੱਤ ਮੰਤਰੀ ਹਰਪਾਲ ਸਿੰਘ ਚੀਮਾ, ਜਿਨ੍ਹਾਂ ਦੇ ਨਾਲ ਇਸ ਮੌਕੇ ਸਕੱਤਰ ਟੈਕਸੇਸ਼ਨ ਅਜੀਤ ਬਾਲਾਜੀ ਜੋਸ਼ੀ ਅਤੇ ਆਬਕਾਰੀ ਤੇ ਕਰ ਕਮਿਸ਼ਨਰ ਜਤਿੰਦਰ ਜੋਰਵਾਲ ਵੀ ਹਾਜ਼ਰ ਸਨ, ਨੇ ਦੱਸਿਆ ਕਿ ਪੰਜਾਬ ਨੇ ਜੀਐਸਟੀ ਵਿਕਾਸ ਵਿੱਚ ਕੌਮੀ ਔਸਤ ਨੂੰ ਪਿੱਛੇ ਛੱਡ ਦਿੱਤਾ ਹੈ ਅਤੇ ਸਰਹੱਦੀ ਤਣਾਅ ਸਮੇਤ ਰਾਸ਼ਟਰੀ ਅਤੇ ਭੂ-ਰਾਜਨੀਤਿਕ ਚੁਣੌਤੀਆਂ ਦਾ ਸਾਹਮਣਾ ਕਰਨ ਦੇ ਬਾਵਜੂਦ ਟੈਕਸ ਜੁਟਾਉਣ ਵਿੱਚ ਆਪਣੇ ਆਪ ਨੂੰ ਸਿਖਰਲੇ ਪ੍ਰਦਰਸ਼ਨ ਕਰਨ ਵਾਲੇ ਰਾਜਾਂ ਵਿੱਚ ਮਜ਼ਬੂਤੀ ਨਾਲ ਸਥਾਪਤ ਕੀਤਾ ਹੈ। ਉਨ੍ਹਾਂ ਕਿਹਾ ਕਿ ਜੂਨ 2025 ਲਈ ਸ਼ੁੱਧ ਜੀਐਸਟੀ ਪ੍ਰਾਪਤੀ 2379.90 ਕਰੋੜ ਰੁਪਏ ਰਹੀ, ਜੋ ਕਿ ਜੂਨ 2024 ਵਿੱਚ ਪ੍ਰਾਪਤ ਹੋਏ 1647.69 ਕਰੋੜ ਰੁਪਏ ਦੇ ਮੁਕਾਬਲੇ 732.21 ਕਰੋੜ ਰੁਪਏ ਦੇ ਸ਼ਾਨਦਾਰ ਮਾਲੀਆ ਵਾਧੇ ਨੂੰ ਦਰਸਾਉਂਦਾ ਹੈ। ਉਨ੍ਹਾਂ ਕਿਹਾ ਕਿ ਇਸ ਤੋਂ ਪਹਿਲਾਂ ਅਪ੍ਰੈਲ ਵਿੱਚ 15.35 ਪ੍ਰਤੀਸ਼ਤ ਅਤੇ ਮਈ ਵਿੱਚ 24.59 ਪ੍ਰਤੀਸ਼ਤ ਦੇ ਪ੍ਰਤੀ ਮਹੀਨਾ ਸ਼ੁੱਧ ਵਿਕਾਸ ਰੁਝਾਨਾਂ ਸਦਕਾ ਮਈ 2025 ਵਿੱਚ ਭਾਰਤ ਅਤੇ ਪਾਕਿਸਤਾਨ ਵਿਚਕਾਰ ਟਕਰਾਅ ਦੇ ਬਾਵਜੂਦ ਵਿੱਤੀ ਸਾਲ 2025-26 ਦੀ ਪਹਿਲੀ ਤਿਮਾਹੀ ਦੌਰਾਨ ਸ਼ੁੱਧ ਜੀਐਸਟੀ ਪ੍ਰਾਪਤੀਆਂ 6,830.40 ਕਰੋੜ ਰੁਪਏ ਤੱਕ ਪਹੁੰਚ ਗਈਆਂ। ਉਨ੍ਹਾਂ ਕਿਹਾ ਵਿੱਤੀ ਸਾਲ 2024-25 ਦੀ ਪਹਿਲੀ ਤਿਮਾਹੀ ਦੌਰਾਨ ਪ੍ਰਾਪਤੀ 5,377.75 ਕਰੋੜ ਰੁਪਏ ਦੇ ਮਾਲੀਏ ਸਦਕਾ ਦਰਜ ਕੀਤੀ ਗਈ 6.41 ਪ੍ਰਤੀਸ਼ਤ ਵਿਕਾਸ ਦਰ ਦੇ ਮੁਕਾਬਲੇ ਇਸ ਵਿੱਤੀ ਵਰ੍ਹੇ ਦੇ ਪਹਿਲੀ ਤਿਮਾਹੀ ਦੌਰਾਨ ਚਾਰ ਗੁਣਾ ਤੋਂ ਵੱਧ ਵਿਕਾਸ ਦਰ ਹਾਸਲ ਹੋਇਆ ਹੈ।

ਵਿੱਤ ਮੰਤਰੀ ਨੇ ਪਿਛਲੀਆਂ ਅਕਾਲੀ-ਭਾਜਪਾ ਅਤੇ ਕਾਂਗਰਸ ਦੀ ਅਗਵਾਈ ਵਾਲੀਆਂ ਸਰਕਾਰਾਂ 'ਤੇ ਵੀ ਤਿੱਖਾ ਹਮਲਾ ਕਰਦਿਆਂ ਟੈਕਸ ਚੋਰੀ ਨੂੰ ਰੋਕਣ ਅਤੇ ਸੂਬੇ ਦੀ ਵਿੱਤੀ ਸਿਹਤ ਨੂੰ ਬਿਹਤਰ ਬਣਾਉਣ ਵਿੱਚ ਉਨ੍ਹਾਂ ਦੀ ਅਸਫਲਤਾ ਨੂੰ ਉਜਾਗਰ ਕੀਤਾ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਮਹੀਨਾ-ਦਰ-ਮਹੀਨਾ ਅਤੇ ਸਾਲ-ਦਰ-ਸਾਲ ਨਿਰੰਤਰ ਵਿਕਾਸ ਨੂੰ ਯਕੀਨੀ ਬਣਾਇਆ ਹੈ। ਉਨ੍ਹਾਂ ਨੇ ਵਿੱਤੀ ਸਾਲ 2022-23 ਵਿੱਚ 16.25 ਪ੍ਰਤੀਸ਼ਤ, ਵਿੱਤੀ ਸਾਲ 2023-24 ਵਿੱਚ 15.51 ਪ੍ਰਤੀਸ਼ਤ ਅਤੇ ਵਿੱਤੀ ਸਾਲ 2024-25 ਵਿੱਚ 12.84 ਪ੍ਰਤੀਸ਼ਤ ਦੀ ਜੀਐਸਟੀ ਸੰਗ੍ਰਹਿ ਵਿਕਾਸ ਦਰ ਦਾ ਜ਼ਿਕਰ ਕੀਤਾ, ਜਿਸ ਨਾਲ ਤਿੰਨ ਸਾਲਾਂ ਵਿੱਚ ਕੁੱਲ 62,733 ਕਰੋੜ ਰੁਪਏ ਦਾ ਮਾਲੀਆ ਪ੍ਰਾਪਤ ਹੋਇਆ ਹੈ। ਇਸ ਦੇ ਉਲਟ, ਵਿੱਤੀ ਸਾਲ 2018-19 ਤੋਂ ਵਿੱਤੀ ਸਾਲ 2021-22 ਤੱਕ ਕਾਂਗਰਸ ਦੇ ਸ਼ਾਸਨ ਦੌਰਾਨ ਸੂਬੇ ਨੇ ਸਿਰਫ਼ 55,146 ਕਰੋੜ ਰੁਪਏ ਇਕੱਠੇ ਕੀਤੇ। ਇਸੇ ਤਰ੍ਹਾਂ, ਅਕਾਲੀ-ਭਾਜਪਾ ਸਰਕਾਰ ਦੌਰਾਨ ਸੂਬੇ ਵਿੱਚ ਵਿੱਤੀ ਸਾਲ 2014-15 ਅਤੇ ਵਿੱਤੀ ਸਾਲ 2015-16 ਦੌਰਾਨ ਵੈਟ ਅਤੇ ਸੀ.ਐਸ.ਟੀ ਪ੍ਰਾਪਤੀ ਵਿੱਚ ਕ੍ਰਮਵਾਰ ਸਿਰਫ 4.57 ਪ੍ਰਤੀਸ਼ਤ ਅਤੇ 2.67 ਪ੍ਰਤੀਸ਼ਤ ਵਾਧਾ ਹੋਇਆ। ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਆਪ ਸਰਕਾਰ ਨੇ ਤਿੰਨ ਸਾਲਾਂ ਵਿੱਚ ਹੀ ਕਾਂਗਰਸ ਸਰਕਾਰ ਦੁਆਰਾ ਆਪਣੇ ਪੂਰੇ ਪੰਜ ਸਾਲਾਂ ਵਿੱਚ ਪ੍ਰਾਪਤ ਕੀਤੇ ਗਏ ਜੀ.ਐਸ.ਟੀ. ਮਾਲੀਏ ਨਾਲੋਂ ਵੱਧ ਮਾਲੀਆ ਪ੍ਰਾਪਤ ਕਰ ਲਿਆ ਹੈ।

ਵਿੱਤ ਮੰਤਰੀ ਨੇ ਅੱਗੇ ਕਿਹਾ ਕਿ ਪਿਛਲੀ ਕਾਂਗਰਸ ਦੀ ਅਗਵਾਈ ਵਾਲੀ ਸੂਬਾ ਸਰਕਾਰ ਰਾਜ ਦੇ ਮਾਲੀਏ ਲਈ ਭਵਿੱਖ ਦੀ ਕੋਈ ਯੋਜਨਾ ਬਣਾਉਣ ਦੀ ਜਗ੍ਹਾ 30,070 ਕਰੋੜ ਰੁਪਏ ਦੇ ਪ੍ਰਾਪਤ ਹੋਏ ਜੀ.ਐਸ.ਟੀ ਮੁਆਵਜ਼ੇ 'ਤੇ ਹੀ ਨਿਰਭਰ ਰਹੀ। ਉਨ੍ਹਾਂ ਕਿਹਾ ਕਿ ਇਸ ਦੇ ਉਲਟ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਟੈਕਸ ਚੋਰੀ ਨੂੰ ਘਟਾਉਣ ਅਤੇ ਰਾਜ ਦੀ ਵਿੱਤੀ ਸਥਿਰਤਾ ਨੂੰ ਸੁਰੱਖਿਅਤ ਰੱਖਣ ਲਈ ਫੀਲਡ ਇਨਫੋਰਸਮੈਂਟ, ਟਾਰਗੇਟਡ ਡੇਟਾ-ਅਧਾਰਿਤ ਨਿਰੀਖਣ ਅਤੇ ਕਰ ਪਾਲਣਾ ਵਿੱਚ ਸੁਧਾਰ ਲਿਆਉਣ ਲਈ ਕੰਮ ਕੀਤਾ।

ਹਾਲੀਆ ਇਨਫੋਰਸਮੈਂਟ ਗਤੀਵਿਧੀਆਂ ਦੇ ਵੇਰਵਿਆਂ ਦਾ ਖੁਲਾਸਾ ਕਰਦੇ ਹੋਏ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਦੱਸਿਆ ਕਿ ਸਟੇਟ ਇੰਟੈਲੀਜੈਂਸ ਐਂਡ ਪ੍ਰੀਵੈਂਟਿਵ ਯੂਨਿਟ (ਐਸ.ਆਈ.ਪੀ.ਯੂ) ਨੇ ਇੱਕ ਅਕਾਊਂਟੈਂਟ ਦੁਆਰਾ ਚਲਾਏ ਜਾ ਰਹੇ ਜੀ.ਐਸ.ਟੀ ਧੋਖਾਧੜੀ ਸਿੰਡੀਕੇਟ ਦਾ ਪਰਦਾਫਾਸ਼ ਕੀਤਾ ਹੈ। ਜਿਸ ਵੱਲੋਂ ਜਾਅਲੀ ਬਿਲਿੰਗ ਅਤੇ ਆਈ.ਟੀ.ਸੀ ਧੋਖਾਧੜੀ ਲਈ 20 ਜਾਅਲੀ ਫਰਮਾਂ ਬਣਾਈਆਂ ਅਤੇ ਚਲਾਈਆਂ ਜਾ ਰਹੀਆਂ ਸਨ। ਮੁੱਢਲੀ ਜਾਂਚ ਵਿੱਚ 866.67 ਕਰੋੜ ਰੁਪਏ ਦੇ ਧੋਖਾਧੜੀ ਵਾਲੇ ਲੈਣ-ਦੇਣ ਦਾ ਪਤਾ ਲੱਗਿਆ ਹੈ, ਜਿਸ ਨਾਲ 157.22 ਕਰੋੜ ਰੁਪਏ ਦੀ ਟੈਕਸ ਚੋਰੀ ਹੋਣ ਦਾ ਅਨੁਮਾਨ ਹੈ। ਇਸ ਤੋਂ ਇਲਾਵਾ, ਵਿਭਾਗ ਨੇ ਇੱਕ ਵੱਡੇ ਜੀਐਸਟੀ ਚੋਰੀ ਘੁਟਾਲੇ ਦਾ ਪਰਦਾਫਾਸ਼ ਕੀਤਾ ਹੈ। ਜਿਸ ਵਿੱਚ ਮੈਸਰਜ਼ ਮਾਂ ਦੁਰਗਾ ਰੋਡਲਾਈਨਜ਼, ਜੋ ਕਿ ਇੱਕ ਟਰਾਂਸਪੋਰਟਰ ਵਜੋਂ ਰਜਿਸਟਰਡ ਹੈ, 168 ਕਰੋੜ ਰੁਪਏ ਦੇ ਜਾਅਲੀ ਈ-ਵੇਅ ਬਿੱਲ ਬਣਾਉਣ ਅਤੇ ਬੇਹਿਸਾਬ ਸਾਮਾਨ ਦੀ ਢੋਆ-ਢੁਆਈ ਵਿੱਚ ਸ਼ਾਮਲ ਪਾਇਆ ਗਿਆ, ਜਿਸ ਵਿੱਚ 30.66 ਕਰੋੜ ਰੁਪਏ ਦੀ ਕਰ ਦੇਣਦਾਰੀ ਸ਼ਾਮਲ ਹੈ।

ਮੀਡੀਆ ਦੇ ਇੱਕ ਸਵਾਲ ਦਾ ਜਵਾਬ ਦਿੰਦੇ ਹੋਏ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਰਾਜ ਨੂੰ ਵਿੱਤੀ ਸਾਲ 2025-26 ਵਿੱਚ ਪਿਛਲੀਆਂ ਅਕਾਲੀ-ਭਾਜਪਾ ਅਤੇ ਕਾਂਗਰਸ ਦੀ ਅਗਵਾਈ ਵਾਲੀਆਂ ਰਾਜ ਸਰਕਾਰਾਂ ਦੁਆਰਾ ਲਏ ਗਏ ਅਤੇ ਮੌਜੂਦਾ ਸਰਕਾਰ ਨੂੰ ਵਿਰਾਸਤ ਵਿੱਚ ਮਿਲੇ ਕਰਜ਼ੇ 'ਤੇ 25,000 ਕਰੋੜ ਰੁਪਏ ਦੇ ਵਿਆਜ ਭੁਗਤਾਨ ਅਤੇ 18,200 ਕਰੋੜ ਰੁਪਏ ਦੇ ਮੂਲ ਭੁਗਤਾਨ ਕਰਨੇ ਹਨ, ਜਦੋਂ ਕਿ ਭਾਰਤ ਸਰਕਾਰ ਦੁਆਰਾ 13,000 ਕਰੋੜ ਰੁਪਏ ਦੀ ਕਟੌਤੀ ਦੇ ਬਾਵਜੂਦ, 49,900 ਕਰੋੜ ਰੁਪਏ ਉਧਾਰ ਲੈਣ ਦੀ ਯੋਜਨਾ ਬਣਾਈ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਰਾਜ ਸਰਕਾਰ ਮੌਜੂਦਾ ਵਿੱਤੀ ਸਾਲ ਦੀ ਦੂਜੀ ਤਿਮਾਹੀ ਵਿੱਚ ਵਿਰਾਸਤ ਵਿੱਚ ਮਿਲੇ ਕਰਜ਼ੇ ਲਈ 3,500 ਕਰੋੜ ਰੁਪਏ ਤੋਂ ਵੱਧ ਦੇ ਮੁਕਤੀ ਫਰਜ਼ਾਂ ਨੂੰ ਪੂਰਾ ਕਰਨ ਲਈ 8,500 ਕਰੋੜ ਰੁਪਏ ਉਧਾਰ ਲੈਣ ਦੀ ਯੋਜਨਾ ਬਣਾ ਰਹੀ ਹੈ।

ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਇਹ ਆਖਦਿਆਂ ਸਮਾਪਤੀ ਕੀਤੀ ਕਿ ਪੰਜਾਬ ਦਾ ਵਿੱਤੀ ਪ੍ਰਬੰਧਨ ਮਜ਼ਬੂਤੀ ਨਾਲ ਚੱਲ ਰਿਹਾ ਹੈ ਅਤੇ ਸੂਬਾ ਸਰਕਾਰ ਆਪਣੀਆਂ ਕਰਜ਼ ਦੇਣਦਾਰੀਆਂ ਦੇ ਪ੍ਰਬੰਧਨ ਲਈ ਸਰਗਰਮ ਕਦਮ ਚੁੱਕ ਰਹੀ ਹੈ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਨੇ ਹਾਲ ਹੀ ਵਿੱਚ ਗਰੰਟੀ ਰੀਡੈਂਪਸ਼ਨ ਫੰਡ (ਜੀ.ਆਰ.ਐਫ) ਅਤੇ ਕੰਸੋਲੀਡੇਟਿਡ ਸਿੰਕਿੰਗ ਫੰਡ (ਸੀ.ਐਸ.ਐਫ) ਵਿੱਚ 1,000-1,000 ਕਰੋੜ ਰੁਪਏ ਦਾ ਨਿਵੇਸ਼ ਕੀਤਾ ਹੈ, ਜਿਸ ਨਾਲ ਕੰਸੋਲੀਡੇਟਿਡ ਸਿੰਕਿੰਗ ਫੰਡ ਵਿੱਚ ਹੁਣ 10,000 ਕਰੋੜ ਰੁਪਏ ਤੋਂ ਵੱਧ ਹੈ, ਜੋ ਕਿ ਮੌਜੂਦਾ ਸਰਕਾਰ ਦੇ ਸੱਤਾ ਸੰਭਾਲਣ ਵੇਲੇ ਸਿਰਫ 3,000 ਕਰੋੜ ਰੁਪਏ ਸੀ।

# ਪਹਿਲੇ ਸਫ਼ੇ ਦੀ ਬਾਕੀ

## ਦੇਸ਼ 'ਚ ਕਿਤੇ ਵੀ ਦਰਜ ਹੋਵੇ

ਮਿਲੇਗਾ। ਸਰਕਾਰ ਇਹ ਯਕੀਨੀ ਬਣਾਏਗੀ।' ਗ੍ਰਹਿ ਮੰਤਰੀ ਨੇ ਇਹ ਗੱਲਾਂ ਦਿੱਲੀ ਵਿੱਚ ਤਿੰਨ ਨਵੇਂ ਅਪਰਾਧਿਕ ਕਾਨੂੰਨਾਂ ਦੇ ਇੱਕ ਸਾਲ ਪੂਰੇ ਹੋਣ ਦੇ ਮੌਕੇ 'ਤੇ ਇੱਕ ਪ੍ਰੋਗਰਾਮ ਨੂੰ ਸੰਬੋਧਨ ਕਰਦਿਆਂ ਕਹੀਆਂ।ਦਿੱਲੀ 'ਚ ਇੱਕ ਪ੍ਰੋਗਰਾਮ ਨੂੰ ਸੰਬੋਧਨ ਕਰਦਿਆਂ ਗ੍ਰਹਿ ਮੰਤਰੀ ਨੇ ਕਿਹਾ ਕਿ 'ਇੱਕ ਤਰ੍ਹਾਂ ਨਾਲ, ਇਹ ਤਿੰਨ ਕਾਨੂੰਨ ਆਉਣ ਵਾਲੇ ਦਿਨਾਂ 'ਚ ਅਪਰਾਧਿਕ ਨਿਆਂ ਪ੍ਰਣਾਲੀ ਨੂੰ ਪੂਰੀ ਤਰ੍ਹਾਂ ਬਦਲਣ ਜਾ ਰਹੇ ਹਨ। ਸਾਡੀ ਅਪਰਾਧਿਕ ਨਿਆਂ ਪ੍ਰਣਾਲੀ ਦੇ ਸਾਹਮਣੇ ਸਭ ਤੋਂ ਵੱਡੀ ਸਮੱਸਿਆ ਨਿਆਂ ਪ੍ਰਾਪਤ ਕਰਨ ਲਈ ਸਮਾਂ ਸੀਮਾ ਦੀ ਘਾਟ ਸੀ। ਮੈਂ ਭਾਰਤ ਦੇ ਸਾਰੇ ਨਾਗਰਿਕਾਂ ਨੂੰ ਭਰੋਸਾ ਦਿਵਾਉਂਦਾ ਹਾਂ ਕਿ ਇਸ ਪ੍ਰਣਾਲੀ ਨੂੰ ਪੂਰੀ ਤਰ੍ਹਾਂ ਲਾਗੂ ਕਰਨ ਵਿੱਚ ਵੱਧ ਤੋਂ ਵੱਧ ਤਿੰਨ ਸਾਲ ਲੱਗਣਗੇ। ਪਰ ਮੈਂ ਪੂਰੇ ਵਿਸ਼ਵਾਸ ਨਾਲ ਕਹਿ ਸਕਦਾ ਹਾਂ ਕਿ ਇਸ ਤੋਂ ਬਾਅਦ, ਦੇਸ਼ ਦੇ ਕਿਸੇ ਵੀ ਕੋਨੇ ਵਿੱਚ ਐੱਫਆਈਆਰ ਦਰਜ ਹੋਵੇ, ਤੁਹਾਨੂੰ ਤਿੰਨ ਸਾਲਾਂ ਦੇ ਅੰਦਰ ਨਿਆਂ ਮਿਲੇਗਾ। ਇਹ ਯਕੀਨੀ ਬਣਾਇਆ ਜਾਵੇਗਾ। ਤੁਹਾਨੂੰ ਦੱਸ ਦੇਈਏ ਕਿ ਦਸੰਬਰ 2023 ਵਿੱਚ, ਤਿੰਨ ਅਪਰਾਧਿਕ ਕਾਨੂੰਨ ਭਾਰਤੀ ਸਿਵਲ ਰੱਖਿਆ ਕੋਡ, ਭਾਰਤੀ ਨਿਆਂ ਕੋਡ ਅਤੇ ਭਾਰਤੀ ਸਬੂਤ ਐਕਟ ਸੰਸਦ ਦੁਆਰਾ ਪਾਸ ਕੀਤੇ ਗਏ ਸਨ ਅਤੇ 1 ਜੁਲਾਈ 2024 ਤੋਂ ਦੇਸ਼ ਭਰ 'ਚ ਲਾਗੂ ਕੀਤੇ ਗਏ ਸਨ। ਇਨ੍ਹਾਂ ਤਿੰਨਾਂ ਕਾਨੂੰਨਾਂ ਨੇ ਭਾਰਤੀ ਦੰਡ ਕੋਡ, ਭਾਰਤੀ ਨਿਆਂ ਕੋਡ ਅਤੇ ਸੀਆਰਪੀਸੀ ਦੀ ਥਾਂ ਲੈ ਲਈ।ਪੁਰਾਣੇ ਕਾਨੂੰਨ ਭਾਰਤ ਦੀਆਂ ਸੱਭਿਆਚਾਰਕ, ਸਮਾਜਿਕ ਅਤੇ ਸੰਵਿਧਾਨਕ ਜ਼ਰੂਰਤਾਂ ਦੇ ਅਨੁਸਾਰ ਨਹੀਂ ਸਨ। ਨਵੇਂ ਕਾਨੂੰਨ ਭਾਰਤ ਦੇ ਨਾਗਰਿਕਾਂ ਦੇ ਅਧਿਕਾਰਾਂ, ਆਜ਼ਾਦੀ ਅਤੇ ਨਿਆਂ ਨੂੰ ਤਰਜੀਹ ਦਿੰਦੇ ਹਨ। ਪੁਰਾਣੇ ਕਾਨੂੰਨਾਂ ਵਿੱਚ ਸਮੇਂ ਸਿਰ ਨਿਆਂ ਦੀ ਕੋਈ ਗਰੰਟੀ ਨਹੀਂ ਸੀ। ਕੇਸ ਸਾਲਾਂ ਤੱਕ ਚੱਲਦੇ ਰਹਿੰਦੇ ਸਨ। ਨਵੇਂ ਕਾਨੂੰਨਾਂ 'ਚ, ਐੱਫਆਈਆਰ, ਚਾਰਜਸ਼ੀਟ, ਸੁਣਵਾਈ ਅਤੇ ਫੈਸਲੇ ਲਈ ਸਮਾਂ ਸੀਮਾਵਾਂ ਨਿਰਧਾਰਤ ਕੀਤੀਆਂ ਗਈਆਂ ਹਨ, ਤਾਂ ਜੋ ਤੇਜ਼ੀ ਨਾਲ ਨਿਆਂ ਪ੍ਰਦਾਨ ਕੀਤਾ ਜਾ ਸਕੇ। ਪੁਰਾਣੀ ਪ੍ਰਣਾਲੀ ਵਿੱਚ ਡਿਜੀਟਲ ਸਬੂਤ, ਵੀਡੀਓ ਰਿਕਾਰਡਿੰਗ, ਔਨਲਾਈਨ ਸ਼ਿਕਾਇਤਾਂ ਆਦਿ ਦਾ ਕੋਈ ਸਪੱਸ਼ਟ ਪ੍ਰਬੰਧ ਨਹੀਂ ਸੀ। ਨਵੇਂ ਕਾਨੂੰਨ ਇਨ੍ਹਾਂ ਆਧੁਨਿਕ ਜ਼ਰੂਰਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਡਿਜੀਟਲਾਈਜ਼ੇਸ਼ਨ ਨੂੰ ਉਤਸ਼ਾਹਿਤ ਕਰਦੇ ਹਨ।

## ਰਾਸ਼ਟਰਪਤੀ ਮੁਰਮੂ ਵੱਲੋਂ ਦਿੱਲੀ ਸਿੱਖ ਗੁਰਦੁਆਰਾ

ਨੰਬਰ ਫ਼ਾਈਲ ਨੰਬਰ 14(77)ਐਲ.ਏ./2022 ਜੇ.ਟੀ. ਐਸ.ਈ.ਵਾਈ. ਐਲ.ਏ.ਡਬਲਿਊ./ 509-517 ਜਾਰੀ ਕਰ ਕੇ, ਦਿੱਲੀ ਸਿੱਖ ਗੁਰਦੁਆਰਾ ਐਕਟ-1971 ਦੀ ਧਾਰਾ 4 ਦੀ ਮਦ -(ਬੀ) (1971 ਦੀ 82 ਵੀਂ ਮਦ) ਵਿਚ ਸੋਧ ਕਰ ਦਿੱਤੀ ਗਈ ਹੈ। ਇਸ ਬਾਰੇ ਦਿੱਲੀ ਕਮੇਟੀ ਦੇ ਉਦੋਂ ਦੇ ਕਾਨੂੰਨੀ ਮਹਿਕਮੇ ਦੇ ਚੇਅਰਮੈਨ ਤੇ ਮੌਜੂਦਾ ਘੱਟ-ਗਿਣਤੀ ਵਿੰਗ ਦੇ ਚੇਅਰਮੈਨ ਐਡਵੋਕੇਟ ਜਸਵਿੰਦਰ ਸਿੰਘ ਜੌਲੀ ਨੇ ਦੱਸਿਆ,ਐਕਟ ਵਿਚ ਸੋਧ ਲਈ ਕਾਨੂੰਨੀ ਲੜਾਈ ਲੜੀ ਗਈ ਹੈ। 1971 ਵਿਚ ਐਕਟ ਬਣਨ ਪਿਛੋਂ ਕਿਸੇ ਨੇ ਇਸ ਬਾਰੇ ਧਿਆਨ ਨਹੀਂ ਸੀ ਦਿੱਤਾ, ਕਿ 4 ਤਖ਼ਤਾਂ ਨੂੰ ਤਾਂ ਐਕਟ ਵਿਚ ਮਾਨਤਾ ਸੀ। ਪਰ 5ਵੇਂ ਤਖ਼ਤ ਦਮਦਮਾ ਸਾਹਿਬ ਨੂੰ ਮਾਨਤਾ ਨਾ ਦੇ ਕੇ, ਵਿਤਕਰਾ ਕੀਤਾ ਗਿਆ ਸੀ। ਉਨ੍ਹਾਂ ਇਸ ਬਾਰੇ ਖਾਕਾ ਤਿਆਰ ਕਰ ਕੇ, ਕਮੇਟੀ ਤੋਂ ਪਾਸ ਕਰਵਾਇਆ ਤੇ ਪਿਛੋਂ ਹਾਈ ਕੋਰਟ ਨੇ ਸਰਕਾਰ ਨੂੰ ਸੋਧ ਲਈ ਹਦਾਇਤ ਦੇ ਦਿੱਤੀ ਸੀ। ਸਾਡੀ ਕੋਸ਼ਿਸ਼ ਸਫ਼ਲ ਹੋਈ। ਦਸਮੇਸ਼ ਸੇਵਾ ਸੁਸਾਇਟੀ ਦੇ ਮੋਢੀ ਤੇ ਗੁਰਦੁਆਰਾ ਮਾਮਲਿਆਂ ਦੇ ਮਾਹਰ ਇੰਦਰਮੋਹਨ ਸਿੰਘ ਨੇ ਦੱਸਿਆ,ਹੁਣ ਦਿੱਲੀ ਗੁਰਦੁਆਰਾ ਐਕਟ ਵਿਚ ਸੋਧ ਹੋ ਜਾਣ ਨਾਲ ਦਿੱਲੀ ਕਮੇਟੀ ਦਾ ਹਾਊਸ ਜੋ ਪਹਿਲਾਂ 55 ਮੈਂਬਰਾਂ ਦਾ ਹੁੰਦਾ ਸੀ, 56 ਮੈਂਬਰਾਂ ਦਾ ਹੋ ਜਾਵੇਗਾ। ਕਿਉਂਕਿ ਜਥੇਦਾਰ ਤਖ਼ਤ ਦਮਦਮਾ ਸਾਹਿਬ ਵੀ ਮੈਂਬਰ ਬਣ ਜਾਣਗੇ ਅਤੇ ਕਮੇਟੀ ਵਿਚ ਨਾਮਜ਼ਦ ਮੈਂਬਰਾਂ ਦੀ ਤਾਦਾਦ 9 ਤੋਂ ਵੱਧ ਕੇ 10 ਹੋ ਜਾਵੇਗੀ। ਖ਼ਾਲਸਾ ਤ੍ਰੈ ਸ਼ਤਾਬਦੀ ਮੌਕੇ 1999 ਵਿਚ ਪੰਜਾਬ ਗੁਰਦੁਆਰਾ ਐਕਟ- 1925 ਵਿਚ ਇਸ ਤਖ਼ਤ ਨੂੰ ਮਾਨਤਾ ਦਿੱਤੀ ਗਈ ਸੀ।

***

## ਪਹਿਲਗਾਮ ਅੱਤਵਾਦੀ ਹਮਲਾ ਆਰਥਿਕ ਜੰਗ

ਲੜੀਵਾਰ ਕਈ ਦਹਿਸ਼ਤੀ ਹਮਲੇ ਹੋਏ ਹਨ, ਜਿਨ੍ਹਾਂ ਨੂੰ ਪਾਕਿਸਤਾਨ ਦੀ ਸਰਪ੍ਰਸਤੀ ਸੀ ਅਤੇ 22 ਅਪਰੈਲ ਨੂੰ ਪਹਿਲਗਾਮ ਦਹਿਸ਼ਤੀ ਹਮਲੇ ਮਗਰੋਂ ਦੇਸ਼ ਵਿੱਚ ਇੱਕ ਭਾਵਨਾ ਸੀ ਕਿ 'ਬੱਸ ਹੁਣ ਬਹੁਤ ਹੋ ਗਿਆ।' ਜੈਸ਼ੰਕਰ ਮੈਨਹਟਨ ਵਿੱਚ 9/11 ਮੈਮੋਰੀਅਲ ਨੇੜੇ ਵਨ ਵਰਲਡ ਟਰੇਡ ਸੈਂਟਰ ਵਿਖੇ ਨਿਊਜ਼ਵੀਕ ਦੇ ਦਫ਼ਤਰ ਵਿਚ ਉਨ੍ਹਾਂ ਦੇ ਸੀਈਓ ਦੇਵ ਪ੍ਰਗਦ ਨਾਲ ਗੱਲਬਾਤ ਕਰ ਰਹੇ ਸਨ।

ਜੈਸ਼ੰਕਰ ਨੇ ਕਿਹਾ ਕਿ ਪਹਿਲਗਾਮ ਹਮਲਾ 'ਆਰਥਿਕ ਜੰਗ' ਸੀ। ਇਸ ਦਾ ਮਕਸਦ ਕਸ਼ਮੀਰ ਵਿੱਚ ਸੈਰ-ਸਪਾਟੇ ਨੂੰ ਤਬਾਹ ਕਰਨਾ ਸੀ, ਜੋ ਕਿ ਅਰਥਚਾਰੇ ਦਾ ਮੁੱਖ ਅਧਾਰ ਸੀ। ਇਸ ਦਾ ਉਦੇਸ਼ ਧਾਰਮਿਕ ਹਿੰਸਾ ਨੂੰ ਭੜਕਾਉਣਾ ਵੀ ਸੀ। ਕਿਉਂਕਿ ਲੋਕਾਂ ਨੂੰ ਮਾਰਨ ਤੋਂ ਪਹਿਲਾਂ ਉਨ੍ਹਾਂ ਦੇ ਅਕੀਦੇ ਦੀ ਪਛਾਣ ਕਰਨ ਲਈ ਕਿਹਾ ਗਿਆ ਸੀ।

ਉਨ੍ਹਾਂ ਕਿਹਾ, "ਇਸ ਲਈ ਅਸੀਂ ਫੈਸਲਾ ਕੀਤਾ ਕਿ ਅਸੀਂ ਦਹਿਸ਼ਤਗਰਦਾਂ ਨੂੰ ਸਜ਼ਾ ਦੇ ਕੇ ਰਹਾਂਗੇ। ਇਹ ਵਿਚਾਰ ਕਿ ਉਹ (ਦਹਿਸ਼ਤਗਰਦ) ਸਰਹੱਦ ਦੇ ਉਸ ਪਾਸੇ ਹਨ, ਜੋ ਬਦਲਾ ਲੈਣ ਤੋਂ ਰੋਕਦਾ ਹੈ, ਤਾਂ ਮੈਨੂੰ ਲੱਗਦਾ ਹੈ, ਇਹ ਇੱਕ ਅਜਿਹਾ ਪ੍ਰਸਤਾਵ ਹੈ ਜਿਸਨੂੰ ਚੁਣੌਤੀ ਦੇਣ ਦੀ ਲੋੜ ਹੈ ਅਤੇ ਅਸੀਂ ਇਹੀ ਕੀਤਾ।ਜੈਸ਼ੰਕਰ ਇਸ ਵੇਲੇ ਅਮਰੀਕਾ ਦੇ ਅਧਿਕਾਰਤ ਦੌਰੇ 'ਤੇ ਹਨ ਅਤੇ ਮੰਗਲਵਾਰ ਨੂੰ 'ਕੁਆਡ' ਵਿਦੇਸ਼ ਮੰਤਰੀਆਂ ਦੀ ਮੀਟਿੰਗ ਵਿੱਚ ਹਿੱਸਾ ਲੈਣ ਲਈ ਵਾਸ਼ਿੰਗਟਨ ਡੀਸੀ ਜਾਣਗੇ। ਉਨ੍ਹਾਂ ਆਪਣੀ ਫੇਰੀ ਦੀ ਸ਼ੁਰੂਆਤ ਸੰਯੁਕਤ ਰਾਸ਼ਟਰ ਦੇ ਮੁੱਖ ਦਫਤਰ ਵਿੱਚ ਭਾਰਤ ਦੇ ਸਥਾਈ ਮਿਸ਼ਨ ਵੱਲੋਂ 'ਦਿ ਹਿਊਮਨ ਕੌਸਟ ਆਫ ਟੈਰੋਰਿਜ਼ਮ' ਸਿਰਲੇਖ ਵਾਲੀ ਇੱਕ ਪ੍ਰਦਰਸ਼ਨੀ ਦੇ ਉਦਘਾਟਨ ਨਾਲ ਕੀਤੀ।

## ਕੇਂਦਰੀ ਕੈਬਨਿਟ ਨੇ 'ਖੇਲੋ ਭਾਰਤ ਨੀਤੀ'

ਡੋਮੇਨ ਮਾਹਰਾਂ ਅਤੇ ਜਨਤਕ ਹਿੱਸੇਦਾਰਾਂ ਨਾਲ 'ਵਿਆਪਕ ਵਿਚਾਰ ਵਟਾਂਦਰੇ' ਦਾ ਨਤੀਜਾ ਦੱਸਿਆ। ਜਦਕਿ ਪ੍ਰਧਾਨ ਮੰਤਰੀ ਨੇ 'ਐਕਸ' 'ਤੇ ਕੀਤੀ ਇਕ ਪੋਸਟ 'ਚ ਕਿਹਾ,"ਅੱਜ ਖੇਡ ਪ੍ਰਤਿਭਾ ਨੂੰ ਉਤਸ਼ਾਹਤ ਕਰਨ ਅਤੇ ਖੇਡਾਂ ਦਾ ਕੇਂਦਰ ਬਣਨ ਦੇ ਭਾਰਤ ਦੇ ਯਤਨਾਂ ਲਈ ਇਕ ਇਤਿਹਾਸਕ ਦਿਨ ਹੈ। ਕੈਬਨਿਟ ਨੇ ਖੇਡਾਂ ਲਈ ਕੌਮੀ ਨੀਤੀ ਖੇਲੋ ਭਾਰਤ ਨੀਤੀ ਨੂੰ ਮਨਜ਼ੂਰੀ ਦੇ ਦਿਤੀ ਹੈ। ਇਹ ਨੀਤੀ 5 ਥੰਮ੍ਹਾਂ ਉੱਤੇ ਅਧਾਰਤ ਹੈ: ਵਿਸ਼ਵ ਪੱਧਰ ਉਤੇ ਉੱਤਮਤਾ, ਆਰਥਕ ਵਿਕਾਸ ਲਈ ਖੇਡਾਂ, ਸਮਾਜਕ ਵਿਕਾਸ ਲਈ ਖੇਡਾਂ, ਲੋਕ ਅੰਦੋਲਨ ਵਜੋਂ ਖੇਡਾਂ, ਸਿੱਖਿਆ ਨਾਲ ਏਕੀਕਰਣ (ਐਨ.ਈ.ਪੀ. 2020)।" ਜਦਕਿ ਖੇਡ ਮੰਤਰੀ ਮਨਸੁਖ ਮਾਂਡਵੀਆ ਨੇ ਇਸ ਨੂੰ ਭਾਰਤ ਦੇ ਖੇਡ ਵਾਤਾਵਰਣ ਨੂੰ ਨਵਾਂ ਰੂਪ ਦੇਣ ਦੀ ਦਿਸ਼ਾ ਵਿਚ ਇਕ ਪਰਿਵਰਤਨਕਾਰੀ ਕਦਮ ਦੱਸਿਆ।

## ਪਾਕਿ ਅਤੇ ਭਾਰਤ ਨੇ ਇਕ-ਦੂਜੇ ਦੀ

ਨੁਮਾਇੰਦੇ ਨੂੰ 246 ਭਾਰਤੀ ਕੈਦੀਆਂ (53 ਨਾਗਰਿਕ ਕੈਦੀਆਂ ਅਤੇ 193 ਮਛੇਰਿਆਂ) ਦੀ ਸੂਚੀ ਸੌਂਪੀ ਹੈ। ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਅੱਜ ਪਾਕਿਸਤਾਨ ਅਤੇ ਭਾਰਤ ਨੇ ਕੂਟਨੀਤਕ ਚੈਨਲਾਂ ਰਾਹੀਂ ਇਕ-ਦੂਜੇ ਦੀ ਹਿਰਾਸਤ ਵਿਚ ਬੰਦ ਕੈਦੀਆਂ ਦੀਆਂ ਸੂਚੀਆਂ ਦਾ ਆਦਾਨ-ਪ੍ਰਦਾਨ ਕੀਤਾ। ਇਸ ਦੇ ਨਾਲ ਹੀ ਭਾਰਤ ਨੇ ਨਵੀਂ ਦਿੱਲੀ ਸਥਿਤ ਪਾਕਿਸਤਾਨ ਹਾਈ ਕਮਿਸ਼ਨ ਦੇ ਡਿਪਲੋਮੈਟ ਨੂੰ 463 ਪਾਕਿਸਤਾਨੀ ਕੈਦੀਆਂ (382 ਨਾਗਰਿਕ ਕੈਦੀਆਂ ਅਤੇ 81 ਮਛੇਰਿਆਂ) ਦੀ ਸੂਚੀ ਸਾਂਝੀ ਕੀਤੀ। ਪਾਕਿਸਤਾਨ ਨੇ ਉਨ੍ਹਾਂ ਸਾਰੇ ਪਾਕਿਸਤਾਨੀ ਕੈਦੀਆਂ ਅਤੇ ਮਛੇਰਿਆਂ ਦੀ ਤੁਰਤ ਰਿਹਾਈ ਅਤੇ ਵਾਪਸੀ ਦੀ ਮੰਗ ਕੀਤੀ ਹੈ ਜਿਨ੍ਹਾਂ ਨੇ ਅਪਣੀਆਂ ਸਜ਼ਾਵਾਂ ਪੂਰੀਆਂ ਕਰ ਲਈਆਂ ਹਨ ਅਤੇ ਜਿਨ੍ਹਾਂ ਦੇ ਕੌਮੀ ਰੁਤਬੇ ਦੀ ਪੁਸ਼ਟੀ ਹੋ ਗਈ ਹੈ। ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਸਰੀਰਕ ਅਤੇ ਮਾਨਸਿਕ ਤੌਰ ਉੱਤੇ ਅਪਾਹਜ ਕੈਦੀਆਂ ਸਮੇਤ ਸਾਰੇ ਪਾਕਿਸਤਾਨੀ ਕੈਦੀਆਂ ਲਈ ਵਿਸ਼ੇਸ਼ ਕੌਂਸਲਰ ਪਹੁੰਚ ਦੀ ਬੇਨਤੀ ਕੀਤੀ ਗਈ ਹੈ, ਤਾਂ ਜੋ ਉਨ੍ਹਾਂ ਦੇ ਕੌਮੀ ਦਰਜੇ ਦੀ ਜਲਦੀ ਪੁਸ਼ਟੀ ਕੀਤੀ ਜਾ ਸਕੇ। ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਭਾਰਤੀ ਪੱਖ ਨੂੰ ਭਾਰਤੀ ਹਿਰਾਸਤ 'ਚ ਬੰਦ ਸਾਰੇ ਪਾਕਿਸਤਾਨੀ ਕੈਦੀਆਂ ਦੀ ਸੁਰੱਖਿਆ ਅਤੇ ਤੰਦਰੁਸਤੀ ਨੂੰ ਯਕੀਨੀ ਬਣਾਉਣ ਦੀ ਅਪੀਲ ਕੀਤੀ ਗਈ ਹੈ। ਇਸ ਵਿਚ ਕਿਹਾ ਗਿਆ ਹੈ ਕਿ ਪਾਕਿਸਤਾਨ ਭਾਰਤੀ ਜੇਲ੍ਹਾਂ ਵਿਚ ਬੰਦ ਸਾਰੇ ਪਾਕਿਸਤਾਨੀ ਕੈਦੀਆਂ ਦੀ ਜਲਦੀ ਵਾਪਸੀ ਨੂੰ ਯਕੀਨੀ ਬਣਾਉਣ ਲਈ ਅਪਣੀਆਂ ਕੋਸ਼ਿਸ਼ਾਂ ਜਾਰੀ ਰੱਖੇਗਾ।

## ਪੰਜਾਬ ਵਿਜੀਲੈਂਸ ਬਿਊਰੋ ਨੇ ਸ਼੍ਰੋਮਣੀ ਅਕਾਲੀ ਦਲ

ਕਿਹਾ ਕਿ ਤੁਸੀਂ ਆਪਣੇ ਨਾਲ ਬਹੁਤ ਸਾਰੇ ਲੋਕਾਂ ਨੂੰ ਲਿਆਏ ਹੋ। ਇਸ 'ਤੇ ਗਨੀਵ ਕੌਰ ਨੇ ਕਿਹਾ ਕਿ ਮੈਂ ਆਪਣੇ ਵਕੀਲ ਨਾਲ ਦਫ਼ਤਰ ਜਾਵਾਂਗੀ। ਬਾਕੀ ਸਾਰੇ ਇੱਥੇ ਹੀ ਰਹਿਣਗੇ। ਦੂਜਾ, ਸਾਡੀਆਂ ਸਾਰੀਆਂ ਜਾਇਦਾਦਾਂ ਦੀ ਜਾਂਚ ਕੀਤੀ ਗਈ ਹੈ। ਮੈਂ ਹਲਕੇ ਦੀ ਵਿਧਾਇਕ ਹਾਂ,ਮੇਰੇ ਕੋਲ ਕਿਸੇ ਵੀ ਤਰ੍ਹਾਂ ਦਾ ਕੋਈ ਹਥਿਆਰ ਨਹੀਂ ਹੈ। ਮੈਂ ਜ਼ਰੂਰ ਆਪਣੇ ਦਫ਼ਤਰ ਜਾਵਾਂਗੀ ਹਾਲਾਂਕਿ, ਮਜੀਠੀਆ ਦੇ ਦਫ਼ਤਰ ਨੂੰ ਫਿਲਹਾਲ ਤਾਲਾ ਲਗਾ ਦਿੱਤਾ ਗਿਆ ਹੈ। ਜ਼ਿਕਰ ਯੋਗ ਹੈ ਇਸ ਤੋਂ ਪਹਿਲਾਂ ਸ਼ਿਮਲਾ ਦੇ ਮਸ਼ੋਬਰਾ ਵਿਚ ਵੀ ਵਿਜੀਲੈਂਸ ਦੀ ਟੀਮ ਕੱਲ੍ਹ ਮਜੀਠੀਆ ਨੂੰ ਲੈ ਕੇ ਗਈ ਸੀ ਅਤੇ ਉੱਥੇ ਵੀ ਉਹਨਾਂ ਦੇ ਟਿਕਾਣਿਆ 'ਤੇ ਜਾਂਚ ਕੀਤੀ ਗਈ ਸੀ। ਮਜੀਠੀਆ 7 ਦਿਨ ਦੇ ਵਿਜੀਲੈਂਸ ਰਿਮਾਂਡ 'ਤੇ ਹਨ, ਜਿਸ ਦਾ ਰਿਮਾਂਡ ਕੱਲ੍ਹ ਖ਼ਤਮ ਹੋ ਜਾਵੇਗਾ ਅਤੇ ਉਨ੍ਹਾਂ ਨੂੰ ਫਿਰ ਮੁਹਾਲੀ ਕੋਰਟ ਵਿੱਚ ਪੇਸ਼ ਕੀਤਾ ਜਾਵੇਗਾ। ਸ.ਬਿਕਰਮ ਮਜੀਠੀਆ ਦੀ ਗ੍ਰਿਫ਼ਤਾਰੀ ਤੋਂ ਬਾਅਦ ਪਹਿਲਾ ਪੰਜਾਬ ਪੁਲਸ ਦੇ ਸਾਬਕਾ ਡੀ. ਜੀ. ਪੀ. ਸਿੱਧਾਰਥ ਚਟੋਪਾਧਿਆਏ ਅਤੇ ਇਸ ਤੋਂ ਬਾਅਦ ਈ. ਡੀ. ਦੇ ਸਾਬਕਾ ਡਿਪਟੀ ਡਾਇਰੈਕਟਰ ਨਿਰੰਜਣ ਸਿੰਘ,ਸਾਬਕਾ ਵਿਧਾਇਕ ਅਮਰਪਾਲ ਸਿੰਘ ਬੋਨੀ ਅਜਨਾਲਾ, ਮਜੀਠੀਆ ਦੇ ਨਜਦੀਕੀ ਤਲਬੀਰ ਗਿੱਲ ਨੇ ਵਿਜੀਲੈਂਸ ਕੋਲ ਬਿਆਨ ਦਰਜ ਕਰਵਾਏ ਹਨ।ਜਾਂਚ ਟੀਮ ਵੱਲੋਂ ਡਰੱਗ ਮਨੀ ਮਾਮਲੇ 'ਚ ਵੱਡੀ ਕਾਰਵਾਈ ਕੀਤੀ ਜਾ ਰਹੀ ਹੈ9 ਪੰਜਾਬ, ਹਰਿਆਣਾ, ਦਿੱਲੀ, ਉੱਤਰ ਪ੍ਰਦੇਸ਼ ਅਤੇ ਚੰਡੀਗੜ੍ਹ 'ਚ ਮਜੀਠੀਆ ਦੇ ਟਿਕਾਣਿਆਂ 'ਤੇ ਇੱਕੋ ਸਮੇਂ ਛਾਪੇਮਾਰੀ ਕੀਤੀ ਜਾ ਰਹੀ ਹੈ। ਇਸ ਦੇ ਨਾਲ ਹੀ ਮਜੀਠੀਆ ਦੀ ਪਛਾਣ ਅਤੇ ਗਵਾਹਾਂ ਦੇ ਬਿਆਨਾਂ ਦੇ ਆਧਾਰ 'ਤੇ ਕਾਰਵਾਈ ਕੀਤੀ ਜਾ ਰਹੀ ਹੈ। ਹੁਣ ਦੇਖਣਾ ਇਹ ਹੈ ਕਿ ਕੱਲ ਮਜੀਠੀਆ ਨੂੰ ਕੋਰਟ ਵਿੱਚ ਪੇਸ਼ ਕਰਕੇ ਵਿਜੀਲੈਂਸ ਕਿੰਨਾ ਸਮਾਂ ਹੋਰ ਕੋਰਟ ਕੋਲੋਂ ਰਿਮਾਂਡ ਮੰਗੇਗੀ।

## ਮਜੀਠੀਆ ਨੇ ਹਾਈ ਕੋਰਟ 'ਚ ਪੰਜਾਬ ਸਰਕਾਰ ਤੇ ਵਿਜੀਲੈਂਸ

ਵਿੱਚ ਮਜੀਠੀਆ ਨੇ ਕਿਹਾ ਕਿ 25 ਜੂਨ ਨੂੰ ਮੋਹਾਲੀ ਦੇ ਵਿਜੀਲੈਂਸ ਬਿਊਰੋ ਪੁਲਿਸ ਸਟੇਸ਼ਨ ਵਿੱਚ ਭ੍ਰਿਸ਼ਟਾਚਾਰ ਰੋਕਥਾਮ ਕਾਨੂੰਨ ਤਹਿਤ ਉਨ੍ਹਾਂ ਵਿਰੁੱਧ ਦਰਜ ਕੀਤੀ ਗਈ ਐਫਆਈਆਰ ਰਾਜਨੀਤਿਕ ਤੌਰ 'ਤੇ ਪ੍ਰੇਰਿਤ ਹੈ ਅਤੇ ਮੌਜੂਦਾ ਸੱਤਾਧਾਰੀ ਪਾਰਟੀ ਵੱਲੋਂ ਉਨ੍ਹਾਂ ਨੂੰ ਬਦਨਾਮ ਕਰਨ ਅਤੇ ਪ੍ਰੇਸ਼ਾਨ ਕਰਨ ਦੀ ਸਾਜ਼ਿਸ਼ ਹੈ, ਕਿਉਂਕਿ ਉਹ ਇੱਕ ਮੁੱਖ ਆਲੋਚਕ ਅਤੇ ਰਾਜਨੀਤਿਕ ਵਿਰੋਧੀ ਰਹੇ ਹਨ। ਪਟੀਸ਼ਨ ਵਿੱਚ ਇਹ ਵੀ ਦੱਸਿਆ ਗਿਆ ਹੈ ਕਿ ਉਨ੍ਹਾਂ ਨੂੰ 25 ਜੂਨ ਨੂੰ ਸਵੇਰੇ 9:00 ਵਜੇ ਉਨ੍ਹਾਂ ਦੇ ਨਿਵਾਸ ਸਥਾਨ ਤੋਂ ਹਿਰਾਸਤ ਵਿੱਚ ਲਿਆ ਗਿਆ ਸੀ, ਜਦੋਂ ਕਿ ਰਸਮੀ ਗ੍ਰਿਫਤਾਰੀ ਸਵੇਰੇ 11:20 ਵਜੇ ਦਿਖਾਈ ਗਈ ਸੀ। ਇਹ ਦੋ ਘੰਟੇ ਦੀ ਕਥਿਤ ਗੈਰ-ਕਾਨੂੰਨੀ ਹਿਰਾਸਤ ਸੰਵਿਧਾਨ ਦੀ ਧਾਰਾ 22 (2) ਅਤੇ ਭਾਰਤੀ ਨਿਆਂ ਸੰਹਿਤਾ ਦੀ ਧਾਰਾ 187 ਦੀ ਸਪੱਸ਼ਟ ਉਲੰਘਣਾ ਹੈ। ਮਜੀਠੀਆ ਨੇ ਰਿਮਾਂਡ ਅਰਜ਼ੀ ਨੂੰ ਵੀ ਗੈਰ-ਕਾਨੂੰਨੀ ਕਰਾਰ ਦਿੱਤਾ ਅਤੇ ਕਿਹਾ ਕਿ ਇਸ ਵਿੱਚ ਕੋਈ ਠੋਸ ਜਾਂ ਜ਼ਰੂਰੀ ਜਾਂਚ ਦਾ ਆਧਾਰ ਨਹੀਂ ਦਿੱਤਾ ਗਿਆ। ਪਟੀਸ਼ਨ ਵਿੱਚ ਕਿਹਾ ਗਿਆ ਹੈ ਕਿ ਜਾਂਚ ਏਜੰਸੀ ਨੇ 'ਵਿਦੇਸ਼ੀ ਸਬੰਧਾਂ', 'ਦਸਤਾਵੇਜ਼ਾਂ ਦਾ ਟਕਰਾਅ' ਆਦਿ ਵਰਗੇ ਸਿਰਫ਼ ਅੰਦਾਜ਼ਿਆਂ ਅਤੇ ਅਟਕਲਾਂ ਦੇ ਆਧਾਰ 'ਤੇ ਰਿਮਾਂਡ ਦੀ ਮੰਗ ਕੀਤੀ। ਮਜੀਠੀਆ ਨੇ ਦੋਸ਼ ਲਗਾਇਆ ਕਿ ਜਾਂਚ ਏਜੰਸੀ ਦਾ ਇੱਕੋ-ਇੱਕ ਇਰਾਦਾ ਉਸ 'ਤੇ ਦਬਾਅ ਪਾ ਕੇ ਉਸ ਤੋਂ ਇਕਬਾਲੀਆ ਬਿਆਨ ਲੈਣਾ ਸੀ, ਜੋ ਕਿ ਧਾਰਾ 20(3) ਦੇ ਤਹਿਤ ਸੁਰੱਖਿਆ ਦੀ ਉਲੰਘਣਾ ਹੈ। ਇਸ ਤੋਂ ਇਲਾਵਾ, 26 ਜੂਨ ਨੂੰ ਫਸਟ ਕਲਾਸ ਜੁਡੀਸ਼ੀਅਲ ਮੈਜਿਸਟਰੇਟ ਦੁਆਰਾ ਦਿੱਤਾ ਗਿਆ ਰਿਮਾਂਡ ਆਰਡਰ ਨਾ ਸਿਰਫ਼ ÷ਇਕਪਾਸੜ ਅਤੇ ਮਨਮਾਨੀ÷ ਹੈ ਬਲਕਿ ਅਦਾਲਤ ਵੱਲੋਂ ਨਿਆਂਇਕ ਸੋਚ ਦਾ ਕੋਈ ਸੰਕੇਤ ਵੀ ਨਹੀਂ ਦਰਸਾਉਂਦਾ ਹੈ। ਪਟੀਸ਼ਨ ਵਿੱਚ ਇਸ ਗੱਲ 'ਤੇ ਵੀ ਜ਼ੋਰ ਦਿੱਤਾ ਗਿਆ ਹੈ ਕਿ ਸੁਪਰੀਮ ਕੋਰਟ ਨੇ 4 ਮਾਰਚ ਦੇ ਆਪਣੇ ਵਿਸਤ੍ਰਿਤ ਆਦੇਸ਼ ਵਿੱਚ, ਰਾਜ ਸਰਕਾਰ ਦੀ ਅਪੀਲ ਨੂੰ ਰੱਦ ਕਰਦੇ ਹੋਏ, ਮਜੀਠੀਆ ਨੂੰ ਪੁਲਿਸ ਹਿਰਾਸਤ ਤੋਂ ਇਨਕਾਰ ਕਰ ਦਿੱਤਾ ਸੀ ਅਤੇ ਸਿਰਫ ਉਸਨੂੰ ਜਾਂਚ ਵਿੱਚ ਸਹਿਯੋਗ ਕਰਨ ਦਾ ਨਿਰਦੇਸ਼ ਦਿੱਤਾ ਸੀ, ਜੋ ਉਸਨੇ ਕੀਤਾ। ਇਸ ਦੇ ਬਾਵਜੂਦ, ਰਾਜ ਨੇ ਤੱਥਾਂ ਨੂੰ ਛੁਪਾ ਕੇ ਉਸਦਾ ਪੁਲਿਸ ਰਿਮਾਂਡ ਦੁਬਾਰਾ ਲਿਆ। ਪਟੀਸ਼ਨਕਰਤਾ ਨੇ ਇਹ ਵੀ ਕਿਹਾ ਕਿ ਪੂਰੀ ਘਟਨਾ ਵਿੱਚ, ਨਾ ਸਿਰਫ਼ ਰਿਮਾਂਡ ਆਰਡਰ ਕਾਨੂੰਨੀ ਗਲਤੀਆਂ ਨਾਲ ਭਰਿਆ ਹੋਇਆ ਹੈ, ਸਗੋਂ ਇਹ ਉਸਦੇ ਮੌਲਿਕ ਅਧਿਕਾਰਾਂ ਦੀ ਧਾਰਾ 14 (ਸਮਾਨਤਾ ਦਾ ਅਧਿਕਾਰ), 20 ਅਤੇ 21 (ਆਜ਼ਾਦੀ ਅਤੇ ਜੀਵਨ ਦਾ ਅਧਿਕਾਰ) ਦੀ ਘੋਰ ਉਲੰਘਣਾ ਵੀ ਹੈ। ਪਟੀਸ਼ਨ ਵਿੱਚ ਹਾਈ ਕੋਰਟ ਨੂੰ ਨਾ ਸਿਰਫ਼ ਗੈਰ-ਕਾਨੂੰਨੀ ਰਿਮਾਂਡ ਆਰਡਰ ਨੂੰ ਰੱਦ ਕਰਨ ਦੀ ਅਪੀਲ ਕੀਤੀ ਗਈ ਹੈ, ਸਗੋਂ ਭਵਿੱਖ ਵਿੱਚ ਅਜਿਹੀਆਂ ਪ੍ਰਕਿਰਿਆਵਾਂ ਦੀ ਦੁਰਵਰਤੋਂ ਨੂੰ ਰੋਕਣ ਲਈ ਢੁਕਵੇਂ ਦਿਸ਼ਾ-ਨਿਰਦੇਸ਼ ਵੀ ਜਾਰੀ ਕਰਨ ਦੀ ਅਪੀਲ ਕੀਤੀ ਗਈ ਹੈ।

## ਹਿਮਾਚਲ ਦੇ ਮੰਤਰੀ ਅਨਿਰੁੱਧ ਸਿੰਘ ਵਿਰੁੱਧ

ਸਾਈਟ ਦੇ ਦੌਰੇ ਦੌਰਾਨ ਮੰਤਰੀ 'ਤੇ ਹਮਲਾ ਅਤੇ ਜ਼ੁਬਾਨੀ ਗਾਲੀ-ਗਲੋਚ ਕਰਨ ਦਾ ਦੋਸ਼ ਲਗਾਇਆ ਹੈ। ਇਸ ਦੇ ਨਾਲ ਹੀ,ਐਨ.ਐਚ.ਏ.ਆਈ. ਵੱਲੋਂ ਮੁੱਖ ਸਕੱਤਰ ਪ੍ਰਬੋਧ ਸਕਸੈਨਾ ਨੂੰ ਇੱਕ ਪੱਤਰ ਵੀ ਲਿਖਿਆ ਗਿਆ ਹੈ ਜਿਸ ਵਿੱਚ ਕਾਰਵਾਈ ਦੀ ਮੰਗ ਕੀਤੀ ਗਈ ਹੈ। ਕੇਂਦਰੀ ਮੰਤਰੀ ਨਿਤਿਨ ਗਡਕਰੀ ਨੇ ਇਸ ਮਾਮਲੇ ਵਿੱਚ ਹਿਮਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਸੁਖਵਿੰਦਰ ਸਿੰਘ ਸੁੱਖੂ ਨਾਲ ਗੱਲ ਕੀਤੀ ਹੈ। ਗਡਕਰੀ ਨੇ ਟਵੀਟ ਕੀਤਾ ਕਿ 'ਹਿਮਾਚਲ ਪ੍ਰਦੇਸ਼ ਦੇ ਪੰਚਾਇਤੀ ਰਾਜ ਮੰਤਰੀ ਅਤੇ ਉਨ੍ਹਾਂ ਦੇ ਸਾਥੀਆਂ ਵੱਲੋਂ ਐਨ.ਐਚ.ਏ.ਆਈ. ਪੀਆਈਯੂ ਸ਼ਿਮਲਾ ਮੈਨੇਜਰ ਅਚੱਲ ਜਿੰਦਲ 'ਤੇ ਘਿਨਾਉਣਾ ਹਮਲਾ ਬਹੁਤ ਹੀ ਨਿੰਦਣਯੋਗ ਅਤੇ ਕਾਨੂੰਨ ਦੇ ਰਾਜ ਦਾ ਅਪਮਾਨ ਹੈ। ਸਰਕਾਰੀ ਡਿਊਟੀ ਨਿਭਾ ਰਹੇ ਇੱਕ ਸਰਕਾਰੀ ਕਰਮਚਾਰੀ 'ਤੇ ਅਜਿਹਾ ਬੇਰਹਿਮ ਹਮਲਾ ਨਾ ਸਿਰਫ਼ ਨਿੱਜੀ ਸੁਰੱਖਿਆ ਨੂੰ ਖਤਰੇ ਵਿੱਚ ਪਾਉਂਦਾ ਹੈ, ਸਗੋਂ ਸੰਸਥਾਗਤ ਅਖੰਡਤਾ ਨੂੰ ਵੀ ਢਾਹ ਲਗਾਉਂਦਾ ਹੈ। ਮੈਂ ਇਸ ਮਾਮਲੇ ਦਾ ਗੰਭੀਰ ਨੋਟਿਸ ਲਿਆ ਹੈ ਅਤੇ ਮੁੱਖ ਮੰਤਰੀ ਸੁਖਵਿੰਦਰ ਸਿੰਘ ਸੁੱਖੂ ਨਾਲ ਗੱਲ ਕੀਤੀ ਹੈ, ਅਤੇ ਉਨ੍ਹਾਂ ਨੂੰ ਸਾਰੇ ਦੋਸ਼ੀਆਂ ਵਿਰੁੱਧ ਤੁਰੰਤ ਅਤੇ ਮਿਸਾਲੀ ਕਾਰਵਾਈ ਕਰਨ ਦੀ ਅਪੀਲ ਕੀਤੀ ਹੈ। ਜਵਾਬਦੇਹੀ ਯਕੀਨੀ ਬਣਾਈ ਜਾਣੀ ਚਾਹੀਦੀ ਹੈ ਅਤੇ ਬਿਨਾਂ ਦੇਰੀ ਦੇ ਇਨਸਾਫ਼ ਮਿਲਣਾ ਚਾਹੀਦਾ ਹੈ।'

## ਬੈਂਗਲੁਰੂ 'ਚ ਚਾਰ ਜੂਨ ਦੀ ਭਾਜੜ ਲਈ ਆਰ.ਸੀ.ਬੀ.

ਵਿਚ ਲਗਭਗ 2.5 ਲੱਖ ਪ੍ਰਸ਼ੰਸਕ ਇਕੱਠੇ ਹੋਏ ਸਨ। ਟ੍ਰਿਬਿਊਨਲ ਨੇ ਕਿਹਾ," ਇਸ ਲਈ, ਪਹਿਲੀ ਨਜ਼ਰ ਵਿਚ ਇਹ ਜਾਪਦਾ ਹੈ ਕਿ ਆਰ.ਸੀ.ਬੀ. ਲਗਭਗ ਤਿੰਨ ਤੋਂ ਪੰਜ ਲੱਖ ਲੋਕਾਂ ਦੇ ਇਕੱਠੇ ਹੋਣ ਲਈ ਜ਼ਿੰਮੇਵਾਰ ਹੈ। ਆਰ.ਸੀ.ਬੀ. ਨੇ ਪੁਲਿਸ ਤੋਂ ਉਚਿਤ ਇਜਾਜ਼ਤ ਜਾਂ ਸਹਿਮਤੀ ਨਹੀਂ ਲਈ।" ਟ੍ਰਿਬਿਊਨਲ ਨੇ ਅਪਣੇ ਨਿਰੀਖਣ ਵਿਚ ਕਿਹਾ,"ਅਚਾਨਕ, ਉਨ੍ਹਾਂ ਨੇ ਸੋਸ਼ਲ ਮੀਡੀਆ ਮੰਚਾਂ ਉਤੇ ਪੋਸਟ ਕੀਤਾ ਅਤੇ ਉਪਰੋਕਤ ਜਾਣਕਾਰੀ ਦੇ ਨਤੀਜੇ ਵਜੋਂ ਜਨਤਾ ਇਕੱਠੀ ਹੋ ਗਈ।" ਆਰ.ਸੀ.ਬੀ. ਨੇ ਅਪਣੇ ਸੋਸ਼ਲ ਮੀਡੀਆ ਹੈਂਡਲ ਉਤੇ 4 ਜੂਨ ਦੀ ਸਵੇਰ ਨੂੰ ਪਰੇਡ ਅਤੇ ਪ੍ਰਸ਼ੰਸਕਾਂ ਦੀ ਸ਼ਮੂਲੀਅਤ ਬਾਰੇ ਪੋਸਟ ਕੀਤਾ ਸੀ, ਅਤੇ ਟ੍ਰਿਬਿਊਨਲ ਨੇ ਨੋਟ ਕੀਤਾ ਕਿ ਪੁਲਿਸ ਵਿਭਾਗ ਕੋਲ ਇੰਨੇ ਘੱਟ ਸਮੇਂ ਵਿਚ ਇੰਨੇ ਵੱਡੇ ਇਕੱਠ ਦਾ ਪ੍ਰਬੰਧਨ ਕਰਨ ਲਈ ਲੋੜੀਂਦਾ ਸਮਾਂ ਨਹੀਂ ਸੀ। ਟ੍ਰਿਬਿਊਨਲ ਨੇ ਕਿਹਾ,"4 ਜੂਨ, 2026 ਨੂੰ ਸਮੇਂ ਦੀ ਘਾਟ ਕਾਰਨ, ਪੁਲਿਸ ਢੁਕਵੇਂ ਪ੍ਰਬੰਧ ਕਰਨ ਵਿਚ ਅਸਮਰੱਥ ਸੀ। ਪੁਲਿਸ ਨੂੰ ਲੋੜੀਂਦਾ ਸਮਾਂ ਨਹੀਂ ਦਿੱਤਾ ਗਿਆ। ਅਚਾਨਕ, ਆਰ.ਸੀ.ਬੀ. ਨੇ ਬਿਨਾਂ ਕਿਸੇ ਅਗਾਊਂ ਇਜਾਜ਼ਤ ਦੇ ਉਪਰੋਕਤ ਕਿਸਮ ਦੀ ਪਰੇਸ਼ਾਨੀ ਪੈਦਾ ਕਰ ਦਿੱਤੀ।" ਟ੍ਰਿਬਿਊਨਲ ਨੇ ਕਿਹਾ ਕਿ ਪੁਲਿਸ ਮੁਲਾਜ਼ਮ ਵੀ ਇਨਸਾਨ ਹਨ। ਉਹ ਨਾ ਤਾਂ 'ਭਗਵਾਨ' ਹਨ ਅਤੇ ਨਾ ਹੀ ਜਾਦੂਗਰ ਹਨ ਅਤੇ ਉਨ੍ਹਾਂ ਕੋਲ 'ਅਲਾਦੀਨ ਕਾ ਚਿਰਾਗ' ਵਰਗੀਆਂ ਜਾਦੂਈ ਸ਼ਕਤੀਆਂ ਵੀ ਨਹੀਂ ਹਨ ਜੋ ਸਿਰਫ ਉਂਗਲ ਰਗੜ ਕੇ ਕਿਸੇ ਵੀ ਇੱਛਾ ਨੂੰ ਪੂਰਾ ਕਰਨ ਦੇ ਯੋਗ ਸਨ। ਆਰ.ਸੀ.ਬੀ. ਪ੍ਰਬੰਧਨ ਇਸ ਬਾਰੇ ਟਿਪਣੀ ਕਰਨ ਲਈ ਉਪਲੱਬਧ ਨਹੀਂ ਸੀ।

## 'ਰੇਲਵਨ ਐਪ' ਰੇਲ ਯਾਤਰੀਆਂ ਨੂੰ ਪ੍ਰਦਾਨ

ਐਪ ਯਾਤਰੀਆਂ ਦੀਆਂ ਸਾਰੀਆਂ ਲੋੜਾਂ ਲਈ ਇੱਕ ਇੱਕ ਵੱਡਾ ਹੱਲ ਹੈ। ਇਸ ਐਪ ਰਾਹੀਂ ਯਾਤਰੀਆਂ ਨੂੰ ਟਿਕਟਿੰਗ - ਰਿਜ਼ਰਵਡ, ਅਣਰਿਜ਼ਰਵਡ, ਪਲੇਟਫਾਰਮ ਟਿਕਟਾਂ; ਟ੍ਰੇਨ ਅਤੇ ਪੀ.ਐਨ.ਆਰ. ਪੁੱਛਗਿੱਛ; ਯਾਤਰਾ ਦੀ ਯੋਜਨਾਬੰਦੀ; ਰੇਲ ਹੈਲਪ ਸੇਵਾਵਾਂ; ਟ੍ਰੇਨ ਵਿੱਚ ਭੋਜਨ ਬੁਕਿੰਗ ਦੀਆਂ ਸੇਵਾਵਾਂ ਮਿਲਣਗੀਆਂ।" ਕਿਹਾ ਗਿਆ ਹੈ ਕਿ ਇਸ ਤੋਂ ਇਲਾਵਾ ਮਾਲ ਢੋਆ-ਢੁਆਈ ਨਾਲ ਸਬੰਧਤ ਪੁੱਛਗਿੱਛ ਦੀਆਂ ਸਹੂਲਤਾਂ ਵੀ ਉਪਲੱਬਧ ਹਨ।

ਐਪ ਦੇ ਮੂਲ ਉਦੇਸ਼ ਨੂੰ ਉਜਾਗਰ ਕਰਦੇ ਹੋਏ ਮੰਤਰਾਲੇ ਨੇ ਕਿਹਾ ਕਿ ਇਹ ਇੱਕ ਸਧਾਰਨ ਅਤੇ ਸਪੱਸ਼ਟ ਯੂਜ਼ਰ ਇੰਟਰਫੇਸ ਰਾਹੀਂ ਉਪਭੋਗਤਾਵਾਂ ਨੂੰ ਬਿਹਤਰ ਅਨੁਭਵ ਪ੍ਰਦਾਨ ਕਰੇਗਾ। ਮੰਤਰਾਲੇ ਨੇ ਕਿਹਾ, ਇਹ ਸਾਰੀਆਂ ਸੇਵਾਵਾਂ ਨੂੰ ਇੱਕ ਥਾਂ 'ਤੇ ਹੀ ਨਹੀਂ ਰੱਖਦਾ, ਬਲਕਿ ਸੇਵਾਵਾਂ ਦੇ ਵਿਚਕਾਰ ਇੱਕ ਏਕੀਕ੍ਰਿਤ ਕਨੈਕਟੀਵਿਟੀ ਵੀ ਪ੍ਰਦਾਨ ਕਰਦਾ ਹੈ, ਜੋ ਉਪਭੋਗਤਾ ਨੂੰ ਭਾਰਤੀ ਰੇਲਵੇ ਸੇਵਾਵਾਂ ਦਾ ਇੱਕ ਸੰਪੂਰਨ ਪੈਕੇਜ ਦਿੰਦਾ ਹੈ।

ਇਸ ਐਪ ਦੀ ਇੱਕ ਖਾਸ ਵਿਸ਼ੇਸ਼ਤਾ ਸਿੰਗਲ ਸਾਈਨ-ਆਨ ਹੈ, ਜੋ ਉਪਭੋਗਤਾਵਾਂ ਨੂੰ ਕਈ ਪਾਸਵਰਡ ਯਾਦ ਰੱਖਣ ਦੀ ਲੋੜ ਨੂੰ ਖਤਮ ਕਰਦੀ ਹੈ। ਪ੍ਰੈਸ ਨੋਟ ਵਿੱਚ ਕਿਹਾ ਗਿਆ ਹੈ, ਰੇਲਵਨ ਐਪ ਡਾਊਨਲੋਡ ਕਰਨ ਤੋਂ ਬਾਅਦ, ਕੋਈ ਵੀ ਰੇਲਕਨੈਕਟ ਜਾਂ ਯੂਟੀਸਨਮੋਬਾਈਲ ਐਪ ਦੇ ਮੌਜੂਦਾ ਯੂਜ਼ਰ ਆਈਡੀ ਦੀ ਵਰਤੋਂ ਕਰਕੇ ਲੌਗਇਨ ਕਰ ਸਕਦਾ ਹੈ। ਇਸ ਨਾਲ ਉਪਭੋਗਤਾਵਾਂ ਨੂੰ ਵੱਖ-ਵੱਖ ਸੇਵਾਵਾਂ ਲਈ ਵੱਖਰੀਆਂ ਐਪਲੀਕੇਸ਼ਨਾਂ ਰੱਖਣ ਦੀ ਲੋੜ ਖਤਮ ਹੋ ਜਾਂਦੀ ਹੈ।

ਪ੍ਰੈੱਸ ਨੋਟ ਵਿੱਚ ਦੱਸਿਆ ਗਿਆ ਹੈ ਕਿ ਆਰ-ਵਾਲਿਟ (ਰੇਲਵੇ ਈ-ਵਾਲਿਟ) ਦੀ ਸਹੂਲਤ ਵੀ ਇਸ ਐਪ ਵਿੱਚ ਸ਼ਾਮਲ ਕੀਤੀ ਗਈ ਹੈ। ਨਿਊਮੇਰਿਕ ਐਮ.ਪੀ.ਆਈ.ਐਨ. ਅਤੇ ਬਾਇਓਮੀਟ੍ਰਿਕ ਲੌਗਇਨ ਵਰਗੀਆਂ ਆਸਾਨ ਸਹੂਲਤਾਂ ਵੀ ਪ੍ਰਦਾਨ ਕੀਤੀਆਂ ਗਈਆਂ ਹਨ। ਨਵੇਂ ਉਪਭੋਗਤਾਵਾਂ ਲਈ ਰਜਿਸਟ੍ਰੇਸ਼ਨ ਪ੍ਰਕਿਰਿਆ ਨੂੰ ਆਸਾਨ ਅਤੇ ਤੇਜ਼ ਬਣਾਈ ਗਈ ਹੈ। ਇਸ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਜੋ ਉਪਭੋਗਤਾ ਸਿਰਫ ਪੁੱਛਗਿੱਛ ਕਰਨਾ ਚਾਹੁੰਦੇ ਹਨ, ਉਹ ਆਪਣੇ ਮੋਬਾਈਲ ਨੰਬਰ ਅਤੇ ਓਟੀਪੀ ਨਾਲ ਗੈਸਟ ਲੌਗਇਨ ਰਾਹੀਂ ਵੀ ਲੌਗਇਨ ਕਰ ਸਕਦੇ ਹਨ।

## ਹੁਣ ਦਿੱਲੀ 'ਚ 15 ਸਾਲ ਪੁਰਾਣੇ ਵਾਹਨਾਂ ਨੂੰ ਨਹੀਂ

ਆਪਣੀ ਨਿਰਧਾਰਤ ਉਮਰ ਪੂਰੀ ਕਰ ਲਈ ਹੈ। ਇਸਨੂੰ ਲਾਗੂ ਕਰਨ ਲਈ, ਟਰਾਂਸਪੋਰਟ ਵਿਭਾਗ ਨੇ ਦਿੱਲੀ ਪੁਲਿਸ, ਟ੍ਰੈਫਿਕ ਪੁਲਿਸ ਅਤੇ ਦਿੱਲੀ ਨਗਰ ਨਿਗਮ (ਐਮ.ਸੀ.ਡੀ.) ਦੇ ਕਰਮਚਾਰੀਆਂ ਨੂੰ ਸ਼ਾਮਲ ਕਰਕੇ ਇੱਕ ਵਿਸਤ੍ਰਿਤ ਯੋਜਨਾ ਤਿਆਰ ਕੀਤੀ ਹੈ। ਇਸ ਤਹਿਤ, ਦਿੱਲੀ ਪੁਲਿਸ ਦੇ ਕਰਮਚਾਰੀ 1 ਤੋਂ 100 ਨੰਬਰ ਵਾਲੇ ਪੈਟਰੋਲ ਪੰਪਾਂ 'ਤੇ ਤਾਇਨਾਤ ਕੀਤੇ ਜਾਣਗੇ, ਜਦੋਂ ਕਿ ਟਰਾਂਸਪੋਰਟ ਵਿਭਾਗ 101 ਤੋਂ 159 ਨੰਬਰ ਵਾਲੇ ਫਿਊਲ ਸਟੇਸ਼ਨਾਂ 'ਤੇ 59 ਵਿਸ਼ੇਸ਼ ਟੀਮਾਂ ਤਾਇਨਾਤ ਕਰੇਗਾ। ਹਰ 350 ਪਛਾਣੇ ਗਏ ਪੈਟਰੋਲ ਪੰਪਾਂ 'ਤੇ ਇੱਕ ਟ੍ਰੈਫਿਕ ਪੁਲਿਸ ਅਧਿਕਾਰੀ ਤਾਇਨਾਤ ਕੀਤਾ ਜਾਵੇਗਾ, ਜੋ ਪੁਰਾਣੇ ਵਾਹਨਾਂ ਦੀ ਨਿਗਰਾਨੀ ਕਰੇਗਾ। ਕਾਨੂੰਨ ਵਿਵਸਥਾ ਬਣਾਈ ਰੱਖਣ ਲਈ, ਹਰੇਕ ਪੈਟਰੋਲ ਪੰਪ 'ਤੇ ਦੋ ਵਾਧੂ ਪੁਲਿਸ ਕਰਮਚਾਰੀ ਤਾਇਨਾਤ ਕੀਤੇ ਜਾਣਗੇ। ਦਿੱਲੀ ਵਿੱਚ 500 ਤੋਂ ਵੱਧ ਪੈਟਰੋਲ ਪੰਪਾਂ 'ਤੇ ਆਟੋਮੇਟਿਡ ਨੰਬਰ ਪਲੇਟ ਪਛਾਣ ਕੈਮਰੇ ਲਗਾਏ ਗਏ ਹਨ। ANPR ਕੈਮਰੇ ਵਾਹਨ ਦੀ ਨੰਬਰ ਪਲੇਟ ਨੂੰ ਸਕੈਨ ਕਰਨਗੇ ਅਤੇ ਵਾਹਨ ਡੇਟਾਬੇਸ ਨਾਲ ਇਸਦੀ ਉਮਰ ਦੀ ਜਾਂਚ ਕਰਨਗੇ। ਜੇਕਰ ਵਾਹਨ EOL (ਜੀਵਨ ਦਾ ਅੰਤ) ਸ਼੍ਰੇਣੀ ਵਿੱਚ ਆਉਂਦਾ ਹੈ, ਤਾਂ ਪੰਪ ਕਰਮਚਾਰੀ ਨੂੰ ਬਾਲਣ ਨਾ ਦੇਣ ਦੀ ਚੇਤਾਵਨੀ ਮਿਲੇਗੀ। ਉਲੰਘਣਾ ਦੀ ਸਥਿਤੀ ਵਿੱਚ, ਵਾਹਨ ਜ਼ਬਤ ਕੀਤਾ ਜਾਵੇਗਾ ਅਤੇ ਚਾਰ ਪਹੀਆ ਵਾਹਨਾਂ 'ਤੇ 10,000 ਰੁਪਏ ਅਤੇ ਦੋ ਪਹੀਆ ਵਾਹਨਾਂ 'ਤੇ 5,000 ਰੁਪਏ ਦਾ ਜੁਰਮਾਨਾ ਲਗਾਇਆ ਜਾਵੇਗਾ, ਇਹ ਸਿੱਧੇ ਸਕ੍ਰੈਪ ਯਾਰਡ ਵਿੱਚ ਭੇਜੇ ਜਾਣਗੇ। ਨਾਲ ਹੀ, ਟੋਇੰਗ ਅਤੇ ਪਾਰਕਿੰਗ ਚਾਰਜ ਵੀ ਅਦਾ ਕਰਨੇ ਪੈਣਗੇ। ਮੰਗਲਵਾਰ ਤੋਂ, ਲਾਗੂ ਕਰਨ ਵਾਲੀਆਂ ਏਜੰਸੀਆਂ ਇਸ ਦੀ ਰਿਪੋਰਟ ਹਰ ਰੋਜ਼ ਕਮਿਸ਼ਨ ਫਾਰ ਏਅਰ ਕੁਆਲਿਟੀ ਮੈਨੇਜਮੈਂਟ ਨੂੰ ਕਰਨਗੇ।

**ਚੜ੍ਹਦੀਕਲਾ**

ਪਰਮਜੀਤ ਸਿੰਘ, ਪ੍ਰਿੰਟਰ ਪਬਲਿਸ਼ਰ ਨੇ ਰੋਜ਼ਾਨਾ ਚੜ੍ਹਦੀਕਲਾ, ਚੜ੍ਹਦੀਕਲਾ ਪ੍ਰਿੰਟਿੰਗ ਪ੍ਰੈਸ ਪ੍ਰਾਈਵੇਟ ਲਿਮਟਿਡ ਲਈ ਦਲਜੀਤ ਪ੍ਰਿੰਟਰਜ਼, 593 ਐਸ.ਐਸ.ਟੀ. ਨਗਰ ਪਟਿਆਲਾ ਤੋਂ ਛਪਵਾ ਕੇ ਦਫ਼ਤਰ ਰੋਜ਼ਾਨਾ ਚੜ੍ਹਦੀਕਲਾ, 577, ਐਸ.ਐਸ.ਟੀ. ਨਗਰ, ਪਟਿਆਲਾ ਤੋਂ ਪ੍ਰਕਾਸ਼ਿਤ ਕੀਤਾ। ਮੁੱਖ ਸੰਪਾਦਕ : ਜਗਜੀਤ ਸਿੰਘ 'ਦਰਦੀ'।
PRGI (RNI) Regd. No. 22972/1972

Printed & Published by Paramjit Singh on behalf of Charhdikala Printing Press Pvt. Ltd., Patiala & Printed at Daljit Printers 593, SST Nagar Patiala. Published at Office Daily Charhdikala 577, SST Nagar Patiala. Chief Editor : Jagjit Singh Dardi
PRGI (RNI) Regd. No. 22972/1972

# ਜਸਵੀਰ ਸਿੰਘ ਸੇਖੋਂ ਨੇ ਪੰਜਾਬ ਰਾਜ ਖੁਰਾਕ ਕਮਿਸ਼ਨ ਦੇ ਮੈਂਬਰ ਵਜੋਂ ਅਹੁਦਾ ਸੰਭਾਲਿਆ



ਚੰਡੀਗੜ੍ਹ, 1 ਜੁਲਾਈ, (ਚ.ਨ.ਸ.) : ਮਹਾਤਮਾ ਗਾਂਧੀ ਸਟੇਟ ਇੰਸਟੀਚਿਊਟ ਆਫ਼ ਪਬਲਿਕ ਐਡਮਿਨਿਸਟਰੇਸ਼ਨ (ਮੈਗਸੀਪਾ) ਵਿਖੇ ਸ੍ਰੀ ਜਸਵੀਰ ਸਿੰਘ ਸੇਖੋਂ ਨੂੰ ਰਸਮੀ ਤੌਰ 'ਤੇ ਅੱਜ ਪੰਜਾਬ ਰਾਜ ਖੁਰਾਕ ਕਮਿਸ਼ਨ (ਪੀਐਸਐਫਸੀ) ਦਾ ਨਵਾਂ ਮੈਂਬਰ ਲਗਾਇਆ ਗਿਆ। ਸ੍ਰੀ ਸੇਖੋਂ ਨੇ ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ, ਅਮਨ ਅਰੋੜਾ, ਲਾਲ ਚੰਦ ਕਟਾਰੂਚੱਕ ਅਤੇ ਬਰਿੰਦਰ ਕੁਮਾਰ ਗੋਇਲ ਦੀ ਮੌਜੂਦਗੀ ਵਿੱਚ ਇਹ ਅਹੁਦਾ ਸੰਭਾਲਿਆ।

ਕੈਬਨਿਟ ਮੰਤਰੀਆਂ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਦਾ ਸ੍ਰੀ ਜਸਵੀਰ ਸਿੰਘ ਸੇਖੋਂ ਦੀਆਂ ਯੋਗਤਾਵਾਂ 'ਤੇ ਭਰੋਸਾ ਕਰਨ ਲਈ ਉਹਨਾਂ ਦਾ ਧੰਨਵਾਦ ਕੀਤਾ ਅਤੇ ਵਿਸ਼ਵਾਸ ਪ੍ਰਗਟਾਇਆ ਕਿ ਸ੍ਰੀ ਸੇਖੋਂ ਸੂਬਾ ਵਾਸੀਆਂ ਲਈ ਪੌਸ਼ਟਿਕ ਭੋਜਨ ਯਕੀਨੀ ਬਣਾਉਣ, ਜੈਵਿਕ ਖੇਤੀ ਨੂੰ ਉਤਸ਼ਾਹਿਤ ਕਰਨ ਅਤੇ ਸਾਫ਼ ਪੀਣ ਵਾਲਾ ਪਾਣੀ ਮੁਹੱਈਆ ਕਰਵਾਉਣ ਵਰਗੀਆਂ ਪਹਿਲਕਦਮੀਆਂ ਨੂੰ ਹੋਰ ਅੱਗੇ ਵਧਾਉਣਗੇ।

ਇਸ ਮੌਕੇ ਸ੍ਰੀ ਸੇਖੋਂ ਨੇ ਕਿਹਾ ਕਿ ਉਹ ਉਨ੍ਹਾਂ ਦੀਆਂ ਯੋਗਤਾਵਾਂ ਵਿੱਚ ਪ੍ਰਗਟਾਏ ਗਏ ਵਿਸ਼ਵਾਸ 'ਤੇ ਖਰੇ ਉਤਰਨਗੇ ਅਤੇ ਇਹ ਯਕੀਨੀ ਬਣਾਉਣਗੇ ਕਿ ਖੁਰਾਕ, ਸਿਵਲ ਸਪਲਾਈ ਤੇ ਖਪਤਕਾਰ ਮਾਮਲੇ ਵਿਭਾਗ ਦੁਆਰਾ ਸ਼ੁਰੂ ਕੀਤੀਆਂ ਗਈਆਂ ਯੋਜਨਾਵਾਂ ਸਮਾਜ ਦੇ ਸਾਰੇ ਵਰਗਾਂ, ਖਾਸ ਕਰਕੇ ਖੇਤੀਬਾੜੀ ਖੇਤਰ ਨਾਲ ਇਸ ਨਾਲ ਸਬੰਧਤ ਵਾਸੀਆਂ ਤੱਕ ਪਹੁੰਚਾਈਆਂ ਜਾਣ। ਕਿਉਂਕਿ ਇਹ ਖਰੀਦ ਕਾਰਜਾਂ ਦਾ ਮੁੱਖ ਹਿੱਸਾ ਹਨ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਵਿਧਾਇਕ (ਅਮਰਗੜ੍ਹ) ਜਸਵੰਤ ਸਿੰਘ ਗੱਜਣਮਾਜਰਾ, ਪੰਜਾਬ ਰਾਜ ਖੁਰਾਕ ਕਮਿਸ਼ਨ ਦੇ ਚੇਅਰਮੈਨ ਬਾਲ ਮੁਕੰਦ ਸ਼ਰਮਾ ਅਤੇ ਵਧੀਕ ਸਕੱਤਰ ਪਨਗ੍ਰੇਨ ਕਮਲ ਕੁਮਾਰ ਗਰਗ ਵੀ ਮੌਜੂਦ ਸਨ।

# ਡਾ. ਬਲਜੀਤ ਕੌਰ ਨੇ ਐੱਸ.ਸੀ. ਭਾਈਚਾਰੇ ਨਾਲ ਸਬੰਧਤ 505 ਪਰਿਵਾਰਾਂ ਨੂੰ ਵੰਡੇ 8.72 ਕਰੋੜ ਦੀ ਕਰਜ਼ਾ ਮੁਆਫ਼ੀ ਦੇ ਸਰਟੀਫ਼ਿਕੇਟ



ਚੰਡੀਗੜ੍ਹ/ਮਲੋਟ, 1 ਜੁਲਾਈ, (ਚ.ਨ.ਸ.): ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸੂਬੇ ਦੇ ਕਮਜ਼ੋਰ ਅਤੇ ਪੱਛੜੇ ਵਰਗਾਂ ਦੀ ਭਲਾਈ ਲਈ ਚਲਾਈ ਮੁਹਿੰਮ ਤਹਿਤ ਅੱਜ ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਨੇ ਮਲੋਟ ਦੇ ਕੇ.ਜੀ. ਪੈਲੇਸ ਵਿਖੇ ਐੱਸਸੀ ਭਾਈਚਾਰੇ ਨਾਲ ਸਬੰਧਤ 505 ਪਰਿਵਾਰਾਂ ਨੂੰ ਤਕਰੀਬਨ 8 ਕਰੋੜ 72 ਲੱਖ ਰੁਪਏ ਦੀ ਰਾਸ਼ੀ ਦੇ ਕਰਜ਼ਾ ਮੁਆਫ਼ੀ ਦੇ ਸਰਟੀਫਿਕੇਟ ਵੰਡੇ। ਇਸ ਮੌਕੇ ਕੈਬਨਿਟ ਮੰਤਰੀ ਵੱਲੋਂ ਆਸ਼ੀਰਵਾਦ ਸਕੀਮ ਤਹਿਤ ਵੀ 140 ਲਾਭਪਾਤਰੀਆਂ ਨੂੰ 71.40 ਲੱਖ, 51,000 ਰੁਪਏ ਹਰੇਕ, ਦੇ ਮਨਜ਼ੂਰੀ ਪੱਤਰਾਂ ਦੀ ਵੰਡ ਕੀਤੀ।

ਮੰਤਰੀ ਡਾ. ਬਲਜੀਤ ਕੌਰ ਨੇ ਦੱਸਿਆ ਕਿ ਪੰਜਾਬ ਸਰਕਾਰ ਸਮਾਜ ਦੇ ਲੋੜਵੰਦ ਅਤੇ ਪੱਛੜੇ ਵਰਗਾਂ ਦੀ ਮਦਦ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਲੋਕਾਂ ਦੀ ਵੱਧ ਤੋਂ ਵੱਧ ਭਲਾਈ ਨੂੰ ਯਕੀਨੀ ਬਣਾ ਰਹੀ ਹੈ ਤਾਂ ਜੋ ਸਮਾਜ ਦੇ ਹਰ ਵਰਗ ਨੂੰ ਇਸ ਦਾ ਲਾਭ ਮਿਲ ਸਕੇ। ਉਨ੍ਹਾਂ ਦੱਸਿਆ ਕਿ ਪੰਜਾਬ ਦੇ ਇਤਿਹਾਸ ਵਿੱਚ ਪਹਿਲੀ ਵਾਰ ਸੂਬੇ ਦੇ ਪੱਛੜੇ ਤੇ ਕਮਜ਼ੋਰ ਵਰਗਾਂ ਨੂੰ ਇਹ ਰਾਹਤ ਮਿਲੀ ਹੈ। ਉਨ੍ਹਾਂ ਕਿਹਾ ਕਿ ਇਹ ਇਸ ਕਰਕੇ ਸੰਭਵ ਹੋਇਆ ਹੈ, ਕਿਉਂਕਿ ਪਹਿਲੀ ਵਾਰ ਸੂਬੇ ਦਾ ਬਜਟ ਆਮ ਆਦਮੀ ਦੀ ਭਲਾਈ ਲਈ ਰੱਖਿਆ ਗਿਆ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਸਰਕਾਰੀ ਖਜ਼ਾਨੇ ਦਾ ਇੱਕ-ਇੱਕ ਪੈਸਾ ਜਨਤਕ ਭਲਾਈ 'ਤੇ ਖਰਚ ਕਰ ਰਹੀ ਹੈ।

ਕੈਬਨਿਟ ਮੰਤਰੀ ਨੇ ਦੱਸਿਆ ਕਿ ਇਹ ਮੁਆਫ਼ੀ ਪੀ.ਐੱਸ.ਸੀ.ਐੱਫ.ਸੀ. ਵੱਲੋਂ ਵੰਡੇ ਗਏ ਸਾਰੇ ਕਰਜ਼ਿਆਂ ਲਈ ਹੈ, ਜਿਸ ਨਾਲ ਐਸ.ਸੀ. ਭਾਈਚਾਰਾ ਅਤੇ ਦਿਵਿਆਂਗ ਵਰਗ ਦੇ ਕਰਜ਼ਦਾਰਾਂ ਨੂੰ ਅਤਿ ਲੋੜੀਂਦੀ ਰਾਹਤ ਮਿਲੀ ਹੈ। ਉਨ੍ਹਾਂ ਦੱਸਿਆ ਕਿ ਪੰਜਾਬ ਅਨੁਸੂਚਿਤ ਜਾਤੀਆਂ ਭੌਂ ਵਿਕਾਸ ਤੇ ਵਿੱਤ ਨਿਗਮ (ਪੀ.ਐੱਸ.ਸੀ.ਐੱਫ.ਸੀ.) ਵੱਲੋਂ 31 ਮਾਰਚ, 2020 ਤੱਕ ਵੰਡੇ ਗਏ ਕਰਜ਼ਿਆਂ 'ਤੇ ਲੀਕ ਫੇਰ ਦਿੱਤੀ ਗਈ ਹੈ। ਉਨ੍ਹਾਂ ਦੱਸਿਆ ਕਿ ਇਹ ਮੁਆਫ਼ੀ ਪੀ.ਐੱਸ.ਸੀ.ਐੱਫ.ਸੀ. ਦੁਆਰਾ ਉਪਰੋਕਤ ਮਿਤੀ ਤੱਕ ਵੰਡੇ ਗਏ ਸਾਰੇ ਕਰਜ਼ਿਆਂ ਲਈ ਹੈ, ਜਿਸ ਨਾਲ ਐੱਸ.ਸੀ. ਭਾਈਚਾਰਾ ਅਤੇ ਦਿਵਿਆਂਗ ਵਰਗ ਦੇ ਕਰਜ਼ਦਾਰਾਂ ਨੂੰ ਲੋੜੀਂਦੀ ਰਾਹਤ ਮਿਲੀ ਹੈ। ਉਨ੍ਹਾਂ ਦੱਸਿਆ ਕਿ ਸੂਬਾ ਸਰਕਾਰ ਵੱਲੋਂ ਇਨ੍ਹਾਂ ਲਾਭਪਾਤਰੀਆਂ ਨੂੰ 'ਕੋਈ ਬਕਾਇਆ ਨਹੀਂ' ਸਰਟੀਫਿਕੇਟ ਜਾਰੀ ਕੀਤੇ ਜਾ ਚੁੱਕੇ ਹਨ। ਉਨ੍ਹਾਂ ਦੱਸਿਆ ਕਿ 30 ਅਪਰੈਲ, 2025 ਤੱਕ ਗਿਣਿਆ ਗਿਆ ਮੂਲ, ਵਿਆਜ ਅਤੇ ਦੰਡ ਵਿਆਜ ਸਮੇਤ ਬਣਦੀ ਪੂਰੀ ਰਕਮ ਸੂਬਾ ਸਰਕਾਰ ਵੱਲੋਂ ਪੀ.ਐੱਸ.ਸੀ.ਐੱਫ.ਸੀ. ਨੂੰ ਵਾਪਸ ਕੀਤੀ ਜਾਵੇਗੀ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਜ਼ਿਲ੍ਹਾ ਭਲਾਈ ਅਫ਼ਸਰ ਜਗਮੋਹਨ ਸਿੰਘ, ਕੈਬਨਿਟ ਮੰਤਰੀ ਦੇ ਨਿੱਜੀ ਸਹਾਇਕ ਅਰਸ਼ਦੀਪ ਸਿੰਘ ਸਿੱਧੂ ਤੇ ਸ਼ਿੰਦਰਪਾਲ ਸਿੰਘ, ਰਮੇਸ਼ ਸਿੰਘ ਅਰਨੀਵਾਲਾ, ਸੁਖਪਾਲ ਸਿੰਘ ਪ੍ਰਧਾਨ ਟਰੱਕ ਯੂਨਿਅਨ, ਯਾਦਵਿੰਦਰ ਸਿੰਘ ਸਰਪੰਚ, ਨਿਰਮਲ ਸਿੰਘ ਸਰਪੰਚ, ਕੁਲਵਿੰਦਰ ਸਿੰਘ ਬਿੱਟੂ, ਜੋਤੀ ਸਰਪੰਚ, ਡਾ. ਸਾਧੂ ਸਿੰਘ ਸਮੇਤ ਵੱਡੀ ਗਿਣਤੀ ਵਿੱਚ ਲਾਭਪਾਤਰੀ ਹਾਜ਼ਰ ਸਨ।

# ਸ਼ਿਕਾਗੋ ਓਪਨ ਯੂਨੀਵਰਸਿਟੀ ਵੱਲੋਂ ਜਗਜੀਤ ਸਿੰਘ ਦਰਦੀ ਨੂੰ 'ਲਾਈਫ਼ ਟਾਈਮ ਅਚੀਵਮੈਂਟ' ਐਵਾਰਡ



ਨਵੀਂ ਦਿੱਲੀ, 1 ਜੁਲਾਈ (ਚ.ਨ.ਸ.) : ਅਦਾਰਾ ਚੜ੍ਹਦੀਕਲਾ ਦੇ ਚੇਅਰਮੈਨ ਪਦਮ ਸ਼੍ਰੀ ਸ. ਜਗਜੀਤ ਸਿੰਘ ਦਰਦੀ ਨੂੰ ਸ਼ਿਕਾਗੋ ਓਪਨ ਯੂਨੀਵਰਸਿਟੀ ਅਮਰੀਕਾ ਵੱਲੋਂ ਲਾਈਫ ਟਾਈਮ ਅਚੀਵਮੈਂਟ ਐਵਾਰਡ ਨਾਲ ਨਿਵਾਜਿਆ ਗਿਆ। ਸ. ਦਰਦੀ ਤਕਰੀਬਨ ਅੱਧੀ ਸਦੀ ਤੋਂ ਚੜ੍ਹਦੀਕਲਾ ਅਖ਼ਬਾਰ ਰਾਹੀਂ ਪੱਤਰਕਾਰੀ ਦੇ ਖੇਤਰ ਵਿੱਚ ਸੇਵਾਵਾਂ ਨਿਭਾਅ ਰਹੇ ਹਨ। ਸ਼ਿਕਾਗੋ ਓਪਨ ਯੂਨੀਵਰਸਿਟੀ ਨੇ ਉਨ੍ਹਾਂ ਨੂੰ societal upiftment ਲਈ ਇਹ ਸਨਮਾਨ ਦਿੱਤਾ ਗਿਆ। ਸ. ਦਰਦੀ ਨੇ ਜਿੱਥੇ ਪੱਤਰਕਾਰੀ ਦੇ ਖੇਤਰ ਵਿੱਚ ਮੱਲਾਂ ਮਾਰੀਆਂ ਹਨ ਉੱਥੇ ਉਹ ਸਿੱਖਿਆ ਦੇ ਖੇਤਰ ਵਿੱਚ ਵੀ ਵਿੱਦਿਆ ਦਾ ਦਾਨ ਦੇਣ ਦੀ ਸੇਵਾ ਲੰਬੇ ਸਮੇਂ ਤੋਂ ਕਰਦੇ ਆ ਰਹੇ ਹਨ। ਪਟਿਆਲਾ ਜ਼ਿਲ੍ਹੇ ਵਿੱਚ ਉਨ੍ਹਾਂ ਦੇ ਦੋ ਕਾਲਜ ਅਤੇ ਪੰਜ ਸਕੂਲ ਹਨ। ਸ. ਦਰਦੀ ਦਾ ਪਰਿਵਾਰ ਆਜ਼ਾਦੀ ਘੁਲਾਟੀਆਂ ਦਾ ਪਰਿਵਾਰ ਹੈ। ਇਸ ਸਮੇਂ ਸ., ਜਗਜੀਤ ਸਿੰਘ ਦਰਦੀ ਵੱਲੋਂ ਜਿੱਥੇ ਪੰਜਾਬੀ ਅਤੇ ਹਿੰਦੀ ਭਾਸ਼ਾ ਵਿੱਚ ਅਖ਼ਬਾਰਾਂ ਪ੍ਰਕਾਸ਼ਿਤ ਕੀਤੀਆਂ ਜਾ ਰਹੀਆਂ ਹਨ, ਉੱਥੇ ਹੀ ਚੜ੍ਹਦੀਕਲਾ ਟਾਈਮ ਟੀਵੀ ਨਾਮ ਦਾ ਚੈਨਲ ਚਲਾਇਆ ਜਾ ਰਿਹਾ ਹੈ ਜੋ ਪੰਜਾਬੀ ਦੇ ਨਾਮੀ ਚੈਨਲਾਂ ਵਿੱਚ ਮੰਨਿਆ ਜਾਂਦਾ ਹੈ। ਜਗਜੀਤ ਸਿੰਘ ਦਰਦੀ ਪਾਰਲੀਮੈਂਟ ਮੀਡੀਆ ਸਲਾਹਕਾਰ ਕਮੇਟੀ ਦੇ ਸਥਾਈ ਮੈਂਬਰ ਹਨ ਅਤੇ ਸੈਂਕੜੇ ਵਾਰ ਭਾਰਤ ਦੇ ਵੱਖ ਵੱਖ ਪ੍ਰਧਾਨ ਮੰਤਰੀਆਂ ਨਾਲ ਮੀਡੀਆ ਟੀਮ ਵਿੱਚ ਵਿਦੇਸ਼ੀ ਦੌਰਿਆਂ 'ਤੇ ਜਾ ਚੁੱਕੇ ਹਨ। ਉਨ੍ਹਾਂ ਨੂੰ ਸ਼ਿਕਾਗੋ ਓਪਨ ਯੂਨੀਵਰਸਿਟੀ ਅਮਰੀਕਾ ਵੱਲੋਂ ਲਾਈਫ ਟਾਈਮ ਅਚੀਵਮੈਂਟ ਐਵਾਰਡ ਮਿਲਣ 'ਤੇ ਪੱਤਰਕਾਰ ਭਾਈਚਾਰੇ ਵੱਲੋਂ ਵਧਾਈਆਂ ਦਿੱਤੀਆਂ ਜਾ ਰਹੀਆਂ ਹਨ।

# 'ਯੁੱਧ ਨਸ਼ਿਆਂ ਵਿਰੁੱਧ' ਦੇ ਚਾਰ ਮਹੀਨਿਆਂ ਦੌਰਾਨ 19880 ਨਸ਼ਾ ਤਸਕਰ ਗ੍ਰਿਫ਼ਤਾਰ; 786 ਕਿਲੋ ਹੈਰੋਇਨ ਅਤੇ 11.5 ਕਰੋੜ ਦੀ ਡਰੱਗ ਮਨੀ ਬਰਾਮਦ

ਚੰਡੀਗੜ੍ਹ, 1 ਜੁਲਾਈ, (ਚ.ਨ.ਸ.) : ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ 'ਤੇ ਨਸ਼ਿਆਂ ਵਿਰੁੱਧ ਚਲਾਈ ਫੈਸਲਾਕੁੰਨ ਜੰਗ 'ਯੁੱਧ ਨਸ਼ਿਆਂ ਵਿਰੁੱਧ' ਨੂੰ ਚਾਰ ਮਹੀਨੇ ਪੂਰੇ ਹੋ ਗਏ ਹਨ, ਪੰਜਾਬ ਪੁਲਿਸ ਨੇ 1 ਮਾਰਚ, 2025 ਤੋਂ ਹੁਣ ਤੱਕ 12135 ਐਫਆਈਆਰਜ਼ ਦਰਜ ਕੀਤੀਆਂ ਹਨ ਅਤੇ 19880 ਨਸ਼ਾ ਤਸਕਰਾਂ ਨੂੰ ਗ੍ਰਿਫਤਾਰ ਕਰਕੇ 786 ਕਿਲੋਗ੍ਰਾਮ ਹੈਰੋਇਨ ਬਰਾਮਦ ਕੀਤੀ ਹੈ।

ਇਹ ਆਪ੍ਰੇਸ਼ਨ ਡਾਇਰੈਕਟਰ ਜਨਰਲ ਆਫ ਪੁਲਿਸ (ਡੀਜੀਪੀ) ਗੌਰਵ ਯਾਦਵ ਦੇ ਨਿਰਦੇਸ਼ਾਂ 'ਤੇ ਸੂਬੇ ਦੇ ਸਾਰੇ 28 ਜ਼ਿਲ੍ਹਿਆਂ ਵਿੱਚ ਇੱਕੋ ਸਮੇਂ ਚਲਾਇਆ ਗਿਆ। ਜ਼ਿਕਰਯੋਗ ਹੈ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪੁਲਿਸ ਕਮਿਸ਼ਨਰਾਂ, ਡਿਪਟੀ ਕਮਿਸ਼ਨਰਾਂ ਅਤੇ ਐਸ.ਐਸ.ਪੀਜ਼ ਨੂੰ ਪੰਜਾਬ ਨੂੰ ਨਸ਼ਾ ਮੁਕਤ ਸੂਬਾ ਬਣਾਉਣ ਦੇ ਹੁਕਮ ਦਿੱਤੇ ਹਨ। ਪੰਜਾਬ ਸਰਕਾਰ ਵੱਲੋਂ ਨਸ਼ਿਆਂ ਵਿਰੁੱਧ ਜੰਗ ਦੀ ਨਿਗਰਾਨੀ ਲਈ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੀ ਅਗਵਾਈ ਹੇਠ 5 ਮੈਂਬਰੀ ਕੈਬਨਿਟ ਸਬ ਕਮੇਟੀ ਵੀ ਬਣਾਈ ਗਈ ਹੈ।

ਵਿਸ਼ੇਸ਼ ਡਾਇਰੈਕਟਰ ਜਨਰਲ ਆਫ਼ ਪੁਲਿਸ (ਸਪੈਸ਼ਲ ਡੀਜੀਪੀ) ਕਾਨੂੰਨ ਤੇ ਵਿਵਸਥਾ ਅਰਪਿਤ ਸ਼ੁਕਲਾ, ਜੋ ਕਿ ਇਨ੍ਹਾਂ ਕਾਰਵਾਈਆਂ ਦੀ ਨਿੱਜੀ ਤੌਰ 'ਤੇ ਨਿਗਰਾਨੀ ਕਰ ਰਹੇ ਹਨ, ਨੇ ਦੱਸਿਆ ਕਿ 786 ਕਿਲੋਗ੍ਰਾਮ ਹੈਰੋਇਨ ਤੋਂ ਇਲਾਵਾ, ਪੁਲਿਸ ਟੀਮਾਂ ਨੇ 301 ਕਿਲੋਗ੍ਰਾਮ ਅਫੀਮ, 158 ਕੁਇੰਟਲ ਭੁੱਕੀ, 11 ਕਿਲੋਗ੍ਰਾਮ ਚਰਸ, 300 ਕਿਲੋਗ੍ਰਾਮ ਗਾਂਜਾ, 2.9 ਕਿਲੋਗ੍ਰਾਮ ਆਈਸੀਈ, 27.99 ਲੱਖ ਨਸ਼ੀਲੀਆਂ ਗੋਲੀਆਂ/ਕੈਪਸੂਲ ਅਤੇ 11.58 ਕਰੋੜ ਰੁਪਏ ਦੀ ਡਰੱਗ ਮਨੀ ਵੀ ਜ਼ਬਤ ਕੀਤੀ ਹੈ।

122ਵੇਂ ਦਿਨ ਦੇ ਨਤੀਜਿਆਂ ਦੇ ਵੇਰਵੇ ਸਾਂਝੇ ਕਰਦਿਆਂ ਵਿਸ਼ੇਸ਼ ਡੀਜੀਪੀ ਨੇ ਕਿਹਾ ਕਿ ਪੰਜਾਬ ਪੁਲਿਸ ਨੇ 128 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਹੈ ਅਤੇ ਉਨ੍ਹਾਂ ਦੇ ਕਬਜ਼ੇ ਵਿੱਚੋਂ 4.1 ਕਿਲੋ ਹੈਰੋਇਨ, 3.5 ਕਿਲੋ ਅਫੀਮ, 10 ਕਿਲੋ ਭੁੱਕੀ, 13667 ਨਸ਼ੀਲੀਆਂ ਗੋਲੀਆਂ ਅਤੇ 1.25 ਲੱਖ ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ ਹੈ।

ਆਪਰੇਸ਼ਨ ਦੇ ਵੇਰਵੇ ਦਿੰਦਿਆਂ ਸਪੈਸ਼ਲ ਡੀਜੀਪੀ ਕਾਨੂੰਨ ਅਤੇ ਵਿਵਸਥਾ ਅਰਪਿਤ ਸ਼ੁਕਲਾ ਨੇ ਦੱਸਿਆ ਕਿ 87 ਗਜ਼ਟਿਡ ਅਧਿਕਾਰੀਆਂ ਦੀ ਨਿਗਰਾਨੀ ਹੇਠ 1300 ਤੋਂ ਵੱਧ ਪੁਲਿਸ ਕਰਮਚਾਰੀਆਂ ਦੀ ਸ਼ਮੂਲੀਅਤ ਵਾਲੀਆਂ 200 ਤੋਂ ਵੱਧ ਪੁਲਿਸ ਟੀਮਾਂ ਨੇ ਰਾਜ ਭਰ 'ਚ 418 ਥਾਵਾਂ 'ਤੇ ਛਾਪੇਮਾਰੀ ਕੀਤੀ, ਜਿਸ ਦੇ ਚੱਲਦਿਆਂ ਸੂਬੇ ਭਰ ਵਿੱਚ 92 ਐਫਆਈਆਰਜ਼ ਦਰਜ ਕੀਤੀਆਂ ਗਈਆਂ। ਉਨ੍ਹਾਂ ਅੱਗੇ ਕਿਹਾ ਕਿ ਦਿਨ ਭਰ ਚੱਲੇ ਇਸ ਆਪ੍ਰੇਸ਼ਨ ਦੌਰਾਨ ਪੁਲਿਸ ਟੀਮਾਂ ਨੇ 428 ਸ਼ੱਕੀ ਵਿਅਕਤੀਆਂ ਦੀ ਜਾਂਚ ਵੀ ਕੀਤੀ।

ਸਪੈਸ਼ਲ ਡੀਜੀਪੀ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਸੂਬੇ 'ਚੋਂ ਨਸ਼ਿਆਂ ਦੇ ਖਾਤਮੇ ਲਈ ਤਿੰਨ-ਪੱਖੀ ਰਣਨੀਤੀ - ਇਨਫੋਰਸਮੈਂਟ, ਡੀ-ਅਡਿਕਸ਼ਨ ਅਤੇ ਪ੍ਰੀਵੈਂਸ਼ਨ (ਈਡੀਪੀ) - ਲਾਗੂ ਕੀਤੀ ਗਈ ਹੈ ਅਤੇ ਪੰਜਾਬ ਪੁਲਿਸ ਨੇ ਇਸ ਰਣਨੀਤੀ ਦੇ ਹਿੱਸੇ ਵਜੋਂ 76 ਵਿਅਕਤੀਆਂ ਨੂੰ ਨਸ਼ਾ ਛੱਡਣ ਅਤੇ ਮੁੜ ਵਸੇਬੇ ਦਾ ਇਲਾਜ ਲੈਣ ਲਈ ਰਾਜ਼ੀ ਕੀਤਾ ਹੈ।

# ਸਿਹਤ ਮੰਤਰੀ ਨੇ ਰਾਸ਼ਟਰੀ ਡਾਕਟਰ ਦਿਵਸ ਮੌਕੇ ਇਸ ਅਹਿਮ ਪ੍ਰੋਜੈਕਟ ਦਾ ਕੀਤਾ ਸੂਬਾ ਪੱਧਰੀ ਵਿਸਥਾਰ

## ਜ਼ਿਲ੍ਹਾ ਅਤੇ ਤਹਿਸੀਲ ਪੱਧਰ ਦੇ ਸਾਰੇ ਸਰਕਾਰੀ ਹਸਪਤਾਲਾਂ ਵਿੱਚ 30 ਹਜ਼ਾਰ ਦੀ ਕੀਮਤ ਵਾਲਾ ਕਲਾਟ ਬਸਟਰ ਇੰਜੈਕਸ਼ਨ ਮੁਫਤ ਲਗਾਇਆ ਜਾਵੇਗਾ : ਡਾ. ਬਲਬੀਰ ਸਿੰਘ




ਚੰਡੀਗੜ੍ਹ, 1 ਜੁਲਾਈ, (ਚ.ਨ.ਸ.) : ਰਾਸ਼ਟਰੀ ਡਾਕਟਰ ਦਿਵਸ ਮੌਕੇ ਪੰਜਾਬ ਦੇ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਮੰਗਲਵਾਰ ਨੂੰ ਪੰਜਾਬ ਸਟੈਮੀ ਪ੍ਰੋਜੈਕਟ ਦਾ ਸੂਬਾਈ ਪੱਧਰ 'ਤੇ ਵਿਸਥਾਰ ਕਰਨ ਲਈ ਉਦਘਾਟਨ ਕੀਤਾ, ਇਸ ਪ੍ਰੋਜੈਕਟ ਨਾਲ 23 ਜ਼ਿਲ੍ਹਿਆਂ ਦੇ ਸਾਰੇ ਜ਼ਿਲ੍ਹਾ ਅਤੇ ਉਪ-ਮੰਡਲ ਹਸਪਤਾਲਾਂ ਨੂੰ ਦਿਲ ਦੇ ਦੌਰੇ ਦੀ ਸਥਿਤੀ ਦੌਰਾਨ ਮਰੀਜ਼ ਦੀ ਜਾਨ ਬਚਾਉਣ ਲਈ ਤੁਰੰਤ ਕਲਾਟ ਬਸਟਰ ਡਰੱਗ ਟੈਨੈਕਟੇਪਲੇਸ ਦੇ ਕੇ ਥਰੋਮੋਲਾਈਸਿਸ ਇਲਾਜ ਦੇਣ ਲਈ ਸਮਰੱਥ ਬਣਾਇਆ ਗਿਆ ਹੈ।

ਇਹ ਮਹੱਤਵਪੂਰਨ ਪਹਿਲ, ਜਿਸਨੂੰ ਮਿਸ਼ਨ ਅੰਮ੍ਰਿਤ (ਐਕਿਊਟ ਮਾਇਓਕਾਰਡੀਅਲ ਰੀਪਰਫਿਊਜ਼ਨ ਇਨ ਟਾਈਮ) ਵੀ ਕਿਹਾ ਜਾਂਦਾ ਹੈ, ਐਸਟੀ-ਸੈਗਮੈਂਟ ਐਲੀਵੇਟਿਡ ਮਾਇਓਕਾਰਡੀਅਲ ਇਨਫਾਰਕਸ਼ਨ (ਸਟੈਮੀ), ਜੋ ਕਿ ਦਿਲ ਦੇ ਦੌਰੇ ਦੀ ਸਭ ਤੋਂ ਗੰਭੀਰ ਕਿਸਮ ਹੈ, ਦਾ ਉਦੇਸ਼ ਮਰੀਜ਼ਾਂ ਨੂੰ ਉਸੇ ਸਮੇਂ ਇਲਾਜ ਮੁਹੱਈਆ ਕਰਵਾਉਣਾ ਹੈ।

ਡਾ. ਬਲਬੀਰ ਸਿੰਘ, ਜੋ ਸਿਹਤ ਵਿਭਾਗ ਦੇ ਪ੍ਰਮੁੱਖ ਸਕੱਤਰ ਕੁਮਾਰ ਰਾਹੁਲ ਅਤੇ ਦਿਆਨੰਦ ਮੈਡੀਕਲ ਕਾਲਜ ਤੇ ਹਸਪਤਾਲ ਦੇ ਕਾਰਡੀਆਲੋਜੀ ਵਿਭਾਗ ਦੇ ਮੁਖੀ ਡਾ. ਬਿਸ਼ਵ ਮੋਹਨ ਨਾਲ, ਇੱਥੇ ਪ੍ਰੋਜੈਕਟ ਦੀ ਸ਼ੁਰੂਆਤ ਕਰਨ ਪੁੱਜੇ ਸਨ, ਨੇ ਕਿਹਾ ਕਿ ਟੈਨੈਕਟੇਪਲੇਸ ਟੀਕਾ, ਜਿਸਦੀ ਕੀਮਤ ਲੱਗਭੱਗ 30,000 ਰੁਪਏ ਹੈ, ਇਸ ਪ੍ਰੋਜੈਕਟ ਤਹਿਤ ਮੁਫਤ ਉਪਲੱਬਧ ਕਰਵਾਇਆ ਜਾ ਰਿਹਾ ਹੈ। ਇਹ ਟੀਕਾ ਦਿਲ ਵਿੱਚ ਖੂਨ ਦੇ ਥੱਕਿਆਂ ਨੂੰ ਖੋਰਨ ਵਿੱਚ ਮੱਦਦ ਕਰਦਾ ਹੈ।

ਪਾਇਲਟ ਪ੍ਰੋਜੈਕਟ ਵਜੋਂ ਸਫਲ ਹੋਣ ਤੋਂ ਬਾਅਦ ਇਹ ਪ੍ਰੋਜੈਕਟ ਰਾਜ ਭਰ ਵਿੱਚ ਸ਼ੁਰੂ ਕੀਤਾ ਜਾ ਰਿਹਾ ਹੈ, ਪਹਿਲੋਂ ਇਹ ਸਿਰਫ਼ ਦੋ ਜ਼ਿਲ੍ਹਿਆਂ ਲੁਧਿਆਣਾ ਅਤੇ ਪਟਿਆਲਾ ਵਿੱਚ ਲਾਗੂ ਕੀਤਾ ਗਿਆ ਸੀ ਅਤੇ ਬਾਅਦ ਵਿੱਚ ਨੌਂ ਹੋਰ ਜ਼ਿਲ੍ਹਿਆਂ ਵਿੱਚ ਲਾਗੂ ਕਰ ਦਿੱਤਾ ਗਿਆ ਸੀ। ਸ਼ੁਰੂਆਤੀ ਪੜਾਅ ਵਿੱਚ, ਲੱਗਭੱਗ 14,000 ਛਾਤੀ ਵਿੱਚ ਦਰਦ ਵਾਲੇ ਮਰੀਜ਼ਾਂ ਨੂੰ ਦਾਖਲ ਕੀਤਾ ਗਿਆ ਅਤੇ 1305 ਸਟੈਮੀ ਮਰੀਜ਼ਾਂ ਦੀ ਪਛਾਣ ਕੀਤੀ ਗਈ, ਜਿਹਨਾਂ ਵਿੱਚੋਂ 583 ਮਰੀਜ਼ਾਂ ਨੂੰ ਜ਼ਿਲ੍ਹਾ ਸਿਹਤ ਸਹੂਲਤਾਂ ਤੇ ਥਰੋਮੋਬੋਲਾਈਸਿਸ ਦਾ ਇਲਾਜ ਮੁਹੱਈਆ ਕਰਵਾ ਕੇ ਉਹਨਾਂ ਦੀ ਜਾਨ ਬਚਾਈ ਗਈ।

ਪ੍ਰੋਜੈਕਟ ਦੀ ਅਹਿਮੀਅਤ ਅਤੇ ਲੋੜ ਬਾਰੇ ਬੋਲਦੇ ਹੋਏ ਡਾ. ਬਲਬੀਰ ਸਿੰਘ ਨੇ ਕਿਹਾ ਕਿ ਆਮ ਤੌਰ 'ਤੇ ਦੇਖਿਆ ਗਿਆ ਹੈ ਕਿ ਪੰਜਾਬ ਵਿੱਚ ਛਾਤੀ ਦੇ ਦਰਦ ਤੋਂ ਪੀੜਤ ਮਰੀਜ਼ਾਂ ਨੂੰ ਕਾਫ਼ੀ ਦੇਰੀ ਦਾ ਸਾਹਮਣਾ ਕਰਨਾ ਪੈਂਦਾ ਹੈ, ਅਕਸਰ ਲੱਛਣ ਸ਼ੁਰੂ ਹੋਣ ਤੋਂ ਲੱਗਭੱਗ 2-3 ਘੰਟੇ ਬਾਅਦ ਹੀ ਲੋਕ ਮੁੱਢਲੇ ਡਾਕਟਰੀ ਇਲਾਜ ਤੱਕ ਪਹੁੰਚ ਕਰਦੇ ਹਨ। ਬਹੁਤੇ ਸਥਾਨਕ ਹਸਪਤਾਲਾਂ ਅਤੇ ਨਰਸਿੰਗ ਹੋਮਾਂ ਵਿੱਚ ਸਟੈਮੀ ਲਈ ਤੁਰੰਤ ਨਿਦਾਨ ਅਤੇ ਇਲਾਜ ਸਮਰੱਥਾਵਾਂ ਦੀ ਘਾਟ ਹੁੰਦੀ ਹੈ, ਜਿਸਦੇ ਨਤੀਜੇ ਵਜੋਂ ਮਰੀਜ਼ ਨੂੰ ਅੱਗੇ ਟਰਾਂਸਫਰ ਕਰਨ ਵਿੱਚ ਹੋਰ ਦੇਰੀ ਹੋ ਜਾਂਦੀ ਹੈ। ਜਿਸ ਕਾਰਨ ਅਕਸਰ ਮਰੀਜ਼ ਮਹੱਤਵਪੂਰਨ ਥੈਰਪਿਊਟਿਕ ਵਿੰਡੋ ਪੀਰੀਅਡ ਜਾਂ ਗੋਲਡਨ ਆਵਰ ਦੌਰਾਨ ਥਰੋਮਬੋਲਾਈਸਿਸ (ਖੂਨ ਪ੍ਰਵਾਹ ਨੂੰ ਸੁਚਾਰੂ ਕਰਨ ਵਾਲੀ ਥੈਰੇਪੀ) ਤੋਂ ਵਾਂਝੇ ਰਹਿ ਜਾਂਦੇ ਹਨ।

ਸਟੈਮੀ ਪ੍ਰੋਜੈਕਟ ਬਾਰੇ ਹੋਰ ਵੇਰਵੇ ਸਾਂਝੇ ਕਰਦੇ ਹੋਏ, ਸਿਹਤ ਮੰਤਰੀ ਨੇ ਕਿਹਾ ਕਿ ਇਹ ਪ੍ਰੋਜੈਕਟ ਇੱਕ ਨਵੀਨਤਾਕਾਰੀ ਹੱਬ ਅਤੇ ਸਪੋਕ ਮਾਡਲ ਰਾਹੀਂ ਇਨ੍ਹਾਂ ਚੁਣੌਤੀਆਂ ਨੂੰ ਸਿੱਧੇ ਤੌਰ 'ਤੇ ਹੱਲ ਕਰਦਾ ਹੈ। ਜ਼ਿਲ੍ਹਾ ਅਤੇ ਸਬ-ਡਿਵੀਜ਼ਨਲ ਹਸਪਤਾਲ ਸਪੋਕ ਸੈਂਟਰਾਂ ਵਜੋਂ ਕੰਮ ਕਰਨਗੇ, ਜੋ ਸਟੈਮੀ ਮਰੀਜ਼ਾਂ ਦੇ ਸ਼ੁਰੂਆਤੀ ਨਿਦਾਨ ਅਤੇ ਪ੍ਰਬੰਧਨ ਨੂੰ ਸੰਭਾਲਣ ਲਈ ਲੈਸ ਹਨ। ਇਹ ਸਪੋਕ ਸੈਂਟਰ ਮਾਹਰ ਹੱਬ ਹਸਪਤਾਲਾਂ-ਜਿਸ ਵਿੱਚ ਮੌਜੂਦਾ ਦਿਆਨੰਦ ਮੈਡੀਕਲ ਕਾਲਜ ਤੇ ਹਸਪਤਾਲ ਲੁਧਿਆਣਾ ਅਤੇ ਜੀਐਮਸੀਐਚ-32 ਚੰਡੀਗੜ੍ਹ ਅਤੇ ਚਾਰ ਨਵੇਂ ਹੱਬ ਜਿਨ੍ਹਾਂ ਵਿੱਚ ਪਟਿਆਲਾ, ਫਰੀਦਕੋਟ, ਅੰਮ੍ਰਿਤਸਰ ਅਤੇ ਏਮਜ਼ ਬਠਿੰਡਾ ਦੇ ਸਰਕਾਰੀ ਮੈਡੀਕਲ ਕਾਲਜ ਸ਼ਾਮਲ ਹਨ, ਨਾਲ ਜੁੜੇ ਹਨ।

ਇਸ ਮੌਕੇ ਸਿਹਤ ਮੰਤਰੀ ਵੱਲੋਂ ਰਾਜ ਭਰ ਦੇ 12 ਡਾਕਟਰਾਂ, ਜਿਨ੍ਹਾਂ ਨੇ ਸਮੇਂ ਸਿਰ ਮਰੀਜ਼ਾਂ ਦਾ ਸਫਲਤਾਪੂਰਵਕ ਥਰੋਮੋਬਲਾਈਸਿਸ ਕੀਤਾ ਹੈ, ਨੂੰ ਸਨਮਾਨਿਤ ਕੀਤਾ ਗਿਆ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਰਾਜ ਸੂਚਨਾ ਕਮਿਸ਼ਨਰ ਐਡਵੋਕੇਟ ਹਰਪ੍ਰੀਤ ਸੰਧੂ, ਵਿਸ਼ੇਸ਼ ਸਕੱਤਰ ਸਿਹਤ-ਕਮ-ਐਮਡੀ ਐਨਐਚਐਮ ਘਨਸ਼ਿਆਮ ਥੋਰੀ, ਐਮਡੀ ਪੀਐਚਐਸਸੀ ਅਮਿਤ ਤਲਵਾੜ, ਡਾਇਰੈਕਟਰ ਸਿਹਤ ਤੇ ਪਰਿਵਾਰ ਭਲਾਈ ਡਾ. ਹਿਤਿੰਦਰ ਕੌਰ, ਡਾਇਰੈਕਟਰ ਈਐਸਆਈ ਡਾ. ਜਸਪ੍ਰੀਤ ਕੌਰ, ਡਾਇਰੈਕਟਰ ਪ੍ਰਿੰਸੀਪਲ ਏਮਜ਼ ਮੋਹਾਲੀ ਡਾ. ਭਵਨੀਤ ਭਾਰਤੀ, ਡਾ. ਭੁਪਿੰਦਰ ਸਿੰਘ, ਪ੍ਰੋਫੈਸਰ ਅਤੇ ਮੁਖੀ, ਕਾਰਡੀਓਲੋਜੀ, ਏਮਜ਼ ਬਠਿੰਡਾ; ਡਾ. ਪਰਮਿੰਦਰ ਸਿੰਘ ਮੰਘੇਰਾ, ਸਹਾਇਕ ਪ੍ਰੋਫੈਸਰ, ਕਾਰਡੀਓਲੋਜੀ, ਜੀਐਮਸੀ ਅੰਮ੍ਰਿਤਸਰ; ਡਾ. ਸੌਰਭ ਸ਼ਰਮਾ, ਸਹਾਇਕ ਪ੍ਰੋਫੈਸਰ, ਕਾਰਡੀਓਲੋਜੀ, ਜੀਐਮਸੀ ਪਟਿਆਲਾ, ਸਹਾਇਕ ਡਾਇਰੈਕਟਰ ਕਮ ਸਟੇਟ ਪ੍ਰੋਗਰਾਮ ਅਫਸਰ ਐਨਪੀ-ਐਨਸੀਡੀ ਡਾ. ਗਗਨਦੀਪ ਸਿੰਘ ਗਰੋਵਰ ਅਤੇ ਮੈਡੀਕਲ ਅਫਸਰ ਡਾ. ਆਸ਼ੂ ਵੀ ਮੌਜੂਦ ਸਨ।

# ਇੱਕ ਲੱਖ ਰੁਪਏ ਰਿਸ਼ਵਤ ਲੈਂਦਿਆਂ ਡੀ.ਐਸ.ਪੀ. ਦੇ ਰੀਡਰ ਨੂੰ ਵਿਜੀਲੈਂਸ ਬਿਊਰੋ ਨੇ ਕੀਤਾ ਰੰਗੇ ਹੱਥੀਂ ਕਾਬੂ



ਚੰਡੀਗੜ੍ਹ, 1 ਜੁਲਾਈ, (ਚ.ਨ.ਸ.) : ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਆਪਣੀ ਚੱਲ ਰਹੀ ਮੁਹਿੰਮ ਨੂੰ ਜਾਰੀ ਰੱਖਦੇ ਹੋਏ, ਪੰਜਾਬ ਵਿਜੀਲੈਂਸ ਬਿਊਰੋ ਨੇ ਸੋਮਵਾਰ ਨੂੰ ਬਠਿੰਡਾ ਜ਼ਿਲ੍ਹੇ ਵਿੱਚ ਡੀਐਸਪੀ ਭੁੱਚੋ ਦੇ ਨਿੱਜੀ ਸੁਰੱਖਿਆ ਅਧਿਕਾਰੀ (ਪੀ.ਐਸ.ਓ.) ਵਜੋਂ ਤਾਇਨਾਤ ਹੌਲਦਾਰ ਰਾਜ ਕੁਮਾਰ ਨੂੰ ਇੱਕ ਲੱਖ ਰੁਪਏ ਰਿਸ਼ਵਤ ਲੈਂਦੇ ਹੋਏ ਰੰਗੇ ਹੱਥੀਂ ਗ੍ਰਿਫਤਾਰ ਕੀਤਾ।

ਅੱਜ ਇੱਥੇ ਇਹ ਜਾਣਕਾਰੀ ਦਿੰਦਿਆਂ ਰਾਜ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਕਿਹਾ ਕਿ ਦੋਸ਼ੀ ਪੁਲਿਸ ਅਧਿਕਾਰੀ ਨੂੰ ਜ਼ਿਲ੍ਹਾ ਬਠਿੰਡਾ ਦੀ ਤਹਿਸੀਲ ਨਥਾਣਾ ਦੇ ਪਿੰਡ ਕਲਿਆਣ ਸੁੱਖਾ ਦੇ ਵਸਨੀਕ ਵੱਲੋਂ ਦਰਜ ਕਰਵਾਈ ਸਿਕਾਇਤ ਤੋਂ ਬਾਅਦ ਗ੍ਰਿਫ਼ਤਾਰ ਕੀਤਾ ਗਿਆ ਹੈ।

ਬੁਲਾਰੇ ਨੇ ਅੱਗੇ ਦੱਸਿਆ ਕਿ ਸ਼ਿਕਾਇਤਕਰਤਾ ਔਰਤ ਨੇ ਵਿਜੀਲੈਂਸ ਬਿਊਰੋ ਕੋਲ ਪਹੁੰਚ ਕਰਕੇ ਦੋਸ਼ ਲਗਾਇਆ ਕਿ ਖੇਤੀਬਾੜੀ ਵਾਲੀ ਜ਼ਮੀਨ ਦੇ ਵਿਵਾਦ ਕਾਰਨ ਵਿਰੋਧੀ ਧਿਰ ਨੇ ਉਸਦੇ ਪਤੀ ਅਤੇ ਉਸਦੇ ਦੋਵੇਂ ਪੁੱਤਰਾਂ ਵਿਰੁੱਧ ਥਾਣਾ ਨਥਾਣਾ ਵਿਖੇ ਝੂਠਾ ਕੇਸ ਦਰਜ ਕਰਵਾਇਆ ਸੀ, ਜਿਸਦੀ ਜਾਂਚ ਡੀਐਸਪੀ ਭੁੱਚੋ ਵੱਲੋਂ ਕੀਤੀ ਜਾ ਰਹੀ ਹੈ। ਇਸ ਤੋਂ ਬਾਅਦ, ਰਾਜ ਕੁਮਾਰ, ਰੀਡਰ, ਨੇ ਉਸਦੇ ਮੋਬਾਈਲ ਨੰਬਰ ਤੋਂ ਦੋ ਫੋਨ ਕੀਤੇ ਅਤੇ ਦੱਸਿਆ ਕਿ ਉਸਨੇ ਇਸ ਮੁੜ-ਜਾਂਚ ਕਰਨ ਲਈ ਡੀਐਸਪੀ ਨਾਲ ਗੱਲ ਕੀਤੀ ਹੈ ਅਤੇ ਰਿਪੋਰਟ 'ਤੇ ਸਿਰਫ਼ ਡੀਐਸਪੀ ਦੇ ਦਸਤਖਤ ਹੀ ਬਾਕੀ ਹਨ। ਕੇਸ ਨੂੰ ਰਫ਼ਾ-ਦਫ਼ਾ ਕਰਵਾਉਣ ਲਈ, ਉਸਨੇ 2 ਲੱਖ ਰੁਪਏ ਰਿਸ਼ਵਤ ਦੀ ਮੰਗ ਕੀਤੀ। ਦੋਸ਼ੀ ਰਾਜ ਕੁਮਾਰ ਨੇ ਸ਼ਿਕਾਇਤਕਰਤਾ ਨੂੰ ਕਿਹਾ ਕਿ ਪਹਿਲੀ ਕਿਸ਼ਤ ਵਜੋਂ ਤੁਰੰਤ ਇੱਕ ਲੱਖ ਰੁਪਏ ਦੇਵੇ ਤਾਂ ਜੋ ਉਹ ਆਪਣਾ ਕੰਮ ਸ਼ੁਰੂ ਕਰ ਸਕੇ। ਸ਼ਿਕਾਇਤਕਰਤਾ ਨੇ ਇਹ ਗੱਲਬਾਤ ਆਪਣੇ ਮੋਬਾਈਲ ਫੋਨ 'ਤੇ ਰਿਕਾਰਡ ਕਰ ਲਈ ਅਤੇ ਇਸਨੂੰ ਬਤੌਰ ਸਬੂਤ ਵਿਜੀਲੈਂਸ ਬਿਊਰੋ ਨੂੰ ਸੌਂਪ ਦਿੱਤਾ।

ਬੁਲਾਰੇ ਨੇ ਦੱਸਿਆ ਕਿ ਸ਼ਿਕਾਇਤ ਦੀ ਜਾਂਚ ਤੋਂ ਬਾਅਦ, ਬਠਿੰਡਾ ਰੇਂਜ ਦੀ ਵਿਜੀਲੈਂਸ ਬਿਊਰੋ ਟੀਮ ਨੇ ਹੌਲਦਾਰ ਰਾਜ ਕੁਮਾਰ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿੱਚ ਸ਼ਿਕਾਇਤਕਰਤਾ ਤੋਂ ਰਿਸ਼ਵਤ ਵਜੋਂ ਇੱਕ ਲੱਖ ਰੁਪਏ ਲੈਂਦੇ ਸਮੇਂ ਕਾਬੂ ਕਰ ਲਿਆ। ਮੌਕੇ 'ਤੇ ਉਸਦੇ ਕਬਜ਼ੇ ਵਿੱਚੋਂ ਹੀ ਰਿਸ਼ਵਤ ਦਾ ਪੈਸਾ ਬਰਾਮਦ ਕਰ ਲਿਆ ਗਿਆ ਹੈ।

ਇਸ ਸਬੰਧ ਵਿੱਚ ਵਿਜੀਲੈਂਸ ਬਿਊਰੋ ਪੁਲਿਸ ਥਾਣਾ ਬਠਿੰਡਾ ਰੇਂਜ ਵਿੱਚ ਦੋਸ਼ੀ ਵਿਰੁੱਧ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਦੀਆਂ ਸਬੰਧਤ ਧਾਰਾਵਾਂ ਤਹਿਤ ਕੇਸ ਦਰਜ ਕੀਤਾ ਗਿਆ ਹੈ। ਦੋਸ਼ੀ ਪੁਲਿਸ ਮੁਲਾਜ਼ਮ ਨੂੰ ਕੱਲ੍ਹ ਸਮਰੱਥ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ। ਬੁਲਾਰੇ ਨੇ ਕਿਹਾ ਕਿ ਮਾਮਲੇ ਦੀ ਅਗਲੇਰੀ ਜਾਂਚ ਦੌਰਾਨ, ਜੇਕਰ ਕਿਸੇ ਹੋਰ ਅਧਿਕਾਰੀ/ਕਰਮਚਾਰੀ ਦੀ ਸ਼ਮੂਲੀਅਤ ਸਾਹਮਣੇ ਆਉਂਦੀ ਹੈ, ਤਾਂ ਉਸਨੂੰ ਵੀ ਕੇਸ ਵਿੱਚ ਨਾਮਜ਼ਦ ਕੀਤਾ ਜਾਵੇਗਾ।

# 13000 ਰੁਪਏ ਰਿਸ਼ਵਤ ਲੈਂਦਾ ਬਲਾਕ ਅ.ਫ਼ਸਰ ਰੰਗੇ ਹੱਥੀਂ ਕਾਬੂ



ਚੰਡੀਗੜ੍ਹ 1 ਜੁਲਾਈ, (ਚ.ਨ.ਸ.) : ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਭ੍ਰਿਸ਼ਟਾਚਾਰ ਵਿਰੁੱਧ ਅਪਣਾਈ ਜ਼ੀਰੋ ਸਹਿਣਸ਼ੀਲਤਾ ਨੀਤੀ ਤਹਿਤ ਪੰਜਾਬ ਵਿਜੀਲੈਂਸ ਬਿਊਰੋ ਨੇ ਅੱਜ ਬਲਾਕ ਵਿਕਾਸ ਅਤੇ ਪੰਚਾਇਤ ਦਫ਼ਤਰ (ਬੀ.ਡੀ.ਪੀ.ਓ.) ਅੰਮ੍ਰਿਤਸਰ ਵਿਖੇ ਤਾਇਨਾਤ ਬਲਾਕ ਅਫ਼ਸਰ ਜਾਰਜ ਮਸੀਹ ਨੂੰ 13000 ਰੁਪਏ ਰਿਸ਼ਵਤ ਲੈਂਦਿਆਂ ਗ੍ਰਿਫ਼ਤਾਰ ਕੀਤਾ ਹੈ।

ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਰਾਜ ਵਿਜੀਲੈਂਸ ਬਿਊਰੋ ਦੇ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਉਕਤ ਮੁਲਜ਼ਮ ਨੂੰ ਪਿੰਡ ਬਕਰੌਰ, ਜ਼ਿਲ੍ਹਾ ਅੰਮ੍ਰਿਤਸਰ ਦੇ ਇੱਕ ਵਾਸੀ ਵੱਲੋਂ ਦਰਜ ਕਰਵਾਈ ਗਈ ਸ਼ਿਕਾਇਤ ਤੋਂ ਬਾਅਦ ਗ੍ਰਿਫ਼ਤਾਰ ਕੀਤਾ ਗਿਆ ਹੈ।

ਉਨ੍ਹਾਂ ਅੱਗੇ ਕਿਹਾ ਕਿ ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਕੋਲ ਪਹੁੰਚ ਕਰਕੇ ਦੋਸ਼ ਲਗਾਇਆ ਹੈ ਕਿ ਉਹ ਸਾਲ 2024 ਵਿੱਚ ਆਪਣੇ ਪਿੰਡ ਤੋਂ ਪੰਚਾਇਤੀ ਚੋਣਾਂ ਲੜਨਾ ਚਾਹੁੰਦਾ ਸੀ। ਪਰ ਅਜਿਹਾ ਨਾ ਕਰ ਸਕਿਆ, ਕਿਉਂਕਿ ਬਲਾਕ ਅਫ਼ਸਰ ਅਜਨਾਲਾ ਵੱਲੋਂ ਉਸਨੂੰ ਡਿਫ਼ਾਲਟਰ ਘੋਸ਼ਿਤ ਕਰਨ ਦਾ ਨੋਟਿਸ ਜਾਰੀ ਕੀਤਾ ਗਿਆ ਸੀ, ਜਿਸ ਵਿੱਚ ਕਿਹਾ ਗਿਆ ਸੀ ਕਿ ਉਸਨੇ 4 ਕਨਾਲ ਦੀ ਸਰਕਾਰੀ ਜ਼ਮੀਨ ਦੇ ਬਕਾਏ ਦਾ ਭੁਗਤਾਨ ਨਹੀਂ ਕੀਤਾ ਹੈ ਅਤੇ ਇਸ ਸਬੰਧੀ ਉਸ ਖਿਲਾਫ਼ ਐਫ਼.ਆਈ.ਆਰ. ਦਰਜ ਕੀਤੀ ਜਾਵੇਗੀ।

ਬੁਲਾਰੇ ਨੇ ਅੱਗੇ ਦੱਸਿਆ ਕਿ ਇਸ ਸ਼ਿਕਾਇਤ ਦੀ ਮੁੱਢਲੀ ਤਸਦੀਕ ਉਪਰੰਤ ਵਿਜੀਲੈਂਸ ਬਿਊਰੋ ਯੂਨਿਟ ਅੰਮ੍ਰਿਤਸਰ ਦੀ ਟੀਮ ਨੇ ਜਾਲ ਵਿਛਾ ਕੇ ਉਕਤ ਮੁਲਜ਼ਮ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿੱਚ ਸ਼ਿਕਾਇਤਕਰਤਾ ਤੋਂ 13000 ਰੁਪਏ ਰਿਸ਼ਵਤ ਲੈਂਦਿਆਂ ਕਾਬੂ ਕਰ ਲਿਆ।

ਇਸ ਸਬੰਧੀ ਵਿਜੀਲੈਂਸ ਬਿਊਰੋ ਥਾਣਾ ਅੰਮ੍ਰਿਤਸਰ ਰੇਂਜ ਵਿੱਚ ਮੁਲਜ਼ਮ ਵਿਰੁੱਧ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਕੇਸ ਦਰਜ ਕੀਤਾ ਗਿਆ ਹੈ। ਉਨ੍ਹਾਂ ਅੱਗੇ ਦੱਸਿਆ ਕਿ ਮੁਲਜ਼ਮ ਨੂੰ ਕੱਲ੍ਹ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ ਅਤੇ ਇਸ ਸਬੰਧੀ ਅਗਲੇਰੀ ਜਾਂਚ ਜਾਰੀ ਹੈ।

# ਮੋਹਿੰਦਰ ਭਗਤ ਵੱਲੋਂ ਅਧਿਕਾਰੀਆਂ ਨੂੰ ਸੂਬੇ ਭਰ ਦੇ ਸੈਨਿਕ ਰੈਸਟ ਹਾਊਸਾਂ ਦੇ ਨਵੀਨੀਕਰਨ ਦੇ ਕੰਮ ਵਿੱਚ ਤੇਜ਼ੀ ਲਿਆਉਣ ਦੇ ਨਿਰਦੇਸ਼



ਚੰਡੀਗੜ੍ਹ, 1 ਜੁਲਾਈ, (ਚ.ਨ.ਸ.) : ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ, ਪੰਜਾਬ ਸਰਕਾਰ ਸਾਬਕਾ ਸੈਨਿਕਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੀ ਭਲਾਈ ਲਈ ਤੇਜ਼ੀ ਨਾਲ ਕੰਮ ਕਰ ਰਹੀ ਹੈ। ਇਸ ਵਚਨਬੱਧਤਾ ਅਨੁਸਾਰ, ਰੱਖਿਆ ਸੇਵਾਵਾਂ ਭਲਾਈ ਮੰਤਰੀ ਸ੍ਰੀ ਮੋਹਿੰਦਰ ਭਗਤ ਨੇ ਪੰਜਾਬ ਸਿਵਲ ਸਕੱਤਰੇਤ, ਚੰਡੀਗੜ੍ਹ ਵਿਖੇ ਸੀਨੀਅਰ ਅਧਿਕਾਰੀਆਂ ਨਾਲ ਹੋਈ ਮੀਟਿੰਗ ਵਿੱਚ ਵਿਭਾਗ ਅਧੀਨ ਚੱਲ ਰਹੀਆਂ ਯੋਜਨਾਵਾਂ ਅਤੇ ਗਤੀਵਿਧੀਆਂ ਦੀ ਪ੍ਰਗਤੀ ਦਾ ਜਾਇਜ਼ਾ ਲਿਆ।

ਮੀਟਿੰਗ ਦੌਰਾਨ, ਰੱਖਿਆ ਸੇਵਾਵਾਂ ਭਲਾਈ ਵਿਭਾਗ ਦੇ ਡਾਇਰੈਕਟਰ ਬ੍ਰਿਗੇਡੀਅਰ ਭੁਪਿੰਦਰ ਸਿੰਘ ਢਿੱਲੋਂ (ਸੇਵਾਮੁਕਤ) ਨੇ ਮੰਤਰੀ ਨੂੰ ਸਾਬਕਾ ਸੈਨਿਕਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੀ ਭਲਾਈ ਲਈ ਵੱਖ-ਵੱਖ ਯੋਜਨਾਵਾਂ ਅਤੇ ਗਤੀਵਿਧੀਆਂ ਅਧੀਨ ਹੋਈ ਪ੍ਰਗਤੀ ਬਾਰੇ ਵਿਸਥਾਰ ਨਾਲ ਜਾਣੂੰ ਕਰਵਾਇਆ ਗਿਆ।

ਸ੍ਰੀ ਭਗਤ ਨੇ ਅਧਿਕਾਰੀਆਂ ਨੂੰ ਸਾਰੀਆਂ ਭਲਾਈ ਯੋਜਨਾਵਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਨੂੰ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸਾਬਕਾ ਸੈਨਿਕਾਂ ਅਤੇ ਉਨ੍ਹਾਂ ਦੇ ਆਸ਼ਰਿਤਾਂ ਨਾਲ ਸਬੰਧਤ ਸਾਰੇ ਕੰਮਾਂ ਨੂੰ ਵਧੇਰੇ ਤਰਜ਼ੀਹ ਦਿੱਤੀ ਜਾਣੀ ਚਾਹੀਦੀ ਹੈ।

ਮੰਤਰੀ ਨੇ ਵਿਭਾਗ ਨੂੰ ਸੂਬੇ ਭਰ ਦੇ ਸੈਨਿਕ ਰੈਸਟ ਹਾਊਸਾਂ ਦੇ ਨਵੀਨੀਕਰਨ ਦੇ ਕੰਮ ਵਿੱਚ ਤੇਜ਼ੀ ਲਿਆਉਣ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਕਿਹਾ ਕਿ ਇਸ ਮੰਤਵ ਲਈ ਫੰਡਾਂ ਦੀ ਘਾਟ ਨਹੀਂ ਆਉਣ ਦਿੱਤੀ ਜਾਵੇਗੀ। ਉਨ੍ਹਾਂ ਨੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਪੰਜਾਬ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਵੱਖ ਵੱਖ ਭਲਾਈ ਸਕੀਮਾਂ ਬਾਰੇ ਸਾਬਕਾ ਸੈਨਿਕਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਵੱਧ ਤੋਂ ਵੱਧ ਜਾਣੂ ਕਰਵਾਇਆ ਜਾਵੇ, ਤਾਂ ਜੋ ਉਹ ਇਨ੍ਹਾਂ ਸਕੀਮਾਂ ਦਾ ਪੂਰਾ ਲਾਭ ਲੈ ਸਕਣ। ਮੀਟਿੰਗ ਦੌਰਾਨ ਬ੍ਰਿਗੇਡੀਅਰ ਭੁਪਿੰਦਰ ਸਿੰਘ ਢਿੱਲੋਂ (ਸੇਵਾਮੁਕਤ) ਅਤੇ ਹੋਰ ਸੀਨੀਅਰ ਅਧਿਕਾਰੀ ਹਾਜ਼ਰ ਸਨ।

# ਡੇਰਾ ਰਾਧਾ ਸੁਆਮੀ ਵੱਲੋਂ ਪਿੰਡ ਵੜੈਚ ਦੇ ਗੁਰਦੁਆਰੇ ਨੂੰ ਨੇਸਤੋਨਬੂਦ ਹੋਣ ਤੋਂ ਰੋਕਿਆ ਜਾਵੇ : ਸਿਰਸਾ

ਅੰਮ੍ਰਿਤਸਰ, 1 ਜੁਲਾਈ, (ਗੁਰਦਿਆਲ ਸਿੰਘ) : ਡੇਰਾ ਬਾਬਾ ਰਾਧਾ ਸੁਆਮੀ ਦੇ ਮੁੱਖੀ ਬਾਬਾ ਗੁਰਿੰਦਰ ਸਿੰਘ ਵੱਲੋਂ ਬਾਬਾ ਜੀਵਨ ਸਿੰਘ ਦੇ ਗੁਰਦੁਆਰੇ ਨੂੰ ਤੋੜਨ ਲੈ ਕੇ ਲੋਕ ਭਲਾਈ ਇਨਸਾਫ ਵੈਲਫੇਅਰ ਦੇ ਪ੍ਰਧਾਨ ਬਲਦੇਵ ਸਿੰਘ ਸਿਰਸਾ ਨੇ ਜਥੇਦਾਰ ਅਕਾਲ ਤਖਤ ਭਾਈ ਕੁਲਦੀਪ ਸਿੰਘ ਗੜਗੱਜ ਨੂੰ ਇੱਕ ਪੱਤਰ ਦੇ ਕੇ ਮੰਗ ਕੀਤੀ, ਕਿ ਰੰਘਰੇਟੇ ਗੁਰੂ ਕੇ ਬੇਟੇ ਬਾਬਾ ਜੀਵਨ ਸਿੰਘ ਦੇ ਪਿੰਡ ਵੜੈਚ ਦੇ ਇਸ ਗੁਰਦੁਆਰੇ ਨੂੰ ਨੇਸਤੋਨਬੂਦ ਹੋਣ ਤੋਂ ਬਚਾਉਣ ਲਈ ਤੁਰੰਤ ਉਪਰਾਲੇ ਕੀਤੇ ਜਾਣ।

ਭਾਈ ਬਲਦੇਵ ਸਿੰਘ ਸਿਰਸਾ ਨੇ ਕਿਹਾ ਕਿ ਡੇਰਾ ਰਾਧਾ ਸੁਆਮੀ ਬਿਆਸ ਅੱਜ ਡੇਰੇ ਦੇ ਨਾਲ ਲੱਗਦੇ ਪਿੰਡਾਂ ਲਈ ਸਰਾਪ ਸਿੱਧ ਹੋ ਰਿਹਾ ਹੈ ਤੇ ਅਧਿਆਤਮਕਤਾ ਦੇ ਨਾਮ 'ਤੇ ਲੋਕਾਂ ਵਿੱਚ ਪਾਖੰਡ ਫੈਲਾਇਆ ਜਾ ਰਿਹਾ ਹੈ। ਉਹਨਾਂ ਜਥੇਦਾਰ ਅਕਾਲ ਤਖਤ ਨੂੰ ਸੁਚੇਤ ਕਰਦਿਆਂ ਦੱਸਿਆ ਕਿ ਡੇਰਾ ਮੁੱਖੀ ਕੋਈ ਸਧਾਰਨ ਵਿਅਕਤੀ ਨਹੀਂ ਸਗੋਂ ਮਾਫੀਆਂ ਦਾ ਸਰਗਨਾ ਹੈ, ਜਿਸ ਨੇ ਹੁਣ ਤੱਕ ਕਈ ਪਿੰਡਾਂ ਦੀਆਂ ਜਾਇਦਾਦਾਂ 'ਤੇ ਕਬਜ਼ੇ ਕੀਤੇ ਹਨ, ਤੇ ਲੋਕਾਂ ਨਾਲ ਜ਼ਕਰੀਆਂ ਖਾਂ ਵਾਂਗ ਧੱਕਾ ਕੀਤਾ ਜਾ ਰਿਹਾ ਹੈ। ਬਿਆਸ ਦਰਿਆ ਦੇ ਪਾਣੀ ਦਾ ਵਹਾਅ ਵੀ ਬਦਲ ਦਿੱਤਾ ਗਿਆ ਹੈ, ਤੇ ਲੋਕਾਂ ਦੀ ਹਜ਼ਾਰਾਂ ਏਕੜ ਜ਼ਮੀਨ ਬੁਰਦ ਏ ਦਰਿਆ ਕਰ ਦਿੱਤੀ ਗਈ ਹੈ। ਉਹਨਾਂ ਦੱਸਿਆ ਕਿ ਪਿਛਲੇ 15-16 ਸਾਲਾਂ ਤੋਂ ਲਗਾਤਾਰ ਲਿਖਤੀ ਪੱਤਰ, ਪ੍ਰਿੰਟ ਤੇ ਇਲੈਕਟਰੋਨਿਕ ਮੀਡੀਆਂ ਰਾਹੀ ਦੁਹਾਈ ਦੇਣ ਦੇ ਨਾਲ ਨਾਲ ਹਾਈਕੋਰਟ ਦਾ ਵੀ ਦਰਵਾਜਾ ਖੜਕਾਇਆ ਜਾ ਚੁੱਕਾ ਹੈ, ਪਰ ਕੋਈ ਇਨਸਾਫ ਨਹੀਂ ਮਿਲ ਰਿਹਾ। ਸਾਰੇ ਪ੍ਰਸ਼ਾਸ਼ਿਕ ਅਧਿਕਾਰੀ ਤੇ ਸਰਕਾਰੀ ਤੰਤਰ ਡੇਰੇ ਦੇ ਦਬਾਅ ਹੇਠ ਹਨ, ਤੇ ਕੋਈ ਵੀ ਕਾਰਵਾਈ ਕਰਨ ਦੇ ਸਮੱਰਥ ਨਹੀਂ ਹੈ। ਗੁਰਦੁਆਰਾ ਬਾਰੇ ਆਰ ਆਈ ਟੀ ਤਹਿਤ ਮੰਗੀ ਗਈ ਜਾਣਕਾਰੀ ਵੀ ਗਲਤ ਦਿੱਤੀ ਜਾਂਦੀ ਹੈ। ਇਸ ਗੁਰਦੁਆਰੇ ਨੂੰ ਹਟਾਉਣ ਤੇ ਢਾਹੁਣ ਦੀ ਜਾਣਕਾਰੀ ਸ਼੍ਰੋਮਣੀ ਕਮੇਟੀ ਨੂੰ ਵੀ ਹੈ। ਪਰ ਫਿਰ ਵੀ ਕੋਈ ਠੋਸ ਕਾਰਵਾਈ ਨਹੀ ਕੀਤੀ ਜਾ ਰਹੀ। ਉਹਨਾਂ ਕਿਹਾ ਕਿ ਇਲਾਕੇ ਦੇ ਲੋਕਾਂ ਵੱਲੋ ਇੱਕ ਵੱਡਾ ਇਕੱਠ ਕੀਤਾ ਜਾ ਰਿਹਾ ਹੈ, ਜਿਸ ਨੂੰ ਲੈ ਕੇ ਪ੍ਰਸ਼ਾਸਨ ਪੂਰੀ ਤਰ੍ਹਾਂ ਪੱਬਾਂ ਭਾਰ ਹੈ। ਪਰ ਮਸਲੇ ਦਾ ਕੋਈ ਹੱਲ ਨਹੀ ਕੀਤਾ ਜਾ ਰਿਹਾ ਹੈ। ਸਮੇਂ ਸਮੇਂ ਗੁਰਦੁਆਰਾ ਸਾਹਿਬ ਨੂੰ ਹਟਾਉਣ ਲਈ ਯਤਨ ਕੀਤੇ ਜਾਂਦੇ ਰਹੇ ਹਨ। ਪਰ ਸੰਗਤਾਂ ਦੇ ਵਿਰੋਧ ਕਾਰਨ ਗੁਰਦੁਆਰਾ ਸਾਹਿਬ ਦਾ ਬਚਾ ਹੋ ਜਾਂਦਾ ਰਿਹਾ ਹੈ। ਆਪ ਜੀ ਅੱਗੇ ਬੇਨਤੀ ਹੈ ਕਿ ਦਸਮ ਪਿਤਾ ਗੁਰੂ ਗੋਬਿੰਦ ਸਿੰਘ ਜੀ ਤੋਂ ਵਰਸੋਏ ਬਾਬਾ ਜੀਵਨ ਸਿੰਘ ਦੇ ਇਸ ਗੁਰਦੁਆਰੇ ਨੂੰ ਬਚਾਉਣ ਲਈ ਤੁਰੰਤ ਉਪਰਾਲੇ ਕੀਤੇ ਜਾਣ ਅਤੇ ਇਸ ਦੀ ਪੜਤਾਲ ਕਰਵਾ ਕੇ ਦੋਸ਼ੀਆਂ ਖਿਲਾਫ ਕਾਰਵਾਈ ਨੂੰ ਯਕੀਨੀ ਬਣਾਉਣ ਦੇ ਉਪਰਾਲੇ ਕੀਤੇ ਜਾਣ । ਡੇਰਾ ਰਾਧਾ ਸੁਆਮੀ ਦੀ ਗੁੰਡਗਰਦੀ ਨੂੰ ਰੋਕਿਆ ਜਾਵੇ। ਇਤਿਹਾਸਕ ਪਿੰਡ ਵੜੈਚ ਦੇ ਇਸ ਗੁਰਦੁਆਰੇ ਨੂੰ ਨੇਸਤੋਨਬੂਦ ਹੋਣ ਤੋਂ ਬਚਾਇਆ ਜਾਵੇ।

ਪਾਠਕ ਆਪਣੇ ਹਾਕਰ ਤੋਂ ਚੜ੍ਹਦੀਕਲਾ ਦੀ ਮੰਗ ਕਰਨ

ਚੜ੍ਹਦੀਕਲਾ ਪੜ੍ਹੋ !
ਚੜ੍ਹਦੀਕਲਾ ਵਿੱਚ ਰਹੋ !!

# ਸੁਪਰੀਮ ਕੋਰਟ ਦੇ ਮੁਲਾਜ਼ਮਾਂ ਲਈ ਰਾਖਵਾਂਕਰਨ ਸ਼ੁਰੂ

ਚੰਡੀਗੜ੍ਹ, 1 ਜੁਲਾਈ, (ਚ.ਨ.ਸ.) : ਸੁਪਰੀਮ ਕੋਰਟ ਨੇ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਜਨਜਾਤੀਆਂ ਨਾਲ ਸਬੰਧਤ ਅਪਣੇ ਕਰਮਚਾਰੀਆਂ ਦੀ ਸਿੱਧੀ ਨਿਯੁਕਤੀ ਅਤੇ ਤਰੱਕੀ ਲਈ ਪਹਿਲੀ ਵਾਰ ਰਸਮੀ ਰਾਖਵਾਂਕਰਨ ਨੀਤੀ ਪੇਸ਼ ਕੀਤੀ ਹੈ। ਸੁਪਰੀਮ ਕੋਰਟ ਦੇ ਸਾਰੇ ਕਰਮਚਾਰੀਆਂ ਨੂੰ 24 ਜੂਨ ਨੂੰ ਜਾਰੀ ਇਕ ਸਰਕੂਲਰ ਵਿਚ ਇਸ ਫੈਸਲੇ ਬਾਰੇ ਸੂਚਿਤ ਕੀਤਾ ਗਿਆ ਸੀ। ਸਮਰੱਥ ਅਥਾਰਟੀ ਦੇ ਹੁਕਮਾਂ ਅਨੁਸਾਰ, ਇਹ ਸਾਰੇ ਸਬੰਧਤਾਂ ਦੀ ਜਾਣਕਾਰੀ ਲਈ ਸੂਚਿਤ ਕਰਨਾ ਹੈ ਕਿ ਮਾਡਲ ਰਿਜ਼ਰਵੇਸ਼ਨ ਰੋਸਟਰ ਅਤੇ ਰਜਿਸਟਰ ਨੂੰ ਸੁਪਨੇਟ (ਅੰਦਰੂਨੀ ਈਮੇਲ ਨੈੱਵਰਕ) ਉੱਤੇ ਅਪਲੋਡ ਕੀਤਾ ਗਿਆ ਹੈ ਅਤੇ ਇਸ ਨੂੰ 23 ਜੂਨ, 2025 ਤੋਂ ਲਾਗੂ ਕੀਤਾ ਗਿਆ ਹੈ। ਸਰਕੂਲਰ ਵਿਚ ਅੱਗੇ ਕਿਹਾ ਗਿਆ ਹੈ ਕਿ ਜੇਕਰ ਕਿਸੇ ਸਟਾਫ ਮੈਂਬਰ ਵੱਲੋਂ ਰੋਸਟਰ ਜਾਂ ਰਜਿਸਟਰ ਵਿਚ ਗਲਤੀਆਂ ਜਾਂ ਗਲਤੀਆਂ ਬਾਰੇ ਇਤਰਾਜ਼/ਨੁਮਾਇੰਦਗੀ ਕੀਤੀ ਜਾਂਦੀ ਹੈ ਤਾਂ ਉਹ ਇਸ ਬਾਰੇ ਰਜਿਸਟਰਾਰ (ਭਰਤੀ) ਨੂੰ ਸੂਚਿਤ ਕਰ ਸਕਦੇ ਹਨ। ਸਰਕੂਲਰ ਅਤੇ ਮਾਡਲ ਰੋਸਟਰ ਦੇ ਅਨੁਸਾਰ, ਸੁਪਰੀਮ ਕੋਰਟ ਦੇ ਕਰਮਚਾਰੀਆਂ ਨੂੰ ਤਰੱਕੀ ਵਿਚ 15 ਫ਼ੀ ਸਦੀ ਅਤੇ ਐਸ.ਟੀ. ਕਰਮਚਾਰੀਆਂ ਨੂੰ 7.5 ਫ਼ੀ ਸਦੀ ਕੋਟਾ ਮਿਲੇਗਾ। ਨੀਤੀ ਅਨੁਸਾਰ, ਕੋਟੇ ਦਾ ਲਾਭ ਰਜਿਸਟਰਾਰਾਂ, ਸੀਨੀਅਰ ਨਿੱਜੀ ਸਹਾਇਕਾਂ, ਸਹਾਇਕ ਲਾਇਬ੍ਰੇਰੀਅਨਾਂ, ਜੂਨੀਅਰ ਕੋਰਟ ਸਹਾਇਕਾਂ ਅਤੇ ਚੈਂਬਰ ਅਟੈਂਡੈਂਟਾਂ ਨੂੰ ਉਪਲੱਬਧ ਹੋਵੇਗਾ।

# ਉਡੀਕ ਖ਼ਤਮ ! ਆਦਮਪੁਰ ਤੋਂ ਮੁੰਬਈ ਫਲਾਈਟ ਅੱਜ ਤੋਂ ਸ਼ੁਰੂ, ਸ੍ਰੀ ਹਜ਼ੂਰ ਸਾਹਿਬ ਪਹੁੰਚਣਾ ਹੋਵੇਗਾ ਸੌਖਾ




ਆਦਮਪੁਰ, 1 ਜੁਲਾਈ, (ਚ.ਨ.ਸ.) : ਪੰਜਾਬ ਦੇ ਸਿੱਖ ਸ਼ਰਧਾਲੂਆਂ ਲਈ ਖੁਸ਼ਖਬਰੀ ਹੈ। ਇੰਡੀਗੋ ਏਅਰਲਾਈਨਜ਼ ਕੱਲ੍ਹ, ਯਾਨੀ 2 ਜੁਲਾਈ ਤੋਂ ਆਦਮਪੁਰ (ਜਲੰਧਰ) ਅਤੇ ਮੁੰਬਈ ਵਿਚਕਾਰ ਸਿੱਧੀ ਉਡਾਣ ਸੇਵਾ ਸ਼ੁਰੂ ਕਰਨ ਜਾ ਰਹੀ ਹੈ। ਇਸ ਨਵੀਂ ਸੇਵਾ ਨੂੰ ਪੰਜਾਬ ਦੇ ਲੋਕਾਂ, ਖਾਸ ਕਰਕੇ ਸਿੱਖ ਸੰਗਤ ਲਈ ਇੱਕ ਮਹੱਤਵਪੂਰਨ ਕਦਮ ਮੰਨਿਆ ਜਾ ਰਿਹਾ ਹੈ। ਕਿਉਂਕਿ ਹੁਣ ਸਿੱਖ ਸੰਗਤ ਪੰਜਾਬ ਤੋਂ ਸਿੱਧੀ ਉਡਾਣ ਲੈ ਕੇ ਮੁੰਬਈ ਜਾ ਸਕਦੀ ਹੈ। ਉੱਥੋਂ ਸਿੱਖ ਸੰਗਤ ਆਸਾਨੀ ਨਾਲ ਤਖ਼ਤ ਸ੍ਰੀ ਹਜ਼ੂਰ ਸਾਹਿਬ ਵਿਖੇ ਮੱਥਾ ਟੇਕ ਸਕੇਗੀ। ਰਾਜ ਸਭਾ ਮੈਂਬਰ ਸਤਨਾਮ ਸਿੰਘ ਸੰਧੂ ਨੇ ਕਿਹਾ ਕਿ ਇਹ ਸਿਰਫ਼ ਇੱਕ ਨਵੀਂ ਉਡਾਣ ਨਹੀਂ ਹੈ, ਸਗੋਂ ਇਹ ਸਿੱਖ ਸ਼ਰਧਾਲੂਆਂ ਦੀ ਸਾਲਾਂ ਪੁਰਾਣੀ ਮੰਗ ਨੂੰ ਪੂਰਾ ਕਰਨ ਵਾਲਾ ਇੱਕ ਇਤਿਹਾਸਕ ਫੈਸਲਾ ਹੈ। ਪਹਿਲਾਂ, ਪੰਜਾਬ ਤੋਂ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ (ਨਾਂਦੇੜ) ਪਹੁੰਚਣਾ ਖਾਸ ਕਰਕੇ ਬਜ਼ੁਰਗ ਸ਼ਰਧਾਲੂਆਂ ਲਈ ਬਹੁਤ ਮੁਸ਼ਕਲ ਸੀ, ਕਿਉਂਕਿ ਇੱਥੋਂ ਕੋਈ ਸਿੱਧੀ ਹਵਾਈ ਸੇਵਾ ਉਪਲੱਬਧ ਨਹੀਂ ਸੀ। ਉਨ੍ਹਾਂ ਕਿਹਾ ਕਿ ਉਡਾਣ ਵਰਗੀਆਂ ਯੋਜਨਾਵਾਂ ਇਹ ਸਪੱਸ਼ਟ ਕਰਦੀਆਂ ਹਨ ਕਿ ਕੇਂਦਰ ਸਰਕਾਰ ਸਿੱਖ ਭਾਈਚਾਰੇ ਦੀਆਂ ਭਾਵਨਾਵਾਂ ਦਾ ਪੂਰੀ ਤਰ੍ਹਾਂ ਸਤਿਕਾਰ ਕਰਦੀ ਹੈ। ਇਹ ਉਡਾਣ ਲੱਗਭੱਗ ਢਾਈ ਘੰਟੇ ਦੀ ਹੋਵੇਗੀ, ਜੋ ਕਿ ਜਲੰਧਰ ਦੇ ਆਦਮਪੁਰ ਹਵਾਈ ਅੱਡੇ ਤੋਂ ਦੁਪਹਿਰ 3:30 ਵਜੇ ਦੇ ਕਰੀਬ ਰਵਾਨਾ ਹੋਵੇਗਾ ਅਤੇ ਸ਼ਾਮ 6 ਵਜੇ ਮੁੰਬਈ ਪਹੁੰਚੇਗੀ। ਉਡਾਣ ਦਾ ਸਮਾਂ ਹਰ ਰੋਜ਼ ਇੱਕੋ ਜਿਹਾ ਹੋਵੇਗਾ। ਤੁਹਾਨੂੰ ਦੱਸ ਦੇਈਏ ਕਿ ਆਦਮਪੁਰ ਤੋਂ ਨਾਂਦੇੜ ਸਾਹਿਬ ਲਈ ਉਡਾਣਾਂ ਪਹਿਲਾਂ ਹੀ ਸ਼ੁਰੂ ਹੋ ਚੁੱਕੀਆਂ ਸਨ ਅਤੇ ਹੁਣ ਆਦਮਪੁਰ ਤੋਂ ਮੁੰਬਈ ਲਈ ਇਹ ਨਵੀਂ ਸਿੱਧੀ ਉਡਾਣ ਸਿੱਖ ਭਾਈਚਾਰੇ ਲਈ ਇੱਕ ਹੋਰ ਵੱਡਾ ਤੋਹਫ਼ਾ ਹੈ, ਜੋ ਮੁੰਬਈ ਤੋਂ ਨਾਂਦੇੜ ਜਾਂ ਹੋਰ ਥਾਵਾਂ 'ਤੇ ਹੋਰ ਯਾਤਰਾ ਕਰ ਸਕਦੇ ਹਨ। ਰਾਜ ਸਭਾ ਮੈਂਬਰ ਸੰਧੂ ਨੇ ਕਿਹਾ ਕਿ ਇਸ ਉਡਾਣ ਦਾ ਉਦੇਸ਼ ਸਿਰਫ਼ ਧਾਰਮਿਕ ਦ੍ਰਿਸ਼ਟੀਕੋਣ ਤੋਂ ਹੀ ਨਹੀਂ ਹੈ। ਸਗੋਂ ਇਹ ਕੇਂਦਰ ਸਰਕਾਰ ਦੀ 'ਉਡਾਣ' ਯੋਜਨਾ ਤਹਿਤ ਦੇਸ਼ ਦੇ ਛੋਟੇ ਸ਼ਹਿਰਾਂ ਨੂੰ ਹਵਾਈ ਨੈੱਟਵਰਕ ਨਾਲ ਜੋੜਨ ਦੇ ਵਿਆਪਕ ਟੀਚੇ ਦਾ ਵੀ ਹਿੱਸਾ ਹੈ। ਇਹ ਪੰਜਾਬ ਦੇ ਲੋਕਾਂ ਲਈ ਇੱਕ ਵਧੀਆ ਪਹਿਲ ਹੈ, ਜੋ ਸੂਬੇ ਦੀ ਹਵਾਈ ਸੰਪਰਕ ਨੂੰ ਹੋਰ ਮਜ਼ਬੂਤ ਕਰੇਗਾ।

## ਸੰਪਾਦਕੀ

# ਦੁਨੀਆਂ ਦਾ ਅੰਨ ਸੰਕਟ

ਸੰਸਾਰ ਵਿੱਚ 25 ਮਿਲੀਅਨ ਲੋਕ ਗੰਭੀਰ ਖੁਰਾਕ ਸੰਕਟ ਦਾ ਸਾਹਮਣਾ ਕਰ ਰਹੇ ਹਨ। ਇੰਟਰਨੈਸ਼ਨਲ ਫੂਡ ਪਾਲਿਸੀ ਰਿਸਰਚ ਇੰਸਟੀਚਿਊਟ ਵੱਲੋਂ ਜਾਰੀ ਗਲੋਬਲ ਫੂਡ ਪਾਲਿਸੀ ਰਿਪੋਰਟ ਵਿੱਚ ਚਿੰਤਾ ਪ੍ਰਗਟਾਈ ਗਈ ਹੈ ਕਿ 2050 ਤੱਕ ਕਰੀਬ 7.20 ਕਰੋੜ ਲੋਕਾਂ ਦੇ ਭੋਜਨ ਸੰਕਟ ਕਾਰਨ ਕੁਪੋਸ਼ਣ ਦਾ ਸ਼ਿਕਾਰ ਹੋਣ ਦੀ ਸੰਭਾਵਨਾ ਹੈ। ਇਸ ਦੇ ਲਈ ਸੰਸਥਾ ਨੇ ਦੁਨੀਆ ਦੇ ਸਾਰੇ ਦੇਸ਼ਾਂ ਨੂੰ ਸਮਾਜਿਕ ਸੁਰੱਖਿਆ ਪ੍ਰਣਾਲੀ ਵਿਕਸਿਤ ਕਰਨ ਲਈ ਤੁਰੰਤ ਸਰਗਰਮ ਹੋਣ ਦੀ ਲੋੜ ਦੱਸੀ ਹੈ। ਇਹ ਇੱਕ ਅਨੁਕੂਲ, ਸਮਾਵੇਸ਼ੀ ਅਤੇ ਲਚਕਦਾਰ ਪਹੁੰਚ ਦੀ ਮੰਗ ਕਰਦਾ ਹੈ ਤਾਂ ਜੋ ਸੰਕਟ ਦੀ ਸਥਿਤੀ ਵਿੱਚ ਇਸਨੂੰ ਜਲਦੀ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕੀਤਾ ਜਾ ਸਕੇ। ਜਲਵਾਯੂ ਪਰਿਵਰਤਨ ਦਾ ਸਭ ਤੋਂ ਮਾੜਾ ਅਸਰ ਖੇਤੀ ’ਤੇ ਪਿਆ ਹੈ। ਖੇਤੀ ਉਤਪਾਦਨ ਵਿੱਚ ਗਿਰਾਵਟ ਆਈ ਹੈ। ਕਿਤੇ ਜ਼ਿਆਦਾ ਮੀਂਹ ਪੈਣ ਕਾਰਨ ਅਤੇ ਕਿਤੇ ਸੋਕੇ ਕਾਰਨ ਫਸਲਾਂ ਵੱਡੇ ਪੱਧਰ ’ਤੇ ਬਰਬਾਦ ਹੋ ਜਾਂਦੀਆਂ ਹਨ। ਇਸੇ ਲਈ ਖਾਸ ਕਰਕੇ ਵਿਕਾਸਸ਼ੀਲ ਅਤੇ ਗਰੀਬ ਦੇਸ਼ਾਂ ਵਿੱਚ, ਖੁਰਾਕ ਸੁਰੱਖਿਆ ਨੂੰ ਲੈ ਕੇ ਚਿੰਤਾ ਹੋਰ ਡੂੰਘੀ ਹੁੰਦੀ ਜਾ ਰਹੀ ਹੈ। ਭਾਰਤ ਦੇ ਸਾਹਮਣੇ ਸੰਕਟ ਕਈ ਕਾਰਨਾਂ ਕਰਕੇ ਵੱਡਾ ਹੈ। ਸਭ ਤੋਂ ਪਹਿਲਾਂ, ਇਹ ਆਬਾਦੀ ਦੇ ਲਿਹਾਜ਼ ਨਾਲ ਦੁਨੀਆ ਦਾ ਸਭ ਤੋਂ ਵੱਡਾ ਦੇਸ਼ ਬਣ ਗਿਆ ਹੈ। ਦੂਜੇ ਪਾਸੇ ਖੇਤੀ ਉਤਪਾਦਨ ਵਿੱਚ ਕਮੀ ਆ ਰਹੀ ਹੈ। ਭਾਵੇਂ ਭਾਰਤ ਅਨਾਜ ਦੇ ਮਾਮਲੇ ਵਿੱਚ ਆਤਮ-ਨਿਰਭਰ ਹੈ ਪਰ ਜਿਸ ਤਰ੍ਹਾਂ ਉਤਪਾਦਨ ਘਟਦਾ ਜਾ ਰਿਹਾ ਹੈ ਅਤੇ ਜੋ ਉਤਪਾਦਨ ਹੁੰਦਾ ਹੈ, ਉਸ ਨੂੰ ਪੂਰੀ ਤਰ੍ਹਾਂ ਸੁਰੱਖਿਅਤ ਢੰਗ ਨਾਲ ਸੰਭਾਲਿਆ ਨਹੀਂ ਜਾ ਰਿਹਾ ਹੈ, ਇਸ ਲਈ ਲੰਬੇ ਸਮੇਂ ਤੋਂ ਖੁਰਾਕ ਸੁਰੱਖਿਆ ਕਾਨੂੰਨ ਦੀ ਪਾਲਣਾ ਕਰਨਾ ਇੱਕ ਚੁਣੌਤੀ ਬਣ ਰਿਹਾ ਹੈ। ਰੁਜ਼ਗਾਰ ਦੇ ਅਜਿਹੇ ਕੋਈ ਸਾਧਨ ਨਹੀਂ ਹਨ ਕਿ ਉਹ ਆਪਣੀ ਰੋਟੀ ਦਾ ਜੁਗਾੜ ਕਰ ਸਕਣ। ਇਸ ਤਰ੍ਹਾਂ ਇਸ ਆਬਾਦੀ ਵਿੱਚ ਕੁਪੋਸ਼ਣ ਦੀ ਗੰਭੀਰ ਸਮੱਸਿਆ ਹੈ। ਵਰਲਡ ਹੈਲਥ ਆਰਗੇਨਾਈਜ਼ੇਸ਼ਨ ਦੇ ਅੰਕੜਿਆਂ ਅਨੁਸਾਰ, ਭਾਰਤ ਵਿੱਚ ਦੁਨੀਆ ਦੇ ਕਿਸੇ ਵੀ ਹੋਰ ਦੇਸ਼ ਨਾਲੋਂ ਵੱਧ ਕੁਪੋਸ਼ਿਤ ਬੱਚੇ ਹਨ। ਪੋਸ਼ਣ ਦੀ ਗਾਰੰਟੀ ਸਿਰਫ਼ ਇਸ ਲਈ ਨਹੀਂ ਦਿੱਤੀ ਜਾ ਸਕਦੀ ਕਿਉਂਕਿ ਅਨਾਜ ਦਾ ਇੱਕ ਜਾਂ ਦੋ ਵਾਰ ਪੇਟ ਭਰਨ ਲਈ ਪ੍ਰਬੰਧ ਕੀਤਾ ਜਾਂਦਾ ਹੈ। ਸਹੀ ਪੋਸ਼ਣ ਲਈ ਫਲ, ਦੁੱਧ, ਸਬਜ਼ੀਆਂ ਆਦਿ ਦੀ ਲੋੜੀਂਦੀ ਉਪਲਬਧਤਾ ਵੀ ਜ਼ਰੂਰੀ ਹੈ। ਇਸ ਲਈ ਕੋਈ ਸਰਕਾਰੀ ਪ੍ਰਬੰਧ ਨਹੀਂ ਹੈ। ਅਜਿਹੇ ’ਚ ਇੱਥੇ ਕੁਪੋਸ਼ਣ ਦੀ ਸਮੱਸਿਆ ਹੋਰ ਵਧਣ ਦੀ ਸੰਭਾਵਨਾ ਹੈ ਪਰ ਭਾਰਤੀ ਖੇਤੀ ਨੀਤੀ ਅਤੇ ਖੇਤੀ ਖੇਤਰ ਲਈ ਬਜਟ ਦੀ ਵੰਡ ਨੂੰ ਦੇਖ ਕੇ ਲੱਗਦਾ ਹੈ ਕਿ ਸਰਕਾਰ ਇਸ ਸੰਕਟ ਪ੍ਰਤੀ ਗੰਭੀਰ ਨਹੀਂ ਹੈ। ਪਿਛਲੇ ਸਾਲ ਗਰਮੀਆਂ ਦਾ ਮੌਸਮ ਸਮੇਂ ਤੋਂ ਪਹਿਲਾਂ ਸ਼ੁਰੂ ਹੋ ਗਿਆ ਸੀ, ਇਸ ਲਈ ਕਣਕ ਦੇ ਦਾਣੇ ਸੁੰਗੜ ਗਏ ਸਨ। ਦਾਲਾਂ ਅਤੇ ਤੇਲ ਬੀਜਾਂ ਦੇ ਉਤਪਾਦਨ ’ਤੇ ਮਾੜਾ ਪ੍ਰਭਾਵ ਦਿਖਾਈ ਦੇਣ ਲੱਗਾ। ਸਭ ਤੋਂ ਕਮਜ਼ੋਰ ਪਹਿਲੂ ਸਟੋਰੇਜ ਹੈ। ਪਹਿਲਾਂ ਤਾਂ ਸਰਕਾਰੀ ਖਰੀਦ ਮਿੱਥੇ ਟੀਚੇ ਨੂੰ ਪੂਰਾ ਨਹੀਂ ਕਰਦੀ, ਫਿਰ ਅਨਾਜ ਨੂੰ ਪਲਾਸਟਿਕ ਆਦਿ ਨਾਲ ਢੱਕ ਕੇ ਖੁੱਲ੍ਹੇ ਵਿਚ ਰੱਖਿਆ ਜਾਂਦਾ ਹੈ ਅਤੇ ਬੇਮੌਸਮੀ ਜਾਂ ਜ਼ਿਆਦਾ ਮੀਂਹ ਪੈਣ ਕਾਰਨ ਹਰ ਸਾਲ ਬਹੁਤ ਸਾਰਾ ਅਨਾਜ ਬਰਬਾਦ ਹੋ ਜਾਂਦਾ ਹੈ। ਨਵੇਂ ਗੋਦਾਮਾਂ ਨੂੰ ਬਣਾਉਣ ਵੱਲ ਕੋਈ ਧਿਆਨ ਨਹੀਂ ਦਿੱਤਾ ਜਾ ਰਿਹਾ ਅਤੇ ਪੁਰਾਣੇ ਗੋਦਾਮਾਂ ਦੀ ਮੁਰੰਮਤ ਵਿੱਚ ਕੋਈ ਦਿਲਚਸਪੀ ਨਹੀਂ ਦਿਖਾਈ ਜਾ ਰਹੀ ਹੈ। ਅਜਿਹੀ ਸਥਿਤੀ ਵਿੱਚ ਅਨਾਜ ਦੀ ਜਨਤਕ ਵੰਡ ਪ੍ਰਣਾਲੀ ਅਕਸਰ ਹੇਰ-ਫੇਰੀ ਹੁੰਦੀ ਨਜ਼ਰ ਆ ਰਹੀ ਹੈ। ਲਾਭਪਾਤਰੀਆਂ ਨੂੰ ਅਨਾਜ ਮੁਹੱਈਆ ਕਰਵਾਇਆ ਜਾਂਦਾ ਹੈ, ਇਸ ਦੀ ਗੁਣਵੱਤਾ ਸਿਹਤ ਦੇ ਨਜ਼ਰੀਏ ਤੋਂ ਚੰਗੀ ਨਹੀਂ ਮੰਨੀ ਜਾਂਦੀ। ਇਸ ਲਈ ਵਿਸ਼ਵ ਵਿੱਚ ਆ ਰਹੇ ਖੁਰਾਕ ਸੰਕਟ ਦੇ ਮੱਦੇਨਜ਼ਰ ਭਾਰਤ ਨੂੰ ਵਧੇਰੇ ਸੁਚੇਤ ਰਹਿਣ ਦੀ ਲੋੜ ਹੈ।

-ਜਗਜੀਤ ਸਿੰਘ ਦਰਦੀ

# ਕੀ ਬਦਲ ਜਾਵੇਗੀ ਭਵਿੱਖ ਦੀਆਂ ਉਮੀਦਾਂ ਵਿੱਚ ਪੰਜਾਬ ਦੀ ਤਸਵੀਰ



ਪ੍ਰੋ. ਡਾ. ਕ੍ਰਿਸ਼ਨ ਕੁਮਾਰ ਰੱਤੂ
ਮੋ: 9478730156
ਉਘੇ ਲੇਖਕ ਤੇ ਮੀਡੀਆ ਵਿਸ਼ਲੇਸ਼ਕ

ਪੰਜਾਬ, ਜੋ ਗੁਰੂਆਂ ਦੀ ਵਰੋਸਾਈ ਹੋਈ ਪੰਜ ਦਰਿਆਵਾਂ ਦੀ ਉਹ ਪਵਿੱਤਰ ਧਰਤੀ ਹੈ ਜਿੱਥੇ ਵੇਦ ਉਪਨਿਸ਼ਦ, ਮਹਾਂਭਾਰਤ ਤੇ ਕੀ ਕੁੱਝ ਨਹੀਂ ਹੋਇਆ ਹੈ ਇਸ ਧਰਤੀ ’ਤੇ। ਇਹ ਭਾਗਾਂ ਵਾਲੀ ਧਰਤੀ ’ਤੇ ਦੁਨੀਆਂ ਦੇ ਸਭ ਤੋਂ ਜਰਖੇਜ਼ ਜਲਵਾਯੂ ਨਾਲ ਓਤ ਪਰੋਤ ਧਰਤੀ ਅੱਜ ਸਦੀਆਂ ਬਾਅਦ ਕਿੱਥੇ ਪਹੁੰਚ ਗਈ ਹੈ। ਵਿਸ਼ੇਸ਼ਕਰ ਭਾਰਤ ਦੀ ਆਜ਼ਾਦੀ ਤੋਂ ਬਾਅਦ ਪੰਜਾਬ ਅੱਜ ਕਿੱਥੇ ਹੈ। ਅੱਜ ਪੰਜਾਬ ਦੀ ਤਸਵੀਰ ਫ਼ਾਲਤੂ ਲੜਾਈਆਂ ਝਗੜੇ ਗੈਂਗਸਟਰ ਬੇਰੁਜ਼ਗਾਰੀ ਅਤੇ ਉਸ ਤਸਵੀਰ ਦੀ ਨਾਕਾਸ਼ੀ ਹੈ, ਜਿਸ ਦੇ ਸਿਰ ’ਤੇ ਲਗਭਗ ਚਾਰ ਲੱਖ ਕਰੋੜ ਦਾ ਕਰਜ਼ਾ ਚੜ੍ਹਿਆ ਹੋਇਆ ਹੈ ਤੇ ਹੁਣ ਤੁਸੀਂ ਆਪ ਅੰਦਾਜ਼ਾ ਲਗਾ ਸਕਦੇ ਹੋ ਕਿ ਪਿਛਲੇ 70 ਵਰ੍ਹਿਆਂ ਵਿੱਚ ਪੰਜਾਬ ਦੀ ਰਾਜਨੀਤਿਕ ਤੇ ਸਮਾਜਿਕ ਹਾਲਤ ਕਿਹੜਿਆਂ ਪੜਾਵਾਂ ’ਚੋਂ ਨਿਕਲੀ ਹੈ।

ਇਸ ਦੇ ਬਾਰੇ ਆਂਕਲਨ ਕਰਦੇ ਹੋਏ ਅਸੀਂ ਵੇਖ ਸਕਦੇ ਹਾਂ ਕਿ ਪੰਜਾਬ, ਜੋ ਕਦੇ ਸੋਨੇ ਵਰਗੀ ਧਰਤੀ ਅਤੇ ਸੱਭਿਆਚਾਰਕ ਮਹਿਕ ਦੀ ਪਹਿਚਾਣ ਸੀ, ਅੱਜ ਕਈ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਸਮੱਸਿਆਵਾਂ ਦੀ ਮਾਰ ਹੇਠ ਹੈ। ਗਾਲੀ-ਗਲੋਚ, ਫਾਲਤੂ ਬਹਿਸਬਾਜ਼ੀ, ਮੁਕੱਦਮੇਬਾਜ਼ੀ, ਬੇਰੁਜ਼ਗਾਰੀ,ਆਪਸੀ ਝਗੜੇ, ਗੈਂਗਸਟਰਵਾਦ ਅਤੇ ਭ੍ਰਿਸ਼ਟਾਚਾਰ ਨੇ ਪੰਜਾਬ ਦੀ ਤਸਵੀਰ ਨੂੰ ਧੁੰਦਲਾ ਕਰ ਦਿੱਤਾ ਹੈ।

ਪੰਜਾਬ ਵਿੱਚ ਰਾਜਨੀਤਿਕ ਪਾਰਟੀਆਂ ਦੀ ਅਗਵਾਈ ਦੀ ਘਾਟ ਅਤੇ ਬਿਨਾਂ ਏਜੰਡੇ ਦੀ ਸਿਆਸਤ ਨੇ ਪੰਜਾਬ ਨੂੰ ਕਰਜ਼ੇ ਦੇ ਬੋਝ ਹੇਠ ਦਬਾ ਦਿੱਤਾ ਹੈ। ਪਰ ਕੀ ਇਹ ਸਭ ਪੰਜਾਬ ਦੀ ਪੂਰੀ ਕਹਾਣੀ ਹੈ? ਕੀ ਪੰਜਾਬ ਦਾ ਭਵਿੱਖ ਸੱਚਮੁੱਚ ਹਨੇਰੇ ਵਿੱਚ ਗੁਆਚ ਗਿਆ ਹੈ?

ਇੱਥੇ ਅਸੀਂ ਪੰਜਾਬ ਦੀਆਂ ਮੌਜੂਦਾ ਚੁਣੌਤੀਆਂ, ਰਾਜਨੀਤਿਕ ਅਸਫਲਤਾਵਾਂ ਅਤੇ ਭਵਿੱਖ ਦੀਆਂ ਸੰਭਾਵਨਾਵਾਂ ’ਤੇ ਚਰਚਾ ਤੇ ਪੰਜਾਬ ਦੇ ਭਵਿੱਖ ਲਈ ਸਮੱਸਿਆਵਾਂ ਦੀ ਛਾਂ ਅਤੇ ਸੰਭਾਵਨਾਵਾਂ ਦੀ ਖੋਜ ਵਿੱਚ ਵੀ ਵੇਖਦੇ ਹੋਏ ਕਹਿ ਸਕਦੇ ਹਾਂ ਕਿ ਪੰਜਾਬ, ਜਿਸ ਨੂੰ ਕਦੇ ਸੋਨੇ ਦੀ ਚਿੜੀ ਅਤੇ ਸੱਭਿਆਚਾਰਕ ਵਿਰਾਸਤ ਦੀ ਧਰਤੀ, ਵਜੋਂ ਜਾਣਿਆ ਜਾਂਦਾ ਸੀ, ਅੱਜ ਗੰਭੀਰ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਸਮੱਸਿਆਵਾਂ ਦੇ ਘੇਰੇ ਵਿੱਚ ਫਸਿਆ ਹੋਇਆ ਜਾਪਦਾ ਹੈ। ਗਾਲੀ-ਗਲੋਚ, ਫਾਲਤੂ ਬਹਿਸਬਾਜ਼ੀ, ਮੁਕੱਦਮੇਬਾਜ਼ੀ, ਬੇਰੁਜ਼ਗਾਰੀ, ਆਪਸੀ ਲੜਾਈ-ਝਗੜੇ, ਗੈਂਗਸਟਰਵਾਦ, ਭ੍ਰਿਸ਼ਟਾਚਾਰ ਅਤੇ ਰਾਜਨੀਤਿਕ ਅਸਥਿਰਤਾ ਨੇ ਪੰਜਾਬ ਦੀ ਤਸਵੀਰ ਨੂੰ ਧੁੰਦਲਾ ਕਰ ਦਿੱਤਾ ਹੈ।

ਅੱਜ ਇਸ ਸਾਰੇ ਹਨੇਰੇ ਦੇ ਵਿਚਕਾਰ ਸਵਾਲ ਉੱਠਦਾ ਹੈ ਕਿ ਕੀ ਪੰਜਾਬ ਦਾ ਭਵਿੱਖ ਸੱਚਮੁੱਚ ਅਜਿਹੀਆਂ ਸਮੱਸਿਆਵਾਂ ਦੀ ਭੇਟ ਚੜ੍ਹ ਗਿਆ ਹੈ, ਜਾਂ ਅਜੇ ਵੀ ਕੋਈ ਸੰਭਾਵਨਾ ਬਾਕੀ ਹੈ? ਅਸੀਂ ਪੰਜਾਬ ਦੀਆਂ ਮੌਜੂਦਾ ਚੁਣੌਤੀਆਂ, ਰਾਜਨੀਤਿਕ ਮਸ਼ੀਨਰੀ ਦੀ ਅਸਫਲਤਾ ਅਤੇ ਭਵਿੱਖ ਦੀਆਂ ਸੰਭਾਵਨਾਵਾਂ ’ਤੇ ਗੱਲ ਕਰੀਏ ਤਾਂ ਪੰਜਾਬ ਦੀਆਂ ਮੁੱਖ ਸਮੱਸਿਆਵਾਂ ਦਾ ਸਮਾਜਿਕ ਵਿਗਾੜ, ਪੰਜਾਬ ਦਾ ਸਮਾਜ ਅੱਜ ਗਾਲੀ-ਗਲੋਚ ਅਤੇ ਫਾਲਤੂ ਬਹਿਸਬਾਜ਼ੀ ਦੇ ਚੁੰਗਲ ਵਿੱਚ ਫਸਿਆ ਹੋਇਆ ਹੈ।

ਸਾਡੇ ਸਮਾਜਿਕ ਸਬੰਧਾਂ ਵਿੱਚ ਵਧਦੀ ਤਲਖੀ, ਆਪਸੀ ਲੜਾਈ-ਝਗੜੇ ਅਤੇ ਮੁਕੱਦਮੇਬਾਜ਼ੀ ਨੇ ਸਮਾਜ ਦੀ ਏਕਤਾ ਨੂੰ ਕਮਜ਼ੋਰ ਕੀਤਾ ਹੈ। ਪਰਿਵਾਰਕ ਝਗੜਿਆਂ ਦੀਆਂ ਖਬਰਾਂ, ਸਮਾਜ ਵਿੱਚ ਵੱਧ ਰਹੀ ਹਿੰਸਾ ਦੀ ਤਸਵੀਰ ਪੇਸ਼ ਕਰਦੀਆਂ ਹਨ।

ਅੱਜ ਬੇਰੁਜ਼ਗਾਰੀ ਅਤੇ ਨਸ਼ਿਆਂ ਦੀ ਸਮੱਸਿਆ ਨਾਲ ਪੰਜਾਬ ਵਿੱਚ ਬੇਰੁਜ਼ਗਾਰੀ ਇੱਕ ਵੱਡੀ ਸਮੱਸਿਆ ਬਣੀ ਹੋਈ ਹੈ, ਜਿਸ ਨੇ ਨੌਜਵਾਨਾਂ ਨੂੰ ਨਸ਼ਿਆਂ ਵੱਲ ਧੱਕ ਦਿੱਤਾ ਹੈ। ਇਸ ਮੌਕੇ ’ਤੇ ਤਿੰਨ ਮੁੱਖ ਸਮੱਸਿਆਵਾਂ ਦਾ ਜ਼ਿਕਰ ਕੀਤਾ ਜਾ ਸਕਦਾ ਹੈ। ਹੁਣ ਡੈਮੋਗ੍ਰਾਫਿਕ ਤਬਦੀਲੀ, ਨਸ਼ਿਆਂ ਦਾ ਕਾਰੋਬਾਰ ਅਤੇ ਗੈਂਗਸਟਰਵਾਦ। ਨਸ਼ਿਆਂ ਦੀ ਸਮੱਸਿਆ ਨੇ ਨੌਜਵਾਨ ਪੀੜ੍ਹੀ ਨੂੰ ਖੋਰੇ ਪਾ ਦਿੱਤਾ ਹੈ, ਜਿਸ ਦੀ ਜੜ੍ਹ ਵਿੱਚ ਬੇਰੁਜ਼ਗਾਰੀ ਅਤੇ ਸਿੱਖਿਆ ਦੀਆਂ ਘਟੀਆ ਸਹੂਲਤਾਂ ਹਨ।

ਵਧਦੇ ਗੈਂਗਸਟਰਵਾਦ ਅਤੇ ਅਪਰਾਧ ਨਾਲ ਗੈਂਗਸਟਰਵਾਦ ਪੰਜਾਬ ਦੀ ਇੱਕ ਹੋਰ ਵੱਡੀ ਸਮੱਸਿਆ ਹੈ ਤੇ ਗੁੱਸੇ ਵਿੱਚ ਕਤਲ ਵਰਗੀਆਂ ਘਟਨਾਵਾਂ ਇਸ ਦੀ ਗੰਭੀਰਤਾ ਨੂੰ ਦਰਸਾਉਂਦੀਆਂ ਹਨ। ਇਹ ਅਪਰਾਧ ਨਾ ਸਿਰਫ ਸੁਰੱਖਿਆ ਲਈ ਖਤਰਾ ਹਨ, ਸਗੋਂ ਸਮਾਜ ਵਿੱਚ ਡਰ ਅਤੇ ਅਸੁਰੱਖਿਆ ਦਾ ਮਾਹੌਲ ਵੀ ਪੈਦਾ ਕਰਦੇ ਹਨ।

ਅੱਜ ਭ੍ਰਿਸ਼ਟਾਚਾਰ ਨੇ ਪੰਜਾਬ ਦੀ ਪ੍ਰਸ਼ਾਸਨਿਕ ਅਤੇ ਸਮਾਜਿਕ ਵਿਵਸਥਾ ਨੂੰ ਜੜ੍ਹੋਂ ਖੋਖਲਾ ਕਰ ਦਿੱਤਾ ਹੈ। 2019 ਵਿੱਚ ਹੁਸ਼ਿਆਰਪੁਰ ਦੇ ਪਿੰਡ ਪੈਂਸਰਾ ਵਿੱਚ ਪੁਲਿਸ ਵੱਲੋਂ ਇੱਕ ਦੁਕਾਨਦਾਰ ਨੂੰ ਨਸ਼ਿਆਂ ਦੇ ਮਾਮਲੇ ਵਿੱਚ ਝੂਠੇ ਕੇਸ ਵਿੱਚ ਫਸਾਉਣ ਦੀ ਕੋਸ਼ਿਸ਼ ਦੀ ਖਬਰ ਨੇ ਸਰਕਾਰੀ ਮਸ਼ੀਨਰੀ ਦੀ ਭ੍ਰਿਸ਼ਟਾਚਾਰੀ ਸੋਚ ਨੂੰ ਉਜਾਗਰ ਕੀਤਾ ਸੀ। ਅਜਿਹੀਆਂ ਘਟਨਾਵਾਂ ਲੋਕਾਂ ਦਾ ਸਰਕਾਰੀ ਅਦਾਰਿਆਂ ’ਤੇ ਵਿਸ਼ਵਾਸ ਘਟਾਉਂਦੀਆਂ ਹਨ।

ਹੁਣ ਰਾਜਨੀਤਿਕ ਅਸਥਿਰਤਾ ਅਤੇ ਕਰਜ਼ੇ ਦਾ ਬੋਝ ਪੰਜਾਬ ਦੀ ਰਾਜਨੀਤਿਕ ਮਸ਼ੀਨਰੀ ਅੱਜ ਬਿਨਾਂ ਸਪੱਸ਼ਟ ਏਜੰਡੇ ਦੀ ਰਾਜਨੀਤੀ ਦਾ ਸ਼ਿਕਾਰ ਹੋ ਚੁੱਕੀ ਹੈ। ਇੱਕ ਮੀਡੀਆ ਪੋਸਟ ਵਿੱਚ ਕਿਹਾ ਗਿਆ ਹੈ ਕਿ ਪੰਜਾਬ ਦੀ ਰਾਜਨੀਤੀ ਜ਼ਖ਼ਮੀ ਹੋ ਚੁੱਕੀ ਹੈ ਅਤੇ ਨਾ ਹੀ ਕਿਸੇ ਪਾਰਟੀ ਨੂੰ ਨੌਜਵਾਨਾਂ ਦੀ ਜ਼ਮੀਨ ਛੱਡਣ ਦੀ ਸਮੱਸਿਆ ਦੀ ਪਰਵਾਹ ਹੈ, ਨਾ ਹੀ ਕਿਸਾਨਾਂ ਦੀ ਹਾਲਤ ਦੀ। ਸਰਕਾਰਾਂ ਦੀਆਂ ਗਲਤ ਨੀਤੀਆਂ ਅਤੇ ਬੇਤਰਤੀਬ ਖਰਚ ਨੇ ਪੰਜਾਬ ਨੂੰ ਹਜ਼ਾਰਾਂ ਕਰੋੜ ਰੁਪਏ ਦੇ ਕਰਜ਼ੇ ਦੀ ਸੀਮਾ ਵਿੱਚ ਧੱਕ ਦਿੱਤਾ ਹੈ। ਆਜ਼ਾਦੀ ਤੋਂ ਬਾਅਦ ਰਾਜਨੀਤਿਕ ਮਸ਼ੀਨਰੀ ਦੀ ਅਸਫਲਤਾ ਤੋਂ ਬਾਅਦ ਪੰਜਾਬ ਦੀ ਰਾਜਨੀਤਿਕ ਅਸਫਲਤਾ ਦੀ ਸਭ ਤੋਂ ਵੱਡੀ ਵਜ੍ਹਾ ਹੈ ਲੀਡਰਸ਼ਿਪ ਦੀ ਘਾਟ ਅਤੇ ਸਪੱਸ਼ਟ ਵਿਜ਼ਨ ਦਾ ਅਭਾਵ। ਰਾਜਨੀਤਿਕ ਪਾਰਟੀਆਂ ਨਿੱਜੀ ਸਵਾਰਥਾਂ ਅਤੇ ਵੋਟ ਬੈਂਕ ਦੀ ਸਿਆਸਤ ਵਿੱਚ ਉਲਝੀਆਂ ਹੋਈਆਂ ਹਨ। ਉਹਨਾਂ ਦੀਆਂ ਨੀਤੀਆਂ ਵਿੱਚ ਨਾ ਤਾਂ ਨੌਜਵਾਨਾਂ ਲਈ ਰੁਜ਼ਗਾਰ ਦੀ ਸਪੱਸ਼ਟ ਯੋਜਨਾ ਹੈ, ਨਾ ਹੀ ਕਿਸਾਨਾਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਕੋਈ ਠੋਸ ਕਦਮ। ਇਸ ਦੀ ਬਜਾਏ ਰਾਜਨੀਤਿਕ ਪਾਰਟੀਆਂ ਨੇ ਪੰਜਾਬ ਨੂੰ ਕਰਜ਼ੇ ਦੇ ਬੋਝ ਹੇਠ ਦਬਾਇਆ ਹੈ, ਜਿਸ ਨਾਲ ਬੁਨਿਆਦੀ ਸਹੂਲਤਾਂ ਜਿਵੇਂ ਸਿੱਖਿਆ, ਸਿਹਤ ਅਤੇ ਸੁਰੱਖਿਆ ’ਤੇ ਖਰਚ ਘਟਦਾ ਜਾ ਰਿਹਾ ਹੈ।

ਅੱਜ ਪੰਜਾਬ ਦਾ ਭਵਿੱਖ ਕੀ ਹੋਵੇਗਾ। ਸੰਭਾਵਨਾਵਾਂ ਅਤੇ ਹੱਲ ਕਰਨ ਲਈ ਹਾਲਾਂਕਿ ਪੰਜਾਬ ਦੀ ਸਥਿਤੀ ਚਿੰਤਾਜਨਕ ਹੈ, ਪਰ ਸਭ ਕੁਝ ਅਜੇ ਖਤਮ ਨਹੀਂ ਹੋਇਆ। ਪੰਜਾਬ ਦੀ ਸੱਭਿਆਚਾਰਕ ਵਿਰਾਸਤ, ਮਿਹਨਤੀ ਲੋਕ ਅਤੇ ਉਪਜਾਊ ਧਰਤੀ ਅਜੇ ਵੀ ਇਸ ਦੀ ਸਭ ਤੋਂ ਵੱਡੀ ਤਾਕਤ ਹਨ। ਹੇਠਾਂ ਕੁਝ ਸੰਭਾਵਨਾਵਾਂ ਅਤੇ ਹੱਲ ਦਿੱਤੇ ਜਾ ਰਹੇ ਹਨ ਜੋ ਪੰਜਾਬ ਦੇ ਭਵਿੱਖ ਨੂੰ ਸੁਧਾਰ ਸਕਦੇ ਹਨ। ਹੁਣ ਸਿੱਖਿਆ ਅਤੇ ਰੁਜ਼ਗਾਰ ਸੁਧਾਰਾਂ ਨਾਲ ਸਰਕਾਰ ਨੂੰ ਸਿੱਖਿਆ ਅਤੇ ਹੁਨਰ ਵਿਕਾਸ ’ਤੇ ਜ਼ੋਰ ਦੇਣ ਦੀ ਲੋੜ ਹੈ। ਆਧੁਨਿਕ ਤਕਨੀਕ ਅਤੇ ਉਦਯੋਗਿਕ ਜ਼ਰੂਰਤਾਂ ਮੁਤਾਬਕ ਨੌਜਵਾਨਾਂ ਨੂੰ ਸਿਖਲਾਈ ਦੇਣ ਨਾਲ ਬੇਰੁਜ਼ਗਾਰੀ ਅਤੇ ਨਸ਼ਿਆਂ ਦੀ ਸਮੱਸਿਆ ’ਤੇ ਕਾਬੂ ਪਾਇਆ ਜਾ ਸਕਦਾ ਹੈ। ਕਾਨੂੰਨ ਵਿਵਸਥਾ ਮਜ਼ਬੂਤ ਕਰਨਾ, ਗੈਂਗਸਟਰਵਾਦ ਅਤੇ ਅਪਰਾਧ ਨੂੰ ਰੋਕਣ ਲਈ ਪੁਲਿਸ ਅਤੇ ਪ੍ਰਸ਼ਾਸਨ ਨੂੰ ਸਖਤੀ ਨਾਲ ਕੰਮ ਕਰਨਾ ਹੋਵੇਗਾ। ਸਾਂਝ ਕੇਂਦਰਾਂ ਦੀ ਵੈੱਬਸਾਈਟ ਵਰਗੀਆਂ ਸਹੂਲਤਾਂ ਦੀ ਸਮੱਸਿਆ ਨੂੰ ਤੁਰੰਤ ਹੱਲ ਕਰਕੇ ਪ੍ਰਸ਼ਾਸਨ ਨੂੰ ਪਾਰਦਰਸ਼ੀ ਅਤੇ ਪਹੁੰਚਯੋਗ ਬਣਾਉਣ ਦੀ ਲੋੜ ਹੈ।

ਰਾਜਨੀਤਿਕ ਸੁਧਾਰ ਲਹਿਰਾਂ ਦੌਰਾਨ ਰਾਜਨੀਤਿਕ ਪਾਰਟੀਆਂ ਨੂੰ ਵੋਟ ਬੈਂਕ ਦੀ ਸਿਆਸਤ ਛੱਡ ਕੇ ਲੋਕ-ਹਿਤੈਸ਼ੀ ਨੀਤੀਆਂ ’ਤੇ ਧਿਆਨ ਦੇਣਾ ਹੋਵੇਗਾ। ਕਿਸਾਨਾਂ ਦੀਆਂ ਸਮੱਸਿਆਵਾਂ, ਜਿਵੇਂ ਘੱਟੋ-ਘੱਟ ਸਮਰਥਨ ਮੁੱਲ ’ਤੇ ਮੱਕੀ ਦੀ ਖਰੀਦ ਨੂੰ ਪਹਿਲ ਦੇਣ ਦੀ ਲੋੜ ਹੈ। ਅੱਜ ਸਮਾਜਿਕ ਜਾਗਰੂਕਤਾ ਨਾਲ ਪੰਜਾਬ ਦੇ ਲੋਕਾਂ ਨੂੰ ਆਪਣੇ ਸੱਭਿਆਚਾਰਕ ਮੁੱਲਾਂ, ਜਿਵੇਂ ਕਿ ਪੰਜਾਬੀ ਬੋਲੀਆਂ ਅਤੇ ਲੋਕ ਸਾਹਿਤ ਨੂੰ ਸੰਭਾਲਣ ਅਤੇ ਪ੍ਰਚਾਰਨ ਦੀ ਲੋੜ ਹੈ। ਇਹ ਸਮਾਜ ਵਿੱਚ ਏਕਤਾ ਅਤੇ ਸਕਾਰਾਤਮਕਤਾ ਨੂੰ ਵਧੀਆ ਢੰਗ ਨਾਲ ਪੇਸ਼ ਕਰੇਗਾ।

ਪੰਜਾਬ ਅੱਜ ਗੰਭੀਰ ਸਮੱਸਿਆਵਾਂ ਦਾ ਸਾਹਮਣਾ ਕਰ ਰਿਹਾ ਹੈ, ਪਰ ਇਸ ਦਾ ਭਵਿੱਖ ਅਜੇ ਵੀ ਸੰਭਾਵਨਾਵਾਂ ਨਾਲ ਭਰਿਆ ਹੋਇਆ ਹੈ। ਸਰਕਾਰ, ਸਮਾਜ ਅਤੇ ਵਿਅਕਤੀਗਤ ਪੱਧਰ ’ਤੇ ਸੁਧਾਰ ਅਤੇ ਸਹਿਯੋਗ ਨਾਲ ਪੰਜਾਬ ਮੁੜ ਤੋਂ ਆਪਣੀ ਖੋਈ ਹੋਈ ਸ਼ਾਨ ਨੂੰ ਹਾਸਲ ਕਰ ਸਕਦਾ ਹੈ। ਰਾਜਨੀਤਿਕ ਮਸ਼ੀਨਰੀ ਨੂੰ ਜਾਗਰੂਕ ਹੋਣ ਦੀ, ਸਮਾਜ ਨੂੰ ਏਕਤਾ ਦੀ ਅਤੇ ਨੌਜਵਾਨਾਂ ਨੂੰ ਸਕਾਰਾਤਮਕ ਸੋਚ ਨਾਲ ਅੱਗੇ ਵਧਣ ਦੀ ਲੋੜ ਹੈ। ਪੰਜਾਬ ਦੀ ਧਰਤੀ ਨੇ ਹਮੇਸ਼ਾ ਚੁਣੌਤੀਆਂ ਨੂੰ ਸਵੀਕਾਰ ਕੀਤਾ ਹੈ ਅਤੇ ਇਸ ਵਾਰ ਵੀ, ਸਹੀ ਦਿਸ਼ਾ ਅਤੇ ਸਮਰਪਣ ਨਾਲ ਪੰਜਾਬ ਆਪਣਾ ਸੁਨਹਿਰੀ ਭਵਿੱਖ ਰਚ ਸਕਦਾ ਹੈ। ਪਰ ਪੰਜਾਬ ਦੀ ਮੌਜੂਦਾ ਤਸਵੀਰ ਵਿਚ ਸਮਾਜਿਕ ਵਿਗਾੜ ਸਾਹਮਣੇ ਹੈ।ਅੱਜ ਪੰਜਾਬ ਦਾ ਸਮਾਜ ਗਾਲੀ-ਗਲੋਚ ਅਤੇ ਆਪਸੀ ਵਿਵਾਦਾਂ ਦੇ ਚੱਕਰ ਵਿੱਚ ਫਸਿਆ ਹੋਇਆ ਹੈ। ਪਿੰਡਾਂ-ਸ਼ਹਿਰਾਂ ਵਿੱਚ ਮੁਕੱਦਮੇਬਾਜ਼ੀ ਅਤੇ ਝਗੜਿਆਂ ਦੀਆਂ ਖਬਰਾਂ ਆਮ ਹਨ। ਇਹ ਸਮਾਜਿਕ ਏਕਤਾ ਨੂੰ ਤੋੜ ਰਹੀਆਂ ਹਨ ਅਤੇ ਲੋਕਾਂ ਵਿੱਚ ਅਸਹਿਣਸ਼ੀਲਤਾ ਵਧਾ ਰਹੀਆਂ ਹਨ।ਜਿਵੇਂ ਕਿ ਉਪਰ ਲਿਖਿਆ ਗਿਆ ਹੈ ਕਿ ਬੇਰੁਜ਼ਗਾਰੀ ਅਤੇ ਨਸ਼ਿਆਂ ਦੀ ਸਮੱਸਿਆ ਹੈ।ਬੇਰੁਜ਼ਗਾਰੀ ਪੰਜਾਬ ਦੀ ਸਭ ਤੋਂ ਵੱਡੀ ਸਮੱਸਿਆਵਾਂ ਵਿੱਚੋਂ ਇੱਕ ਹੈ। ਨੌਜਵਾਨਾਂ ਨੂੰ ਰੁਜ਼ਗਾਰ ਦੇ ਮੌਕੇ ਨਾ ਮਿਲਣ ਕਾਰਨ ਨਸ਼ਿਆਂ ਦਾ ਕਾਰੋਬਾਰ ਅਤੇ ਬੇਰੁਜ਼ਗਾਰੀ ਨੇ ਪੰਜਾਬ ਦੀ ਨੌਜਵਾਨ ਪੀੜ੍ਹੀ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ।

ਉਧਰ ਗੈਂਗਸਟਰਵਾਦ ਪੰਜਾਬ ਵਿੱਚ ਇੱਕ ਵੱਡਾ ਖਤਰਾ ਬਣ ਗਿਆ ਹੈ।

ਹੁਣ ਭ੍ਰਿਸ਼ਟਾਚਾਰ ਨੇ ਪੰਜਾਬ ਦੀ ਪ੍ਰਸ਼ਾਸਨਿਕ ਵਿਵਸਥਾ ਨੂੰ ਖੋਖਲਾ ਕਰ ਦਿੱਤਾ ਹੈ। ਸਰਕਾਰੀ ਅਦਾਰਿਆਂ ਵਿੱਚ ਪਾਰਦਰਸ਼ਤਾ ਦੀ ਘਾਟ ਅਤੇ ਰਿਸ਼ਵਤਖੋਰੀ ਨੇ ਲੋਕਾਂ ਦਾ ਵਿਸ਼ਵਾਸ ਤੋੜਿਆ ਹੈ।

**ਪੰਜਾਬ ਦੇ ਭਵਿੱਖ ਬਾਰੇ ਸੰਭਾਵਨਾਵਾਂ ਅਤੇ ਹੱਲ**

ਪੰਜਾਬ ਦੀਆਂ ਮੌਜੂਦਾ ਸਮੱਸਿਆਵਾਂ ਦੇ ਬਾਵਜੂਦ, ਇਸ ਦੀ ਸੱਭਿਆਚਾਰਕ ਅਤੇ ਖੇਤੀਬਾੜੀ ਵਿਰਾਸਤ ਅਜੇ ਵੀ ਇਸ ਦੀ ਸਭ ਤੋਂ ਵੱਡੀ ਤਾਕਤ ਹੈ। ਸਿੱਖਿਆ ਅਤੇ ਹੁਨਰ ਵਿਕਾਸ ਸਰਕਾਰ ਨੂੰ ਸਿੱਖਿਆ ਦੀ ਗੁਣਵੱਤਾ ਸੁਧਾਰਨ ਅਤੇ ਨੌਜਵਾਨਾਂ ਨੂੰ ਉਦਯੋਗਕ ਹੁਨਰ ਸਿਖਾਉਣ ’ਤੇ ਜ਼ੋਰ ਦੇਣਾ ਚਾਹੀਦਾ। ਇਹ ਬੇਰੁਜ਼ਗਾਰੀ ਅਤੇ ਨਸ਼ਿਆਂ ਦੀ ਸਮੱਸਿਆ ਨੂੰ ਘਟਾਉਣ ਵਿੱਚ ਮਦਦ ਕਰੇਗਾ।

ਕਾਨੂੰਨੀ ਵਿਵਸਥਾ ਮਜ਼ਬੂਤ ਕਰਨ ’ਤੇ ਗੈਂਗਸਟਰਵਾਦ ਅਤੇ ਅਪਰਾਧ ਨੂੰ ਰੋਕਣ ਲਈ ਪੁਲਿਸ ਅਤੇ ਪ੍ਰਸ਼ਾਸਨ ਨੂੰ ਸਖਤ ਅਤੇ ਪਾਰਦਰਸ਼ੀ ਕਾਰਵਾਈਆਂ ਕਰਨੀਆਂ ਚਾਹੀਦੀਆਂ ਹਨ।

ਰਾਜਨੀਤਿਕ ਸੁਧਾਰ ਲਈ ਰਾਜਨੀਤਿਕ ਪਾਰਟੀਆਂ ਨੂੰ ਲੋਕ-ਹਿਤੈਸ਼ੀ ਨੀਤੀਆਂ ਅਪਣਾਉਣੀਆਂ ਚਾਹੀਦੀਆਂ ਹਨ। ਕਿਸਾਨਾਂ ਦੀਆਂ ਸਮੱਸਿਆਵਾਂ, ਜਿਵੇਂ ਫਸਲਾਂ ਦੇ ਉਚਿਤ ਮੁੱਲ ਅਤੇ ਸਿੰਚਾਈ ਸਹੂਲਤਾਂ, ਨੂੰ ਪਹਿਲ ਦੇਣੀ ਚਾਹੀਦੀ ਹੈ। **ਸਮਾਜਿਕ ਸੁਧਾਰ:** ਸਮਾਜ ਨੂੰ ਆਪਸੀ ਝਗੜਿਆਂ ਅਤੇ ਗਾਲੀ-ਗਲੋਚ ਤੋਂ ਬਚਣ ਲਈ ਸੱਭਿਆਚਾਰਕ ਅਤੇ ਸਮਾਜਿਕ ਜਾਗਰੂਕਤਾ ਦੀ ਲੋੜ ਹੈ। ਪੰਜਾਬੀ ਵਿਰਾਸਤ ਨੂੰ ਸੰਭਾਲਣ ਅਤੇ ਪ੍ਰਚਾਰਨ ਨਾਲ ਸਮਾਜ ਵਿੱਚ ਏਕਤਾ ਵੱਧ ਸਕਦੀ ਹੈ।ਭਾਵੇਂ ਪੰਜਾਬ ਅੱਜ ਚੁਣੌਤੀਆਂ ਦੇ ਘੇਰੇ ਵਿੱਚ ਹੈ, ਪਰ ਇਸ ਦੀ ਸੰਭਾਵਨਾਵਾਂ ਅਤੇ ਮਿਹਨਤੀ ਲੋਕਾਂ ਦੀ ਤਾਕਤ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਸਹੀ ਰਾਜਨੀਤਿਕ ਅਗਵਾਈ, ਸਮਾਜਿਕ ਸੁਧਾਰ ਅਤੇ ਨੌਜਵਾਨਾਂ ਦੀ ਸਕਾਰਾਤਮਕ ਸੋਚ ਨਾਲ ਪੰਜਾਬ ਮੁੜ ਤੋਂ ਆਪਣੀ ਪੁਰਾਣੀ ਸ਼ਾਨ ਪ੍ਰਾਪਤ ਕਰ ਸਕਦਾ ਹੈ। ਇਹ ਸਮਾਂ ਹੈ ਕਿ ਪੰਜਾਬ ਦੇ ਲੋਕ ਅਤੇ ਸਰਕਾਰ ਮਿਲ ਕੇ ਇਸ ਧਰਤੀ ਨੂੰ ਮੁੜ ਸੁਨਹਿਰੀ ਬਣਾਉਣ ਲਈ ਕੰਮ ਕਰਨ। ਪੰਜਾਬ ਦਾ ਭਵਿੱਖ ਹਨੇਰੇ ਵਿੱਚ ਨਹੀਂ, ਸਗੋਂ ਸੰਘਰਸ਼ ਅਤੇ ਸਮਰਪਣ ਦੀ ਰੌਸ਼ਨੀ ਵਿੱਚ ਹੈ।

# ‘ਆਪਣ ਹਥੀ ਆਪਣੀ ਜੜ੍ਹ ਆਪਿ ਉਪਟੈ’



ਦਰਬਾਰਾ ਸਿੰਘ ਕਾਹਲੋਂ
+1 2898292929

ਪੰਜਾਬ ਅੰਦਰ ਭਗਵੰਤ ਮਾਨ ਦੀ ਅਗਵਾਈ ਵਿਚ ਮਾਰਚ 2022 ਤੋਂ ਚੱਲ ਰਹੀ ਆਮ ਆਦਮੀ ਪਾਰਟੀ ਦੀ ਨਿਕੰਮੀ ਅਤੇ ਨਿਰਾਸ਼ਾਜਨਕ ਕਾਰਗੁਜ਼ਾਰੀ, ਇਸ ’ਤੇ ਰਾਜਨੀਤਕ, ਆਰਥਿਕ ਅਤੇ ਪ੍ਰਸ਼ਾਸਨਿਕ ਪੱਖੋਂ ਪੰਜਾਬੀਆਂ ਵੱਲੋਂ ਚੁਣੇ ਹੋਏ ਨੁਮਾਇੰਦਿਆਂ ਦੀ ਥਾਂ ਆਪ ਸੁਪਰੀਮੋ ਅਰਵਿੰਦ ਕੇਜਰੀਵਾਲ ਅਤੇ ਉਸ ਦੇ ਪ੍ਰਮੁੱਖ ਦਿੱਲੀ ਦਰਬਾਰੀਆਂ ਦਾ ਕਬਜ਼ਾ, ਰਾਜ ਅੰਦਰ ਬਹੁਗਿਣਤੀ ਸਿੱਖ ਭਾਈਚਾਰੇ ਅਤੇ ਕਿਸਾਨੀ ਵਿਚ ਵੱਡੇ ਅਧਾਰ ਰੱਖਣ ਵਾਲੀ ਤਾਕਤਵਰ ਖੇਤਰੀ ਰਾਜਨੀਤਕ ਪਾਰਟੀ ਸ਼੍ਰੋਮਣੀ ਅਕਾਲੀ ਦਲ ਦਾ ਅਤਿ ਚਿੰਤਾਜਨਕ ਰਾਜਨੀਤਕ ਤੌਰ ’ਤੇ ਹਾਸ਼ੀਏ ’ਤੇ ਚਲੇ ਜਾਣਾ, ਭਾਰਤੀ ਜਨਤਾ ਪਾਰਟੀ ਦੀਆਂ ਪੰਜਾਬੀਆਂ, ਸਿੱਖ ਭਾਈਚਾਰੇ ਤੇ ਕਿਸਾਨੀ ਵਿਰੋਧੀ ਨੀਤੀਆਂ ਅਤੇ ਖਾਸ ਕਰਕੇ ਕੇਂਦਰ ਅੰਦਰ ਪਿਛਲੇ 11 ਸਾਲਾਂ ਤੋਂ ਸ਼੍ਰੀ ਨਰੇਂਦਰ ਮੋਦੀ ਦੀ ਭਾਜਪਾ ਦੀ ਅਗਵਾਈ ਵਿਚ ਚੱਲ ਰਹੀ ਐਨਡੀਏ ਸਰਕਾਰ ਵੱਲੋਂ ਪੰਜਾਬ ਨੂੰ ਕੋਈ ਆਰਥਿਕ ਪੈਕੇਜ ਨਾ ਦੇਣਾ, ਰਾਜ ਅੰਦਰ ਬਸਪਾ ਅਤੇ ਖੱਬੇ ਪੱਖੀ ਪਾਰਟੀਆਂ ਦਾ ਜਨਤਕ ਅਧਾਰ ਬੁਰੀ ਤਰ੍ਹਾਂ ਖੁਰ ਜਾਣਾ, ਪਿਛਲੇ ਸਾਲ ਸੰਨ 2024 ਵਿਚ ਹੋਈਆਂ ਲੋਕ ਸਭਾ ਚੋਣਾਂ ਵਿਚ ਕਾਂਗਰਸ ਪਾਰਟੀ ਵੱਲੋਂ 13 ਵਿਚੋਂ 7 ਅਤੇ ਕੇਂਦਰੀ ਸ਼ਾਸਤ ਪ੍ਰਦੇਸ਼ ਚੰਡੀਗੜ੍ਹ ਦੀ ਸੀਟ ਜਿੱਤਣ ਤੋਂ ਉਤਪੰਨ ਰਾਜਨੀਤਕ ਸਮੀਕਰਨਾਂ ਤੋਂ ਸਪੱਸ਼ਟ ਨਜ਼ਰ ਆ ਰਿਹਾ ਸੀ ਕਿ ਰਾਜ ਅੰਦਰ ਸੰਨ 2027 ਨੂੰ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਵਿਚ ਕਾਂਗਰਸ ਪਾਰਟੀ ਦੀ ਜਿੱਤ ਯਕੀਨੀ ਹੈ।

ਲੇਕਿਨ ਲੁਧਿਆਨਾ ਪੱਛਮੀ ਹਲਕੇ ਵਿਚ ਆਮ ਆਦਮੀ ਪਾਰਟੀ ਦੇ ਵਿਧਾਇਕ ਗੁਰਪ੍ਰੀਤ ਗੋਗੀ ਦੀ ਮੌਤ ਬਾਅਦ ਹੋਈ ਉਪ ਚੋਣ ਦੇ 23 ਜੂਨ ਨੂੰ ਐਲਾਨੇ ਨਤੀਜੇ ਅਨੁਸਾਰ ਜਿਵੇਂ ਪੰਜਾਬ ਪ੍ਰਦੇਸ਼ ਕਾਂਗਰਸ ਪਾਰਟੀ ਦੇ ਕਾਰਜਕਾਰੀ ਪ੍ਰਧਾਨ ਭਾਰਤ ਭੂਸ਼ਣ ਆਸ਼ੂ ਨੂੰ 10637 ਵੋਟਾਂ ਦੇ ਫਰਕ ਨਾਲ ਕਾਂਗਰਸ ਦੀ ਅੰਦਰੂਨੀ ਤਿੱਖੀ ਖਾਨਾਜੰਗੀ ਕਰਕੇ ਹਰਾ ਕੇ ਆਮ ਆਦਮੀ ਪਾਰਟੀ ਉਮੀਦਵਾਰ ਸੰਜੀਵ ਅਰੋੜਾ ਨੇ ਜਿੱਤੀ, ਇਸ ਨੇ ਪ੍ਰਸਿੱਧ ਸਿੱਖ ਵਿਦਵਾਨ ਭਾਈ ਗੁਰਦਾਸ ਜੀ, ਜਿਨ੍ਹਾਂ ਦੀ ਰਚੀ ਬਾਣੀ ਨੂੰ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕੁੰਜੀ ਕਿਹਾ ਜਾਂਦਾ ਹੈ, ਦੇ ‘ਆਪਣ ਹਥੀ ਆਪਣੀ ਜੜ ਆਪਿ ਉਪਟੈ’ ਕਥਨ ਨੂੰ ਸਾਬਿਤ ਕਰ ਦਿੱਤਾ।

ਲੁਧਿਆਣਾ ਪੱਛਮੀ ਉਪ ਚੋਣ ਪੰਜਾਬ ਅੰਦਰਲੇ ਰਾਜਸੀ ਹਲਕੇ ਅਤੇ ਵਿਸ਼ਲੇਸ਼ਕ ਸੰਨ 2027 ਦੀਆਂ ਵਿਧਾਨ ਸਭਾ ਚੋਣਾਂ ਸਬੰਧੀ ਉਵੇਂ ਹੀ ‘ਰੁਝਾਨ ਨਿਰਧਾਰਕ ਚੋਣ’ ਵਜੋਂ ਮੰਨ ਰਹੇ ਸਨ ਜਿਵੇਂ ਸੰਨ 1995 ਵਿਚ ਲੰਬੇ ਰਾਜਨੀਤਕ, ਧਾਰਮਿਕ, ਆਰਥਿਕ, ਪ੍ਰਸ਼ਾਸਨਿਕ ਅਤੇ ਖਾਸ ਕਰਕੇ ਰਾਜਕੀ ਅਤੇ ਗੈਰ ਰਾਜਕੀ ਕਾਲੇ ਦੌਰ ਬਾਅਦ ਹੋ ਰਹੀ ਗਿੱਦੜਬਾਹਾ ਵਿਧਾਨ ਸਭਾ ਹਲਕੇ ਦੀ ਉਪ ਚੋਣ ਮੰਨੀ ਗਈ ਸੀ। ਉਹ ਚੋਣ ਸਿੱਧੇ ਤੌਰ ’ਤੇ ਤਤਕਾਲੀ ਕਾਂਗਰਸ ਪਾਰਟੀ ਸਬੰਧਤ ਜਾਬਰ ਮਰਹੂਮ ਮੁੱਖ ਮੰਤਰੀ ਸ: ਬੇਅੰਤ ਸਿੰਘ ਦੇ ਵਕਾਰ ਅਤੇ ਦਿਓ ਕੱਦ ਮਰਹੂਮ ਅਕਾਲੀ ਆਗੂ ਸ: ਪ੍ਰਕਾਸ਼ ਸਿੰਘ ਬਾਦਲ ਦੇ ਰਾਜਨੀਤਕ ਭਵਿੱਖ ਦਾ ਸਵਾਲ ਸੀ। ਦੋਹਾਂ ਪਾਸਿਆਂ ਤੋਂ ਸਾਮ, ਦਾਮ, ਦੰਡ, ਭੇਦ ਦੀ ਰਾਜਨੀਤੀ ਅਤੇ ਯੁੱਧਨੀਤਕ ਕੂਟਨੀਤੀ ਦੀ ਖੁੱਲ੍ਹ ਕੇ ਵਰਤੋਂ ਕਰਨ ਤੋਂ ਕੋਈ ਕਸਰ ਬਾਕੀ ਨਹੀਂ ਛੱਡੀ ਗਈ ਸੀ। ਹਲਕੇ ਵਿਚ ਇੱਕ-ਇੱਕ ਦਲਿਤ ਵੋਟ ਨੂੰ ਪ੍ਰਭਾਵਿਤ ਕਰਨ ਲਈ ਸ: ਬਾਦਲ ਨੇ ਮਰਹੂਮ ਅਕਾਲੀ ਮੰਤਰੀ ਜੋ ਰਾਜ ਵਿਚ ‘ਘੱਟ ਗਿਣਤੀਆਂ ਅਤੇ ਦਲਿਤ ਫਰੰਟ’ ਦਾ ਪ੍ਰਭਾਵਸ਼ਾਲੀ ਨੌਜਵਾਨ ਆਗੂ ਵੀ ਸੀ, ਭਾਵ ਜੱਥੇਦਾਰ ਸੇਵਾ ਸਿੰਘ ਸੇਖਵਾਂ ਵਿਸ਼ੇਸ਼ ਤੌਰ ’ਤੇ ਸਪੈਸ਼ਲ ਦੂਤ ਵਜੋਂ ਬਸਪਾ ਪ੍ਰਮੁੱਖ ਆਗੂ ਕੁਮਾਰੀ ਮਾਇਆਵਤੀ ਨੂੰ ਲੈਣ ਲਈ ਭੇਜਿਆ, ਜਿਸ ਦੇ ਉਸ ਨਾਲ ਗੂੜ੍ਹੇ ਸਬੰਧ ਸਨ। ਇਸ ਚੋਣ ਵਿਚ ਸ਼੍ਰੋਮਣੀ ਅਕਾਲੀ ਦਲ ਉਮੀਦਵਾਰ ਮਨਪ੍ਰੀਤ ਸਿੰਘ ਬਾਦਲ ਨੇ 2115 ਵੋਟਾਂ ਨਾਲ ਜਿੱਤ ਪ੍ਰਾਪਤ ਕੀਤੀ। ਮਨਪ੍ਰੀਤ ਬਾਦਲ ਨੂੰ 50404 ਜਦਕਿ ਕਾਂਗਰਸ ਪਾਰਟੀ ਉਮੀਦਵਾਰ ਦੀਪਕ ਕੁਮਾਰ ਨੂੰ 48289 ਵੋਟਾਂ ਪ੍ਰਾਪਤ ਹੋਈਆਂ। ਇਸ ਜਿੱਤ ਤੋਂ ਬਾਅਦ ਸ: ਬਾਦਲ ਦੀ ਪੂਰੇ ਪੰਜਾਬ, ਪ੍ਰਸ਼ਾਸਨ ਅਤੇ ਰਾਜਨੀਤੀ ਵਿਚ ਤੂਤੀ ਬੋਲਣੀ ਸ਼ੁਰੂ ਹੋ ਗਈ।

ਲੁਧਿਆਣਾ ਪੱਛਮੀ ਵਿਚ ਆਮ ਆਦਮੀ ਪਾਰਟੀ ਉਮੀਦਵਾਰ ਸੰਜੀਵ ਅਰੋੜਾ ਨੂੰ 35179, ਕਾਂਗਰਸ ਉਮੀਦਵਾਰ ਭਾਰਤ ਭੂਸ਼ਣ ਆਸ਼ੂ ਨੂੰ 24542, ਭਾਜਪਾ ਦੇ ਜੀਵਨ ਗੁਪਤਾ ਨੂੰ 20323 ਅਤੇ ਸ਼੍ਰੋਮਣੀ ਅਕਾਲ ਦਲ ਦੇ ਉਮੀਦਵਾਰ ਐਡਵੋਕੇਟ ਪਰਉਪਕਾਰ ਸਿੰਘ ਨੂੰ ਸ਼ਰਮਨਾਕ 8203 (ਜਿਸ ਦੀ ਜ਼ਮਾਨਤ ਵੀ ਜ਼ਬਤ ਹੋ ਗਈ) ਵੋਟਾਂ ਪ੍ਰਾਪਤ ਹੋਈਆਂ। ਆਮ ਆਦਮੀ ਪਾਰਟੀ ਸੰਨ 2022 ਦੇ 34.46 ਪ੍ਰਤੀਸ਼ਤ ਵੋਟ ਸ਼ੇਅਰ ਮੁਕਬਲੇ 39.02 ਪ੍ਰਤੀਸ਼ਤ ਪ੍ਰਾਪਤ ਕਰਨ ਵਿਚ ਸਫਲ ਰਹੀ। ਕਾਂਗਰਸ 28.06 ਦੀ ਥਾਂ ਘੱਟ 27.22, ਭਾਜਪਾ ਵੀ 23.95 ਦੀ ਥਾਂ ਘੱਟ 22.54 ਪ੍ਰਤੀਸ਼ਤ ਪ੍ਰਾਪਤ ਕਰ ਸਕੀ। ਸ਼੍ਰੋਮਣੀ ਅਕਾਲੀ ਦਲ ਸੰਨ 2022 ਵਿਚ 10072 ਦੇ ਮੁਕਾਬਲੇ ਇਸ ਵਾਰ ਘੱਟ 8203 ਵੋਟ ਪ੍ਰਾਪਤ ਕਰ ਸਕੀ। ਪੰਜਾਬੀ ਅਤੇ ਖਾਸ ਕਰਕੇ ਸਿੱਖ ਭਾਈਚਾਰਾ ਸਮੇਤ ਕਿਸਾਨੀ ਦੇ ਸ਼੍ਰੋਮਣੀ ਅਕਾਲੀ ਦਲ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਮੂੰਹ ਨਹੀਂ ਲਾ ਰਿਹਾ। ਚੋਣ ਤੋਂ ਐਨ ਪਹਿਲਾਂ ਭ੍ਰਿਸ਼ਟ ਅਤੇ ਕਿਸੇ ਘੜੇ ਦਾ ਢੱਕਣ ਨਾ ਹੋਣ ਵਾਲੇ ਲੋਕਾਂ ਵੱਲੋਂ ਨਕਾਰੇ ਸਿਕੰਦਰ ਸਿੰਘ ਮਲੂਕਾ, ਸੋਹਣ ਸਿੰਘ ਠੰਡਲ ਅਤੇ ਸੁਨੀਲ ਜੋਸ਼ੀ ਵਰਗੇ ਆਗੂ ਪਾਰਟੀ ਵਿਚ ਸ਼ਾਮਲ ਕਰਨ ਅਤੇ ਸੁਖਬੀਰ ਬਾਦਲ ਵੱਲੋਂ ਚੋਣ ਮੋਰਚਾ ਖੁਦ ਸੰਭਾਲਣ ਦੇ ਬਾਵਜੂਦ ਵੀ ਲੋਕਾਂ ਨੇ ਬੁਰੀ ਤਰ੍ਹਾਂ ਨਕਾਰ ਦਿੱਤਾ।

**ਜ਼ਖ਼ਮ** : ਜਿੰਨੇ ਜ਼ਖ਼ਮ ਕਾਂਗਰਸ ਪਾਰਟੀ ਨੇ ਪੰਜਾਬ ਅਤੇ ਸਿੱਖ ਭਾਈਚਾਰੇ ਨੂੰ ਦਿੱਤੇ ਹਨ ਸ਼ਾਇਦ ਹੀ ਕਿਸੇ ਹੋਰ ਰਾਜਨੀਤਕ ਪਾਰਟੀ ਅਤੇ ਲੀਡਰਸ਼ਿਪ ਨੇ ਦਿੱਤੇ ਹੋਣ। (ਓ) ਸੰਨ 1947 ਵਿਚ ਦੇਸ਼ ਦੀ ਵੰਡ ਵੇਲੇ ਸਭ ਤੋਂ ਵੱਡਾ ਜ਼ਖ਼ਮ ਪੰਜਾਬ ਅਤੇ ਸਿੱਖ ਭਾਈਚਾਰੇ ਨੂੰ (ਅ) ਜੂਨ 1984 ਵਿਚ ਅਪ੍ਰੇਸ਼ਨ ਨੀਲਾ ਤਾਰਾ ਵੇਲੇ ਸਰਬ ਸਾਂਝੀਵਾਲਤਾ ਦਾ ਵਿਸ਼ਵ ਭਾਈਚਾਰੇ ਨੂੰ ਦਿਨ-ਰਾਤ 24 ਘੰਟੇ ਪੈਗਾਮ ਦੇਣ ਵਾਲੇ ਸਿੱਖਾਂ ਅਤੇ ਮਾਨਵਤਾ ਦੇ ਮੁਕੱਦਸ ਸਥਾਨ ਸ਼੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਨੂੰ (Enemy Territory) ‘ਦੁਸ਼ਮਣ ਖੇਤਰ’ ਕਰਾਰ ਦੇ ਕੇ ਹੋਰ 36 ਗੁਰਧਾਮਾਂ ’ਤੇ ਭਾਰਤੀ ਫੌਜ ਰਾਹੀਂ ਹਮਲਾ (ੲ) ਅਕਤੂਬਰ 31 ਨੂੰ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਤਲ ਬਾਅਦ ਦਿੱਲੀ, ਕਾਨਪੁਰ, ਭਲਈ ਅਤੇ ਦੇਸ਼ ਦੇ ਹੋਰ ਅਨੇਕ ਸਥਾਨਾਂ ’ਤੇ ਸਿੱਖ ਭਾਈਚਾਰੇ ਦਾ ਕਤਲ-ਏ-ਆਮ (ਸ) 10-12 ਸਾਲ ਪੰਜਾਬ ਵਿਚ ਪੁਲਿਸ, ਅਰਧ ਫੌਜੀ ਦਲਾਂ ਅਤੇ ਫੌਜ ਰਾਹੀਂ ਸਿੱਖ ਨੌਜਵਾਨਾਂ ਦਾ ਝੂਠੇ ਹਥਿਆਰਬੰਦ ਮੁਕਾਬਲਿਆਂ ਵਿਚ ਕਤਲ (ਹ) ਪੰਜਾਬ ਨੂੰ ਕਾਂਗਰਸ ਸਰਕਾਰਾਂ ਵੇਲੇ ਅਫਸਰਸ਼ਾਹੀ, ਮਾਫੀਆ ਗ੍ਰੋਹਾਂ ਨਾਲ ਮਿਲ ਕੇ ਭ੍ਰਿਸ਼ਟਾਚਾਰ ਰਾਹੀਂ ਹੀ ਲੁੱਟਣਾ ਅਤੇ ਕੁੱਟਣਾ। ਖੁਦ ਕਾਂਗਰਸ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੇ ਮੰਨਿਆ ਸੀ ਕਿ ਕੇਂਦਰ ਰਾਜਾਂ ਨੂੰ ਜੋ ਗ੍ਰਾਂਟਾਂ ਰਾਹੀਂ ਧੰਨ ਭੇਜਦਾ ਹੈ ਉਸ ਦੇ 100 ਰੁਪਏ ਵਿਚੋਂ ਸਿਰਫ 15 ਰੁਪਏ ਖਰਚੇ ਜਾਂਦੇ ਹਨ ਬਾਕੀ ਰਾਜਨੀਤੀਵਾਨ ਅਤੇ ਵਿਚੋਲੀਏ ਖਾ ਜਾਂਦੇ ਹਨ। ਕਾਂਗਰਸ ਦੇ ਇੱਕ ਮੁੱਖ ਮੰਤਰੀ ਨੂੰ ‘ਬੁੱਚੜ’ ਕਿਹਾ ਜਾਂਦਾ ਹੈ, ਜਿਸ ਨੇ ਕੇ. ਪੀ. ਐੱਸ. ਗਿੱਲ ਜਿਹੇ ਮਹਾਂ ਬੁੱਚੜ ਡੀਜੀਪੀ ਦੁਆਰਾ ਬੇਗੁਨਾਹ ਹਜ਼ਾਰਾਂ ਸਿੱਖ ਨੌਜਵਾਨਾਂ ਦਾ ਝੂਠੇ ਹਥਿਆਰ ਬੰਦ ਮੁਕਾਬਲਿਆਂ ਵਿਚ ਘਾਣ ਕਰਵਾਇਆ। ਮਨੁੱਖੀ ਅਧਿਕਾਰਾਂ ਦੇ ਅਲੰਬਰਦਾਰ ਜਸਵੰਤ ਸਿੰਘ ਖਾਲੜਾ ਨੂੰ ਮਾਰ ਮੁਕਾਇਆ, ਇੱਕ ਹੋਰ ਮੁੱਖ ਮੰਤਰੀ ਨੇ ਗੁਆਂਢੀ ਦੇਸ਼ ਦੀ ਰਖੇਲ ਮੁੱਖ ਮੰਤਰੀ ਦੇ ਸਰਕਾਰੀ ਨਿਵਾਸ ਵਿਚ ਗੈਰ ਸੰਵਿਧਾਨਿਕ ਤੌਰ ’ਤੇ ਰੱਖ ਕੇ ਬਦਇਖਲਾਕ ਅਤੇ ਭ੍ਰਿਸ਼ਟਾਚਾਰ ਦੀਆਂ ਹੱਦਾਂ ਤੋੜ ਛੱਡੀਆਂ। (ਕ) ਪੰਜਾਬ ਦੀ ਰਾਜਧਾਨੀ, ਪਾਣੀ ਅਤੇ ਪੰਜਾਬੀ ਬੋਲਦੇ ਇਲਾਕੇ ਡੰਡੇ ਅਤੇ ਸੱਤਾ ਦੇ ਜ਼ੋਰ ’ਤੇ ਖੋਹੇ। ਹੈਰਾਨਗੀ ਇਸ ਗੱਲ ਦੀ ਹੈ ਕਿ ਫਿਰ ਵੀ ਰਾਜਨੀਤਕ, ਧਾਰਮਿਕ, ਵਿੱਤੀ, ਲੋਕ ਲੁਭਾਊ ਪ੍ਰਾਪੇਗੰਡੇ ਦੀ ਤਿਕੜਮਬਾਜ਼ੀ ਨਾਲ ਬਾਰ ਬਾਰ ਸੱਤਾ ਹਾਸਲ ਕਰਨ ਵਿਚ ਸਫਲ ਰਹੀ।

**ਹੰਨੇ-ਹੰਨੇ ਲੀਡਰਸ਼ਿਪ** : ਬਟਾਲਾ ਦੇ ਮਸ਼ਹੂਰ ਕਵੀ ਸ਼ਿਵ ਕੁਮਾਰ ਬਟਾਲਵੀ ‘ਹੁਸੀਨ ਮਾਸ਼ੂਕ’ ਨੂੰ ਸੰਬੋਧਿਤ ਕਵਿਤਾ ਵਿਚ ਲਿਖਦੇ ਹਨ ‘ਰੰਗ ਗੋਰਾ ਗੁਲਾਬ ਲੈ ਬੈਠਾ। ਮੈਨੂੰ ਤੇਰਾ ਸ਼ਬਾਬ ਲੈ ਬੈਠਾ।’ ਇਹੀ ਹਾਲ ਅਜੋਕੀ ਪੰਜਾਬ ਦੀ ਕਾਂਗਰਸ ਲੀਡਰਸ਼ਿਪ ਦਾ ਹੈ। ਪੰਜਾਬ ਦੀ ‘ਸੱਤਾ ਮਾਸ਼ੂਕ’ ਦੇ ਇਸ਼ਕ ਵਿਚ ਇਹ ਸਭ ਅੰਨ੍ਹੇ ਬੋਲੇ ਹੋ ਗਏ ਹਨ। ਇਹ ਭਾਵੇਂ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਪ੍ਰਧਾਨ ਅਮਰਿੰਦਰ ਰਾਜਾ ਵੜਿੰਗ, ਕਾਂਗਰਸ ਵਿਧਾਨਕਾਰ ਗਰੁੱਪ ਦਾ ਆਗੂ ਪ੍ਰਤਾਪ ਸਿੰਘ ਬਾਜਵਾ, ਰਾਜਸਥਾਨ ਕਾਂਗਰਸ ਮਾਮਲਿਆਂ ਦਾ ਇੰਚਾਰਜ ਸੁਖਜਿੰਦਰ ਸਿੰਘ ਰੰਧਾਵਾ, ਹੈਂਕੜਬਾਜ਼ ਚੌਧਰੀ ਰਾਣਾ ਗੁਰਜੀਤ ਸਿੰਘ, ਧੜੇਬੰਦਕ ਅਤੇ ਦਲਿਤ ਆਗੂ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ, ਉੱਪ ਪ੍ਰਧਾਨ ਕਪਤਾਨ ਪ੍ਰਗਟ ਸਿੰਘ ਆਦਿ ਲੰਬੀ ਸੂਚੀ ਹੈ।

**ਦਿਸ਼ਾਹੀਨ ਕਮਜ਼ੋਰ ਹਾਈਕਮਾਨ:** ਲੁਧਿਆਣਾ ਪੱਛਮੀ ਦਾ ਉਮੀਦਵਾਰ ਭਾਰਤ ਭੂਸ਼ਣ ਆਸ਼ੂ ਬੇਲਗਾਮ ਘੋੜੇ ਵਾਂਗ ਹਰ ਕਿਸੇ ਨਾਲ ਲੜਦਾ ਹੈ। ਜ਼ੁਬਾਨ ਕਾਬੂ ਨਹੀਂ। ਇੱਕ ਪੁਲਿਸ ਅਫਸਰ ਨੌਕਰੀ ਤੋਂ ਕਢਵਾ ਦਿੱਤਾ, ਅਖੇ ਮੇਰਾ ਕਿਹੜਾ ਵਿਆਹ ਰੱਖਿਆ ਸੀ ਜੋ ਨਿਉਂਦਾ ਭੇਜਦਾ? ਮੈਨੂੰ ਆ ਆ ਲੀਡਰ ਨਹੀਂ ਚਾਹੀਦੇ ਚੋਣ ਮੁਹਿੰਮ ਲਈ? ਇਨ੍ਹਾਂ ਚਰਨਜੀਤ ਚੰਨੀ ਦੀ ਅਗਵਾਈ ਵਿਚ ਇੱਕ ਵੱਖਰਾ ਗੁੱਟ ਗਠਿਤ ਕਰਕੇ ਚੋਣ ਲੜੀ, ਕਮਜ਼ੋਰ ਦਿਸ਼ਾਹੀਨ ਹਾਈਕਮਾਨ ਰਾਹੁਲ ਗਾਂਧੀ, ਪ੍ਰਿਅੰਕਾ ਗਾਂਧੀ, ਪ੍ਰਧਾਨ ਮਲਕਾਅਰਜੁਨ ਖੜਗੇ, ਪੰਜਾਬ ਮਾਮਲਿਆਂ ਦੇ ਇੰਚਾਰਜ ਭੂਪੇਸ਼ ਬਘੇਲ ਮੂਕ ਦਰਸ਼ਕ ਬਣੇ ਤਮਾਸ਼ਾ ਵੇਖਦੇ ਰਹੇ। ਇਨ੍ਹਾਂ ਹਰਿਆਣਾ ਵਿਧਾਨ ਸਭਾ ਚੋਣਾਂ ਅਤੇ ਮਹਾਂਰਾਸ਼ਟਰ ਵਿਚ ਜਿੱਤੀਆਂ ਬਾਜ਼ੀਆਂ ਹਾਰਨ ਤੋਂ ਕੋਈ ਸਬਕ ਨਹੀਂ ਸਿੱਖਿਆ।

ਭੂਪੇਸ਼ ਬਘੇਲ ਧੋਖੇਬਾਜ਼ ਕਾਂਗਰਸ ਆਗੂ ਹੈ, ਜਿਸ ਨੇ ਤਹਿ ਯੋਜਨਾ ਅਨੁਸਾਰ ਅੱਧਾ ਮਸਾਂ ਛੱਤੀਸਗੜ੍ਹ ਦੀ ਸੱਤਾ ਸੰਭਾਲਣ ਬਾਅਦ ਟੀ. ਐਸ. ਸਿੰਘ ਦਿਓ ਨੂੰ ਦੇਣ ਤੋਂ ਨਾਂਹ ਕਰ ਦਿੱਤੀ ਸੀ। ਸੋ ਉਸ ਨੇ ਪੰਜਾਬ ਦੇ ਮੁੱਖ ਮੰਤਰੀਸ਼ਿਪ ਲਈ ਅੰਨ੍ਹੇ ਬੋਲੇ ਹੋਏ ਲੜ ਰਹੇ ਆਗੂਆਂ ਨੂੰ ਕਾਬੂ ਵਿਚ ਕੀ ਕਰਨਾ ਸੀ?

**ਸਾਂਝਾ ਨਿਰਪੱਖ ਆਗੂ** : ਖੈਰ! ਅਜੇ ਵੀ ਡੁੱਲੇ ਬੇਰਾਂ ਦਾ ਕੁਝ ਨਹੀਂ ਵਿਗੜਿਆ। ਕਾਂਗਰਸ ਨੂੰ ਮੁੜ ਤੋਂ ਈਮਾਨਦਾਰੀ, ਅਨੁਸ਼ਾਸ਼ਨ, ਪਾਰਟੀ ਅਤੇ ਪੰਜਾਬ ਪ੍ਰਤੀ ਵਫਾਦਾਰੀ ਨਾਲ ਸਮਰਪਿਤ ਹੋਣ ਦੇ ਅਧਾਰ ’ਤੇ ਇਕ ਸਾਂਝੇ, ਨਿਰਪੱਖ, ਟਕਸਾਲੀ ਕਾਂਗਰਸ ਆਗੂ ਦੀ ਅਗਵਾਈ ਵਿਚ ਮੁਨੱਜ਼ਮ ਕਰਨ ਦੀ ਲੋੜ ਹੈ। ਇੱਕ ਤਾਕਤਵਰ ‘ਡਾਰਕ ਹਾਰਸ’ ਵਜੋਂ ਪੜ੍ਹੀ ਲਿਖੀ, ਸਾਬਕਾ ਮੰਤਰੀ, ਟਕਸਾਲੀ ਮਰਹੂਮ ਵਿਧਾਨਕਾਰ ਚੌ: ਜੈਮੁਨੀ ਦੀ ਨੂੰਹ, ਦੂਰ ਅੰਦੇਸ਼, ਨਿਰਪੱਖ ਅਤੇ ਤਾਕਤਵਰ ਦਲਿਤ ਆਗੂ ਬੀਬੀ ਅਰੁਣਾ ਚੌਧਰੀ ਜੋ ਦੀਨਾਨਗਰ (ਮਹਾਰਾਜਾ ਰਣਜੀਤ ਸਿੰਘ ਦੀ ਗਰਮੀਆਂ ਦੀ ਰਾਜਧਾਨੀ ਵਜੋਂ ਮਸ਼ਹੂਰ) ਹਲਕੇ ਤੋਂ ਗੁਰਦਾਸਪੁਰ ਜ਼ਿਲ੍ਹੇ ਵਿਚ ਵਾਰ ਵਿਧਾਇਕਾ ਬਣਨ ਦਾ ਇਜਾਜ਼ ਪ੍ਰਾਪਤ ਹੈ, ਨੂੰ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦਾ ਪ੍ਰਧਾਨ ਨਿਯੁਕਤ ਕਰਕੇ ਸੰਨ 2027 ਦੀਆਂ ਵਿਧਾਨ ਸਭਾ ਚੋਣਾਂ ਵਿਚ ਕਾਂਗਰਸ ਪਾਰਟੀ ਦੀ ਜਿੱਤ ਸੁਨਿਸ਼ਚਿਤ ਕੀਤੀ ਜਾ ਸਕਦੀ ਹੈ। ਐਸੇ ਹੀ ਗੁਣਾਂ ਵਾਲਾ ਆਗੂ ਕਪਤਾਨ ਪ੍ਰਗਟ ਸਿੰਘ ਵੀ ਮੌਜੂਦ ਸੀ, ਜੋ ਧੜੇਬੰਦੀ ਦਾ ਸ਼ਿਕਾਰ ਹੋ ਕੇ ਇਹ ਇਜਾਜ਼ ਗੁਆ ਬੈਠਾ। ਕਾਂਗਰਸ ਹਾਈਕਮਾਨ ਨੂੰ ਐਸਾ ਸੂਝ ਬੂਝ ਭਰਿਆ ਨਿਰਣਾ ਲੈਣਾ ਹੋਵੇਗਾ।

# ਮੌਸਮਾਂ ਦੀ ਮਾਰ ਸਹਿੰਦੇ ਕਾਮਿਆਂ ਦਾ ਸਿਰੜ

ਗੁਰਬਿੰਦਰ ਸਿੰਘ ਮਾਣਕ
ਮੋ: 9815356086

ਇਸ ਗੱਲ ਵਿਚ ਕੋਈ ਦੋ ਰਾਵਾਂ ਨਹੀਂ ਹੋ ਸਕਦੀਆਂ ਕਿ ਭਾਵੇਂ ਜੇਠ-ਹਾੜ ਦੀਆਂ ਤਨ-ਬਦਨ ਨੂੰ ਸਾੜਦੀਆਂ ਧੁੱਪਾਂ ਤੇ ਕਹਿਰਾਂ ਦੀ ਲੂਅ ਵਗਦੀ ਹੋਵੇ ਤੇ ਭਾਵੇਂ ਹੱਡਾਂ ਨੂੰ ਚੀਰਦੀਆਂ ਕਹਿਰਵਾਨ ਸਰਦੀਆਂ ਹੋਣ, ਕਿਸਾਨਾਂ, ਕਿਰਤੀਆਂ, ਕਾਮਿਆਂ ਨੂੰ ਆਪਣਾ ਚੁੱਲ੍ਹਾ ਰੋਜ਼ ਬਲਦਾ ਰੱਖਣ ਲਈ ਮੌਸਮਾਂ ਦਾ ਹਰ ਕਹਿਰ ਝੱਲਣਾ ਪੈਂਦਾ ਹੈ। ਭਾਵੇਂ ਉਹ ਜ਼ਿੰਦਗੀ ਦੀਆਂ ਦੁਸ਼ਵਾਰੀਆਂ ਤੋਂ ਪੀੜੋ-ਪੀੜ ਹੋਇਆ ਕਿਸੇ ਉਦਾਸੀ ਵਿਚ ਹੋਵੇ, ਜਾਂ ਮਾੜਾ-ਮੋਟਾ ਬਿਮਾਰ-ਸ਼ਮਾਰ ਵੀ ਹੋਵੇ ਤਾਂ ਵੀ ਟੱਬਰ-ਟੀਰ ਲਈ ਦੋ ਵੇਲਿਆਂ ਦੀ ਰੋਟੀ ਦਾ ਜੁਗਾੜ ਕਰਨ ਲਈ, ਉਸ ਲਈ ਕੰਮ ’ਤੇ ਜਾਣਾ ਮਜਬੂਰੀ ਹੁੰਦਾ ਹੈ। ਜੀਵਨ ਦੀਆਂ ਮੁੱਢਲੀਆਂ ਲੋੜਾਂ ਨੂੰ ਪੂਰਾ ਕਰਨ ਤੇ ਆਪਣੇ ਪਰਿਵਾਰ ਦੀ ਖਾਤਰ ਕਿਰਤੀ-ਕਾਮਿਆਂ ਨੂੰ ਕਈ ਕੁਝ ਸਹਿਣਾ ਪੈਂਦਾ ਹੈ। ਇਸ ਵਾਰ ਪਈ ਅੰਤਾਂ ਦੀ ਗਰਮੀ ਤੇ ਤਪਸ਼ ਨੇ ਸਾਰੇ ਰਿਕਾਰਡ ਤੋੜ ਦਿੱਤੇ ਹਨ। ਲੂਅ ਦੇ ਰੂਪ ਵਿਚ ਏਨੀ ਅੱਗ ਵ੍ਹਰਦੀ ਹੈ ਕਿ ਘਰੋਂ ਬਾਹਰ ਨਿਕਲਣਾ ਹੀ ਦੁਸ਼ਵਾਰ ਹੋਇਆ ਪਿਆ ਹੈ। ਤਾਪਮਾਨ 45 ਡਿਗਰੀ ਤਾਂ ਆਮ ਹੀ ਰਿਹਾ ਹੈ ਤੇ ਕਈ ਥਾਵਾਂ ’ਤੇ ਤਾਂ ਇਹ ਇਸ ਤੋਂ ਵੀ ਵੱਧ ਹੈ। ਪੰਜਾਬ ਸਮੇਤ ਦੇਸ਼ ਦੇ ਹੋਰ ਰਾਜਾਂ ਵਿਚ ਵੀ ਅੱਜ ਵੀ ਕਹਿਰਾਂ ਦੀ ਗਰਮੀ ਪੈ ਰਹੀ ਹੈ। ਮਾਹਿਰ ਕਹਿ ਰਹੇ ਹਨ ਕਿ ਲੂਅ ਤੋਂ ਬਚਣ ਲਈ ਘਰੋਂ ਬਾਹਰ ਨਾ ਨਿਕਲਿਆ ਜਾਵੇ। ਸਰਦੇ-ਪੁੱਜਦੇ ਲੋਕਾਂ ਲਈ ਤਾਂ ਇਹ ਸੰਭਵ ਹੋ ਸਕਦਾ ਹੈ ਕਿ ਉਹ ਏਸੀ ਨਾਲ ਠੰਢੇ ਹੋਏ ਘਰ ਦੇ ਕਮਰੇ ਵਿਚ ਬੈਠੇ ਰਹਿਣ। ਕੁਝ ਅਜਿਹੇ ਵੀ ਹਨ ਜਿਹੜੇ ਘਰ ਦੇ ਏਸੀ ਕਮਰੇ ਵਿਚੋਂ ਨਿਕਲ ਕੇ, ਏਸੀ ਗੱਡੀ ਵਿਚ ਬੈਠ ਕੇ ਆਪਣੇ ਦਫਤਰ ਜਾਂ ਕਾਰੋਬਾਰ ਦੇ ਕਮਰਿਆਂ ਵਿਚ ਕੂਲਰਾਂ/ਏਸੀ ਨਾਲ ਠੰਢੇ ਕੀਤੇ ਕਮਰਿਆਂ ਵਿਚ ਜਾ ਬੈਠਦੇ ਹੋਣਗੇ। ਆਮ ਕਿਰਤੀ ਬੰਦੇ ਕੋਲ ਤਾਂ ਗਰਮੀ ਤੋਂ ਬਚਣ ਲਈ ਸਾਰੇ ਟੱਬਰ ਕੋਲ ਬਹੁਤੀ ਵਾਰ ਇਕ ਪੱਖਾ ਹੀ ਹੁੰਦਾ ਹੈ। ਸੁਆਲ ਤਾਂ ਇਹ ਹੈ ਕਿ ਉਸ ਕੋਲ ਪੱਖੇ ਹੇਠ ਬਹਿਣ ਦਾ ਸਮਾਂ ਹੀ ਕਿੱਥੇ ਹੁੰਦਾ ਹੈ। ਰੋਜ਼ੀ-ਰੋਟੀ ਦੇ ਝਮੇਲਿਆਂ ਨਾਲ ਜੂਝਦਾ ਉਹ ਆਪਣੇ ਕੰਮ ’ਤੇ ਤੁਰ ਪੈਂਦਾ ਹੈ। ਅਕਸਰ ਹੀ ਮਾਹਿਰ ਕਹਿੰਦੇ ਹਨ ਕਿ ਸਾੜਦੀ ਲੂਅ ਤੋਂ ਆਪਣੇ ਸਰੀਰ ਨੂੰ ਬਚਾਉਣ ਲਈ ਦਸ ਵਜੇ ਤੋਂ ਤਿੰਨ ਵਜੇ ਤੱਕ ਘਰੋਂ ਬਾਹਰ ਨਾ ਨਿਕਲਿਆ ਜਾਵੇ। ਕੀ ਕਿਸੇ ਕਿਰਤੀ, ਕਾਮੇ ਕਿਸਾਨ ਲਈ ਇਹ ਸੰਭਵ ਹੋ ਸਕਦਾ ਹੈ। ਇਹੀ ਤਾਂ ਕੰਮ ਦਾ ਸਮਾਂ ਹੁੰਦਾ ਹੈ। ਅੱਜ ਕੱਲ੍ਹ ਅਸਮਾਨੋਂ ਅੱਗ ਵਰ੍ਹ ਰਹੀ ਹੈ ਤੇ ਕਾਮੇ ਝੋਨਾ ਲਾਉਣ ਵਿਚ ਡਟੇ ਹੋਏ ਹਨ। ਕਹਿਰਾਂ ਦੀ ਤਨ ਸਾੜਦੀ ਤਪਸ਼ ਹੋਵੇ, ਖੇਤ ਵਿਚ ਪਾਣੀ ਵੀ ਗਰਮ ਹੋਵੇ ਤੇ ਸਰੀਰ ਨੂੰ ਦੂਹਰਾ ਕਰਕੇ ਖੇਤ ਵਿਚ ਝੋਨਾ ਲਾ ਰਹੇ ਕਾਮਿਆਂ ਦੇ ਸਿਰੜ ਅੱਗੇ ਸਿਰ ਝੁਕਦਾ ਹੈ। ਧਨ ਹਨ ਇਹ ਕਿਰਤੀ ਜਿਹੜੇ ਸਵੇਰ ਤੋਂ ਲੈ ਕੇ ਰਾਤ ਤੱਕ ਆਪਣੇ ਕੰਮ ਵਿਚ ਜੁੱਟੇ, ਹਰ ਮੌਸਮ ਦੀ ਮਾਰ ਸਹਿੰਦੇ, ਦੇਸ਼ ਦੀ ਖੁਸ਼ਹਾਲੀ ਲਈ ਆਪਣਾ ਪਸੀਨਾ ਵਹਾ ਰਹੇ ਹਨ। ਝੋਨੇ ਦੇ ਸੀਜ਼ਨ ਵਿਚ ਹਰ ਸਾਲ ਹੀ ਪੰਜਾਬ ਵਿਚ ਬਿਹਾਰ ਤੇ ਹੋਰ ਸੂਬਿਆਂ ਤੋਂ ਪ੍ਰਵਾਸੀ ਕਾਮੇ ਆਉਂਦੇ ਹਨ। ਇਨ੍ਹਾਂ ਦੀ ਆਮਦ ਤੋਂ ਬਿਨਾਂ ਪੰਜਾਬ ਵਿਚ ਝੋਨੇ ਦੀ ਫਸਲ ਦੀ ਲੁਆਈ ਸੰਭਵ ਹੀ ਨਹੀਂ।

ਜਿਹੜੇ ਕਿਸਾਨ ਇਨ੍ਹਾਂ ਕਾਮਿਆਂ ਦਾ ਪਹਿਲਾਂ ਪ੍ਰਬੰਧ ਕਰ ਲੈਂਦੇ ਹਨ, ਉਹ ਵੇਲੇ ਸਿਰ ਆਪਣੀ ਫਸਲ ਬੀਜ ਲੈਂਦੇ ਹਨ। ਲੋਕਲ ਕਾਮੇ ਘੱਟ ਹੋਣ ਕਾਰਨ ਕਿਸਾਨਾਂ ਦੀ ਬਹੁਤੀ ਨਿਰਭਰਤਾ ਪ੍ਰਵਾਸੀ ਕਾਮਿਆਂ ’ਤੇ ਹੀ ਹੈ। ਇਹ ਮਿਹਨਤੀ ਵੀ ਹਨ ਤੇ ਇਨ੍ਹਾਂ ਕੋਲ ਹੁਨਰ ਵੀ ਹੈ। ਮੈਂ ਦੇਖਿਆ ਹੈ ਕਿ ਪੰਦਰਾਂ ਸੋਲਾਂ ਕਾਮਿਆਂ ਦਾ ਗਰੁੱਪ, ਪਨੀਰੀ ਪੱਟ ਕੇ ਤਿੰਨ-ਚਾਰ ਕਿੱਲੇ ਝੋਨਾ ਰੋਜ਼ ਲਾ ਦਿੰਦੇ ਹਨ। ਸਾਰਾ ਦਿਨ ਮਿਹਨਤ ਕਰਦਿਆਂ ਖੂਨ-ਪਸੀਨਾ ਇਕ ਕਰਨਾ ਪੈਂਦਾ ਹੈ। ਭਾਵੇਂ ਰੋਜ਼ੀ-ਰੋਟੀ ਦੀਆਂ ਮਜਬੂਰੀਆਂ ਬੰਦੇ ਕੋਲੋਂ ਬਹੁਤ ਕੁਝ ਕਰਾ ਲੈਂਦੀਆਂ ਹਨ। ਪਰ ਇਹ ਕੁਝ ਕਰਨ ਲਈ ਵੀ ਹਿੰਮਤ, ਹੌਂਸਲਾ, ਸਿਰੜ ਤੇ ਦ੍ਰਿੜਤਾ ਚਾਹੀਦੀ ਹੈ। ਪੰਜਾਬ ਵਿਚ ਝੋਨੇ ਦੀ ਲੁਆਈ ਮਹੀਨੇ ਤੋਂ ਵੀ ਘੱਟ ਸਮੇਂ ਦੀ ਖੇਡ ਹੈ। ਪ੍ਰਵਾਸੀ ਕਾਮੇ ਆਪਣੀ ਮੁਸ਼ੱਕਤ ਦੇ ਬਲਬੂਤੇ ਇਸ ਦਾ ਭਰਪੂਰ ਲਾਹਾ ਲੈਂਦੇ ਹਨ। ਭਾਵੇਂ ਬਹੁਤੀ ਕਮਾਈ ਤਾਂ ਨਹੀਂ ਹੁੰਦੀ ਪਰ ਮਿਹਨਤ ਦੇ ਰਾਹ ਤੁਰ ਕੇ ਆਪਣੀ ਰੋਜ਼ੀ ਕਮਾਉਣ ਦੀ ਭਾਵਨਾ ਨੂੰ ਤਾਂ ਸਲਾਮ ਕਰਨਾ ਬਣਦਾ ਹੈ। ਕੁਝ ਦਿਨਾਂ ਵਿਚ ਹੀ ਉਹ ਕਮਾਈ ਕਰਕੇ ਆਪਣੇ ਘਰਾਂ ਨੂੰ ਪਰਤ ਜਾਂਦੇ ਹਨ।

ਛੋਟੇ-ਮੋਟੇ ਰੁਜ਼ਗਾਰ ਕਰਨ ਵਾਲਿਆਂ ਨੂੰ ਵੀ ਮੌਸਮਾਂ ਦੀ ਮਾਰ ਝੱਲਣੀ ਪੈਂਦੀ ਹੈ। ਸਾਇਕਲ ਰੇਹੜੀ ’ਤੇ ਸਬਜ਼ੀ ਵੇਚਣ ਵਾਲੇ, ਕੁਲਫੀਆਂ ਵੇਚਣ ਵਾਲੇ, ਕਬਾੜ ਇਕੱਠਾ ਕਰਦੇ ਕਾਮੇ, ਸੜਕ ’ਤੇ ਰੇੜ੍ਹੀ ਲਾ ਕੇ ਕੁਲਚੇ-ਛੋਲੇ ਵੇਚਣ ਵਾਲੇ, ਕਿਸੇ ਕੋਨੇ ਵਿਚ ਸਵੇਰ ਤੋਂ ਖੜ੍ਹੇ ਹੋ ਕੇ ਸ਼ਿਕੰਜਵੀ ਵੇਚ ਕੇ ਗੁਜ਼ਾਰਾ ਕਰਨ ਵਾਲੇ, ਮੂੰਗਫਲੀ ਤੇ ਦਾਣੇ ਭੁੰਨ ਕੇ ਵੇਚਣ ਵਾਲੇ ਗੱਲ ਕੀ ਆਪਣੀ ਰੋਜ਼ੀ-ਰੋਟੀ ਦੀ ਖਾਤਰ ਵੱਡੀ ਗਿਣਤੀ ਵਿਚ ਕਿਰਤੀਆਂ ਨੂੰ ਹਰ ਮੌਸਮ ਦੀ ਮਾਰ ਝੱਲਣ ਲਈ ਤਿਆਰ ਰਹਿਣਾ ਪੈਂਦਾ ਹੈ। ਅੰਤਾਂ ਦੀ ਸਰਦੀ,ਗਰਮੀ,ਧੁੱਪ,ਪਿੰਡਾਂ ਸਾੜਦੀਆਂ ਲੂੰਆਂ, ਠੰਡੀਆਂ ਹਵਾਵਾਂ ਵਿਚ ਖੇਤਾਂ ਵਿਚ ਕੰਮ ਕਰਦੇ ਕਿਸਾਨ/ਕਾਮੇ, ਇੱਟਾਂ ਦੇ ਭੱਠੇ ’ਤੇ ਆਪਣੇ ਪਰਿਵਾਰਾਂ ਤੇ ਬੱਚਿਆਂ ਨਾਲ ਇੱਟਾਂ ਪੱਥਦੇ ਕਿਰਤੀ ਹੱਥ, ਉਸਾਰੀ ਦੇ ਕੰਮਾਂ ਵਿਚ ਲੱਗੇ ਕਾਮੇ, ਸੜਕਾਂ ’ਤੇ ਪੱਥਰ ਕੁੱਟਦੇ ਹੱਥ ਗੱਲ ਕੀ ਕੋਈ ਮੌਸਮ ਹੋਵੇ ਇਨ੍ਹਾਂ ਕਿਰਤੀਆਂ ਨੂੰ ਆਪਣਾ ਤੇ ਆਪਣੇ ਪਰਿਵਾਰਾਂ ਦਾ ਪੇਟ ਪਾਲਣ ਲਈ ਆਪਣੇ ਪਿੰਡਿਆਂ ’ਤੇ ਸਭ ਕੁਝ ਝੱਲਣਾ ਪੈਂਦਾ ਹੈ।

ਜੇ ਇਹ ਮੌਸਮਾਂ ਤੋਂ ਡਰ ਜਾਣ ਤਾਂ ਚੁੱਲ੍ਹਾ ਕਿਵੇਂ ਬਲਦਾ ਰਹੇਗਾ? ਸਾਫ-ਸਫਾਈ ਤੇ ਅਨੇਕਾਂ ਅਜਿਹੇ ਕੰਮ ਹਨ ਜਿਹੜੇ ਇਨ੍ਹਾਂ ਹੱਥਾਂ ਤੋਂ ਬਿਨਾਂ ਸੰਭਵ ਹੀ ਨਹੀਂ। ਕੋਈ ਵੀ ਕੰਮ ਚੰਗਾ/ਮਾੜਾ ਨਹੀਂ ਹੁੰਦਾ। ਦੁਨੀਆਂ ਬਹੁਤ ਅੱਗੇ ਨਿਕਲ ਗਈ ਹੈ,ਪਰ ਅਸੀਂ ਅਜੇ ਵੀ ਦਕਿਆਨੂਸੀ ਗੱਲਾਂ ਵਿਚ ਉਲਝੇ ਹੋਏ ਹਾਂ। ਵਿਹਲੇ ਹੱਥਾਂ ਨੂੰ ਰੁਜ਼ਗਾਰ ਦੀ ਲੋੜ ਹੁੰਦੀ ਹੈ, ਪਰ ਸਾਡੇ ਨੌਜਵਾਨ ਕੰਮਾਂ ਦੇ ਚੰਗੇ ਮਾੜੇ ਹੋਣ ਦੀ ਦੁਰਭਾਵਨਾ ਦੇ ਸ਼ਿਕਾਰ ਹੋਣ ਕਾਰਨ,ਵਿਹਲੇ ਤੁਰੇ ਫਿਰਦੇ ਹਨ। ਵਿਦੇਸ਼ਾਂ ਵਿਚ ਜਾ ਕੇ ਇਹੀ ਨੌਜਵਾਨ ਮਜਬੂਰੀ ਵੱਸ ਹਰ ਕੰਮ ਕਰਨ ਲਈ ਤਿਆਰ ਹੋ ਜਾਂਦੇ ਹਨ। ਸਾਡੇ ਨੌਜਵਾਨ ਮੁੰਡੇ-ਕੁੜੀਆਂ,ਉੱਥੇ ਜਾ ਕੇ ਆਪਣੇ ਸੁੱਖ-ਆਰਾਮ ਤਿਆਗ ਕੇ ਸੰਘਰਸ਼ਮਈ ਜੀਵਨ ਬਤੀਤ ਕਰਦੇ ਹਨ। ਜਿਹੜੇ ਇਸ ਭਾਵਨਾ ਨਾਲ ਸੋਚਦੇ ਹਨ,ਉਹੀ ਜੀਵਨ ਵਿਚ ਕਾਮਯਾਬੀ ਦੇ ਝੰਡੇ ਗੱਡਦੇ ਹਨ। ਜਿਹੜੇ ਕੰਮ ਕਰਨ ਦੀ ਮਿਹਨਤ ਤੋਂ ਭੱਜ ਕੇ ਹੋਰ ਰਾਹ ਚੁਣਦੇ ਹਨ,ਉਨ੍ਹਾਂ ਦਾ ਹਸ਼ਰ ਅਸੀਂ ਨਿੱਤ-ਦਿਨ ਛਪਦੀਆਂ ਖਬਰਾਂ ਤੋਂ ਦੇਖ ਹੀ ਰਹੇ ਹਾਂ।

ਸਾਡੇ ਦੇਸ਼ ਵਿਚ ਕਿਰਤੀ/ਕਾਮਿਆਂ ਦਾ ਜੀਵਨ-ਪੱਧਰ, ਮੁਸ਼ੱਕਤ ਦੇ ਬਾਵਜੂਦ ਬਹੁਤ ਦੁਸ਼ਵਾਰੀਆਂ ਭਰਿਆ ਹੈ। ਕਿਸੇ ਕਾਰਖਾਨੇ ਵਿਚ ਕੰਮ ਕਰਦੇ ਕਾਮਿਆਂ ਦੀ ਖੂਨ-ਪਸੀਨੇ ਦੀ ਮਿਹਨਤ ਸਦਕਾ, ਕਾਰਖਾਨੇਦਾਰ ਤਾਂ ਕੁਝ ਸਾਲਾਂ ਵਿਚ ਹੀ ਵੱਡਾ ਉਦਯੋਗਪਤੀ ਬਣ ਜਾਂਦਾ ਹੈ, ਪਰ ਕਾਮਿਆਂ ਦੇ ਜੀਵਨ-ਪੱਧਰ ਵਿਚ ਬਹੁਤ ਸੁਧਾਰ ਨਹੀਂ ਆਉਂਦਾ। ਬਹੁਤੇ ਥਾਈਂ ਤਾਂ ਕਾਮਿਆਂ ਦੀਆਂ ਕੰਮ-ਹਾਲਤਾਂ ਵੀ ਬਹੁਤ ਘਟੀਆ ਪੱਧਰ ਦੀਆਂ ਹੋਣ ਕਾਰਨ ਕਾਮੇ ਕਈ ਬਿਮਾਰੀਆਂ ਦੇ ਸ਼ਿਕਾਰ ਹੋ ਜਾਦੇ ਹਨ। ਸਰਕਾਰੀ ਪੱਧਰ ’ਤੇ ਕਾਮਿਆਂ ਦਾ ਜੀਵਨ-ਪੱਧਰ ਸੁਧਾਰਨ ਦੇ ਬਹੁਤ ਦਾਅਵੇ ਕੀਤੇ ਜਾਂਦੇ ਹਨ,ਪਰ ਅਮਲੀ ਰੂਪ ਵਿਚ ਬਹੁਤ ਘੱਟ ਤਬਦੀਲੀ ਆਈ ਹੈ। ਅਸਲ ਵਿਚ ਕਿਸਾਨ/ਕਾਮੇ/ਕਿਰਤੀ ਕਿਸੇ ਵੀ ਦੇਸ਼ ਦੇ ਨਵ-ਨਿਰਮਾਣ ਵਿਚ ਰੀੜ੍ਹ ਦੀ ਹੱਡੀ ਸਮਾਨ ਹੁੰਦੇ ਹਨ। ਹਰ ਤਰ੍ਹਾਂ ਦੀਆਂ ਸਥਿਤੀਆਂ ਵਿਚ ਮਿਹਨਤ ਕਰਦੇ ਹੱਥਾਂ ਤੋਂ ਬਿਨਾਂ ਕਿਸੇ ਤਰ੍ਹਾਂ ਦੇ ਵਿਕਾਸ ਬਾਰੇ ਸੋਚਿਆ ਵੀ ਨਹੀਂ ਜਾ ਸਕਦਾ। ਕਈ ਕਈ ਮੰਜ਼ਲਾਂ ’ਤੇ ਦਿਉ-ਕੱਦ ਇਮਾਰਤਾਂ ਦੀ ਉਸਾਰੀ ਕਰਦੇ ਕਾਮੇ, ਸਾਰੀ ਉਮਰ ਹੀ ਆਪਣੇ ਸਿਰ ਦੀ ਛੱਤ ਲਈ ਤਰਸਦੇ ਰਹਿੰਦੇ ਹਨ, ਪਰ ਉਨ੍ਹਾਂ ਦਾ ਆਪਣਾ ਕਹਿ ਸਕਣ ਵਾਲਾ ‘ਘਰ’ ਨਹੀਂ ਬਣਦਾ। ਅੱਖਾਂ ਵਿਚ ਚੰਗੀ ਜ਼ਿੰਦਗੀ ਦੇ ਸੁਪਨੇ ਸਜਾਈ, ਉਹ ਅਨੇਕਾਂ ਮੁਸੀਬਤਾਂ ਝੱਲਦੇ, ਇਸ ਜਹਾਨ ਤੋਂ ਕੂਚ ਕਰ ਜਾਂਦੇ ਹਨ। ਰਾਜ ਕਰਦੀਆਂ ਹਕੂਮਤਾਂ ਨੂੰ ਰੋਜ਼ੀ-ਰੋਟੀ, ਭੁੱਖਮਰੀ, ਅਨਪੜ੍ਹਤਾ, ਬੇਰੁਜ਼ਗਾਰੀ, ਭਿਆਨਕ ਬਿਮਾਰੀਆਂ ਦੀ ਜਕੜ ਦੇ ਮੁੱਦਿਆਂ ਤੋਂ ਵੀ ਧਾਰਮਿਕ ਮੁੱਦੇ ਬਹੁਤ ਵੱਡੇ ਜਾਪਣ ਲੱਗਦੇ ਹਨ। ਪਰ ਸਰਕਾਰਾਂ ਫਿਰ ਵੀ ਦਾਅਵੇ ਕਰਦੀਆਂ ਹਨ ਕਿ ਸਾਡਾ ਦੇਸ਼ ਤਰੱਕੀ ਦੀਆਂ ਕਈ ਮੰਜ਼ਲਾਂ ਤੈਅ ਕਰ ਚੁੱਕਾ ਹੈ। ਅੱਜ ਵੀ ਕਿਰਤੀ/ਕਾਮਿਆਂ ਦਾ ਜੀਵਨ ਅਨੇਕਾਂ ਮੁਸੀਬਤਾਂ ਵਿਚੋਂ ਗੁਜ਼ਰ ਰਿਹਾ ਹੈ। ਜੇ ਇਹ ਮਿਹਨਤੀ ਹੱਥ, ਇਕ ਦਿਨ ਕੰਮ ਤੋਂ ਇਨਕਾਰੀ ਹੋ ਜਾਣ ਤਾਂ ਸਾਡਾ ਜੀਵਨ ਅਸਥ-ਵਿਅਸਥ ਹੋਣ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਸਾਡੇ ਆਲੇ-ਦੁਆਲੇ ਵਿਚ ਜੋ ਵੀ ਕੰਮ ਹੋਇਆ ਹੈ ਜਾਂ ਹੋ ਰਿਹਾ ਹੈ,ਜਾਂ ਭਵਿੱਖ ਵਿਚ ਹੋਵੇਗਾ,ਇਨ੍ਹਾਂ ਕਾਮਿਆਂ ਦੇ ਹੱਥਾਂ ਦੀ ਕਰਾਮਾਤ ਹੀ ਹੈ। ਇਨ੍ਹਾਂ ਨੂੰ ਸਤਿਕਾਰ ਦੇਣਾ ਹਰ ਵਿਅਕਤੀ ਦਾ ਫਰਜ਼ ਹੈ।

# ਅਫ਼ੋਰਡੇਬਲ ਹਾਊਸਿੰਗ ਅਤੇ ਯੋਜਨਾਬੱਧ ਵਿਕਾਸ ਨੂੰ ਉਤਸ਼ਾਹਿਤ ਕਰਨ ਲਈ

GLADA

## ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਵਿਭਾਗ
## ਪੰਜਾਬ ਸਰਕਾਰ
## ਅਧੀਨ
## ਗਰੇਟਰ ਲੁਧਿਆਣਾ ਖੇਤਰੀ ਵਿਕਾਸ ਅਥਾਰਟੀ
## ਜ਼ਿਲ੍ਹਾ ਲੁਧਿਆਣਾ ਵਿਖੇ
## ਨਵੀਆਂ ਅਰਬਨ ਅਸਟੇਟਾਂ ਵਿਕਸਤ ਕਰੇਗੀ



ਸ. ਭਗਵੰਤ ਸਿੰਘ ਮਾਨ
ਮੁੱਖ ਮੰਤਰੀ, ਪੰਜਾਬ

**ਕਿਸਾਨਾਂ ਅਤੇ ਜ਼ਮੀਨ ਮਾਲਕਾਂ ਨੂੰ**
**ਲੈਂਡ ਪੂਲਿੰਗ ਸਕੀਮ** ਅਧੀਨ ਆਪਣੀ ਜ਼ਮੀਨ ਦੀ ਪੇਸ਼ਕਸ਼ ਕਰਨ ਅਤੇ
**ਵੱਡੇ ਲਾਭ ਪ੍ਰਾਪਤ** ਕਰਨ ਲਈ ਸੱਦਾ ਦਿੱਤਾ ਜਾਂਦਾ ਹੈ

| ਰਿਹਾਇਸ਼ੀ ਸੈਕਟਰ ਦੇ ਲਈ ਲੈਂਡ ਪੂਲਿੰਗ ਸਕੀਮ ਅਧੀਨ ਲਾਭ | | |
|---|---|---|
| ਪੂਲ ਕੀਤੀ ਜਾਣ ਵਾਲੀ ਜ਼ਮੀਨ | ਵਿਕਸਤ ਕਰਕੇ ਦਿੱਤੀ ਜਾਣ ਵਾਲੀ ਜ਼ਮੀਨ | |
| | ਰਿਹਾਇਸ਼ੀ ਪਲਾਟ | ਵਪਾਰਕ ਪਲਾਟ |
| 8 ਕਨਾਲ | 1000 ਵਰਗ ਗਜ | 200 ਵਰਗ ਗਜ |
| 7 ਕਨਾਲ | 950 ਵਰਗ ਗਜ | 100 ਵਰਗ ਗਜ |
| 6 ਕਨਾਲ | 800 ਵਰਗ ਗਜ | 100 ਵਰਗ ਗਜ |
| 5 ਕਨਾਲ | 650 ਵਰਗ ਗਜ | 100 ਵਰਗ ਗਜ |
| 4 ਕਨਾਲ | 500 ਵਰਗ ਗਜ | 100 ਵਰਗ ਗਜ |

| ਰਿਹਾਇਸ਼ੀ ਸੈਕਟਰ ਦੇ ਲਈ ਲੈਂਡ ਪੂਲਿੰਗ ਸਕੀਮ ਅਧੀਨ ਲਾਭ | | |
|---|---|---|
| ਪੂਲ ਕੀਤੀ ਜਾਣ ਵਾਲੀ ਜ਼ਮੀਨ | ਵਿਕਸਤ ਕਰਕੇ ਦਿੱਤੀ ਜਾਣ ਵਾਲੀ ਜ਼ਮੀਨ | |
| | ਰਿਹਾਇਸ਼ੀ ਪਲਾਟ | ਵਪਾਰਕ ਪਲਾਟ |
| 3 ਕਨਾਲ | 450 ਵਰਗ ਗਜ | — |
| 2 ਕਨਾਲ | 300 ਵਰਗ ਗਜ | — |
| 1 ਕਨਾਲ | 150 ਵਰਗ ਗਜ | — |
| 9.0 ਏਕੜ | ਗਰੁੱਪ ਹਾਊਸਿੰਗ ਲਈ 3.00 ਏਕੜ | |
| 50 ਏਕੜ | ਪਲਾਟਿਡ ਵਿਕਾਸ ਲਈ 30 ਏਕੜ | |

**ਲੈਂਡ ਪੂਲਿੰਗ ਨੀਤੀ ਦੇ ਤਹਿਤ ਆਪਣੀ ਜ਼ਮੀਨ ਦੀ ਪੇਸ਼ਕਸ਼ ਕਰਨ ਵਾਲੇ ਕਿਸਾਨਾਂ ਅਤੇ ਜ਼ਮੀਨ ਮਾਲਕਾਂ ਨੂੰ ਤਿੰਨ ਸਾਲਾਂ ਲਈ 30,000/- ਰੁਪਏ ਦਾ ਗੁਜ਼ਾਰਾ ਭੱਤਾ ਅਤੇ ਸਹੂਲਤ ਸਰਟੀਫਿਕੇਟ ਦੇ ਲਾਭ ਦਿੱਤੇ ਜਾਣਗੇ**

## ਲੁਧਿਆਣਾ ਜ਼ਿਲ੍ਹੇ ਦੇ ਪਲੈਨਿੰਗ ਏਰੀਆ ਵਿੱਚ ਰਿਹਾਇਸ਼ੀ ਅਰਬਨ ਅਸਟੇਟਾਂ ਦੀ ਸਥਾਪਨਾ ਲਈ ਲੈਂਡ ਪੂਲਿੰਗ

ਇਹ ਸੂਚਿਤ ਕੀਤਾ ਜਾਂਦਾ ਹੈ ਕਿ ਲੁਧਿਆਣਾ ਜ਼ਿਲ੍ਹੇ ਦੇ ਪਲੈਨਿੰਗ ਏਰੀਆ ਵਿੱਚ ਰਿਹਾਇਸ਼ੀ ਅਰਬਨ ਅਸਟੇਟਾਂ ਦੀ ਸਥਾਪਨਾ ਲਈ, ਹੇਠ ਲਿਖੇ ਪਿੰਡਾਂ ਦੇ ਖਸਰਾ ਨੰਬਰ ਦਰਸਾਉਂਦੀ ਜ਼ਮੀਨ ਨੂੰ ਪੂਲ ਕੀਤਾ ਜਾ ਰਿਹਾ ਹੈ:-

**ਵਿਕਾਸ ਅਥਾਰਟੀ - ਗਰੇਟਰ ਲੁਧਿਆਣਾ ਖੇਤਰੀ ਵਿਕਾਸ ਅਥਾਰਟੀ**

**ਖੇਤਰ : ਜ਼ੋਨ - 1, ਲੁਧਿਆਣਾ**

ਜ਼ਮੀਨ ਦਾ ਵੇਰਵਾ

**ਜ਼ਿਲ੍ਹਾ: ਲੁਧਿਆਣਾ, ਤਹਿਸੀਲ: ਲੁਧਿਆਣਾ (ਪੱਛਮੀ), ਪਿੰਡ: ਬੱਗਾ ਕਲ੍ਹਾਂ, ਹਦਬਸਤ ਨੰ.: 122, ਖਸਰਾ ਨੰਬਰ. –** 17//21, 18//16/2, 20/2, 17/1, 21, 22, 23, 24, 25/1, 25/2, 26, 123, 19//23/2, 24/1, 25/2, 20//3, 4, 5, 6, 7, 8, 13, 14, 15, 16, 17, 23, 24, 25, 21//1, 2, 3, 4, 5/1, 6, 7/1, 7/2, 8, 9, 10, 11, 12, 13, 14/1, 14/2, 15, 16, 17/1, 17/2, 18, 19/1, 19/2, 20, 21, 22/1, 22/2, 23, 24/1, 24/2, 25, 26, 22//1, 9, 10, 11, 12/1, 18/2, 19/2, 20, 21, 22, 23/1, 24/1, 26, 28//11 Min 20 Min, 21/1, 21/2, 22 Min, 26, 29//1, 2, 3, 4/1, 6/2, 7, 8, 9/1, 9/2, 9/3, 10, 11, 12, 13, 14, 15Min, 16, 17, 18, 19, 20/1/1, 20/1/2, 20/2, 21/1, 21/2, 22, 23, 24, 25, 26, 27, 30//1, 2, 3, 4/1, 4/2, 5, 6, 7/1, 7/2, 8/1, 8/2, 9, 10, 11, 12, 13, 14, 15, 16/1, 16/2, 17, 18, 19, 20, 21, 22, 23, 24, 25, 26, 27, 31//3, 4, 5, 6, 7, 14, 15, 16, 25, 26, 27, 32//5, 6, 15, 33//1, 2, 3, 4, 5, 6, 7, 8, 9, 10, 11, 12, 13/1, 13/2, 14/1, 14/2, 15/1, 15/2, 16, 17, 18, 19/1, 19/2, 20, 21, 22, 23, 24, 25, 34//1/1, 1/2, 2, 3, 4, 5, 6, 7, 8, 9, 10, 11, 12, 13, 14, 15, 16, 17, 18/1, 18/2, 19, 20, 21, 22/1/1, 22/1/2, 22/2, 23/1, 23/2/1, 23/2/2, 24/1, 24/2, 25/1, 25/2, 26, 35//1, 2Min, 9Min, 10, 11, 12Min, 19/1 Min, 19/2, 20, 21, 22Min, 40//1, 2Min, 9/1Min, 9/2min, 10, 11, 12min, 19min, 20, 21, 22min, 41//1, 2, 3, 4, 5, 6/1, 6/2, 7/1, 7/2, 8/1, 8/2, 9, 10, 11, 12, 13, 14, 15, 16, 17, 18/1, 18/2, 19, 20, 21, 22/1, 22/2, 23, 24, 25, 26, 27, 42//1/1, 1/2, 2/1/1, 2/1/2, 2/2, 3, 4, 5, 6/1, 6/2, 7, 8/1, 8/2, 9, 10, 11/1, 11/2, 12/1, 12/2, 13, 14, 15, 16, 17, 18, 19, 20, 21, 22, 23, 24, 25, 26, 43//5, 6, 15/1, 15/2, 16/1/1, 16/1/2, 16/2, 17, 24, 25, 44//3, 4, 5/1, 5/2, 6, 7, 8, 12, 13, 14, 15, 16, 17, 18, 19, 21, 22, 23, 24, 25, 45//1, 2, 3, 4, 5, 6, 7, 8, 9, 10, 11, 12/1, 12/2, 13, 14, 15/1, 15/2, 16, 17, 18, 19, 20, 21/1, 21/2, 22, 23, 24, 25, 46//1, 2/1, 2/2, 3, 4, 5, 6, 7, 8, 9/1, 9/2, 10, 11, 12, 14, 16, 15, 20, 47//1, 2/1, 2/2, 9, 10, 11, 12/1, 19, 20, 21, 22, 51//1, 2, 9, 52//1/1, 1/2, 2/1, 2/2, 3, 4, 5/1, 5/2, 5/3, 6, 7, 8, 9, 10, 11, 12, 13, 14, 17, 18, 19/1, 19/2, 20, 21, 22, 23, 53//1, 2, 3, 4, 5, 6, 7, 8/1, 8/2, 9, 10, 11, 12, 13, 14, 15, 16, 17, 18, 19, 20, 21, 22, 23, 24, 25, 54//6, 15, 16, 25, 55//5, 6, 15, 16, 56//1, 2, 3, 4, 5, 7, 8, 9, 10, 11, 12, 20, 57//1/1, 1/2, 2, 173, 175, 117, 115, 171, 172.

**ਜ਼ਿਲ੍ਹਾ: ਲੁਧਿਆਣਾ, ਤਹਿਸੀਲ: ਲੁਧਿਆਣਾ (ਪੱਛਮੀ), ਪਿੰਡ: ਗੜ੍ਹਾ, ਹਦਬਸਤ ਨੰ.: 130, ਖਸਰਾ ਨੰਬਰ. –** 1//6, 7, 13, 14, 15, 16, 17, 18, 22, 23, 24, 25, 2//11, 19, 20, 21, 22, 25, 3//21, 4//20, 21/1, 21/2, 22, 5//1, 8, 9, 10, 11, 12, 13, 14, 16, 17, 18/1, 18/2, 19, 20/1, 20/2, 21, 22, 23/1/1, 23/1/2, 23/2, 24/1, 24/2, 25/1/1, 25/1/2, 25/2, 26, 6//1, 2, 3, 4, 5, 6, 7, 8, 9, 10, 11, 12, 13, 14, 15, 16, 17, 18, 19, 20/1, 20/2, 21/1, 21/2, 22, 23, 24, 25, 7//2, 3, 4, 5, 6, 7, 8, 9, 12, 13, 14, 15, 16 , 17, 18, 19, 20, 21/1, 21/2, 22, 23, 24, 25, 8//14, 15, 16, 17/1/1, 17/1/2, 17/1/3, 17/2, 18, 23, 24/1, 24/2, 24/3, 24/4, 25/1, 25/2, 9//2, 3/1, 3/2, 4, 5, 6, 7, 8/1, 8/2, 9, 10, 11, 12, 13/1, 13/2, 14/1, 14/2, 15/1, 15/2, 16, 17, 18, 19, 20/1, 20/2, 21/1, 21/2, 21/3, 21/4, 22/1, 22/2, 23, 24, 25/1, 25/2, 26, 10//1, 2, 3, 4, 5/1, 5/2, 6, 7, 8, 9, 10, 11/1, 11/2, 12, 13/1, 13/2, 14, 16, 17, 18, 19, 20/1, 20/2, 20/3, 21, 22, 23, 24/1, 24/2, 25, 26, 27, 11//1, 2, 3, 4, 5/1, 5/2, 6, 7/1, 7/2, 8, 9, 10, 12, 13, 16, 17, 18, 21, 22, 23, 24, 25/1, 25/2, 26, 27, 28, 12//1, 2/1, 2/2, 2/3, 3, 4, 6, 7, 8, 9/1, 9/2, 10, 11, 12/1, 12/2, 12/3, 12/4, 13/1, 13/2, 14/1, 14/2, 15/1, 15/2, 16, 17, 18, 19, 20, 21, 22, 23, 24, 25, 26, 27, 13//8, 9/1, 9/2, 9/3, 10, 11/1, 11/2, 12, 13, 14, 15, 16, 17, 18, 19, 20, 21, 22, 23, 24, 25, 14//20, 21, 22, 15//1, 2, 9, 10, 11, 12, 19, 20, 21, 22, 16//1, 2, 3, 4, 5, 6, 7, 8, 9, 10/1, 10/2, 11, 12, 13, 14, 15, 16, 17, 18, 19, 20/1/1, 20/1/2, 20/2, 21, 22, 23, 24, 25, 17//1, 2, 3, 4, 5, 6, 7, 8/1, 8/2, 9, 10, 11, 12, 13, 14, 15, 16/1, 16/2, 17/1, 17/2, 18/1, 18/2, 19/1, 19/2, 20/1, 20/2, 21/1, 21/2, 22, 23, 24, 25, 26, 18//1/1/1, 1/1/2, 1/2, 1/3, 2, 3, 4, 5, 6, 7, 8, 9, 10, 11, 12/1, 12/2, 13/1, 13/2, 14, 15, 16/1, 16/2, 17/1, 17/2, 17/3, 18/1/1, 18/1/2, 18/2/1, 18/2/2, 19/2, 20, 21, 22, 23, 24, 25, 19//1/1, 1/2, 2, 3/1, 3/2, 4, 5/1, 5/2, 5/3, 6, 7, 8, 9, 10, 11, 12, 13, 14, 15, 16, 17, 18, 19, 20, 21, 22, 23, 24, 25, 26, 20//1/1, 1/2, 1/3, 2/1, 2/2, 3/1, 3/2, 4/1, 4/2, 5/1, 5/2, 6, 7, 8/1, 8/2, 9, 10, 12, 13, 14, 15, 6, 17, 18, 24, 25/1, 25/2, 21//4, 5/1, 5/2, 5/3, 6, 22//4, 5, 6, 23//1, 2, 3, 4, 5, 6, 7, 8, 9, 10, 11, 12/1, 12/2, 13/1, 13/2, 14, 15, 16, 17, 26, 24//1, 2/1, 2/2, 2/3, 3, 4, 5, 6, 7/1, 7/2, 8, 9, 10, 11, 12, 13, 14, 15, 16, 17, 26, 25//1/1, 1/2, 2, 3, 4, 5, 6, 7, 8, 9, 10/1, 10/2, 11, 12, 13, 14, 15, 16, 17, 18, 19, 20, 23, 24, 25, 26//1, 2, 3, 4, 5, 6, 7, 8, 9, 10, 11/1, 11/2, 12, 13, 14, 15, 16, 17, 18, 19, 20, 21, 22, 23, 24, 25, 27//1, 2, 9, 10, 11, 12, 19, 20, 21.

**ਜ਼ਿਲ੍ਹਾ: ਲੁਧਿਆਣਾ, ਤਹਿਸੀਲ: ਲੁਧਿਆਣਾ (ਪੱਛਮੀ), ਪਿੰਡ: ਮਲਕਪੁਰ, ਹਦਬਸਤ ਨੰ.: 147, ਖਸਰਾ ਨੰਬਰ. –** 1//25, 2//18, 19, 20, 21, 22, 23.

**ਜ਼ਿਲ੍ਹਾ: ਲੁਧਿਆਣਾ, ਤਹਿਸੀਲ: ਲੁਧਿਆਣਾ (ਪੱਛਮੀ), ਪਿੰਡ: ਨੂਰਪੁਰ ਬੇਟ, ਹਦਬਸਤ ਨੰ.: 123, ਖਸਰਾ ਨੰਬਰ. –** 64//25/2, 65//22/2, 66//1, 2, 3, 8, 9, 10, 11, 12, 13, 18, 19, 20, 21, 22, 23, 67//1, 2, 3, 4, 5, 6, 7, 8, 9, 10, 11, 12, 13, 14, 15, 16, 17, 18, 19, 20, 21, 22, 23, 24, 25, 26, 27, 68//1/2, 2/1, 3/2, 3/3, 4, 5, 6, 7, 8, 9, 10/1, 10/2, 11/1, 11/2, 12, 13, 14, 15/1, 15/2, 16, 17, 18, 19/1, 19/2, 20, 21, 22/1, 22/2, 23, 24, 25, 26, 27, 69//6, 7, 8, 10, 11, 14, 15/1, 15/2, 15/3, 16/1, 16/2, 17, 20/1, 20/2, 21, 24, 25, 27, 28, 29, 70//6, 7, 8, 9, 10, 11, 12, 13, 14, 15, 16/1, 16/2, 17, 18/1, 18/2, 19/1, 19/2, 20/1, 20/2, 20/3, 21, 22, 23, 24, 25, 26, 71//6/2, 11, 12, 13, 14, 15, 16/1, 16/2, 17, 18, 19, 20, 21, 22, 23, 24, 25, 27, 72//16, 17, 22/1, 22/2, 22/3, 23, 24, 25, 26, 27, 28, 80//16/1, 16/2, 22/2, 23/1, 23/2, 24, 25/1, 25/2, 26, 81//6, 7/1, 7/2, 12, 13/1, 13/2/1, 13/2/2, 14/1, 14/2, 14/3, 14/4, 15/1, 15/2, 15/3, 16/1, 16/2, 17, 18, 19/1, 19/2, 20, 21, 22, 23/1, 23/2, 24 /1, 24/2, 25/1, 25/2, 26, 27, 82//1, 2, 3/1, 3/2, 4/1, 4/2, 4/3, 5/1, 5/2, 6, 7/1, 7/2, 8, 9, 10, 11, 12, 13, 14, 15, 16, 17, 18/1, 18/2, 19/1, 19/2, 20, 21, 22, 22/1, 22/2, 23, 24, 25/1, 25/2, 26, 27, 28, 83//1, 1/2, 2/1, 2/2, 3, 4, 5, 5/1, 5/2, 5/3, 6, 7, 8, 9/1, 9/2, 9/3, 10, 11/1, 11/2, 12, 13, 14, 15, 16/1, 16/2, 17, 18, 19, 20, 21, 22, 23, 24/1, 24/2, 25, 26, 84//1, 2/1, 2/2, 3, 4, 5, 6, 7, 8, 9/1, 9/2, 10, 11, 12, 13, 14/1, 14/2, 15, 16, 17, 18, 19, 20, 21, 22, 23, 24, 25, 26, 27, 85//1/1, 1/2, 2, 3/1, 3/2, 4/1/1, 4/1/2, 4/2/1, 4/2/2, 5/1/1, 5/1/2, 5/2/1, 5/2/2, 6/1/1, 6/1/2, 6/2/1, 6/2/2, 6/3, 6/4, 6/5, 6/6/1, 6/6/2, 6/7, 6/8/1, 6/8/2, 7, 8, 9, 10, 11, 12, 13, 14, 15/1, 15/2, 16/2, 17/1, 17/2, 18, 19, 20, 21, 22, 23, 24, 25/1, 25/2, 26, 27, 28, 29, 86//1/1, 1/2, 2, 3, 4, 5, 6, 7/1, 7/2, 8, 9, 10, 11, 12, 13/1, 13/2, 14/1, 14/2, 15, 16, 17, 18/1, 18/2, 19, 20, 21, 22, 23/1, 23/2, 24, 25, 87//1, 2, 3, 4, 5/1, 5/2, 6, 7, 8, 9/1, 9/2, 10, 11, 12/1, 12/2, 13, 14, 15/1, 15/2, 16, 17, 18, 19/1, 19/2, 20, 21, 22, 23, 24, 25, 88//1, 2, 3, 7, 8, 9, 10, 11, 12, 13, 14, 17, 18, 19, 20, 21/1, 21/2, 22/1, 22/2, 23/1, 23/2, 24/1, 24/2, 25/1, 25/2, 89//21, 90//1, 2, 3, 4, 5, 6, 7, 8, 9, 10, 11, 12, 13, 14, 15, 16, 17, 18, 19, 20, 21, 22, 23, 24/1, 24/2, 25, 91//1, 2, 3, 4, 5, 6, 7, 8, 9, 10, 11, 12, 13/1, 13/2, 14, 15, 16, 17, 18, 19, 20, 21, 22, 23, 24, 25, 92//1, 2, 3, 4/1, 4/2, 4/3, 5/1, 5/2, 6, 7, 8, 9, 10, 11, 12, 13, 14, 15, 16, 17, 18/1, 18/2, 19, 20, 21, 22, 23, 24, 25, 93//1, 2, 3, 4, 5/1/1, 5/1/2, 5/2/1, 5/2/2, 6, 7, 8/1, 8/2, 9, 10, 11/1, 11/2, 12, 13/1, 13/2, 14/1, 14/2, 15, 16, 17, 18, 19, 20/1, 20/2, 21, 22, 23, 24, 25, 26, 27, 28, 94//1, 2, 3, 4, 5/1, 5/2, 6/1, 6/2, 7, 8, 9/1, 9/2, 9/3, 10, 11, 12, 13, 14, 15, 16, 17, 18, 19, 20, 21, 22/1, 22/2, 22/3, 22/4, 23, 24/1, 24/2, 25/1, 25/2, 25/3, 26, 95//1/1, 1/2, 1/3, 1/4, 2/1, 2/2, 3/1, 3/2, 4/1, 4/2, 5/1, 5/2, 6/1, 6/2, 7/1, 7/2, 8/1, 8/2, 9/1, 9/2, 9/3, 10/1, 10/2, 10/3, 11, 12, 13, 14, 15, 16, 17, 18, 19, 20, 21, 22, 23, 24, 25, 26, 27, 96//1, 2/1, 2/2, 3, 4/1, 4/2, 5, 6/1, 6/2, 7/1, 7/2, 8, 9, 10, 11, 12, 13/1/1, 13/1/2, 13/2, 14, 15, 16, 17/1, 17/2, 18/1, 18/2/1, 18/2/2, 19, 20, 21, 22, 23/1/1, 23/1/2, 23/2, 24, 25, 97//1, 2, 3/1, 3/2, 4, 5, 6, 7, 8, 9, 10, 11, 12, 13, 14, 15, 16, 17, 18/1, 18/2, 19, 20, 21, 22, 23, 24, 25, 26, 27, 98//1/1, 1/2, 2/1, 2/2, 3/1, 3/2, 4/1, 4/2, 5, 6, 7/1, 7/2, 8, 9, 10, 11, 12, 13, 14, 15, 16, 17, 18/1/1, 18/1/2, 18/2/1, 18/2/2, 19/1, 19/2, 20, 21/1, 21/2, 22, 23, 24, 25, 26, 27, 28, 99//5/2, 6, 7, 8, 11, 12, 13, 14, 15/1, 15/2, 16, 17, 18, 19, 20, 21, 22, 23, 23/3, 24, 25, 26, 100//16/1, 16/2, 17, 22, 23, 24, 25/1, 25/2, 104//5, 6, 7, 8, 9/1, 11, 12, 13, 14, 15, 16, 17, 18, 19, 20, 21, 22, 23, 24, 25, 105//1/1/1, 1/1/2, 1/2, 2/1, 2/2/1, 2/2/2, 3/1, 3/2, 4, 5/1, 5/2, 6/1, 6/2, 7, 8, 9/1, 9/2, 10, 11, 12, 13/1, 13/2, 14, 15, 16, 17, 18, 19, 20, 21, 22, 23, 24, 25, 26, 106//1, 2, 3, 4, 5, 6, 7, 8, 9, 10, 11, 12, 13, 14, 15, 16/1, 16/2, 16/3, 16/4, 16/5, 16/6, 16/7, 16/8, 17, 18/1, 18/2, 19, 20, 21, 22, 23, 24, 25, 107//1, 2, 3, 4, 5, 6, 7, 8, 9, 10, 11/1, 11/2, 12, 13, 14/1/1, 14/1/2, 14/2, 15/1, 15/2, 16, 17, 18, 19, 20, 21, 22, 23/1, 23/2, 24, 25, 26, 108//1, 2, 3, 4, 5, 6, 7, 8, 9, 10/1, 10/2, 10/3, 11/1, 11/2, 11/3, 11/4, 11/5, 12, 13/1, 13/2, 14, 15, 16, 17, 18, 19, 20/1, 20/2, 20/3, 21, 22, 23, 24, 25, 26, 27, 162, 109//1/1, 1/2, 2, 3/1, 3/2, 4/1, 4/2, 5, 6, 7, 8, 9, 10, 11, 12, 13, 14, 15, 16, 17, 18, 19, 20, 21, 22, 23, 24, 25, 26, 110//1, 2, 3, 4, 5, 6/1, 6/2, 6/3, 7, 8, 9, 10, 11, 12, 13, 14, 15/1, 15/2, 15/3, 16/1/1, 16/1/2, 16/2, 16/3, 16/4, 17/1, 17/2, 18/1, 18/2, 19, 20/1, 20/2, 21, 22, 23, 24, 25/1, 25/2, 25/3, 26, 111//1, 2/1, 2/2, 3/1, 3/2, 3/3, 3/4, 4, 5, 6/1, 6/2, 7/1, 7/2, 7/3, 8/1, 8/2, 8/3, 8/4, 9/1/1, 9/1/2, 9/2, 9/3, 10/1/1, 10/1/2, 10/2/1, 10/2/2, 10/2/3, 11/1, 11/2, 11/3, 12/1, 12/2, 13/1, 13/2, 14, 15, 16, 17/1, 17/2, 18/1, 18/2, 19/1, 19/2, 20/1/1, 20/1/2, 20/2/1, 20/2/2, 20/2/3, 21, 22/1, 22/2, 22/3, 23/1, 23/2, 23/3, 24/1, 24/2, 25, 26, 27, 28, 112//1, 2, 3, 4/1, 4/2, 5/1, 5/2, 6, 7, 8, 9, 10/1, 10/2/1, 10/2/2, 11/1, 11/2, 11/3, 12/1, 12/2/1, 12/2/2, 13, 14, 15, 16, 17, 18/1, 18/2, 19/1, 19/2, 20, 21/1, 21/2, 22/1, 22/2/1, 22/2/2, 23/1, 23/2, 24, 25, 113//1, 2, 3, 4, 5, 6, 7, 8, 9, 10, 11, 12, 13, 14, 15, 16, 17, 18, 19, 20, 21, 22, 23, 24/1, 24/2, 25/1, 25/2, 114//1, 2, 3/1, 3/2, 4, 5, 6, 7, 8/1, 8/2, 9, 10, 11, 12/1, 12/2, 13, 14, 15, 17, 18, 19, 20, 21, 22, 23, 24, 25, 180, 115//1, 2, 3, 4, 5, 6, 7, 8, 9, 10, 11, 12, 13, 14, 15, 17, 18, 19/1, 19/2, 20, 21, 22, 23, 24, 116//1, 2, 3, 9, 10, 11, 12, 19, 20, 21, 117//1, 2, 3/1, 3/2, 4, 5, 6, 7, 9, 10, 11, 12, 13, 14, 15, 16, 17, 18, 20, 21, 22, 23, 24, 25, 181, 118//1, 2/1, 2/2, 3, 4, 5, 6, 7, 8, 9, 10, 11, 12, 13, 14, 15, 16/1, 16/2, 17, 18, 19, 20, 21, 22, 23, 24, 25, 119//1/1, 1/2, 1/3, 2, 3, 4, 5, 6, 7, 8, 9, 10, 11, 12/1, 12/2, 13, 14, 15, 16/1, 16/2, 17, 18, 19, 20, 21, 22/1, 22/2, 23, 24, 25, 120//1, 2, 3, 4/1, 4/2, 5, 6/1, 6/2, 7, 8, 9, 10, 11, 12, 13/1, 13/2, 14, 15, 16, 17, 18, 19, 20, 21, 22, 23, 24/1, 24/2, 25, 26, 27, 121//1, 2, 3, 4, 5, 6, 7, 8, 9/1, 9/2, 10, 11, 12, 13, 14, 15, 16, 17/1, 17/2, 18/1, 18/2, 19, 20, 21, 22, 23, 24, 25, 26, 122//1, 2, 3, 4, 5, 6, 7/1, 7/2, 8, 9, 10, 11, 12, 13, 14, 15/1, 15/2, 16, 17, 18/1, 18/2, 19/1, 19/2, 20, 21, 22, 23, 24, 25, 123//1, 2, 3, 4, 5, 6, 7/1, 7/2, 8, 9, 10, 11, 12, 13, 14, 15, 16, 17, 18, 19, 20, 21, 22, 23, 24,25/1, 25/2, 124//1, 2, 3, 4, 5, 6, 7, 8, 9, 10, 11, 12, 13, 14, 15, 16, 17, 18, 19, 20, 21/1, 21/2, 22/1, 22/2, 23,

24, 25, 125//1, 2, 3, 4/1, 4/2, 5, 6, 7, 8, 9/1, 9/2, 10/1, 10/2, 11, 12, 13/1, 13/2, 14/1, 14/2, 15, 16, 17, 18, 19/1, 19/2, 20, 21/1, 21/2, 22/1, 22/2, 23, 24, 25, 126//1/1, 1/2, 2, 3, 4, 5, 6, 7, 8, 9, 10, 11, 12, 13, 14/1, 14/2, 15/1, 15/2, 16, 17, 18, 19, 20, 21, 22, 23/1, 23/2, 24/1, 24/2, 25/1, 25/2, 127//1, 2, 3, 4, 5/1, 5/2, 6/1, 6/2, 7, 8, 9, 10, 11, 12, 13, 14, 15, 16/1, 16/2, 17, 18, 23/1, 23/2, 24,25/1, 25/2, 128//6, 129//3, 4, 130//2, 3, 4/1, 4/2, 5, 6, 7, 8, 14, 15, 16, 131//1, 2, 3, 4, 5/1, 5/2, 6/1, 6/2, 6/3, 7/1, 7/2, 8, 9, 10/1, 10/2, 11, 12, 13, 14, 15, 16, 17, 18, 19, 20, 21, 22, 23, 24, 25/1, 25/2, 132//1, 2, 3, 4/1, 4/2, 5, 6/1, 6/2, 7, 8/1, 8/2, 9/1, 9/2, 9/3, 9/4, 10/1, 10/2, 11, 12/1/1, 12/1/2, 12/2, 12/2/2, 13/1, 13/2, 14/1, 14/2, 15, 16, 17, 18/1, 18/2, 19, 20, 21, 22, 23, 24, 25, 133//1, 2, 3, 4, 5, 6, 7, 8, 9, 10, 11, 12, 13, 14, 15, 16, 17, 18, 19, 20, 21, 22, 23, 24, 25, 134//1/1, 1/2, 2, 3, 4, 5, 6, 7, 8, 9, 10, 11, 12, 13, 14, 15, 16, 17, 18, 19, 20, 21, 22, 23, 24, 25, 135//1, 2, 3, 4, 5, 6, 7, 8, 9/1, 9/2, 10, 11, 12, 13, 14, 15, 16/1/1, 16/1/2, 16/2, 17/1, 17/2, 18, 19, 20, 21, 22/1, 22/2, 23/1, 23/2, 23/3, 23/4, 23/5, 24/1, 24/2, 24/3, 24/4, 24/5, 25, 136//1, 2, 3, 4, 5, 6, 7, 8, 9, 10, 11, 12, 13, 14, 15, 16/1, 16/2, 17, 18/1, 18/2, 19, 20/1, 20/2, 21/1, 21/2, 22/1, 22/2, 23/1, 23/2, 23/3, 23/4, 24, 24/2, 25, 137//1, 2, 3, 4, 5, 6, 7/1, 7/2, 8, 9/1, 9/2, 10, 11, 12, 13, 14, 15, 16, 17, 18, 19, 20, 21, 22, 23, 24, 25/1, 25/2, 138//1, 2, 3, 4, 5, 7, 8, 9, 10, 11, 12, 13, 15, 16, 17, 18, 19, 20, 21, 22, 23, 24, 25, 139//1, 2/1, 2/2, 3, 4, 5, 6, 7, 8, 9, 10, 11, 12, 13, 14, 15, 16, 17, 18, 19, 20, 21, 22, 23, 24, 25, 140//1, 141//1, 2, 3, 4, 5, 6, 7, 8, 9, 10, 11, 12, 13, 14, 15, 16, 17, 18, 19, 20, 142//1, 3, 4, 5, 6, 7, 8, 9, 10, 11, 12, 13, 14, 15, 16, 17, 18, 19, 20, 21, 143//1, 2, 3, 4, 5, 6, 7, 8, 9, 10, 11, 12, 13, 14, 15, 16, 17, 18, 20, 23, 24, 25, 144//1, 2, 3, 4/1, 5, 6, 7, 8, 9, 10, 11, 12, 13, 14, 15, 16, 17, 18, 19/1, 19/2, 20, 21/1, 21/2, 22/1, 22/2, 23, 24, 25, 145//1, 2, 3, 4, 5, 6, 7, 8, 9, 10, 11, 12, 13, 14, 15, 16/1, 16/2, 17/1, 17/2, 18/1, 18/2, 19/1, 19/2, 20/1, 20/2, 21/1, 21/2, 22/1, 22/2, 23/1, 23/2, 24, 25, 146//1, 2, 3, 4/1, 4/2, 5, 6, 7, 8, 9, 10, 11, 12, 13, 14, 15, 16, 17, 18, 19, 20, 21, 22, 23, 24, 25, 147//1/1, 1/2, 2/1, 2/2, 3/1, 3/2, 4/1, 4/2, 5/1, 5/2, 6, 7, 8/1/1, 8/1/2, 8/2, 9, 10, 11, 12/1, 12/2, 13, 14, 15, 16, 17, 18, 19, 23, 24, 25, 148//1, 2, 3, 4, 5, 6, 7, 8, 149//4, 5/1, 5/2, 150//3, 4, 5, 6, 7, 8, 13, 14, 15, 16, 17, 18, 23, 24, 25, 151//1/1, 1/2, 2, 3, 4, 5, 6, 7, 8, 9, 10, 11/1/1, 11/1/2, 11/2, 12, 13, 14, 15, 16, 17, 18, 19, 20, 21, 22, 23, 24, 25, 152//1, 2, 3, 4, 5, 6, 7, 8, 9, 10, 11, 12, 13, 14, 15, 16, 17, 18, 19, 20, 21, 22, 23, 24, 153//1, 2, 3, 8, 9, 10, 11, 12, 19, 20, 21, 22, 154//1/1, 1/2, 2, 3, 8, 9, 10, 155//1, 2, 3, 4, 5, 7, 8, 9, 10, 156//1, 2, 3, 4, 5, 6, 7, 8, 9, 10, 11, 12, 157//3, 4, 5, 6, 7, 8, 13, 14, 15.

## ਖੇਤਰ : ਜ਼ੋਨ - 2, ਲੁਧਿਆਣਾ

### ਜ਼ਮੀਨ ਦਾ ਵੇਰਵਾ

ਬਟਾਲਾ, 1 ਜੁਲਾਈ (ਬਲਵਿੰਦਰ ਸਿੰਘ ਪੰਜਗਰਾਈਂ/ਧੰਨਪਾਲ ਕਲਸੀ): ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਦੀ ਅਗਵਾਈ ਹੇਠ ਹਰ ਵਰਗ ਦੇ ਹਿੱਤ ਵਿੱਚ ਲੋਕ ਭਲਾਈ ਨੀਤੀਆਂ ਲਾਗੂ ਕੀਤੀਆਂ ਗਈਆਂ ਹਨ ਤੇ ਲੋਕਾਂ ਨਾਲ ਕੀਤੀਆਂ ਗਰੰਟੀਆਂ ਪੂਰੀਆਂ ਕੀਤੀਆਂ ਗਈਆਂ ਹਨ। ਇਹ ਪ੍ਰਗਟਾਵਾ ਪੰਜਾਬ ਦੇ ਕਾਰਜਕਾਰੀ ਪ੍ਰਧਾਨ ਤੇ ਬਟਾਲਾ ਦੇ ਨੌਜਵਾਨ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਨੇ ਲੋਕ ਮਿਲਣੀ ਦੌਰਾਨ ਲੋਕਾਂ ਦੀਆਂ ਮੁਸ਼ਕਿਲਾਂ ਸੁਣਨ ਉਪਰੰਤ ਕੀਤਾ। ਉਨ੍ਹਾਂ ਕਿਹਾ ਕਿ ਵਿਧਾਨ ਸਭਾ ਹਲਕਾ ਬਟਾਲਾ ਦਾ ਸਰਬਪੱਖੀ ਵਿਕਾਸ ਉਨ੍ਹਾਂ ਦੀ ਪਹਿਲੀ ਤਰਜੀਹ ਹੈ ਤੇ ਲਗਾਤਾਰ ਹਲਕੇ ਦੇ ਵਿਕਾਸ ਕੰਮਾਂ ਲਈ ਉਹ ਯਤਨਸ਼ੀਲ ਹਨ। ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਬਟਾਲਾ ਹਲਕੇ ਦੇ ਲੋਕਾਂ ਨੇ ਜੋ ਜ਼ਿੰਮੇਵਾਰੀ ਉਨ੍ਹਾਂ ਨੂੰ ਸੌਂਪੀ ਹੈ, ਉਹ ਦਿਨ-ਰਾਤ ਲੋਕਾਂ ਦੀ ਸੇਵਾ ਵਿੱਚ ਹਾਜ਼ਰ ਹਨ ਤੇ ਲੋਕਾਂ ਦੀਆਂ ਲੰਬੇ ਸਮੇਂ ਤੋਂ ਲਟਕਦੀਆਂ ਮੰਗਾਂ ਨੂੰ ਪੂਰਾ ਕੀਤਾ ਜਾ ਰਿਹਾ ਹੈ ਤੇ ਲੋਕਾਂ ਨੂੰ ਮਿਲ ਕੇ ਉਨ੍ਹਾਂ ਦੀਆਂ ਦੁੱਖ-ਤਕਲੀਫਾਂ ਦੂਰ ਕੀਤੀਆਂ ਜਾ ਰਹੀਆਂ ਹਨ। ਬਟਾਲਾ ਸ਼ਹਿਰ ਦੇ ਵਿਕਾਸ ਕਾਰਜਾਂ ਦੀ ਗੱਲ ਕਰਦਿਆਂ ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਲੋਕਾਂ ਦੀ ਆਵਾਜਾਈ ਦੀ ਸਹੂਲਤ ਨੂੰ ਮੁੱਖ ਰੱਖਦਿਆਂ ਸ਼ਹਿਰ ਵਿਚਲੀਆਂ ਸੜਕਾਂ ਤੇ ਚੌਕਾਂ ਨੂੰ ਚੌੜਾ ਕੀਤਾ ਜਾ ਰਿਹਾ ਹੈ। ਸ਼ਹਿਰ ਵਿਚਲੇ ਚੌਕਾਂ ਨੂੰ ਚੌੜਿਆਂ ਕਰਕੇ ਖੂਬਸੂਰਤ ਦਿੱਖ ਦਿੱਤੀ ਗਈ ਹੈ। ਇੱਕ ਛੱਤ ਹੇਠਾਂ ਵੱਖ-ਵੱਖ ਸਹੂਲਤਾਂ ਦੇਣ ਦੇ ਮਕਸਦ ਨਾਲ ਨਵੇਂ ਤਹਿਸੀਲ ਕੰਪਲੈਕਸ ਦੀ ਉਸਾਰੀ ਕਰਵਾਈ ਗਈ ਹੈ, ਜਿਸ ਦਾ ਜਲਦ ਉਦਘਾਟਨ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਸ਼ਹਿਰ ਵਿੱਚ ਲਾਇਬ੍ਰੇਰੀ ਦੀ ਇਮਾਰਤ ਜਿਸਦੀ ਹਾਲਤ ਬਹੁਤ ਖਸਤਾ ਸੀ, ਉਸ ਦੀ ਨਵੀਂ ਇਮਾਰਤ ਉਸਾਰੀ ਗਈ ਹੈ। ਸੁੱਖਾ ਸਿੰਘ-ਮਹਿਤਾਬ ਸਿੰਘ ਚੌਕ ਵਿਖੇ ਸ਼ਾਨਦਾਰ ਕਲਾਕ ਟਾਵਰ ਲਗਾਉਣ ਲਈ ਉਸਾਰੀ ਦਾ ਕੰਮ ਚੱਲ ਰਿਹਾ ਹੈ। ਸ਼ਹਿਰ ਦੀਆਂ ਵੱਖ-ਵੱਖ ਵਾਰਡਾਂ ਵਿੱਚ ਗਲੀਆਂ ਦੇ ਨਿਰਮਾਣ ਕਾਰਜ ਚੱਲ ਰਹੇ ਹਨ ਤੇ ਜਿਨ੍ਹਾਂ ਵਾਰਡਾਂ ਵਿੱਚ ਗਲੀਆਂ ਬਣਾਉਣ ਦਾ ਕੰਮ ਰਹਿ ਗਿਆ ਹੈ, ਉੱਥੇ ਵੀ ਜਲਦ ਕੰਮ ਸ਼ੁਰੂ ਕਰਵਾਇਆ ਜਾਵੇਗਾ। ਵਿਧਾਇਕ ਸ਼ੈਰੀ ਕਲਸੀ ਨੇ ਅੱਗੇ ਦੱਸਿਆ ਕਿ ਹਲਕੇ ਦੇ ਪਿੰਡਾਂ ਵਿੱਚ ਗੰਦੇ ਪਾਣੀ ਦੀ ਨਿਕਾਸੀ ਲਈ ਛੱਪੜਾਂ ਦੇ ਨਵੀਨੀਕਰਨ ਦਾ ਕੰਮ ਚੱਲ ਰਿਹਾ ਹੈ। ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਕਰਨ ਦੇ ਮੰਤਵ ਨਾਲ ਖੇਡ ਮੈਦਾਨ ਉਸਾਰੇ ਜਾ ਰਹੇ ਹਨ, ਗਲੀਆਂ ਤੇ ਡੇਰਿਆਂ ਦੇ ਰਸਤੇ ਪੱਕੇ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਮੈਚ ਤਿੰਨ ਸਾਲਾਂ ਦੇ ਕਾਰਜ ਕਾਲ ਦੌਰਾਨ ਵੱਖ-ਵੱਖ ਵਿਕਾਸ ਕਾਰਜ ਕਰਵਾਏ ਗਏ ਹਨ ਤੇ ਵਿਕਾਸ ਕਾਰਜਾਂ ਦੀ ਰਫਤਾਰ ਹੋਰ ਤੇਜ਼ ਕੀਤੀ ਗਈ ਹੈ।

## ਨੌਜਵਾਨਾਂ ਨੂੰ ਨਸ਼ਿਆ ਤੋਂ ਦੂਰ ਰਹਿਣ ਲਈ ਜਿੰਮ ਵੱਲ ਜੋੜਨਾ ਇੱਕ ਵਧੀਆ ਕਦਮ: ਪੰਮਾ ਬੰਗੜ



ਬੰਗਾ, 1 ਜੁਲਾਈ (ਪ੍ਰਭਜੋਤ ਸਿੰਘ): ਅੱਜ ਦੇ ਸਮੇਂ ਵਿੱਚ ਵੱਖ-ਵੱਖ ਢੰਗਾਂ ਨਾਲ ਨੌਜਵਾਨ ਨਸ਼ਿਆਂ ਦੀ ਦਲ ਦਲ ਵਿੱਚ ਫੱਸਦੇ ਜਾ ਰਹੇ ਹਨ। ਨਸ਼ਾ ਜੋ ਕਿ ਪੰਜਾਬ ਵਿੱਚ ਇੱਕ ਛੇਵਾਂ ਦਰਿਆ ਵਾਂਗ ਚੱਲ ਰਿਹਾ ਹੈ। ਨਸ਼ਾ ਵਰਗੀ ਇਹ ਬਿਮਾਰੀ ਤੋਂ ਬਚਣ ਲਈ ਨੌਜਵਾਨਾਂ ਨੂੰ ਜਿੰਮ ਵੱਲ ਜਾਣ ਲਾਈ ਪ੍ਰੇਰਣਾ ਦੇਣਾ ਇੱਕ ਬਹੁਤ ਵਧੀਆ ਉਪਰਾਲਾ ਹੈ। ਬੰਗਾ ਵਿਖੇ ਜਿੰਮ ਦੇ ਕੋਚ ਨਾਲ ਗੱਲਬਾਤ ਕਰਦੇ ਉਨ੍ਹਾਂ ਨੇ ਦੱਸਿਆ ਕਿ ਅਸੀਂ ਆਪਣੀ ਪੂਰੀ ਤਨਦੇਹੀ ਨਾਲ ਮਿਹਨਤ ਕਰ ਰਹੇ ਹਾਂ ਕਿ ਨੌਜਵਾਨ ਨਸ਼ਾ ਵਰਗੇ ਕੋਹੜ ਨੂੰ ਸਰੀਰ ਨੂੰ ਨਾ ਲਗਵਾਉਣ ਸਗੋਂ ਜਿੰਮ ਆ ਕੇ ਮਿਹਨਤ ਕਰਕ ਤੇ ਵਧੀਆ ਖੁਰਾਕਾਂ ਖਾ ਕੇ ਆਪਣੀ ਸਿਹਤ ਦਰੁਸਤ ਰੱਖਣ। ਉਨ੍ਹਾਂ ਨੇ ਕਿਹਾ ਕਿ ਅਸੀਂ ਵੱਖ ਵੱਖ ਬਾਡੀ ਬਿਲਡਿੰਗ ਮੁਕਾਬਲੇ ਕਰਵਾਉਂਦੇ ਹਾਂ ਤੇ ਵਧੀਆ ਇਨਾਮ ਦਿੰਦੇ ਹਾਂ ਤਾਂ ਜੋ ਹਰ ਨੌਜਵਾਨ ਪ੍ਰੇਰਿਤ ਹੋ ਕੇ ਨਸ਼ਾ ਤੋਂ ਦੂਰ ਰਹਿ ਕੇ ਆਪਣੀ ਸਿਹਤ ਪ੍ਰਤੀ ਜਾਗਰੂਕ ਰਹਿਣ। ਇਸ ਮੌਕੇ ਜਿੰਮ ਵਿੱਚ ਕੋਚ ਪੰਮਾ ਬੰਗੜ, ਅਕਾਸ਼ਦੀਪ, ਸਿਧਾਰਥ, ਜਸ਼ਨਦੀਪ, ਤਨਵੀਰ ਸਿੰਘ ਆਦਿ ਹਾਜ਼ਰ ਸਨ।

## ਡੀ.ਸੀ. ਨੇ ਜ਼ਿਲ੍ਹੇ 'ਚ ਡੀ.ਐੱਮ.ਐੱਫ. ਵੱਲੋਂ ਕਰਵਾਏ ਜਾ ਰਹੇ ਵੱਖ-ਵੱਖ ਵਿਕਾਸ ਪ੍ਰੋਜੈਕਟਾਂ ਦੀ ਪ੍ਰਗਤੀ ਦਾ ਜਾਇਜ਼ਾ ਲਿਆ



ਗੁਰਦਾਸਪੁਰ, 1 ਜੁਲਾਈ (ਜਗੀਰ ਸਿੰਘ ਮੰਡ): ਡਿਪਟੀ ਕਮਿਸ਼ਨਰ ਦਲਵਿੰਦਰਜੀਤ ਸਿੰਘ ਵੱਲੋਂ ਅੱਜ ਆਪਣੇ ਦਫ਼ਤਰ ਸਥਾਨਕ ਵਿਖੇ ਜ਼ਿਲ੍ਹਾ ਮਿਨਰਲ ਫਾਊਂਡੇਸ਼ਨ (ਡੀ.ਐੱਮ.ਐੱਫ.) ਦੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਜ਼ਿਲ੍ਹੇ ਵਿੱਚ ਡੀ.ਐੱਮ.ਐੱਫ. ਵੱਲੋਂ ਕਰਵਾਏ ਜਾ ਰਹੇ ਵੱਖ-ਵੱਖ ਵਿਕਾਸ ਪ੍ਰੋਜੈਕਟਾਂ ਦੀ ਪ੍ਰਗਤੀ ਦਾ ਜਾਇਜ਼ਾ ਲਿਆ ਗਿਆ। ਮੀਟਿੰਗ ਦੌਰਾਨ ਐੱਸ.ਡੀ.ਐੱਮ. ਦੀਨਾਨਗਰ ਜਸਪਿੰਦਰ ਸਿੰਘ ਭੁੱਲਰ, ਐੱਸ.ਡੀ.ਐੱਮ. ਗੁਰਦਾਸਪੁਰ ਮਨਜੀਤ ਸਿੰਘ ਰਾਜਲਾ, ਸਹਾਇਕ ਕਮਿਸ਼ਨਰ (ਜ) ਆਦਿੱਤਯ ਗੁਪਤਾ, ਐਕਸੀਅਨ ਮਾਈਨਿੰਗ ਦਿਲਪ੍ਰੀਤ ਸਿੰਘ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ। ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਡਿਪਟੀ ਕਮਿਸ਼ਨਰ ਦਲਵਿੰਦਰਜੀਤ ਸਿੰਘ ਨੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਮਾਈਨਿੰਗ ਵਿਭਾਗ ਵੱਲੋਂ ਜਿਨ੍ਹਾਂ ਵਿਭਾਗਾਂ ਨੂੰ ਵੱਖ-ਵੱਖ ਵਿਕਾਸ ਪ੍ਰੋਜੈਕਟਾਂ ਲਈ ਫ਼ੰਡ ਜਾਰੀ ਕੀਤੇ ਗਏ ਸਨ, ਉਨ੍ਹਾਂ ਵਿਚੋਂ ਜੋ ਪ੍ਰੋਜੈਕਟ ਮੁਕੰਮਲ ਹੋ ਗਏ ਹਨ ਉਨ੍ਹਾਂ ਦੇ ਵਰਤੋਂ ਸਰਟੀਫਿਕੇਟ ਤੁਰੰਤ ਜਮ੍ਹਾਂ ਕਰਵਾਏ ਜਾਣ। ਇਸ ਦੌਰਾਨ ਉਨ੍ਹਾਂ ਨੇ ਜ਼ਿਲ੍ਹੇ ਵਿੱਚ ਡੀ.ਐੱਮ.ਐੱਫ. ਸਕੀਮ ਤਹਿਤ ਜ਼ਿਲ੍ਹਾ ਖੇਡ ਕੰਪਲੈਕਸ ਗੁਰਦਾਸਪੁਰ ਵਿਖੇ ਬਾਸਕਿਟਬਾਲ, ਟੈਨਿਸ, ਲਾਅਨ ਟੈਨਿਸ ਗਰਾਊਂਡਾਂ ਤਿਆਰ ਕਰਨ ਦੇ ਪ੍ਰੋਜੈਕਟਾਂ ਦਾ ਰੀਵਿਊ ਵੀ ਕੀਤਾ। ਇਸ ਮੌਕੇ ਉਨ੍ਹਾਂ ਕਿਹਾ ਕਿ ਜ਼ਿਲ੍ਹਾ ਲਾਇਬ੍ਰੇਰੀ ਗੁਰਦਾਸਪੁਰ ਦੇ ਰੈਨੋਵੇਸ਼ਨ ਪ੍ਰੋਜੈਕਟ ਨੂੰ ਜੁਲਾਈ ਮਹੀਨੇ ਦੇ ਅਖੀਰ ਤੱਕ ਮੁਕੰਮਲ ਕੀਤਾ ਜਾਵੇ ਤਾਂ ਜੋ ਆਧੁਨਿਕ ਲਾਇਬ੍ਰੇਰੀ ਦੀ ਸਹੂਲਤ ਜ਼ਿਲ੍ਹਾ ਵਾਸੀਆਂ ਨੂੰ ਦਿੱਤੀ ਜਾ ਸਕੇ। ਉਨ੍ਹਾਂ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਡੀ.ਐੱਮ.ਐੱਫ. ਤਹਿਤ ਚੱਲ ਰਹੇ ਹੋਰ ਪ੍ਰੋਜੈਕਟਾਂ ਨੂੰ ਵੀ ਜਲਦ ਮੁਕੰਮਲ ਕੀਤਾ ਜਾਵੇ ਤਾਂ ਜੋ ਇਨ੍ਹਾਂ ਪ੍ਰੋਜੈਕਟਾਂ ਦਾ ਲਾਭ ਲੋਕਾਂ ਨੂੰ ਪਹੁੰਚ ਸਕੇ। ਮੀਟਿੰਗ ਦੌਰਾਨ ਜ਼ਿਲ੍ਹਾ ਮਿਨਰਲ ਫਾਊਂਡੇਸ਼ਨ (ਡੀ.ਐੱਮ.ਐੱਫ.) ਦੇ ਹੋਰ ਪ੍ਰੋਜੈਕਟਾਂ ਬਾਰੇ ਵੀ ਵਿਚਾਰ-ਵਟਾਂਦਰਾ ਕੀਤਾ ਗਿਆ।

## ਨਾਜਾਇਜ਼ ਤੌਰ 'ਤੇ ਚੱਲ ਰਹੇ ਟਿੱਪਰਾਂ ਨੂੰ ਲਿੰਕ ਸੜਕ 'ਤੇ ਨਹੀਂ ਚੱਲਣ ਦਿੱਤਾ ਜਾਵੇਗਾ

ਸ੍ਰੀ ਹਰਗੋਬਿੰਦਪੁਰ ਸਾਹਿਬ/ਘੁਮਾਣ, 1 ਜੁਲਾਈ (ਡਾ. ਨਰਿੰਦਰ ਸਿੰਘ ਘੁਮਾਣ/ਜਗੀਰ ਸਿੰਘ ਮੰਡ): ਕਸਬਾ ਘੁਮਾਣ ਦੇ ਨਜ਼ਦੀਕੀ ਪਿੰਡ ਮੰਡ ਦੇ ਗੁਰਦੁਆਰਾ ਬਾਬਾ ਮਢਾਣਾ ਸਾਹਿਬ ਵਿਖੇ ਹਲਕੇ ਦੇ ਅਧੀਨ ਆਉਂਦੇ ਪਿੰਡਾਂ ਦੇ ਮੋਹਤਬਰ ਦੀ ਇੱਕ ਵਿਸ਼ੇਸ਼ ਮੀਟਿੰਗ ਹੋਈ। ਇਸ ਮੀਟਿੰਗ ਵਿੱਚ ਗ੍ਰਾਮ ਪੰਚਾਇਤ ਦਕੋਹਾ, ਗ੍ਰਾਮ ਪੰਚਾਇਤ ਮੰਡ, ਗ੍ਰਾਮ ਪੰਚਾਇਤ ਬਲੜਵਾਲ ਪੁਰਾਣਾ, ਗ੍ਰਾਮ ਪੰਚਾਇਤ ਕਪੂਰਾਂ, ਗ੍ਰਾਮ ਪੰਚਾਇਤ ਪੱਤੀ ਟਾਂਡਾ, ਗ੍ਰਾਮ ਪੰਚਾਇਤ ਚੱਕ ਚਾਉ, ਗ੍ਰਾਮ ਪੰਚਾਇਤ ਭੋਲ ਬਾਘੇ, ਗ੍ਰਾਮ ਪੰਚਾਇਤ ਮਾੜੀ ਬੁੱਚੀਆਂ ਸਮੇਤ ਹੋਰ ਮੈਂਬਰ, ਨੰਬਰਦਾਰ ਸ਼ਾਮਲ ਹੋਏ। ਇਸ ਮੌਕੇ ਸਰਪੰਚਾਂ, ਪੰਚਾਂ, ਨੰਬਰਦਾਰਾਂ ਸਮੇਤ ਹੋਰ ਮੋਹਤਬਰਾਂ ਨੇ ਦੱਸਿਆ ਕਿ ਪਿੰਡ ਦਕੋਹਾ ਤੋਂ ਸਿੰਗਲ ਲਿੰਕ ਸੜਕ ਨਿਕਲਦੀ ਹੈ ਜੋ ਕਿ ਵੱਖ-ਵੱਖ ਪਿੰਡਾਂ ਨੂੰ ਜੋੜਦੀ ਹੈ, ਇਸ ਸੜਕ ਵਿੱਚ ਕੁਝ ਸਮੇਂ ਤੋਂ ਟਿੱਪਰਾਂ ਦੀ ਆਵਾਜਾਈ ਬਹੁਤ ਵੱਧ ਗਈ ਹੈ ਤੇ ਇਸ ਟਿੱਪਰਾਂ ਵੱਲੋਂ ਨਾਜਾਇਜ਼ ਮਿੱਟੀ ਦੀ ਮਾਈਨਿੰਗ ਕੀਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਇਨ੍ਹਾਂ ਟਿੱਪਰਾਂ ਕਰਕੇ ਆਮ ਲੋਕਾਂ ਨੂੰ ਤੇ ਸੜਕ ਕਿਨਾਰੇ ਰਹਿ ਰਹੇ ਲੋਕਾਂ ਉਤੇ ਜਾਨੀ ਮਾਲੀ ਨੁਕਸਾਨ ਹੋਣ ਦਾ ਖਦਸ਼ਾ ਬਣਿਆ ਰਹਿੰਦਾ ਹੈ। ਉਨ੍ਹਾਂ ਦੱਸਿਆ ਕਿ ਇਸ ਲਿੰਕ ਸੜਕ ਉੱਤੇ ਸਵੇਰੇ, ਸ਼ਾਮ ਨੂੰ ਸਕੂਲੀ ਬੱਸਾਂ ਲੰਘਦੀਆਂ ਹਨ ਤੇ ਉਪਰੋਕਤ ਟਿੱਪਰਾਂ ਵੱਲੋਂ ਸਕੂਲੀ ਬੱਸਾਂ ਨੂੰ ਰਸਤਾ ਨਹੀਂ ਦਿੱਤਾ ਜਾਂਦਾ ਜਿਸ ਕਰਕੇ ਸਕੂਲ ਦੇ ਬੱਚੇ ਵੀ ਲੇਟ ਹੋ ਜਾਂਦੇ ਹਨ। ਇਸ ਕਰਕੇ ਸਮੂਹ ਪਿੰਡਾਂ ਦੀਆਂ ਪੰਚਾਇਤਾਂ ਸਮੇਤ ਪਿੰਡਾਂ ਦੇ ਮੋਹਤਬਰਾਂ ਪੰਚਾਂ, ਨੰਬਰਦਾਰਾਂ ਵੱਲੋਂ ਸਰਬਸੰਮਤੀ ਨਾਲ ਇਹ ਫੈਸਲਾ ਲਿਆ ਗਿਆ ਹੈ ਇਹ ਨਾਜਾਇਜ਼ ਤੌਰ 'ਤੇ ਚੱਲ ਰਹੇ ਟਿੱਪਰਾਂ ਨੂੰ ਇਸ ਲਿੰਕ ਸੜਕ ਉੱਤੇ ਨਹੀਂ ਚੱਲਣ ਦਿੱਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਇਸ ਸਬੰਧੀ ਐੱਸ.ਐੱਸ.ਪੀ. ਬਟਾਲਾ ਤੇ ਜ਼ਿਲ੍ਹਾ ਟਰਾਂਸਪੋਰਟ ਵਿਭਾਗ ਗੁਰਦਾਸਪੁਰ ਨੂੰ ਲਿਖਤੀ ਦਰਖਾਸਤ ਭੇਜੀ ਗਈ ਹੈ। ਉਨ੍ਹਾਂ ਨੇ ਮੰਗ ਕੀਤੀ ਹੈ ਕਿ ਇਨ੍ਹਾਂ ਨਾਜਾਇਜ਼ ਤੌਰ 'ਤੇ ਚੱਲ ਰਹੇ ਟਿੱਪਰਾਂ ਨੂੰ ਉੱਤੇ ਕਾਰਵਾਈ ਕੀਤੀ ਜਾਵੇ। ਉਨ੍ਹਾਂ ਦੱਸਿਆ ਕਿ ਬੀਤੀ ਰਾਤ ਇੱਕ ਨਾਜਾਇਜ਼ ਤੌਰ 'ਤੇ ਮਿੱਟੀ ਦੀ ਮਾਈਨਿੰਗ ਕਰ ਰਹੇ ਬਿਨਾਂ ਨੰਬਰੀ ਟਿੱਪਰ ਚਾਲਕ ਨੂੰ ਕਾਬੂ ਕਰਕੇ ਥਾਣਾ ਘੁਮਾਣ ਦੀ ਪੁਲਿਸ ਹਵਾਲੇ ਕਰ ਦਿੱਤਾ ਗਿਆ ਹੈ। ਇਸ ਮੌਕੇ ਸਰਪੰਚ ਕੁਲਵੰਤ ਕੌਰ ਮੰਡ, ਸਰਪੰਚ ਨਿਰਵੈਰ ਸਿੰਘ ਦਕੋਹਾ, ਸਰਕਲ ਪ੍ਰਧਾਨ ਠੇਕੇਦਾਰ ਸਤਿੰਦਰ ਸਿੰਘ ਦਕੋਹਾ, ਸਰਪੰਚ ਪਰਮਜੀਤ ਕੌਰ ਕਪੂਰਾਂ, ਸਰਪੰਚ ਮੁਖਵਿੰਦਰ ਸਿੰਘ ਚੱਕ ਚਾਉ, ਜਸਬੀਰ ਸਿੰਘ ਸਰਪੰਚ ਬਲੜਵਾਲ ਪੁਰਾਣਾ, ਸਰਪੰਚ ਹਰਜੀਤ ਕੌਰ ਬਾਘੇ, ਸੁਰਿੰਦਰਪਾਲ ਸਿੰਘ, ਨੰਬਰਦਾਰ ਤਰਸੇਮ ਸਿੰਘ, ਮੇਜਰ ਸਿੰਘ, ਕਰਨੈਲ ਸਿੰਘ, ਜਰਨੈਲ ਸਿੰਘ, ਸੁਖਵਿੰਦਰ ਸਿੰਘ ਆਦਿ ਵੱਡੀ ਗਿਣਤੀ ਵਿਚ ਹੋਰ ਮੋਹਤਬਰ ਹਾਜ਼ਰ ਸਨ।



## ਪ੍ਰੋਗਰਾਮ ਆਰੰਭ ਤਹਿਤ ਜ਼ਿਲ੍ਹਾ ਪੱਧਰੀ ਮੀਟਿੰਗ ਕਰਵਾਈ



ਗੁਰਦਾਸਪੁਰ, 1 ਜੁਲਾਈ (ਦਲਜਿੰਦਰ ਸਿੰਘ ਸੰਧੂ/ਸੁਰਿੰਦਰ ਸਿੰਘ ਬਸਰਾ): ਸਿੱਖਿਆ ਵਿਭਾਗ ਪੰਜਾਬ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਮਾਨਯੋਗ ਜ਼ਿਲ੍ਹਾ ਸਿੱਖਿਆ ਅਫਸਰ (ਐਲੀਮੈਂਟਰੀ) ਪਰਮਜੀਤ ਤੇ ਹਰਿੰਦਰ ਸੈਣੀ, ਪ੍ਰਿੰਸੀਪਲ ਜ਼ਿਲ੍ਹਾ ਸਿੱਖਿਆ ਤੇ ਸਿਖਲਾਈ ਸੰਸਥਾ ਗੁਰਦਾਸਪੁਰ ਦੀ ਰਹਿਨੁਮਾਈ ਹੇਠ ਪ੍ਰੋਗਰਾਮ ਆਰੰਭ ਤਹਿਤ ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ, ਬਲਾਕ ਰਿਸੋਰਸ ਪਰਸਨ ਤੇ ਜ਼ਿਲ੍ਹਾ ਰਿਸੋਰਸ ਟੀਮ ਦੀ ਇੱਕ ਜ਼ਰੂਰੀ ਮੀਟਿੰਗ, ਜ਼ਿਲ੍ਹਾ ਸਿੱਖਿਆ ਤੇ ਸਿਖਲਾਈ ਸੰਸਥਾ ਗੁਰਦਾਸਪੁਰ ਵਿਖੇ ਕੀਤੀ ਗਈ। ਜਿਸ ਵਿੱਚ ਉਪ-ਜ਼ਿਲ੍ਹਾ ਸਿੱਖਿਆ ਅਫਸਰ ਡਾ. ਅਨਿਲ ਸ਼ਰਮਾ ਵੱਲੋਂ ਉਚੇਚੇ ਤੌਰ 'ਤੇ ਸ਼ਿਰਕਤ ਕੀਤੀ ਗਈ। ਉਨ੍ਹਾਂ ਵੱਲੋਂ ਪ੍ਰੋਗਰਾਮ ਆਰੰਭ ਸਬੰਧੀ ਜਾਣਕਾਰੀ ਦਿੰਦੇ ਹੋਏ ਸਮੂਹ ਬਲਾਕ ਰਿਸੋਰਸ ਪਰਸਨ ਨੂੰ ਇਸ ਪ੍ਰੋਗਰਾਮ ਨੂੰ ਜ਼ਮੀਨੀ ਪੱਧਰ 'ਤੇ ਲਾਗੂ ਕਰਨ ਸਬੰਧੀ ਜਾਣਕਾਰੀ ਦਿੱਤੀ ਗਈ। ਇਸ ਮੌਕੇ ਜ਼ਿਲ੍ਹਾ ਪ੍ਰੋਗਰਾਮ ਮੈਨੇਜਰ ਸਚਿਨ ਵੱਲੋਂ ਪ੍ਰੋਗਰਾਮ ਆਰੰਭ ਸਬੰਧੀ ਜ਼ਰੂਰੀ ਨੁਕਤਿਆਂ ਨਾਲ ਸਮੂਹ ਬਲਾਕ ਰਿਸੋਰਸ ਪਰਸਨ ਨੂੰ ਜਾਣੂ ਕਰਵਾਇਆ ਗਿਆ। ਉਨ੍ਹਾਂ ਦੱਸਿਆ ਕਿ ਇਹ ਪ੍ਰੋਗਰਾਮ ਸ਼ੁਰੂਆਤੀ ਦੌਰ ਵਿੱਚ ਪੰਜਾਬ ਦੇ ਅੱਠ ਜ਼ਿਲ੍ਹਿਆਂ ਵਿੱਚ 14 ਨਵੰਬਰ 2024 ਨੂੰ ਮਾਨਯੋਗ ਹਰਜੋਤ ਬੈਂਸ, ਸਿੱਖਿਆ ਮੰਤਰੀ ਵੱਲੋਂ ਸ਼ੁਰੂ ਕੀਤਾ ਗਿਆ ਸੀ ਜੋ ਕਿ ਆਉਣ ਵਾਲੇ ਸਮੇਂ ਵਿੱਚ ਪੂਰੇ ਪੰਜਾਬ ਵਿੱਚ ਲਾਗੂ ਹੋਣ ਜਾ ਰਿਹਾ ਹੈ ਬਾਰੇ ਸੰਪੂਰਨ ਜਾਣਕਾਰੀ ਦਿੱਤੀ ਗਈ। ਇਸ ਪ੍ਰੋਗਰਾਮ ਦਾ ਉਦੇਸ਼ ਪ੍ਰੀ- ਪ੍ਰਾਇਮਰੀ ਜਮਾਤਾਂ ਦੇ ਵਿਦਿਆਰਥੀਆਂ ਦੇ ਮਾਪਿਆਂ ਦੀ ਸਿੱਖਣ-ਸਿਖਾਉਣ ਪ੍ਰਕਿਰਿਆ ਵਿੱਚ ਭਾਗੀਦਾਰੀ ਵਿੱਚ ਵਾਧਾ ਕਰਨਾ ਤੇ ਡਿਜਿਟਲ ਪਲੇਟਫਾਰਮ ਰਾਹੀਂ ਵਿਦਿਆਰਥੀਆਂ ਦੀ ਪੜ੍ਹਾਈ ਦੀ ਬੁਨਿਆਦ ਨੂੰ ਮਜ਼ਬੂਤ ਕਰਨਾ ਹੈ। ਇਸ ਮੌਕੇ ਜ਼ਿਲ੍ਹਾ ਰਿਸੋਰਸ ਕੋਆਰਡੀਨੇਟਰ ਗੁਰਨਾਮ ਸਿੰਘ, ਜ਼ਿਲ੍ਹਾ ਸਿੱਖਿਆ ਤੇ ਸਿਖਲਾਈ ਸੰਸਥਾ ਗੁਰਦਾਸਪੁਰ ਤੋਂ ਵੰਦਨਾ ਗੁਪਤਾ, ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਲਖਵਿੰਦਰ ਸਿੰਘ ਸੇਖੋਂ ਤੇ ਸ੍ਰੀ ਭਾਰਤ ਰਤਨ ਵੱਲੋਂ ਸੰਬੋਧਨ ਕੀਤਾ ਗਿਆ। ਇਸ ਮੌਕੇ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਸੁਦੇਸ਼ ਖੰਨਾ, ਗੁਰਇੱਕਬਾਲ ਸਿੰਘ ਗੁਰਾਇਆ, ਕੁਲਬੀਰ ਕੌਰ ਤੇ ਬਲਾਕ ਰਿਸੋਰਸ ਪਰਸਨ ਪਵਨ ਕੁਮਾਰ, ਦਲਜੀਤ ਸਿੰਘ ਧੰਦਲ, ਮਨਦੀਪ ਸਿੰਘ, ਜਸਪਿੰਦਰ ਸਿੰਘ ਬਸਰਾ, ਹਰਦੀਪ ਸਿੰਘ ਸੁਖਬੀਰ ਕੌਰ, ਰਜਿੰਦਰ ਸਿੰਘ, ਮਨਜੀਤ ਸਿੰਘ, ਸੰਦੀਪ ਸ਼ਰਮਾ, ਸੰਦੀਪ ਸਿੰਘ, ਪਰਵੀਨ ਕੁਮਾਰ, ਸੁਮਿਤ ਭਾਰਦਵਾਜ, ਗੁਰਪਿੰਦਰ ਸਿੰਘ, ਸੁਖਮਨਜੀਤ ਸਿੰਘ, ਅਮਰਜੀਤ ਸਿੰਘ, ਮਲਕੀਤ ਸਿੰਘ ਕਾਹਨੂੰਵਾਨ, ਨਸੀਬ ਸਿੰਘ, ਰਿਸੋਰਸ ਟੀਮ ਵੱਲੋਂ ਅਧਿਆਪਕਾ ਯੋਗਿਤਾ, ਰਣਜੀਤ ਕੌਰ ਤੇ ਅਨੁਰਾਧਾ ਡਿਗਰਾ ਆਦਿ ਹਾਜ਼ਰ ਸਨ।

## ਬਟਾਲਾ ਪੁਲਿਸ ਦੇ ਸਾਂਝ ਸਟਾਫ਼ ਵੱਲੋਂ ਸਰਕਾਰੀ ਹਸਪਤਾਲ ਵਿਖੇ ਜਾਗਰੂਕਤਾ ਸੈਮੀਨਾਰ



ਡੇਰਾ ਬਾਬਾ ਨਾਨਕ, 1 ਜੁਲਾਈ (ਹੈਪੀ ਕੋਟਲੀ): ਸੁਹੇਲ ਕਾਸਿਮ ਮੀਰ, ਐੱਸ.ਐੱਸ.ਪੀ. ਬਟਾਲਾ ਦੇ ਦਿਸ਼ਾ-ਨਿਰਦੇਸ਼ਾਂ ਹੇਠ ਬਟਾਲਾ ਪੁਲਿਸ ਦੇ ਸਾਂਝ ਸਟਾਫ਼ ਵੱਲੋਂ ਸਰਕਾਰੀ ਹਸਪਤਾਲ ਡੇਰਾ ਬਾਬਾ ਨਾਨਕ ਵਿਖੇ ਜਾਗਰੂਕਤਾ ਸੈਮੀਨਾਰ ਕਰਵਾਇਆ ਗਿਆ। ਇਸ ਮੌਕੇ ਲੋਕਾਂ ਨੂੰ ਨਸ਼ਿਆਂ ਦੇ ਬੁਰੇ ਅਸਰ, ਸਾਈਬਰ ਕਰਾਈਮ, ਆਨਲਾਈਨ ਫਰਾਡ, ਵਾਤਾਵਰਨ ਦੀ ਸੰਭਾਲ ਕਰਨ ਬਾਰੇ ਅਤੇ ਹੈਲਪ ਲਾਈਨ ਨੰਬਰ 112 ਅਤੇ 1098 ਬਾਰੇ ਜਾਗਰੂਕ ਕੀਤਾ ਗਿਆ। ਇਸ ਮੌਕੇ ਜਸਵੰਤ ਕੌਰ, ਐੱਸ.ਪੀ. (ਐੱਚ) ਬਟਾਲਾ ਨੇ ਦੱਸਿਆ ਕਿ ਬਟਾਲਾ ਪੁਲਿਸ ਦੇ ਸਾਂਝ ਸਟਾਫ਼ ਵੱਲੋਂ ਪੁਲਿਸ ਜ਼ਿਲ੍ਹਾ ਬਟਾਲਾ ਵਿਖੇ ਲੋਕਾਂ ਨੂੰ ਨਸ਼ਿਆਂ ਦੇ ਬੁਰੇ ਪ੍ਰਭਾਵਾਂ ਬਾਰੇ ਜਾਗਰੂਕ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਬਟਾਲਾ ਪੁਲਿਸ ਵੱਲੋਂ ਜਿਥੇ ਨਸ਼ਾ ਤਸਕਰਾਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾ ਰਹੀ ਹੈ, ਉਸਦੇ ਨਾਲ ਨਸ਼ਾ ਪੀੜਤਾਂ ਦਾ ਨਸ਼ਾ ਛੁਡਾਊ ਕੇਂਦਰਾਂ ਵਿੱਚ ਮੁਫ਼ਤ ਇਲਾਜ ਕਰਵਾਇਆ ਜਾ ਰਿਹਾ ਹੈ ਤਾਂ ਜੋ ਉਹ ਵੀ ਮੁੱਖ ਧਾਰਾ ਵਿੱਚ ਆ ਕੇ ਆਪਣਾ ਜੀਵਨ ਬਤੀਤ ਕਰ ਸਕਣ। ਇਸ ਤੋਂ ਇਲਾਵਾ ਬਟਾਲਾ ਪੁਲਿਸ ਵੱਲੋਂ ਲੋਕਾਂ ਨੂੰ ਵਾਤਾਵਰਨ ਨੂੰ ਸਾਫ਼-ਸੁਥਰਾ ਰੱਖਣ ਲਈ ਵੱਧ ਤੋਂ ਵੱਧ ਪੌਦੇ ਲਗਾਉਣ ਅਤੇ ਪੌਦਿਆਂ ਦੀ ਸਾਂਭ-ਸੰਭਾਲ ਬਾਰੇ ਜਾਗਰੂਕ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਅੱਜ ਲੋੜ ਹੈ ਕਿ ਵੱਧ ਤੋਂ ਪੌਦੇ ਲਗਾਏ ਜਾਣ। ਇਸ ਮੌਕੇ ਹੈਲਪ ਲਾਈਨ ਨੰਬਰ 112 ਤੇ 1098 ਬਾਰੇ ਜਾਗਰੂਕ ਕੀਤਾ ਗਿਆ।

## ਨਵੀਸ਼ ਨੰਦਾ ਛੱਬੀ ਸਮੇਤ 'ਆਪ' ਆਗੂਆਂ ਨੇ ਧਾਰਮਿਕ ਸਮਾਗਮ 'ਚ ਹਾਜ਼ਰੀ ਲਗਵਾਈ



ਫਤਹਿਗੜ੍ਹ ਚੂੜੀਆਂ, 1 ਜੁਲਾਈ (ਰਾਜਨ ਸ਼ਰਮਾ): ਫ਼ਤਹਿਗੜ੍ਹ ਚੂੜੀਆਂ ਦੀ ਵਾਰਡ ਨੰਬਰ 6 ਭਗਤ ਕਬੀਰ ਧਰਮਸ਼ਾਲਾ ਵਿਖੇ ਕਬੀਰ ਜੈਯੰਤੀ ਨੂੰ ਸਮਰਪਿਤ ਸਾਲਾਨਾ ਸਮਾਗਮ ਸ਼ਰਧਾ ਨਾਲ ਕਰਵਾਇਆ ਗਿਆ। ਇਸ ਮੌਕੇ ਭਾਈ ਇੰਦਰਜੀਤ ਸਿੰਘ ਦੇ ਰਾਗੀ ਜਥੇ ਵੱਲੋਂ ਗੁਰਬਾਣੀ ਦਾ ਕੀਰਤਨ ਕੀਤਾ ਗਿਆ। ਸਮਾਗਮ ਦੌਰਾਨ ਆਸ-ਪਾਸ ਦੀਆਂ ਸੰਗਤਾਂ ਤੋਂ ਇਲਾਵਾ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਨਵੀਸ਼ ਨੰਦਾ ਛੱਬੀ ਸਮੇਤ ਸਥਾਨਿਕ 'ਆਪ' ਆਗੂਆਂ ਨੇ ਸ਼ਿਰਕਤ ਕੀਤੀ, ਜਿਨ੍ਹਾਂ ਨੂੰ ਅਹੁਦੇਦਾਰਾਂ ਵੱਲੋਂ ਸਿਰਪਾਓ ਪਾ ਕੇ ਸਨਮਾਨਤ ਕੀਤਾ ਗਿਆ। ਆਪ ਆਗੂਆਂ ਵੱਲੋਂ ਸਰਬੱਤ ਦੇ ਭਲੇ ਲਈ ਅਰਦਾਸ ਵੀ ਕੀਤੀ ਗਈ। ਇਸ ਮੌਕੇ ਸ਼ਹਿਰੀ ਪ੍ਰਧਾਨ ਤੇਜਵਿੰਦਰ ਸਿੰਘ, ਸਤਨਾਮ ਸਿੰਘ ਗਿੱਲ, ਕੇਵਲ ਮਸੀਹ ਆਦਿ ਨਵੀਸ਼ ਨੰਦਾ ਨਾਲ ਹਾਜ਼ਰ ਰਹੇ।

## ਮਨੁੱਖਤਾ ਦੀ ਸੇਵਾ ਹੀ ਸਾਡਾ ਮੁੱਖ ਉਦੇਸ਼: ਕੋਹਲੀ



ਧਾਰੀਵਾਲ, 1 ਜੁਲਾਈ (ਅਸ਼ੋਕ ਕੁਮਾਰ): ਹਿਊਮਨ ਰਾਈਟਸ ਸੁਰਕਸ਼ਾ ਸੁਸਾਇਟੀ ਦੀ ਨੈਸ਼ਨਲ ਟੀਮ ਨੇ ਵਿਸ਼ੇਸ਼ ਮੀਟਿੰਗ ਪੰਜਾਬ ਪ੍ਰਧਾਨ ਇੰਜੀਨੀਅਰ ਜਤਿੰਦਰ ਪਾਲ ਸਿੰਘ ਜੇਪੀ ਤੇ ਉਹਨਾਂ ਦੀ ਟੀਮ ਨਾਲ ਜਸ਼ਨ ਰੈਸਟੋਰੈਂਟ ਬੁਰਜ ਸਾਹਿਬ ਧਾਰੀਵਾਲ ਵਿਖੇ ਕੀਤੀ। ਇਸ ਮੀਟਿੰਗ ਵਿੱਚ ਸੰਸਥਾ ਦੇ ਰਾਸ਼ਟਰੀ ਚੇਅਰਮੈਨ ਰਜਿੰਦਰ ਕੋਹਲੀ ਨੇ ਕਿਹਾ ਕਿ ਸਾਡੀ ਸੰਸਥਾ ਦਾ ਮੁੱਖ ਉਦੇਸ਼ ਮਨੁੱਖਤਾ ਦੀ ਸੇਵਾ ਕਰਨਾ ਹੈ। ਸਾਡੀ ਸੰਸਥਾ ਗੈਰ ਰਾਜਨੀਤੀ ਹੈ। ਉਨ੍ਹਾਂ ਨੇ ਨਸ਼ਿਆਂ ਦੇ ਵਿਰੁੱਧ ਲੜਾਈ ਵਿੱਚ ਸਾਥ ਦੇਣ ਲਈ ਵੱਧ ਤੋਂ ਵੱਧ ਨੌਜਵਾਨਾਂ ਨੂੰ ਆਪਣੀ ਸੰਸਥਾ ਨਾਲ ਜੋੜਨ ਲਈ ਸੰਸਥਾ ਦੇ ਅਹੁਦੇਦਾਰਾਂ ਨੂੰ ਪ੍ਰੇਰਿਤ ਕੀਤਾ। ਇਸ ਮੌਕੇ 'ਤੇ ਪੰਜਾਬ ਪ੍ਰਧਾਨ ਇੰਜੀਨੀਅਰ ਜਤਿੰਦਰ ਪਾਲ ਸਿੰਘ ਜੇਪੀ ਨੇ ਦੱਸਿਆ ਕਿ ਸਾਡੀ ਸੰਸਥਾ ਧਾਰੀਵਾਲ ਵਿਖੇ ਮੈਡੀਕਲ ਕੈਂਪ ਤੇ ਸਕੂਲ ਕਾਲਜਾਂ ਦੇ ਵਿੱਚ ਟ੍ਰੈਫਿਕ ਅਤੇ ਨਸ਼ਿਆਂ ਦੇ ਵਿਰੁੱਧ ਜਾਗਰੂਕ ਕਰਨ ਲਈ ਸੈਮੀਨਾਰ ਲਗਾਉਣ ਜਾ ਰਹੀ ਹੈ। ਇਸ ਮੀਟਿੰਗ ਵਿੱਚ ਪੰਜਾਬ ਪ੍ਰਧਾਨ ਨੇ ਅਸ਼ੋਕ ਕੁਮਾਰ ਨੂੰ ਜਨਰਲ ਸਕੱਤਰ ਪੰਜਾਬ ਨਿਯੁਕਤ ਕੀਤਾ। ਇਸ ਮੌਕੇ 'ਤੇ ਨੈਸ਼ਨਲ ਚੇਅਰਮੈਨ ਰਜਿੰਦਰ ਕੋਹਲੀ, ਨੈਸ਼ਨਲ ਪ੍ਰਧਾਨ ਕਮਲਜੀਤ ਸਿਆਲ, ਨੈਸ਼ਨਲ ਜਨਰਲ ਸਕੱਤਰ ਅਮਨ ਕਪੂਰ ਪੰਜਾਬ ਪ੍ਰਧਾਨ ਇੰਜੀਨੀਅਰ ਜਤਿੰਦਰ ਪਾਲ ਸਿੰਘ ਜੇਪੀ, ਵਾਈਸ ਪ੍ਰਧਾਨ ਪੰਜਾਬ ਸੁਖਦੇਵ ਸਿੰਘ ਜਨਰਲ ਸਕੱਤਰ ਪੰਜਾਬ ਅਸ਼ੋਕ ਕੁਮਾਰ ਜ਼ਿਲ੍ਹਾ ਚੇਅਰਮੈਨ ਲਵਲੀ ਨਾਗੀ ਹਾਜ਼ਰ ਸਨ।

## ਜ਼ਿਲ੍ਹਾ ਮੈਜਿਸਟੇਰਟ ਵੱਲੋਂ ਨਿੱਜੀ ਕਬਜ਼ੇ/ਮਾਲਕੀ ਵਾਲੇ ਖਾਲੀ ਪਏ ਪਲਾਟਾਂ 'ਚ ਕੂੜੇ ਆਦਿ ਦੀ ਸਫਾਈ ਲਈ ਅਗਾਊਂ ਢੁੱਕਵੇਂ ਪ੍ਰਬੰਧ ਕਰਨ ਦੇ ਹੁਕਮ ਜਾਰੀ



ਬਟਾਲਾ, 1 ਜੁਲਾਈ (ਸੁਖਦੇਵ ਸਿੰਘ ਰੰਧਾਵਾ/ਬਲਬੀਰ ਸੋਹਲ): ਦਲਵਿੰਦਰਜੀਤ ਸਿੰਘ ਜ਼ਿਲ੍ਹਾ ਮੈਜਿਸਟਰੇਟ ਗੁਰਦਾਸਪੁਰ ਵੱਲੋਂ ਜਾਰੀ ਕੀਤੇ ਗਏ ਹੁਕਮ ਵਿੱਚ ਕਿਹਾ ਗਿਆ ਹੈ ਕਿ ਉਨ੍ਹਾਂ ਦੇ ਧਿਆਨ ਵਿੱਚ ਆਇਆ ਹੈ ਕਿ ਸ਼ਹਿਰ ਵਿੱਚ ਜਗ੍ਹਾ-ਜਗ੍ਹਾ 'ਤੇ ਵੱਖ-ਵੱਖ ਵਿਅਕਤੀਆਂ ਦੀ ਮਾਲਕੀ/ਕਬਜ਼ੇ ਅਧੀਨ ਖਾਲੀ ਪਏ ਪਲਾਟਾਂ ਵਿੱਚ ਕੂੜਾ-ਕਰਕਟ ਗੰਦਗੀ ਤੇ ਗੰਦਾ ਪਾਣੀ ਇਕੱਠਾ ਹੁੰਦਾ ਰਹਿੰਦਾ ਹੈ, ਜਿਸ ਨਾਲ ਕਈ ਤਰ੍ਹਾਂ ਦੇ ਨੁਕਸਾਨ ਦਾਇਕ ਜੀਵ-ਜੰਤੂ ਪੈਦਾ ਹੁੰਦੇ ਹਨ, ਜੋ ਵੱਖ-ਵੱਖ ਪ੍ਰਕਾਰ ਦੀਆਂ ਬਿਮਾਰੀਆਂ (ਜਿਵੇਂ ਡੇਂਗੂ, ਮਲੇਰੀਆ, ਚਿਕਨਗੁਨੀਆ ਆਦਿ) ਫੈਲਾਉਂਦੇ ਹਨ। ਇਸ ਤਰ੍ਹਾਂ ਇਹ ਬਿਮਾਰੀਆਂ ਸ਼ਹਿਰ ਵਾਸੀਆਂ ਦੀ ਸਿਹਤ ਲਈ ਇੱਕ ਗੰਭੀਰ ਤੇ ਜਾਨਲੇਵਾ ਖਤਰਾ ਹਨ। ਅਜਿਹੀ ਸਥਿਤੀ ਵਿੱਚ ਇਨ੍ਹਾਂ ਬਿਮਾਰੀਆਂ ਨੂੰ ਫੈਲਣ ਤੋਂ ਰੋਕਣ ਲਈ ਇਨ੍ਹਾਂ ਖਾਲੀ ਪਏ ਪਲਾਟਾਂ ਦੀ ਸਾਫ-ਸਫਾਈ ਹੋਣੀ ਜ਼ਰੂਰੀ ਹੈ। ਇਸ ਲਈ ਮਨੁੱਖੀ ਸਿਹਤ ਤੇ ਉਪਰੋਕਤ ਤੱਥਾਂ ਨੂੰ ਮੁੱਖ ਰੱਖਦੇ ਹੋਏ ਦਲਵਿੰਦਰਜੀਤ ਸਿੰਘ ਜ਼ਿਲ੍ਹਾ ਮੈਜਿਸਟਰੇਟ ਗੁਰਦਾਸਪੁਰ ਵੱਲੋਂ ਗੁਰਦਾਸਪੁਰ ਭਾਰਤੀ ਨਾਗਰਿਕ ਸੁਰੱਕਸ਼ਾ ਸਹਿੰਤਾ, 2023 ਦੀ ਧਾਰਾ 163 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਜ਼ਿਲ੍ਹਾ ਗੁਰਦਾਸਪੁਰ ਦੀ ਹਦੂਦ ਅੰਦਰ ਨਿੱਜੀ ਕਬਜ਼ੇ/ਮਾਲਕੀ ਵਾਲੇ ਖਾਲੀ ਪਏ ਪਲਾਟਾਂ ਵਿੱਚ ਕੂੜੇ-ਕਰਕਟ ਗੰਦਗੀ ਤੇ ਗੰਦੇ ਪਾਣੀ ਦੇ ਇਕੱਠੇ ਹੋਣ ਕਾਰਨ ਹੋਣ ਵਾਲੀਆਂ ਬਿਮਾਰੀਆਂ ਦੇ ਬਚਾਅ ਲਈ ਅਗਾਊਂ ਢੁੱਕਵੇਂ ਪ੍ਰਬੰਧ ਯਕੀਨੀ ਬਣਾਉਣ ਲਈ ਹੁਕਮ ਪਾਸ ਕੀਤੇ ਗਏ ਹਨ। ਇਹ ਹੁਕਮ 01.07.2025 ਤੋਂ ਅਗਲੇ ਹੁਕਮਾਂ ਤੱਕ ਲਾਗੂ ਰਹਿਣਗੇ।

## ਲੱਖ ਦਾਤਾ ਸੱਖੀ ਸਰਵਰ ਦਰਬਾਰ ਦਾ ਸਾਲਾਨਾ ਜੋੜ ਮੇਲਾ ਧੂਮਧਾਮ ਨਾਲ ਮਨਾਇਆ



ਨਵਾਂਸ਼ਹਿਰ, 1 ਜੁਲਾਈ (ਸੁਖਦੇਵ ਸਿੰਘ ਉੜਾਪੜ): ਇੱਥੋਂ ਦੇ ਨਜ਼ਦੀਕ ਪਿੰਡ ਭੀਣ ਵਿਖੇ ਲੱਖ ਦਾਤਾ ਸੱਖੀ ਸਰਵਰ ਦਰਬਾਰ 'ਚ ਸਮੂਹ ਸੰਗਤ ਦੇ ਸਹਿਯੋਗ ਨਾਲ ਸਾਲਾਨਾ ਜੋੜ ਮੇਲਾ ਧੂਮਧਾਮ ਨਾਲ ਮਨਾਇਆ ਗਿਆ। ਇਸ ਮੌਕੇ ਗੱਦੀਨਸ਼ੀਨ ਬਾਬਾ ਮਦਨ ਸ਼ਾਹ ਨੇ ਦੱਸਿਆ ਕਿ ਧੂਣੈ ਦੀ ਰਸਮ ਮੇਲੇ ਦੇ ਪਹਿਲੇ ਦਿਨ ਕੀਤੀ ਗਈ ਤੇ ਮਹਿੰਦੀ ਦੀ ਰਸਮ ਤੇ ਚਿਰਾਗ ਰੋਸ਼ਨ ਸ਼ਾਮ ਨੂੰ ਕੀਤੀ ਗਈ ਤੇ ਮੇਲੇ ਦੇ ਦੂਜੇ ਦਿਨ ਸਵੇਰੇ ਝੰਡਾ ਚੜ੍ਹਾਉਣ ਦੀ ਰਸਮ ਦਰਬਾਰ ਵਿਚ ਕੀਤੀ ਤੇ ਚਾਹ ਪਕੌੜਿਆਂ ਦਾ ਲੰਗਰ ਲਗਾਇਆ। ਇਸ ਮੇਲੇ 'ਚ ਮਨਦੀਪਕ ਆਈ ਕੇਅਰ ਗੜ੍ਹਸ਼ੰਕਰ ਵੱਲੋਂ ਅੱਖਾਂ ਦਾ ਮੁਫਤ ਚੈਅਕੱਪ ਕੈਂਪ ਲਗਾਇਆ ਗਿਆ ਤੇ ਜ਼ਰੂਰਤਮੰਦ ਮਰੀਜ਼ਾਂ ਨੂੰ ਦਵਾਈਆਂ ਤੇ ਐਨਕਾਂ ਮੁਫਤ ਦਿੱਤੀਆਂ ਗਈਆਂ ਤੇ ਪੰਜਾਬ ਦੇ ਮਸ਼ਹੂਰ ਕਲਾਕਾਰਾਂ ਵੱਲੋਂ ਆਪਣਾ ਧਾਰਮਿਕ ਪ੍ਰੋਗਰਾਮ ਪੇਸ਼ ਕੀਤਾ, ਜਿਨ੍ਹਾਂ ਵਿੱਚ ਗਾਇਕ ਮਹੇਸ਼ ਸਾਜਨ ਵੱਲੋਂ ਸਾਡਾ ਕੀ ਏ ਫੱਕਰਾ ਦਾ, ਅਸੀਂ ਫੈਨ ਪੌਣਾਹਾਰੀ ਦੇ, ਸਾਡੀ ਪਾਵਰ ਪੌਣਾਹਾਰੀ, ਪਾਣੈ ਡਾਲਰਾਂ ਦੇ ਹਾਰ ਜੋਗੀਆਂ ਗਾ ਕੇ ਸੰਗਤ ਨੂੰ ਮਸਤੀ 'ਚ ਝੂਮਣ ਲਗਾ ਦਿੱਤਾ ਤੇ ਬਾਅਦ ਵਿਚ ਹਰਮਨ ਜਰਮਨ ਵੱਲੋਂ ਅਲੀ ਦੇ ਮਲਗ ਨਚਦੇ, ਜੋਗੀ ਦੇ ਨਾਮ ਦਾ ਰੰਗ ਗਾਕੇ ਹਾਜ਼ਰੀ ਭਰੀ ਤੇ ਮੁਸਕਾਨ ਚੋਪੜਾ ਨੇ ਨਿੱਤ ਖੈਰ ਮੰਗਾ ਸੋਹਣੇਇਆ, ਜੋਗੀ ਨੇ ਤਾਰ ਦਿੱਤਾ ਸਾਨੂੰ, ਸਾਡਾ ਤੇ ਰੱਬ ਤੂੰ ਸੱਜਣਾ ਗਾ ਕੇ ਹਾਜ਼ਰੀ ਭਰੀ ਤੇ ਫਕੀਰਾ ਦਾ ਅਸ਼ੀਰਵਾਦ ਲਿਆ ਤੇ ਬਾਅਦ ਵਿਚ ਨਕਲਾਂ ਦਾ ਪ੍ਰੋਗਰਾਮ ਪੇਸ਼ ਕੀਤਾ ਗਿਆ। ਸੰਗਤਾਂ ਨੂੰ ਅਸ਼ੀਰਵਾਦ ਦੇਣ ਲਈ ਵੱਖ-ਵੱਖ ਡੇਰਿਆਂ ਤੋਂ ਸੰਤ ਫਕੀਰਾਂ ਨੇ ਸ਼ਿਰਕਤ ਕੀਤੀ।

## ਸ਼੍ਰੇਣੀਵਾਰ ਇਸ਼ਤਿਹਾਰ /Classified Advertisement

(U/o 5 Rule 20 CPC)
**In the Court of Sh. Gurpreet Singh Civil Judge Junior Division-8, Patiala**
CNR No.PBPT02-000936-2025
Next Date:23.07.2025
Arvind Joshi
Versus
Rajesh Kumari
Notice to: 1) Rajesh Kumari W/o Ajay Pal Bhalla Resident of House No. 5501, J-11D, Street No. 12, Krishna Nagar, Khanna Distt. Ludhiana 2.) Rozy Sharma W/o vinod Kumar R/o House No. 20, Ward NO. 2, Badeshan Road Dana Mandi, Khamano, Distt. Fatehgarh Sahib
In above titled Petition the defendant(s)/respondent(s) could not be served. It is ordered that defendant(s)/respondent(s) should appear in person or through counsel on **23.07.2025** at 10:00 A.M.
For details logon to https://highcourtchd.gov.in/?mod=district_notice&district=Patiala
Dated, this day of 13-06-2025
**Sd/- Civil Judge Junior Division-8, Patiala**

---

(U/o 5 Rule 20 CPC)
**In the Court of Ms. Mamta Mehmi Civil Judge (Junior Division), Garhshankar**
CNR No. PBHOB0-000382-2023
Next Date:-02-08-2025
Prem Chand son of Bhag Chand son of Punnu Ram, Resident of Village Samundra, Tehsil Garhshankar, District Hoshiarpur
Versus
Kushal Chand Son of Rakha Ram, Resident of Village Samundra, Tehsil Garhshankar District Hoshiarpur and others.
Suit for Possession by way of partition of house property as half share of plaintiff and half
Notice to: 5. Baby D/o Duryodhan Singh, 6. Kehra D/o Duryodhan Singh 7. Sandesh alias Laattu D/o Duryodhan Singh, All Resident of Village Samundra, Tehsil Garhshankar District Hoshiarpur
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **02.**08.2025 at 10:00 A.M.
For details logon to https://highcourtchd.gov.in/?mod=district_notice&district=Hoshiarpur
Dated this day of 27-06-2025
**Sd/- Civil Judge (Junior Division), Garhshankar**

---

(U/o 5 Rule 20 CPC)
**In the Court of Ms. Priyanka Sondhi Civil Judge Junior DIvision-3, Phagwara**
CNR No.PBKPA0-000499-2024
Next Date:21.07.2025
Pushpa Rani Daughter of Bhagat Ram Son of Raqja Ram Aged about 47 years wife of Baldev Raj, resident of Village Baghana, Tehsil, tehsil Phagwara, district Kapurthala.
Versus
Kaur Chand Son of Bhagat Ram Son of Raja Ram Resident of Village Baghana, Tehsil Phagwara, District Kapurthala and others
Suit for partition and permanent injunction
Notice to: 1. Kaur Chand Son of Bhagat Ram Son of Raja Ram 2. Om parkash Son of Bhagat Ram Son of Raja Ram 3. Parshotam Lal Son of Bhagat Ram Son of Raja Ram 4. Husan Lal Son of Bhagat Ram Son of Raja Ram 12. Faqir Chand Son of Raja Ram 17. Malkit Singh Son of Dalip Singh All Residents of Village Baghana, Tehsil Phagwara, District Kapurthala.
In above titled Petition the defendant(s)/respondent(s) could not be served. It is ordered that defendant(s)/respondent(s) should appear in person or through counsel on **21.**07.2025 at 10:00 A.M.
For details logon to https://highcourtchd.gov.in/?mod=district_notice&district=Kapurthala
Dated, this day of 09-06-2025
**Sd/- Civil Judge Junior DIvision-3, Phagwara**

---

(U/o 5 Rule 20 CPC)
**In the Court of Sh. Sandeep Kumar Singla Principal Judge, Family Court, Nabha**
CNR No.PBPTF3-000447-2024
Next Date: 21.08.2025
Kushpreet Kaur
Versus
General Public
Notice to: General Public
In above titled Petition the defendant(s)/respondent(s) could not be served. It is ordered that defendant(s)/respondent(s) should appear in person or through counsel on **21.**08.2025 at 10:00 A.M.
For details logon to https://highcourtchd.gov.in/?mod=district_notice&district=patiala
Dated, this day of 18-06-2025
**Sd/- Principal Judge, Family Court, Nabha**

---

(U/o 5 Rule 20 CPC)
**In the Court of Ms. Himanshi Galhotra Additional Civil Judge Senior Division-1, Fazilka**
CNR No.PBFZC1-000799-2025
Next Date: 31.07.2025
Sachin Gagneja
Versus
General Public
Notice to: General Public:- General Public
In above titled Petition the defendant(s)/respondent(s) could not be served. It is ordered that defendant(s)/respondent(s) should appear in person or through counsel on **31.**07.2025 at 10:00 A.M.
For details logon to https://highcourtchd.gov.in/?mod=district_notice&district=mogacourt
Dated, this day of 01-07-2025
**Sd/- Additional Civil Judge Senior Division-1, Fazilka**

---

(U/o 5 Rule 20 CPC)
**In the Court of Sh. Sachin Yadav Addl. Civil Judge (sr.Divn.), Chandigarh**
CNR No.CHCH02-002457-2022
Next Date:08.07.2025
Sat Pal Gupta
Versus
Jeevan Jindal
Notice to: 1. Vivek Kumar Gupta S/o Raj Pal Gupta 2. Rajinder Goyal S/o Sh. C.R. Goyal Both R/o H.No. 340, Sector 12, Panchkula. 3. Ashok Kumar Contractor S/o Malkhan Singh Through Sh. Jeevan Jindal R/o H.No.340 Sector-12, Panchkula. 4. Balwinder Singh Architect S/o Sh. Charan Singh R/o H.No. 35, Sector-1 Swaraj Nagar Near Mata Gujri Gurdwara Kharar Distt. Mohali.
In above titled Petition the defendant(s)/respondent(s) could not be served. It is ordered that defendant(s)/respondent(s) should appear in person or through counsel on **08.**07.2025 at 10:00 A.M.
For details logon to https://highcourtchd.gov.in/?trs=district_notice&district=Chandigarh
Dated, this day of 10-06-2025
**Sd/- Addl. Civil Judge (sr.Divn.), Chandigarh**

ਚੜ੍ਹਦੀਕਲਾ ਪੜ੍ਹੋ, ਚੜ੍ਹਦੀਕਲਾ ਵਿੱਚ ਰਹੋ।

# ਜੰਗਲਾਤ ਵਿਭਾਗ ਦੀ ਦਫ਼ਾ ਚਾਰ ਕਾਰਨ ਗਲੀ ਬਣਾਉਣ ਵਿੱਚ ਆ ਰਹੀ ਹੈ ਸਮੱਸਿਆ: ਐਸਪੀ ਕੌੜਾ



ਸ੍ਰੀ ਕੀਰਤਪੁਰ ਸਾਹਿਬ, 1 ਜੁਲਾਈ: (ਬੀ ਐਸ ਰਾਣਾ) ਪਿੰਡ ਕਲਿਆਣਪੁਰ ਦਰਗਾਹ ਸਾਈਂ ਪੀਰ ਬਾਬਾ ਬੁੱਢਣ ਸ਼ਾਹ ਜੀ ਲਿੰਕ ਸੜਕ ਦੇ ਨਾਲ ਲੱਗਦੇ ਨਗਰ ਪੰਚਾਇਤ ਸ੍ਰੀ ਕੀਰਤਪੁਰ ਸਾਹਿਬ ਦੇ ਵਾਰਡ ਨੰਬਰ 4 ਵਿੱਚ ਪੈਂਦੇ ਮਹੱਲੇ ਦੇ ਘਰਾਂ ਨੂੰ ਜਾਣ ਵਾਲੀ ਇੱਕ ਕੱਚੀ ਗਲੀ ਜੋ ਕਿ ਭਾਰੀ ਬਰਸਾਤ ਪੈਣ ਕਾਰਨ ਰੁੜ੍ਹ ਗਈ ਹੈ, ਉਕਤ ਗਲੀ ਵਿੱਚ ਕਾਫੀ ਜਿਆਦਾ ਮਿੱਟੀ ਰੁੜਨ ਨਾਲ ਉਕਤ ਰਸਤਾ ਬੁਰੀ ਤਰ੍ਹਾਂ ਨਾਲ ਖਸਤਾ ਹਾਲਤ ਵਿੱਚ ਹੋ ਗਿਆ ਹੈ ਅਤੇ ਗਲੀ ਚੋਂ ਲੰਘਣਾ ਲੋਕਾਂ ਲਈ ਮੁਸ਼ਕਲ ਬਣਿਆ ਪਿਆ ਹੈ ,ਜਿਸ ਸਬੰਧ ਵਿੱਚ ਉਕਤ ਮਹੱਲੇ ਦੇ ਲੋਕਾਂ ਨੇ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਉਹ ਨਗਰ ਪੰਚਾਇਤ ਕੀਰਤਪੁਰ ਸਾਹਿਬ ਦੇ ਵਾਰਡ ਨੰਬਰ ਚਾਰ, ਬਾਬਾ ਬੁੱਢਣ ਸ਼ਾਹ ਜੀ ਦੇ ਨਜ਼ਦੀਕ ਮਹੱਲੇ ਦੇ ਰਹਿਣ ਵਾਲੇ ਹਨ ਅਤੇ ਉਹਨਾਂ ਦੀ ਗਲੀ ਜੋ ਕਿ ਲਗਭਗ 10 ਘਰਾਂ ਨੂੰ ਜੋੜਦੀ ਹੈ ਅਤੇ ਕੱਚੀ ਹੈ ਜਿਸ ਨੂੰ ਪੱਕਾ ਬਣਾਉਣ ਲਈ ਉਹ ਕਈ ਵਾਰ ਨਗਰ ਪੰਚਾਇਤ ਕੀਰਤਪੁਰ ਸਾਹਿਬ ਨੂੰ ਮੰਗ ਪੱਤਰ ਦੇ ਚੁੱਕੇ ਹਨ, ਪਰ ਅੱਜ ਤੱਕ ਨਗਰ ਪੰਚਾਇਤ ਨੇ ਇਸ ਬਾਰੇ ਕੋਈ ਵੀ ਯੋਗ ਕਾਰਵਾਈ ਨਹੀਂ ਕੀਤੀ ਹੈ।

ਉਹਨਾਂ ਕਿਹਾ ਕਿ ਚੋਣਾਂ ਸਮੇਂ ਤਾਂ ਸਾਰਿਆਂ ਨੂੰ ਗਲੀ ਦਾ ਚੇਤਾ ਆ ਜਾਂਦਾ ਹੈ ਅਤੇ ਸਾਰੇ ਇਹ ਵਾਅਦਾ ਕਰਦੇ ਹਨ ਕਿ ਅਸੀਂ ਤੁਹਾਡੀ ਗਲੀ ਪੱਕੀ ਕਰਵਾ ਕੇ ਦੇਵਾਂਗੇ ਪਰ ਬਾਅਦ ਦੇ ਵਿੱਚ ਕੋਈ ਵੀ ਧਿਆਨ ਨਹੀਂ ਦਿੰਦਾ। ਉਹਨਾਂ ਕਿਹਾ ਕਿ ਉਹ ਜਿੱਥੇ ਨਗਰ ਪੰਚਾਇਤ ਦੇ ਅਧਿਕਾਰੀਆਂ ਨੂੰ ਗਲੀ ਬਣਾਉਣ ਦੀ ਮੰਗ ਕਰ ਚੁੱਕੇ ਹਨ ਉੱਥੇ ਹੀ ਆਪਣੇ ਵਾਰਡ ਦੇ ਐਮਸੀ ਨੂੰ ਵੀ ਗਲੀ ਬਣਾਉਣ ਲਈ ਕਈ ਵਾਰ ਮੰਗ ਕਰ ਚੁੱਕੇ ਹਨ। ਇਸ ਮੌਕੇ ਮਹੱਲਾ ਵਾਸੀਆਂ ਨੇ ਦੱਸਿਆ ਕਿ ਗਲੀ ਦੇ ਬਣੇ ਹਾਲਾਤਾਂ ਕਰਕੇ ਇਥੋਂ ਸਕੂਲ ਜਾਣ ਵਾਲੇ ਬੱਚਿਆਂ ਅਤੇ ਬਜ਼ੁਰਗਾਂ ਦਾ ਘਰਾਂ ਵਿੱਚੋਂ ਨਿਕਲਣਾ ਮੁਸ਼ਕਿਲ ਹੋਇਆ ਪਿਆ ਹੈ। ਉਹਨਾਂ ਦੱਸਿਆ ਕੀ ਇਸ ਸੰਬੰਧ ਵਿੱਚ ਉਹਨਾਂ ਵੱਲੋਂ ਅੱਜ ਨਗਰ ਪੰਚਾਇਤ ਕੀਰਤਪੁਰ ਸਾਹਿਬ ਵਿਖੇ ਇਕ ਮੰਗ ਪੱਤਰ ਵੀ ਦਿੱਤਾ ਗਿਆ ਹੈ ਤਾਂ ਜੋ ਉਹਨਾਂ ਦੀ ਗਲੀ ਨੂੰ ਜਲਦੀ ਤੋਂ ਜਲਦੀ ਬਣਾਇਆ ਜਾਵੇ ਅਤੇ ਇਸ ਸਮੱਸਿਆ ਦਾ ਹੱਲ ਕੀਤਾ ਜਾਵੇ ਇਸ ਮੌਕੇ ਮੰਗ ਕਰਨ ਵਾਲਿਆਂ ਵਿੱਚ ਜਸਪਾਲ ਸਿੰਘ ਜੱਸਾ,ਰਮਨ ,ਬਿੰਦਰ ਮਿਸਤਰੀ ,ਸੁਰਜੀਤ ਸਿੰਘ, ਗੁਰਧਿਆਨ ਸਿੰਘ ,ਬਨਵਾਰੀ ਲਾਲ , ਅਜੀਤ ਸਿੰਘ ,ਕੁਲਵਿੰਦਰ ਸਿੰਘ, ਕਾਲਾ , ਅਰਜਨ ਸਿੰਘ ਆਦਿ ਹਾਜ਼ਰ ਸਨ। ਕੀ ਕਹਿਣਾ ਹੈ ਕੌਂਸਲਰ ਦਾ- ਇਸ ਬਾਰੇ ਜਦੋਂ ਨਗਰ ਪੰਚਾਇਤ ਜਸਵਿੰਦਰ ਕੌਰ ਨਾਲ ਗੱਲ ਕੀਤੀ ਗਈ ਤਾਂ ਉਸ ਨੇ ਕਿਹਾ ਕਿ ਕੱਚੀ ਗਲੀ ਦਾ ਮਸਲਾ ਵਾਰਡ ਦੇ ਵਸਨੀਕਾਂ ਨੇ ਉਹਨਾਂ ਦੇ ਧਿਆਨ ਵਿੱਚ ਪਹਿਲਾਂ ਵੀ ਲਿਆਂਦਾ ਸੀ। ਉਹਨਾਂ ਕਿਹਾ ਕਿ ਨਗਰ ਪੰਚਾਇਤ ਦੇ ਹਾਊਸ ਵਿੱਚ ਇਸ ਗਲੀ ਦਾ ਮਤਾ ਪਾਸ ਕਰਵਾਇਆ ਗਿਆ ਸੀ। ਬਰਸਾਤ ਖਤਮ ਹੋਣ ਤੋਂ ਬਾਅਦ ਪੱਕੀ ਗਲੀ ਬਣਾਉਣ ਦਾ ਕੰਮ ਸ਼ੁਰੂ ਕਰਵਾ ਦਿੱਤਾ ਜਾਵੇਗਾ, ਉਹਨਾਂ ਕਿਹਾ ਕਿ ਜਨਹਿਤ ਤਹਿਤ ਆਬਾਦੀ ਵਿੱਚ ਗਲੀ ਬਣਾਉਣ ਤੋਂ ਜੰਗਲਾਤ ਵਿਭਾਗ ਰੋਕ ਨਹੀਂ ਸਕਦਾ, ਕਿਉਂਕਿ ਹੋਰ ਪਾਸੇ ਵੀ ਦਫ਼ਾ ਵਾਲੀਆਂ ਜ਼ਮੀਨਾਂ ਵਿੱਚ ਗਲੀਆਂ ਬਣੀਆਂ ਹਨ। ਇਸ ਬਾਰੇ ਜਦੋਂ ਨਗਰ ਪੰਚਾਇਤ ਸ੍ਰੀ ਕੀਰਤਪੁਰ ਸਾਹਿਬ ਦੇ ਪ੍ਰਧਾਨ ਸੁਰਿੰਦਰ ਪਾਲ ਕੌੜਾ ਨਾਲ ਗੱਲ ਕੀਤੀ ਗਈ ਤਾਂ ਉਹਨਾਂ ਨੇ ਕਿਹਾ ਕਿ ਬੇਸ਼ੱਕ ਨਗਰ ਪੰਚਾਇਤ ਨੇ ਗਲੀ ਬਣਾਉਣ ਦਾ ਮਤਾ ਪਾਸ ਕੀਤਾ ਹੈ, ਪਰ ਜੰਗਲਾਤ ਵਿਭਾਗ ਵਾਲੇ ਦਫ਼ਾ ਚਾਰ ਦਾ ਹਵਾਲਾ ਦੇ ਕੇ ਗਲੀ ਬਣਾਉਣ ਨਹੀਂ ਦੇ ਰਹੇ, ਉਹਨਾਂ ਕਿਹਾ ਕਿ ਜੇਕਰ ਅਸੀਂ ਗਲੀ ਬਣਾ ਵੀ ਦਿੰਦੇ ਹਾਂ ਤਾਂ ਜੰਗਲਾਤ ਵਿਭਾਗ ਸਾਡੇ ਖਿਲਾਫ ਕਾਨੂੰਨੀ ਕਾਰਵਾਈ ਕਰ ਸਕਦਾ ਹੈ।

---

**verka** Har Din Da, Har Dil Da

**ਪੰਜਾਬ ਰਾਜ ਸਹਿਕਾਰੀ ਦੁੱਧ ਉਤਪਾਦਕ ਸੰਘ ਲਿਮਟਿਡ**
ਐਸ.ਸੀ.ਓ. 153-155, ਸੈਕਟਰ 34-ਏ, ਚੰਡੀਗੜ੍ਹ-160022, ਈਪੀਬੀਐਕਸ ਨੰ. : 0172-5041812-66

## ਟੈਂਡਰ ਮੰਗ ਨੋਟਿਸ

www.verka.coop

ਨਿਮਨਲਿਖਤ ਮਦਾਂ ਦੀ ਖਰੀਦ ਅਤੇ ਸਪਲਾਈ ਦੇ ਲਈ ਈ/ਮੋਹਰਬੰਦ ਟੈਂਡਰਾਂ ਦੀ ਮੰਗ ਕੀਤੀ ਜਾਂਦੀ ਹੈ -

| ਲ. ਨੰ. | ਕੰਮ/ਮਦ ਦਾ ਨਾਮ | ਮਿਆਦ/ਅਸਥਾਈ ਮਾਤਰਾ |
|---|---|---|
| 1. | ਵੇਰਕਾ ਮੁੱਖ ਦਫ਼ਤਰ, ਚੰਡੀਗੜ੍ਹ ਲਈ<br>ਵੇਰਕਾ ਲੁਧਿਆਣਾ ਡੇਅਰੀ ਵਿਖੇ ਇੰਟਰਲਾਕ ਪੇਵਿੰਗ ਟਾਈਲਾਂ ਪ੍ਰਦਾਨ ਕਰਨਾ ਅਤੇ ਫਿਕਸ ਕਰਨਾ। | ਅਰਧ ਸਲਾਨਾ |
| 2. | ਵੇਰਕਾ ਚੰਡੀਗੜ੍ਹ ਡੇਅਰੀ ਲਈ<br>ਸਵਿਫਟ ਡਿਜ਼ਾਇਰ ਜਾਂ ਇਸਦੇ ਬਰਾਬਰ ਡਰਾਈਵਰ ਦੇ ਨਾਲ ਕਿਰਾਏ 'ਤੇ ਲੈਣ ਲਈ ਸੀਲਬੰਦ ਟੈਂਡਰ | 01 ਅਦਦ |
| 3. | ਵੇਰਕਾ ਗੁਰਦਾਸਪੁਰ ਡੇਅਰੀ ਲਈ<br>ਏ) 500 ਗ੍ਰਾਮ, 1 ਕਿਲੋਗ੍ਰਾਮ, 5 ਕਿਲੋਗ੍ਰਾਮ ਅਤੇ 15 ਕਿਲੋਗ੍ਰਾਮ ਦਹੀਂ ਮਟਕਾ ਭਰਨ ਅਤੇ ਸੀਲਿੰਗ ਮਸ਼ੀਨ ਦੀ ਸਪਲਾਈ, ਸਥਾਪਨਾ ਅਤੇ ਕਮਿਸ਼ਨਿੰਗ।<br>ਬੀ) ਵੇਰਕਾ ਗੁਰਦਾਸਪੁਰ ਡੇਅਰੀ ਤੋਂ ਰਾਜ ਦੇ ਅੰਦਰ ਅਤੇ ਬਾਹਰ ਹੋਰ ਦੁੱਧ ਯੂਨੀਅਨਾਂ (ਉਲਟ) ਵਿੱਚ ਦੁੱਧ ਦੀ ਢੋਆ-ਢੁਆਈ ਲਈ ਇੰਸੂਲੇਟਡ ਰੋਡ ਮਿਲਕ ਟੈਂਕਰਾਂ ਦੀ ਕਿਰਾਏ 'ਤੇ। ਸਮਰੱਥਾ 10MT-01, 15MT-01, 20MT-02 | 01 ਅਦਦ<br>04 ਅਦਦ |
| 4. | ਵੇਰਕਾ ਪਟਿਆਲਾ ਡੇਅਰੀ ਲਈ<br>ਭਾੜੇ 'ਤੇ ਲੈਣਾ:-<br>i. ਵੱਖ-ਵੱਖ ਸਟੇਸ਼ਨਾਂ ਲਈ ਪਾਇਓ, ਘਿਓ ਅਤੇ ਪਨੀਰ ਆਦਿ ਦੀ ਢੋਆ-ਢੁਆਈ ਲਈ 03 MT, 4.5 MT, 7.5 MT, 09 MT, 15 MT ਵਾਹਨ।<br>ii. ਪੇਂਡੂ ਖੇਤਰਾਂ (ਨਾਭਾ ਅਤੇ ਭਾਦਸੋਂ) ਵਿੱਚ ਤਾਜ਼ੇ ਦੁੱਧ ਅਤੇ ਤਾਜ਼ੇ ਦੁੱਧ ਉਤਪਾਦਾਂ ਦੀ ਢੋਆ-ਢੁਆਈ ਲਈ 1.5 ਮੀਟਰਕ ਟਨ ਸਮਰੱਥਾ ਵਾਲਾ ਇੱਕ ਇੰਸੂਲੇਟਿਡ ਵਾਹਨ।<br>iii. ਤਾਜ਼ੇ ਦੁੱਧ ਅਤੇ ਤਾਜ਼ੇ ਦੁੱਧ ਉਤਪਾਦਾਂ ਦੀ ਆਰਮੀ ਯੂਨਿਟ, ਪਟਿਆਲਾ ਵਿੱਚ ਢੋਆ-ਢੁਆਈ ਲਈ 4 ਮੀਟਰਕ ਟਨ ਸਮਰੱਥਾ ਵਾਲਾ ਇੱਕ ਇੰਸੂਲੇਟਿਡ ਵਾਹਨ।<br>iv. ਮਾਰਕੀਟਿੰਗ ਗਤੀਵਿਧੀਆਂ ਲਈ ਇੱਕ ਨਿੱਜੀ ਕਾਰ। | ਸਲਾਨਾ |
| 5. | ਵੇਰਕਾ ਲੁਧਿਆਣਾ ਡੇਅਰੀ ਲਈ<br>ਨੌਕਰੀ ਦਾ ਇਕਰਾਰਨਾਮਾ:-<br>i. 25 ਕਿਲੋਗ੍ਰਾਮ ਬੈਗਾਂ, ½ ਕਿਲੋਗ੍ਰਾਮ ਅਤੇ 1 ਕਿਲੋਗ੍ਰਾਮ SMP ਅਤੇ WMP ਪੈਕੇਟਾਂ ਦੀ ਭਰਾਈ, ਪੈਕਿੰਗ ਅਤੇ ਤਬਾਦਲਾ, ਘੀ (ਸਾਰੀਆਂ ਵੰਨਗੀਆਂ) ਦੀ ਪੈਕਿੰਗ ਅਤੇ ਚਿੱਟੇ ਮੱਖਣ ਦੇ ਡੱਬੇ ਦੀ ਪੈਕਿੰਗ ਅਤੇ ਤਬਾਦਲਾ, ਦਹੀ (ਸਾਰੀਆਂ ਵੰਨਗੀਆਂ) ਦੀ ਪੈਕਿੰਗ ਅਤੇ ਇੰਕੂਬੇਸ਼ਨ ਰੂਮ/ਕੋਲਡ ਸਟੋਰ ਦਾ ਤਬਾਦਲਾ<br>ii. ਪਾਊਚਾਂ ਵਿੱਚ ਤਰਲ ਦੁੱਧ, ਦਹੀ ਅਤੇ ਲੱਸੀ ਦੀ ਪੈਕਿੰਗ ਅਤੇ ਦੁੱਧ ਪਲਾਸਟਿਕ ਦੀਆਂ ਟਰੇਆਂ ਦੀ ਸਫਾਈ। | ਸਲਾਨਾ<br>ਸਲਾਨਾ |
| 6. | ਵੇਰਕਾ ਜਲੰਧਰ ਡੇਅਰੀ ਲਈ<br>ਭਾੜੇ 'ਤੇ ਲੈਣਾ:-<br>i. ਵੇਰਕਾ ਜਲੰਧਰ ਡੇਅਰੀ ਤੋਂ ਕਿਰਾਏ 'ਤੇ ਲਏ ਕੋਲਡ ਸਟੋਰ ਵਿੱਚ ਚਿੱਟੇ ਮੱਖਣ ਨੂੰ ਸਟੋਰੇਜ ਅਤੇ ਟਰਾਂਸਪੋਰਟ ਕਰਨ ਲਈ ਡੀਪ ਫਰੀਜ਼ਰ (ਕੋਲਡ ਸਟੋਰ) ਅਤੇ ਇਸਦੇ ਉਲਟ।<br>ii. ਵੇਰਕਾ ਜਲੰਧਰ ਮਿਲਕਸ਼ੈੱਡ ਖੇਤਰ ਲਈ ਪੈਕ ਕੀਤੇ ਦੁੱਧ ਅਤੇ ਤਾਜ਼ੇ ਦੁੱਧ ਉਤਪਾਦਾਂ ਦੀ ਸਪਲਾਈ ਲਈ ਰੈਫ੍ਰਿਜਰੇਟਿਡ ਵਾਹਨ। | ਸਲਾਨਾ |
| 7. | ਵੇਰਕਾ ਹੁਸ਼ਿਆਰਪੁਰ ਡੇਅਰੀ ਲਈ<br>ਉਤਪਾਦਨ ਦੇ ਕੰਮ ਦੇ ਕੰਮਾਂ ਨੂੰ ਆਊਟਸੋਰਸ ਕਰਨ ਲਈ ਲੇਬਰ ਠੇਕੇਦਾਰ ਨੂੰ ਨਿਯੁਕਤ ਕਰਨ ਲਈ ਈ-ਟੈਂਡਰ। | - |
| 8. | ਵੇਰਕਾ ਸੀਐਫਪੀ, ਭੱਟੀਆਂ, ਖੰਨਾ ਲਈ<br>ਸੱਤ ਸੀਟਰ ਏਸੀ ਕਾਰ (ਇਨੋਵਾ ਕ੍ਰਿਸਟਾ) ਦੀ ਨਿਯੁਕਤੀ। 7 ਸਾਲ ਤੋਂ ਘੱਟ ਪੁਰਾਣੀ ਮਾਡਲ। | 01 ਅਦਦ |
| 9. | ਪਸ਼ੂ ਫੀਡ ਪਲਾਂਟ, ਘਣੀਆ-ਕੇ ਬਾਂਗਰ ਲਈ<br>ਏ) ਕੱਚੇ ਮਾਲ ਦੀ ਸ਼ਿਫਟਿੰਗ, ਡੰਪਿੰਗ ਅਤੇ ਤਿਆਰ ਉਤਪਾਦਾਂ ਦੀ ਸਟੈਕਿੰਗ ਲਈ ਲੇਬਰ ਨੌਕਰੀ ਦਾ ਇਕਰਾਰਨਾਮਾ; ਟਰੇਸ ਐਲੀਮੈਂਟਸ ਦੀ ਡੰਪਿੰਗ, ਭਰਾਈ, ਪੈਕਿੰਗ, ਖਣਿਜ ਫੀਡ ਸਪਲੀਮੈਂਟ ਦੀ ਸ਼ਿਫਟਿੰਗ; ਖਾਲੀ ਬੈਗਾਂ ਦੀ ਸਫਾਈ ਅਤੇ ਬੰਡਲਿੰਗ; ਪਲਿੰਥਾਂ ਅਤੇ ਗੋਦਾਮਾਂ ਦੀ ਸਫਾਈ ਆਦਿ।<br>ਬੀ) ਸਾਰੇ ਭਾਰਤ ਖੇਤਰ ਲਈ ਇੱਕ ਸਾਲ ਲਈ ਇੱਕ ਪੰਜ ਸੀਟਰ ਏਸੀ ਯਾਤਰੀ ਕਾਰ ਦੀ ਨਿਯੁਕਤੀ। | ਸਲਾਨਾ<br>01 ਅਦਦ |

ਨੋਟ :
1. ਉਕਤ ਟੈਂਡਰ (ਐਨਆਈਟੀ) ਸਬੰਧੀ ਮੁਕੰਮਲ ਵੇਰਵਿਆਂ ਲਈ, ਕਿਰਪਾ ਕਰਕੇ ਸਾਡੀ ਵੈਬਸਾਈਟ ਭਾਵ www.verka.coop ਅਤੇ ਈ-ਟੈਂਡਰਿੰਗ ਪੋਰਟਲ ਭਾਵ **eproc.punjab.gov.in** ਦੇਖੋ।
2. ਸੋਧ, ਜੇਕਰ ਕੋਈ ਹੈ, ਕੇਵਲ ਵੈਬਸਾਈਟ 'ਤੇ ਅਪਲੋਡ ਕੀਤੀ ਜਾਵੇਗੀ।

**ਜਨਰਲ ਮੈਨੇਜਰ (ਖਰੀਦ)**

**RO.No. PR-Advt.No.: 1018/12/2025-26/757/Dated : 01/07/2025**

---

## ਸਟੇਟ ਬੈਂਕ ਆਫ ਇੰਡੀਆ

ਹੋਮ ਲੋਨ ਸੈਂਟਰ ਬਠਿੰਡਾ, ਦੂਜੀ ਮੰਜ਼ਿਲ ਪ੍ਰਬੰਧਕੀ ਭਵਨ, ਮਾਡਲ ਟਾਊਨ, ਬਠਿੰਡਾ

**ਕਬਜ਼ਾ ਸੂਚਨਾ** **[ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 8(1) ਦੇ ਅਧੀਨ]**

ਜਿਥੇ ਕਿ, ਨਿਮਨ ਹਸਤਾਖ਼ਰੀ ਨੇ **ਸਟੇਟ ਬੈਂਕ ਆਫ ਇੰਡੀਆ** ਦੇ ਅਧਿਕਾਰਤ ਅਧਿਕਾਰੀ ਵਜੋਂ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 (2002 ਦਾ ਐਕਟ ਨੰ. 54) ਦੇ ਅਧੀਨ ਅਤੇ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 3 ਨਾਲ ਪੜ੍ਹੀ ਜਾਣ ਵਾਲੀ ਧਾਰਾ 13 (12) ਅਧੀਨ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਦਰਸਾਈ ਸੂਚਨਾ ਦੀ ਪ੍ਰਾਪਤੀ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਸਬੰਧਤ ਮੰਗ ਸੂਚਨਾ ਵਿਚ ਦਰਸਾਈ ਰਕਮ ਨੂੰ ਅਦਾ ਕਰਨ ਦੇ ਲਈ ਕਰਜ਼ਦਾਰ(ਾਂ)/ਜ਼ਾਮਨ (ਾਂ) ਨੂੰ ਸੱਦਾ ਦਿੰਦੇ ਹੋਏ ਨਿਮਨ ਦਰਸਾਈ ਮਿਤੀ ਨੂੰ ਕਰਜ਼ਦਾਰ(ਾਂ)/ਜ਼ਾਮਨ (ਾਂ) **ਨੂੰ ਮੰਗ ਸੂਚਨਾ** ਜਾਰੀ ਕੀਤੀ ਸੀ।
ਕਰਜ਼ਦਾਰ(ਾਂ)/ਜ਼ਾਮਨ (ਾਂ) ਰਕਮ ਅਦਾ ਕਰਨ ਵਿਚ ਅਸਫ਼ਲ ਰਹੇ ਹਨ, ਇਸ ਲਈ ਇਥੇ ਕਰਜ਼ਦਾਰ(ਾਂ)/ਜ਼ਾਮਨ (ਾਂ) ਨੂੰ ਵਿਸ਼ੇਸ਼ ਕਰਕੇ ਅਤੇ ਜਨਤਾ ਨੂੰ ਆਮ ਕਰਕੇ ਇਸ ਦੁਆਰਾ ਸੂਚਨਾ ਦਿੱਤੀ ਜਾਂਦੀ ਹੈ ਕਿ ਨਿਮਨ ਹਸਤਾਖ਼ਰੀ ਨੇ ਨਿਮਨ ਖਾਤਿਆਂ ਅਧੀਨ ਦਰਸਾਈ ਮਿਤੀ ਨੂੰ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 8 ਨਾਲ ਪੜ੍ਹੇ ਜਾਣ ਵਾਲੇ ਕਾਨੂੰਨ ਦੀ ਧਾਰਾ 13 ਦੀ ਉਪ ਧਾਰਾ (4) ਅਧੀਨ ਉਨ੍ਹਾਂ ਨੂੰ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਨਿਮਨ ਦਰਸਾਈਆਂ ਸੰਪੱਤੀਆਂ ਦਾ **ਸੰਕੇਤਕ ਕਬਜ਼ਾ** ਲੈ ਲਿਆ ਹੈ।
ਕਰਜ਼ਦਾਰ(ਾਂ)/ਜ਼ਾਮਨ (ਾਂ) ਨੂੰ ਵਿਸ਼ੇਸ਼ ਕਰਕੇ ਅਤੇ ਜਨਤਾ ਨੂੰ ਆਮ ਕਰਕੇ ਇਥੇ ਚੇਤਾਵਨੀ ਦਿੱਤੀ ਜਾਂਦੀ ਹੈ ਕਿ ਸੰਪੱਤੀ/ਸੰਪੱਤੀਆਂ ਦੀ ਸੌਦੇਬਾਜ਼ੀ ਨਾ ਕੀਤੀ ਜਾਵੇ ਅਤੇ ਸੰਪੱਤੀਆਂ ਦੀ ਕੋਈ ਵੀ ਸੌਦੇਬਾਜ਼ੀ ਵਸੂਲ ਹੋਈ ਰਕਮ, ਜੇਕਰ ਕੋਈ ਹੈ, ਮਨਫੀ ਕਰਕੇ ਹੋਰ ਫੀਸਾਂ/ਖਰਚਿਆਂ, ਲਾਗਤਾਂ ਸਮੇਤ ਰਕਮ ਦੇ ਲਈ **ਸਟੇਟ ਬੈਂਕ ਆਫ ਇੰਡੀਆ, ਹੋਮ ਲੋਨ ਸੈਂਟਰ ਬਠਿੰਡਾ** ਦੇ ਚਾਰਜ ਨਾਲ ਸਬੰਧਤ ਹੋਵੇਗੀ।
**ਕਰਜ਼ਦਾਰਾਂ/ਜ਼ਾਮਨਾਂ ਦਾ ਧਿਆਨ ਸੁਰੱਖਿਅਤ ਸੰਪੱਤੀਆਂ ਦੀ ਪੁਨਰ ਪ੍ਰਾਪਤੀ ਲਈ ਉਪਲਬਧ ਸਮੇਂ ਦੇ ਸਬੰਧ ਵਿੱਚ ਕਾਨੂੰਨ ਦੀ ਧਾਰਾ 13 ਦੀ ਉਪ-ਧਾਰਾ (8) ਦੀ ਵਿਵਸਥਾ ਵੱਲ ਦੁਆਇਆ ਜਾਂਦਾ ਹੈ।**

| ਕਰਜ਼ਦਾਰ(ਾਂ)/ ਜ਼ਾਮਨ(ਾਂ) ਦਾ ਨਾਮ | ਚੱਲ/ਅਚੱਲ ਅਸਾਸਿਆਂ ਦੇ ਵੇਰਵੇ | ਮੰਗ ਸੂਚਨਾ ਦੀ ਮਿਤੀ | ਸੰਕੇਤਕ ਕਬਜ਼ੇ ਦੀ ਮਿਤੀ | ਬਕਾਇਆ ਰਕਮ |
|---|---|---|---|---|
| **ਸ਼੍ਰੀਮਤੀ ਰਵਿੰਦਰ ਕੌਰ ਸੁਪਤਨੀ ਇਕਬਾਲ ਸਿੰਘ ਅਤੇ ਸ਼੍ਰੀ ਸਤਵੀਰ ਸਿੰਘ ਸਪੁੱਤਰ ਇਕਬਾਲ ਸਿੰਘ** ਦੋਵੇ ਵਾਸੀ ਮਕਾਨ ਨੰ. 152/ਬੀ, ਵਾਰਡ ਨੰ. 7, ਗਊਸ਼ਾਲਾ ਰੋਡ, ਰਾਮਾਂ ਮੰਡੀ, ਜ਼ਿਲ੍ਹਾ ਬਠਿੰਡਾ **(ਕਰਜ਼ਦਾਰ)** | ਤਬਾਦਲਾ ਡੀਡ 104 ਮਿਤੀ 11.04.2017 ਦੇ ਅਧੀਨ ਰਵਿੰਦਰ ਕੌਰ ਦਾ ਵਾਰਡ ਨੰ. 7, ਰਾਮਾਂ ਮੰਡੀ ਵਿਖੇ ਸਥਿਤ ਨਗਰ ਕੌਂਸਲ ਰਾਮਾਂ ਦੇ ਸਾਲ 2005-06 ਦੇ ਲਈ ਲੜੀ ਨੰ. 378 ਮੁਲਾਂਕਣ 'ਤੇ ਐਮ.ਸੀ. ਨੰਬਰ 7/126 ਦੇ ਅਧੀਨ 20'X23' (51.11 ਵਰਗ ਗਜ਼) ਮਾਪ ਵਾਲੀਆਂ 2 ਦੁਕਾਨਾਂ ਅਤੇ ਲੜੀ ਨੰ. 387 'ਤੇ ਐਮ.ਸੀ. ਨੰ. 7/126 ਏ, ਦੇ ਅਧੀਨ 45'X40' (200 ਵਰਗ ਗਜ਼) ਮਾਪ ਵਾਲਾ ਰਿਹਾਇਸ਼ੀ | 18.04.2025 | 30.06.2025 | **Rs.10,61,139.00**<br>**18.04.2025 ਦੇ ਅਨੁਸਾਰ,** ਮਨਫੀ ਵਸੂਲੀ, ਜੇਕਰ ਕੋਈ ਹੈ, ਜਮ੍ਹਾਂ ਇਸ 'ਤੇ ਅਗਲੇਰਾ ਵਿਆਜ, ਹੋਰ ਫੀਸਾਂ ਅਤੇ ਖਰਚੇ। |

ਮਕਾਨ ਭਾਵ 251.51 ਵਰਗ ਗਜ਼ ਮਾਪ ਵਾਲੀ ਸੰਪੱਤੀ ਅਤੇ ਮਕਾਨ ਦੀਆਂ ਹੱਦਾਂ ਅਨੁਸਾਰ ਹੱਦਬੰਦੀ : ਪੂਰਬ : 40' ਇੰਦਰਜੀਤ ਸਿੰਘ ਅਤੇ ਮਾਲਕ, ਪੱਛਮ : 40' ਇੰਦਰਜੀਤ ਸਿੰਘ, ਉਤਰ : 45' ਓਮ ਪ੍ਰਕਾਸ਼ ਵਿਜੇ ਕੁਮਾਰ, ਦੱਖਣ : 45', ਗਲੀ, ਦੁਕਾਨ ਦੀਆਂ ਹੱਦਾਂ : ਪੂਰਬ : 20' ਗੁਰਦੁਆਰਾ ਰੋਡ, ਪੱਛਮ : 20' ਮਾਲਕ, ਉਤਰ : 23' ਇੰਦਰਜੀਤ ਸਿੰਘ, ਦੱਖਣ : 23' ਗਲੀ। **ਨੋਟ : ਇਹ ਸੂਚਨਾ ਸਰਫਾਇਸੀ ਐਕਟ 2002 ਦੀ ਧਾਰਾ 13 (4) ਦੇ ਅਧੀਨ 25.06.2025 ਨੂੰ ਜਾਰੀ ਪਿਛਲੀ ਸੂਚਨਾ ਦੀ ਥਾਂ 'ਤੇ ਹੈ।**

ਮਿਤੀ : 02.07.2025 ਸਥਾਨ : ਬਠਿੰਡਾ **ਅਧਿਕਾਰਤ ਅਧਿਕਾਰੀ**

---

# ਭੋਗਪੁਰ ਥਾਣੇ 'ਚ ਪਰਿਵਾਰ ਤੇ ਨਬਾਲ਼ਗ ਲੜਕੀ 'ਤੇ ਪਰਚਾ ਦਰਜ ਕਰਨਾ ਧੱਕੇਸ਼ਾਹੀ: ਸੁਖਵਿੰਦਰ ਕੋਟਲੀ

ਭੋਗਪੁਰ, 1 ਜੁਲਾਈ:(ਅਮਰਜੀਤ ਸਿੰਘ ਸੈਣੀ ਜੰਡੀਰ ) ਹਲਕਾ ਆਦਮਪੁਰ ਦੇ ਵਿਧਾਇਕ ਸੁਖਵਿੰਦਰ ਸਿੰਘ ਕੋਟਲੀ ਵੱਲੋਂ ਟੈਕਸੀ ਡਰਾਈਵਰਾਂ ਨਾਲ ਮੀਟਿੰਗ ਕੀਤੀ ਗਈ ਟੈਕਸੀ ਡਰਾਈਵਰ ਸੰਜੀਵ ਕੁਮਾਰ ਨੇ ਕਿਹਾ ਕਿ ਉਹਨਾਂ ਦਾ ਆਮ ਆਦਮੀ ਪਾਰਟੀ ਦੇ ਆਗੂ ਨਾਲ ਮਾਮੂਲੀ ਝਗੜਾ ਹੋਇਆ ਸੀ ਅਤੇ ਆਪ ਆਗੂ ਦੀ ਸ਼ਹਿ ਦੇ ਨਾਲ ਆਦਮਪੁਰ ਪੁਲਿਸ ਨੇ ਟੈਕਸੀ ਡਰਾਈਵਰ ਤੇ 107.151 ਦਾ ਮਾਮਲਾ ਦਰਜ ਕਰ ਦਿੱਤਾ ਮੀਟਿੰਗ ਵਿੱਚ ਗਰੀਬ ਲੋਕਾਂ ਨੇ ਦਹਾਈ ਦਿੱਤੀ ਕਿ ਗਰੀਬ ਲੋਕਾਂ ਦੇ ਨਾਲ ਬਹੁਤ ਜਿਆਦਾ ਧੱਕੇ ਹੋ ਰਹੇ ਨੇ ਮੀਟਿੰਗ ਵਿੱਚ ਲੋਕਾਂ ਨੇ ਇਹ ਵੀ ਕਿਹਾ ਕੇ ਭੋਗਪੁਰ ਦੇ ਥਾਣੇ ਵਿੱਚ ਗੁਰਸਿੱਖ ਪਰਿਵਾਰ ਅਤੇ ਨਵਾਲਗ ਲੜਕੀ ਤੇ ਵੀ ਪਰਚਾ ਦਰਜ ਕੀਤਾ ਗਿਆ ਹੈ ਸੁਖਵਿੰਦਰ ਸਿੰਘ ਕੋਟਲੀ ਨੇ ਕਿਹਾ ਕਿ ਉਨ੍ਹਾਂ ਨੂੰ ਹਲਕੇ ਦੇ ਲੋਕਾਂ ਨੇ ਜਤਾ ਕੇ ਵਿਧਾਨ ਸਭਾ ਵਿਚ ਭੇਜਿਆ ਹੈ ਤਾਂ ਕਿ ਲੋਕਾਂ ਦੀ ਆਵਾਜ਼ ਸਰਕਾਰ ਤੱਕ ਪਹੁੰਚਦੀ ਰਹੇ।

---

## ਬੇਦਖਲੀ ਸੂਚਨਾ

ਮੈਂ, ਬਲਵਿੰਦਰ ਸਿੰਘ ਪੁੱਤਰ ਊਧਮ ਸਿੰਘ ਵਾਸੀ ਮਕਾਨ ਨੰਬਰ 182 ਸੈਕਟਰ 22-ਸੀ, ਮੰਡੀ ਗੋਬਿੰਦਗੜ੍ਹ ਜ਼ਿਲ੍ਹਾ ਫਤਹਿਗੜ੍ਹ ਸਾਹਿਬ ਆਪਣੇ ਲੜਕੇ ਗੁਰਮੀਤ ਸਿੰਘ ਅਤੇ ਨੂੰਹ ਨੀਸ਼ੂ ਜੋ ਮੇਰੇ ਕਹਿਣੇ ਤੋਂ ਬਾਹਰ ਹਨ, ਸਮਝਾਉਣ 'ਤੇ ਨਹੀਂ ਸਮਝਦੇ, ਨੂੰ ਆਪਣੀ ਹਰ ਤਰ੍ਹਾਂ ਦੀ ਚੱਲ-ਅਚੱਲ ਜਾਇਦਾਦ, ਪੈਸਾ ਵਿਚੋਂ ਬੇਦਖਲ ਕਰਦਾ ਹਾਂ। ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਜਾਂ ਮੇਰੇ ਪਰਿਵਾਰ ਦਾ ਕੋਈ ਸੰਬੰਧ ਨਹੀਂ ਰਿਹਾ। ਸਾਰੇ ਨੋਟ ਕਰਨ।

## ਬੇਦਖਲੀ ਸੂਚਨਾ

ਮੈਂ, ਕੁਲਦੀਪ ਕੌਰ (Kuldip Kaur) ਪਤਨੀ ਭੁਪਿੰਦਰ ਸਿੰਘ ਵਾਸੀ-ਹਰਚੰਦਪੁਰਾ, ਤਹਿਸੀਲ-ਪਾਤੜਾਂ, ਜ਼ਿਲ੍ਹਾ-ਪਟਿਆਲਾ ਨੇ ਆਪਣਾ ਨਾਮ ਕੁਲਦੀਪ ਕੌਰ (Kuldip Kaur) ਤੋਂ ਬਦਲਕੇ ਕੁਲਦੀਪ ਕੁਲਦੀਪ ਕੌਰ (Kuldeep Kaur) ਰੱਖ ਲਿਆ ਹੈ।

---

**ਪੰਜਾਬ ਨੈਸ਼ਨਲ ਬੈਂਕ** ..ਭਰੋਸੇ ਦਾ ਪ੍ਰਤੀਕ

**ਏਆਰਐਮਬੀ ਅੰਮ੍ਰਿਤਸਰ**
**ਸੋਧ**

ਰਸੂਲਪੁਰ ਕਲਾਂ, ਅੰਮ੍ਰਿਤਸਰ ਸ਼ਾਖਾ ਦੇ ਮੈਸ. ਸੋਹੀ ਫਾਰਮਜ਼ ਦੇ ਖਾਤੇ ਲਈ ਮਿਤੀ 24.06.2023 ਨੂੰ ਪ੍ਰਕਾਸ਼ਿਤ ਈ ਨਿਲਾਮੀ ਨੋਟਿਸ ਵੇਖੋ ਜੋ ਕਿ ਲੜੀ ਨੰਬਰ 03 'ਤੇ ਦਰਸਾਇਆ ਗਿਆ ਹੈ। ਇਸ ਜਾਇਦਾਦ ਵਿੱਚ ਕਿਰਪਾ ਕਰਕੇ PUNB818601378 ਦੀ ਬਜਾਏ ਜਾਇਦਾਦ ID PUNB818500064 ਪੜ੍ਹੋ।

**(ਅਧਿਕਾਰਤ ਅਧਿਕਾਰੀ)**

---

## ਜ਼ਰੂਰੀ ਸੂਚਨਾ

ਰੋਜ਼ਾਨਾ ਚੜ੍ਹਦੀਕਲਾ ਵਿਚ ਛੱਪੇ ਲੇਖ, ਲੇਖਕਾਂ ਦੇ ਆਪਣੇ ਵਿਚਾਰ ਹਨ। ਇਸ ਨਾਲ ਸੰਪਾਦਕ ਦਾ ਸਹਿਮਤ ਹੋਣਾ ਕੋਈ ਜ਼ਰੂਰੀ ਨਹੀਂ। ਇਸ਼ਤਿਹਾਰ (ਡਿਸਪਲੇ/ਕਲਾਸੀਫਾਈਡ) ਦੇ ਤੱਥਾਂ ਲਈ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਨ੍ਹਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ ਦੇ ਤੱਥਾਂ ਦੀ ਪੁਸ਼ਟੀ ਕਰ ਲੈਣ।

---

# ਪੰਜਾਬ ਸਰਕਾਰ ਟੈਂਡਰ ਸੂਚਨਾ

| ਲੜੀ ਨੰ. | ਵਿਭਾਗ ਦਾ ਨਾਮ | ਕੰਮ ਦਾ ਨਾਮ/ਸੂਚਨਾ/ਟੈਂਡਰ | ਖੁੱਲ੍ਹਣ ਦੀ ਮਿਤੀ/ਬੰਦ ਹੋਣ ਦੀ ਮਿਤੀ | ਰਕਮ/ਈ.ਐਮ.ਡੀ. (ਅਨੁਮਾਨਤ) ਲੱਖਾਂ ਵਿੱਚ | ਨੋਡਲ ਅਫ਼ਸਰ/ਸੰਪਰਕ ਵੇਰਵੇ/ਈਮੇਲ |
|---|---|---|---|---|---|
| 1. | ਕਾਰਜਕਾਰੀ ਇੰਜੀਨੀਅਰ, ਨੈਸ਼ਨਲ ਹਾਈਵੇ ਡਿਵੀਜ਼ਨ, ਪੀਡਬਲਯੂਡੀ (ਭ ਅਤੇ ਮ) ਸ਼ਾਖਾ, ਅਬੋਹਰ (ਫਾਜ਼ਿਲਕਾ) | ਜ਼ਿਲ੍ਹਾ ਫਾਜ਼ਿਲਕਾ ਵਿੱਚ ਅਬੋਹਰ-ਫਾਜ਼ਿਲਕਾ 4 ਲੇਨ + ਪੀਐਸ ਸੜਕ ਦਾ 0.00 ਕਿਲੋਮੀਟਰ ਤੋਂ 7.00 ਐਫਜ਼ੈਡ-ਓਡੀਆਰ-08 (ਅਬੋਹਰ ਸ਼ਹਿਰ ਪ੍ਰੋਟੈਕਸ਼ਨ) ਤੱਕ ਅਪਗ੍ਰੇਡੇਸ਼ਨ, ਜਿਸ ਵਿੱਚ 05 ਸਾਲਾਂ ਲਈ ਰੱਖ-ਰਖਾਅ (01 ਸਾਲ ਦੀ ਨੁਕਸ ਦੇਣਦਾਰੀ ਦੀ ਮਿਆਦ + 04 ਸਾਲ ਦੀ ਰੁਟੀਨ ਰੱਖ-ਰਖਾਅ ਦੀ ਮਿਆਦ ਸ਼ਾਮਲ ਹੈ। | 27/06/2025<br>28/07/2025 | 23.23 ਲੱਖ | 9876216611<br>ee.cwd.abr.pwd@punjab.gov.in |
| 2. | ਕਾਰਜਕਾਰੀ ਇੰਜੀਨੀਅਰ, ਉਸਾਰੀ ਡਿਵੀਜ਼ਨ ਨੰ.2, ਪੀਡਬਲਯੂਡੀ (ਭ ਅਤੇ ਮ) ਸ਼ਾਖਾ, ਕਪੂਰਥਲਾ | ਤਲਵੰਡੀ ਚੌਕ ਤੋਂ ਸੁਲਤਾਨਪੁਰ ਲੋਧੀ ਵਿਖੇ ਗੁਰੂ ਨਾਨਕ ਖਾਲਸਾ ਕਾਲਜ ਤੱਕ ਬਹਾਲੀ/ਸੀਵਰ ਪਾਈਪ | 01/07/2025<br>08/07/2025 | 0.99 ਲੱਖ | 9781404284<br>eecd2kptpwdpb@gmail.com |
| 3. | ਕਾਰਜਕਾਰੀ ਇੰਜੀਨੀਅਰ, ਪੰਚਾਇਤੀ ਰਾਜ, ਪੀ.ਡਬਲਯੂ (ਸੀ ਐਂਡ ਐਮ) ਡਿਵੀਜ਼ਨ, ਐਸਏਐਸ ਨਗਰ | I) ਪਿੰਡ ਭਾਗੋ ਮਾਜਰਾ ਬਲਾਕ ਖਰੜ II ਵਿਖੇ ਸਿਹਤ ਤੰਦਰੁਸਤੀ ਕੇਂਦਰ ਦੀ ਉਸਾਰੀ) ਪਿੰਡ ਮੁਬਾਰਕਪੁਰ ਬਲਾਕ ਡੇਰਾਬੱਸੀ ਜ਼ਿਲ੍ਹਾ ਐਸ.ਏ.ਐਸ. ਨਗਰ ਵਿਖੇ ਸਿਹਤ ਤੰਦਰੁਸਤੀ ਕੇਂਦਰ ਦੀ ਉਸਾਰੀ। | 01/07/2025<br>15/07/2025 | 1.36 ਲੱਖ | 9815554990<br>xenprdsas@yahoo.com |
| 4. | ਕਾਰਜਕਾਰੀ ਇੰਜੀਨੀਅਰ, ਪੰਚਾਇਤੀ ਰਾਜ, ਸੀ ਐਂਡ ਐਮ ਡਿਵੀਜ਼ਨ, ਹੁਸ਼ਿਆਰਪੁਰ | ਪਿੰਡ ਬੇਗਮਪੁਰ ਜੰਡਿਆਲਾ, ਬੱਸੀ ਵਾਜ਼ੀਦ, ਚੱਕਬਾਮੂ ਅਤੇ ਫਿਰੋਜ਼ਪੁਰ, ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਸਿਹਤ ਤੰਦਰੁਸਤੀ ਕੇਂਦਰ ਦੀ ਉਸਾਰੀ। (04 ਨੰਬਰ ਕੰਮ) | 30/06/2025<br>07/07/2025 | 2.72 ਲੱਖ | 9814056538<br>xenprhsp@gmail.com |
| 5. | ਕਾਰਜਕਾਰੀ ਇੰਜੀਨੀਅਰ, ਬਿਜਲੀ ਡਿਵੀਜ਼ਨ, ਪੀਡਬਲਯੂਡੀ (ਭ ਅਤੇ ਮ) ਸ਼ਾਖਾ, ਸੰਗਰੂਰ | 1) ਜੇਸੀਸੀ ਸੁਨਾਮ (ਐਕਸਟੈਂਸ਼ਨ ਈਆਈ) ਵਿੱਚ ਐਫਸੀਸੀ ਦੀ ਸਹੂਲਤ 2) ਐਸਡੀਸੀ ਮੂਨਕ (ਐਕਸਟੈਂਸ਼ਨ ਈਆਈ) ਵਿੱਚ ਐਫਸੀਸੀ ਦੀ ਸਹੂਲਤ 3) ਦੇ ਨੁਕਸਾਨ ਜਸੀਸੀ ਬੈਂਕ ਵਿੱਚ ਏਡੀਆਰ ਸੈਂਟਰ (13 ਪਾਸ ਲਿਫਟ, ਐਕਸਟੈਂਸ਼ਨ ਸੇਵਾਵਾਂ) 4) ਸੁਨਾਮ ਵਿਖੇ ਤਹਿਸੀਲ ਕੰਪਲੈਕਸ ਦਾ ਨੁਕਸਾਨ (ਐਕਸਟੈਂਸ਼ਨ ਈਆਈ) (ਆਖਰੀ ਮਿਤੀ-22.07.2025) | 01/07/2025<br>08/07/2025 | 5.32 ਲੱਖ | 9478450483<br>eeedsgrpwdpb@gmail.com |
| 6. | ਕਾਰਜਕਾਰੀ ਇੰਜੀਨੀਅਰ, ਬਿਜਲੀ ਡਿਵੀਜ਼ਨ, ਪੀਡਬਲਯੂਡੀ (ਭ ਅਤੇ ਮ) ਸ਼ਾਖਾ, ਪਟਿਆਲਾ | ਪਟਿਆਲਾ ਵਿਖੇ ਜੁਡੀਸ਼ੀਅਲ ਕੋਰਟ ਕੰਪਲੈਕਸ ਵਿੱਚ ਰਵਾਇਤੀ ਫਿਟਿੰਗ ਨੂੰ ਐਲਈਡੀ ਫਿਟਿੰਗ ਵਿੱਚ ਬਦਲਣਾ | 01/07/2025<br>09/07/2025 | 37.77 ਹਜ਼ਾਰ | 9876440552<br>ee.ed.pat.pwd@punjab.gov.in |
| 7. | ਕਾਰਜਕਾਰੀ ਇੰਜੀਨੀਅਰ, ਜਲ ਸਪਲਾਈ ਅਤੇ ਸੈਨੀਟੇਸ਼ਨ ਡਿਵੀਜ਼ਨ ਨੰ.3, ਐਸਏਐਸ ਨਗਰ (ਮੋਹਾਲੀ) | 7 ਲੈਬਾਂ ਵਿੱਚ ਬੈਕਟੀਰੀਓਲੋਜੀਕਲ ਵਿਸ਼ਲੇਸ਼ਣ ਲਈ ਰਸਾਇਣਾਂ ਅਤੇ ਫੁਟਕਲ ਵਸਤੂਆਂ ਦੀ ਸਪਲਾਈ ਅਤੇ ਉਪਲਬਧ ਕਰਾਉਣਾ | 30/06/2025<br>14/07/2025 | 63.20 ਹਜ਼ਾਰ | 8427754491<br>eerwsmohali@yahoo.co.in |
| 8. | ਕਾਰਜਕਾਰੀ ਇੰਜੀਨੀਅਰ, ਉਸਾਰੀ ਡਿਵੀਜ਼ਨ ਨੰ.3, ਪੀਡਬਲਯੂਡੀ (ਭ ਅਤੇ ਮ) ਸ਼ਾਖਾ, ਅੰਮ੍ਰਿਤਸਰ | ਐਸ/ਆਰ ਸਰਕਾਰੀ ਪੋਲੀਟੈਕਨਿਕ ਕੋਲਾਜ, ਸਰਕਾਰੀ ਟੈਕਸਟਾਈਲ ਤਕਨਾਲੋਜੀ ਕਲੈਜ ਆਸਰਾ ਵਿਖੇ ਇਮਾਰਤ ਦੀ ਉਸਾਰੀ | 30/06/2025<br>14/07/2025 | 1.78 ਲੱਖ | 8283828197<br>xencw2amritsar@gmail.com |
| 9. | ਕਾਰਜਕਾਰੀ ਇੰਜੀਨੀਅਰ, ਸੂਬਾਈ ਡਿਵੀਜ਼ਨ ਨੰ.2, ਪੀਡਬਲਯੂਡੀ (ਭ ਅਤੇ ਮ) ਸ਼ਾਖਾ, ਪਟਿਆਲਾ | ਮੁਬਾਰਕਪੁਰ ਤੋਂ ਭਾਂਖਰਪੁਰ ਰੋਡ ਅਤੇ ਬਹਾਦਰਗੜ੍ਹ ਸੀਲ ਘਨੌਰ ਸ਼ੰਭੂ ਅਤੇ ਜ਼ੀਰਕਪੁਰ ਢਕੋਲੀ ਸੜਕ ਅਤੇ ਬਨੂੜ ਟੇਪਲਾ ਵਾਇਆ ਸੂਰਤ ਮਨੌਲੀ ਅਤੇ ਐਮਸੀ ਘਨੌਰ ਜੀ-5 ਵਿੱਚ ਵੀ/ਆਰ ਸੜਕਾਂ ਦਾ ਐਸ/ਆਰ | 30/06/2025<br>23/07/2025 | 42.23 ਲੱਖ | 9988588515<br>eepd2ptapwdpb@gmail.com |
| 10. | ਕਾਰਜਕਾਰੀ ਇੰਜੀਨੀਅਰ, ਉਸਾਰੀ ਡਿਵੀਜ਼ਨ ਨੰ.2, ਪੀਡਬਲਯੂਡੀ (ਭ ਅਤੇ ਮ) ਸ਼ਾਖਾ, ਬਠਿੰਡਾ | ਸਿਹਤ ਅਤੇ ਤੰਦਰੁਸਤੀ ਦਾ ਨਿਰਮਾਣ ਪਿੰਡ ਗੰਗਾ, ਪਥਰਾਲਾ, ਅਬਲੂ, ਬੰਗੀ ਰੁਘੂ, ਕਾਲਾਂਵਾਲਾ ਕੇਂਦਰ ਵਿਖੇ । | 27/06/2025<br>04/07/2025 | 3.25 ਲੱਖ | 9463785032<br>xenc2bti@gmail.com |
| 11. | ਕਾਰਜਕਾਰੀ ਇੰਜੀਨੀਅਰ, ਜਲ ਸਪਲਾਈ ਅਤੇ ਸੈਨੀਟੇਸ਼ਨ ਡਿਵੀਜ਼ਨ ਨੰਬਰ 2, ਫਿਰੋਜ਼ਪੁਰ | 1 ਪੈਕੇਜ ਡਬਲਯੂਐਸਐਸ ਕੁਤਬਗੜ੍ਹ, ਭਰਮਦੀਨ ਵਾਲਾ, ਮਾਮੂ ਜੋਈਆਂ, ਸੁਲਾਹ 2 ਪੈਕੇਜ-9 ਡਬਲਿਊਐਸਐਸ ਜਮਾਲਗੜ੍ਹ, ਚੱਕ ਜਮਾਲਗੜ੍ਹ, ਬੂੜ ਵਾਲਾ, ਝਰੀ ਵਾਲਾ ਬਲਾਕ ਗੁਰੂਹਰਸਹਾਏ ਜ਼ਿਲ੍ਹਾ ਫਿਰੋਜ਼ਪੁਰ (ਰਾਜ ਹਿੱਸੇਦਾਰੀ/ਜੇਜੇਐਮ ਅਧੀਨ) | 02/07/2025<br>16/07/2025 | 7.08 ਲੱਖ | 9888784300<br>eewss.div2ferozepurpb@yahoo.com |
| 12. | ਕਾਰਜਕਾਰੀ ਇੰਜੀਨੀਅਰ, ਨਿਰਮਾਣ ਵਿਭਾਗ, ਪੀਡਬਲਯੂਡੀ (ਭ ਅਤੇ ਮ), ਫਿਰੋਜ਼ਪੁਰ | ਵਿਸ਼ੇਸ਼ ਮੁਰੰਮਤ ਪ੍ਰੋਗਰਾਮ ਸਾਲ 2022-23, 2023-24 ਅਤੇ 2024-25 ਅਧੀਨ ਵੱਖ-ਵੱਖ ਲਿੰਕ ਸੜਕਾਂ ਦੀ ਵਿਸ਼ੇਸ਼ ਮੁਰੰਮਤ ਜਿਸ ਵਿੱਚ ਨਾਬਾਰਡ ਲੋਨ ਸਕੀਮ 2024-25 ਅਧੀਨ 5 ਸਾਲ ਦੀ ਦੇਖਭਾਲ (1 ਸਾਲ ਦੀ ਨੁਕਸ ਦੇਣਦਾਰੀ ਮਿਆਦ + 4 ਸਾਲ ਦੀ ਦੇਖਭਾਲ) ਸ਼ਾਮਲ ਹੈ | 30/06/2025<br>21/07/2025 | 4.45 ਲੱਖ | 9417025026<br>eecdfzrpwd.pb@punjab.gov.in |
| 13. | ਕਾਰਜਕਾਰੀ ਇੰਜੀਨੀਅਰ, ਫਾਜ਼ਿਲਕਾ ਨਹਿਰ ਅਤੇ ਭੂਮੀਗਤ ਜਲ ਵਿਭਾਗ, ਫਿਰੋਜ਼ਪੁਰ | 4 ਨੰਬਰ ਮਜ਼ਦੂਰਾਂ ਦਾ ਪ੍ਰਬੰਧ ਕਰਨ ਦਾ ਕੰਮ ਆਰਡੀ 45000-95000, ਆਰਡੀ 95000-180000, ਆਰਡੀ 180200-270000 ਅਤੇ ਆਰਡੀ 270000-368500 ਤੋਂ ਬੀਕਾਨੇਰ ਨਹਿਰ ਦੀ ਨਿਗਰਾਨੀ। (ਡੀਐਨਆਈਟੀ ਵੇਖੋ) | 01/07/2025<br>10/07/2025 | 51.40 ਹਜ਼ਾਰ | 9988056162<br>Xeneastern.fzr@gmail.com |
| 14. | ਕਾਰਜਕਾਰੀ ਇੰਜੀਨੀਅਰ, ਜਲ ਸਪਲਾਈ ਅਤੇ ਸੈਨੀਟੇਸ਼ਨ ਡਿਵੀਜ਼ਨ ਨੰਬਰ 1 ਚੰਡੀਗੜ੍ਹ ਵਿਖੇ | ਆਰਸੀਸੀ ਪਾਈਪ ਪ੍ਰਦਾਨ ਕਰਨਾ ਅਤੇ ਵਿਛਾਉਣਾ 400 ਐਮਐਮ ਆਈ/ਡੀ ਦੀ ਐਚਡੀਪੀਈ ਅੰਦਰੂਨੀ ਲਾਈਨਿੰਗ, ਮੈਨਹੋਲਾਂ ਦਾ ਨਿਰਮਾਣ, ਕਮਿਊਨਿਟੀ ਸੈਂਟਰ ਤੋਂ ਚਾਵਲਾ ਟ੍ਰੈਫਿਕ ਲਾਈਟ ਪੁਆਇੰਟ, ਫੇਜ਼ 3ਬੀ1 ਤੱਕ ਰੋਡ ਗਲੀਆਂ ਦਾ ਨਿਰਮਾਣ, ਐਸ.ਏ.ਐਸ. ਨਗਰ | 01/07/2025<br>15/07/2025 | 64.16 ਹਜ਼ਾਰ | 9872519223<br>eegwd1@yahoo.in |
| 15. | ਕਾਰਜਕਾਰੀ ਇੰਜੀਨੀਅਰ, ਨਿਰਮਾਣ ਵਿਭਾਗ ਨੰਬਰ 1, ਪੀਡਬਲਯੂਡੀ (ਭ ਅਤੇ ਮ) ਸ਼ਾਖਾ, ਐਸਏਐਸ ਨਗਰ (ਮੁਹਾਲੀ) | ਐਮਸੀ ਮੋਰਿੰਡਾ, ਜ਼ਿਲ੍ਹਾ ਰੂਪਨਗਰ ਵਿੱਚ ਵਿਸ਼ੇਸ਼ ਮੁਰੰਮਤ ਪ੍ਰੋਗਰਾਮ 2022-23, 2023-24 ਅਤੇ 2024-25 (ਪੀਐਮਬੀ ਫੰਡਿਡ) ਜਿਸ ਵਿੱਚ 5 ਸਾਲਾਂ ਲਈ ਰੁਟੀਨ ਰੱਖ-ਰਖਾਅ ਦਾ ਕੰਮ ਸ਼ਾਮਲ ਹੈ (ਪਹਿਲੇ ਸਾਲ ਨੂੰ ਨੁਕਸ ਦੇਣਦਾਰੀ ਦੀ ਮਿਆਦ ਮੰਨਿਆ ਜਾਵੇਗਾ)। | 01/07/2025<br>22/07/2025 | 7.93 ਲੱਖ | 9876647324<br>Pwdc1mohali@gmail.com |
| 16. | ਕਾਰਜਕਾਰੀ ਇੰਜੀਨੀਅਰ, ਬਰਨਾਲਾ ਨਹਿਰ ਅਤੇ ਭੂਮੀਗਤ ਜਲ ਵਿਭਾਗ, ਡਬਲਯੂਆਰਡੀ, ਬਰਨਾਲਾ | 1000 ਐਮਐਮ ਅਤੇ 1200 ਐਮਐਮ ਵਿਆਸ ਵਾਲੇ ਆਰਸੀਸੀ ਐਨਪੀ2 ਐਸਐਨਐਸ ਪਾਈਪ ਦੀ ਖਰੀਦ | 26/06/2025<br>17/07/2025 | 6.24 ਲੱਖ | 8872240486<br>eecnl.bnl.dwr@punjab.gov.in |
| 17. | ਕਾਰਜਕਾਰੀ ਇੰਜੀਨੀਅਰ, ਜਲ ਸਪਲਾਈ ਅਤੇ ਸੈਨੀਟੇਸ਼ਨ ਡਿਵੀਜ਼ਨ, ਅਬੋਹਰ (ਫਾਜ਼ਿਲਕਾ) | ਅਬੋਹਰ ਦੇ ਜੁਡੀਸ਼ੀਅਲ ਕੋਰਟ ਕੰਪਲੈਕਸ ਅਤੇ ਤਹਿਸੀਲ ਕੰਪਲੈਕਸ ਲਈ ਏਅਰ ਕੰਡੀਸ਼ਨਰ, ਵਾਟਰ ਕੂਲਰ ਦੀ ਬਦਲੀ ਅਤੇ ਵਾਟਰ ਵਰਕਸ, ਟਾਇਲਟ ਬਲਾਕਾਂ ਦੀ ਮੁਰੰਮਤ/ਨਵੀਨੀਕਰਣ | 01/07/2025<br>07/07/2025 | 54.61 ਹਜ਼ਾਰ | 9779700226<br>eewss.divaboharpb@yahoo.com |
| 18. | ਪੰਜਾਬ ਇੰਸਟੀਚਿਊਟ ਆਫ਼ ਲਿਵਰ ਐਂਡ ਬਿਲੀਅਰੀ ਸਾਇੰਸਜ਼, ਫੇਜ਼- 3ਬੀ1, ਸੈਕਟਰ-60, ਐਸਏਐਸ ਨਗਰ | ਪੰਜਾਬ ਇੰਸਟੀਚਿਊਟ ਆਫ ਲਿਵਰ ਐਂਡ ਬਿਲੀਅਰੀ ਸਾਇੰਸਜ਼, ਮੋਹਾਲੀ ਲਈ ਰੈਫ੍ਰਿਜਰੇਟਿਡ ਸੈਂਟਰਿਫਿਊਜ, ਬਲੱਡ ਸਟੋਰੇਜ ਰੈਫ੍ਰਿਜਰੇਟਰ ਅਤੇ ਕੈਮੀਲੂਮੀਨੇਸੈਂਸ ਐਨਾਲਾਈਜ਼ਰ ਦੀ ਖਰੀਦ | 03/07/2025<br>28/07/2025 | 2.50 ਲੱਖ | 9417030923<br>dir.pilbs@punjab.gov.in |
| 19. | ਕਾਰਜਕਾਰੀ ਇੰਜੀਨੀਅਰ, ਨਿਰਮਾਣ ਵਿਭਾਗ, ਪੀਡਬਲਯੂਡੀ (ਭ ਅਤੇ ਮ) ਸ਼ਾਖਾ, ਪਠਾਨਕੋਟ | 1. ਸ਼ੈਲੀ ਕੁਲੀਆਂ ਵਿਖੇ ਆਮ ਆਦਮੀ ਕਲੀਨਿਕ ਲਈ ਪੁਰਾਣੇ ਐਕਸਾਈਜ਼ ਦਫ਼ਤਰ ਦਾ ਨਵੀਨੀਕਰਨ 2. ਢਾਕੀ ਰੋਡ ਨੇੜੇ ਬਾਜਰੀ ਕੰਪਨੀ ਵਿਖੇ ਆਮ ਆਦਮੀ ਕਲੀਨਿਕ ਦਾ ਨਿਰਮਾਣ 3. ਕਾਲੀ ਮਾਤਾ ਮੰਦਰ ਵਿਖੇ ਆਮ ਆਦਮੀ ਕਲੀਨਿਕ ਲਈ ਪੁਰਾਣੇ ਪੀਡਬਲਯੂਡੀ ਦਫ਼ਤਰ ਦਾ ਨਵੀਨੀਕਰਨ | 28/06/2025<br>11/07/2025 | 1.50 ਲੱਖ | 9855076068<br>eecdpthkpwdpb@gmail.com |
| 20. | ਜ਼ਿਲ੍ਹਾ ਖੇਡ ਅਧਿਕਾਰੀ, ਲੁਧਿਆਣਾ | ਡੇਅ ਸਕਾਲਰ ਅਤੇ ਰਿਹਾਇਸ਼ੀ ਖੇਡ ਵਿੰਗ ਲਈ ਖੁਰਾਕ ਪ੍ਰਦਾਨ ਕਰਨਾ। | 30/06/2025<br>21/07/2025 | 3.27 ਲੱਖ | 6280463208<br>dsoludhiana01@gmail.com |
| 21. | ਕਾਰਜਕਾਰੀ ਇੰਜੀਨੀਅਰ, ਡਰੇਨੇਜ-ਕਮ-ਮਾਈਨਿੰਗ ਵਿਭਾਗ, ਪਠਾਨਕੋਟ | ਪਿੰਡ ਕਾਜਲੇ ਦੇ ਨੇੜੇ ਕੰਢੇ 'ਤੇ ਕਟੌਤੀ ਪ੍ਰਤੀਰੋਧੀ ਢਾਂਚੇ ਪ੍ਰਦਾਨ ਕਰਕੇ ਕਾਰਜਕਾਰੀ ਇੰਜੀਨੀਅਰ/ਪਠਾਨਕੋਟ ਦੇ ਅਧਿਕਾਰ ਖੇਤਰ ਅਧੀਨ ਉਝ ਨਦੀ ਲਈ ਹੜ੍ਹ ਦੇ ਜੋਖਮ ਨੂੰ ਘਟਾਉਣਾ। | 28/06/2025<br>14/07/2025 | 6.83 ਲੱਖ | 8288099943<br>xenminingpathankot2022@gmail.com |
| 22. | ਡਿਵੀਜ਼ਨਲ ਮਿੱਟੀ ਸੰਭਾਲ ਅਧਿਕਾਰੀ, ਸੰਗਰੂਰ | ਜ਼ਿਲ੍ਹਾ ਸੰਗਰੂਰ ਦੇ ਵੱਖ-ਵੱਖ ਪਿੰਡਾਂ ਵਿੱਚ 300 ਮਿਲੀਮੀਟਰ, 350 ਮਿਲੀਮੀਟਰ, 400 ਮਿਲੀਮੀਟਰ ਅਤੇ 500 ਮਿਲੀਮੀਟਰ ਦੀ ਭੂਮੀਗਤ ਪਾਈਪਲਾਈਨ ਵਿਛਾਉਣਾ, ਡਾਇ ਆਰਸੀਸੀ ਪਾਈਪਾਂ, ਏਅਰ ਵੈਂਟ ਪਾਈਪਾਂ, ਰਾਈਜ਼ਰਾਂ ਦੀ ਫਿਕਸਿੰਗ ਅਤੇ ਹੌਦੀਆਂ ਦੀ ਉਸਾਰੀ। | 23/06/2025<br>07/07/2025 | 2.20 ਲੱਖ | 9417284738<br>dsco.dswc.sangrur@punjab.gov.in |
| 23. | ਕਾਰਜਕਾਰੀ ਇੰਜੀਨੀਅਰ, ਉਸਾਰੀ ਡਿਵੀਜ਼ਨ ਨੰਬਰ 1, ਪੀਡਬਲਯੂਡੀ (ਭ ਤੇ ਮ) ਸ਼ਾਖਾ, ਤਰਨ ਤਾਰਨ ਅੰਮ੍ਰਿਤਸਰ ਵਿਖੇ | ਸਾਲ 2025-26 ਲਈ ਜ਼ਿਲ੍ਹਾ ਤਰਨਤਾਰਨ ਵਿੱਚ ਬਿਆਸ ਦਰਿਆ ਉੱਤੇ ਪਿੰਡ ਘਰਕਾ ਵਿਖੇ ਪੈਂਟੂਨ ਪੁਲ ਦਾ ਸੰਚਾਲਨ ਅਤੇ ਰੱਖ-ਰਖਾਅ | 01/07/2025<br>08/07/2025 | 0.56 ਲੱਖ | 9417025026<br>xenc1amritsar@yahoo.com |
| 24. | ਏਡੀਸੀ-ਕਮ-ਮੁੱਖ ਕਾਰਜਕਾਰੀ ਅਧਿਕਾਰੀ, ਜ਼ਿਲ੍ਹਾ ਪ੍ਰੀਸ਼ਦ, ਮਲੇਰਕੋਟਲਾ | ਦਫ਼ਤਰ ਦੇ ਕੰਮ ਲਈ ਕਾਰ ਕਿਰਾਏ 'ਤੇ ਲੈਣਾ | 01/07/2025<br>14/07/2025 | 0.00 ਹਜ਼ਾਰ | 8054540919<br>adcmalerkotla@gmail.com |

ਹੋਰ ਜਾਣਕਾਰੀ ਅਤੇ ਸੋਧ ਅਤੇ ਵਾਧਾ, ਜੇਕਰ ਕੋਈ ਹੈ, ਦੇ ਲਈ ਕਿਰਪਾ ਕਰਕੇ ਦੇਖੋ : eproc.punjab.gov.in, www.eproc.punjab.gov.in, pwdpunjab.gov.in, www.eproc.punja.gov.in, pilbs.punjab.gov.in,dswcpunjab.gov.in, malerkotla.nic.in RO No. PR-Advt. No.: 1001/12/2025-26/729/Dated CHD: 30/06/2025

RO Number:1001/12/2025-26/729

---

**ਬੈਂਕ ਆਫ ਬੜੌਦਾ Bank of Baroda**

ਸ਼ਾਖਾ ਦਫ਼ਤਰ : ਆਰਓ ਐਸਏਆਰਬੀ
ਪਤਾ : **BXX-3369** ਤੀਜੀ ਮੰਜ਼ਿਲ ਸੰਧੂ ਟਾਵਰ **II,** ਗੁਰਦੇਵ ਨਗਰ, ਫਿਰੋਜ਼ਪੁਰ ਰੋਡ, ਲੁਧਿਆਣਾ (141001)
Contact No. 0161-5127233
Email ID:SARLUD@bankofbaroda.com

**ਅਨੁਲੱਗ - 1 - ਛੁਟਕਾਰੇ ਦਾ ਨੋਟਿਸ**
**ਸੁਰੱਖਿਆ ਹਿੱਤ (ਲਾਗੂਕਰਨ) ਨਿਯਮ, 2002 ਦੇ ਨਿਯਮ 6(2) ਅਤੇ/ਜਾਂ ਨਿਯਮ 8(6) ਦੇ ਤਹਿਤ ਸੂਚਨਾ**
ਸੰਦਰਭ ਨੰਬਰ: BOB/SARLUD/2025-26/064 ਮਿਤੀ: 24.06.2025
ਵੱਲ,
**ਮੈਸ. ਉਮੰਗ ਪੈਕਰਜ਼** ਦਾ ਰਜਿਸਟਰਡ ਪਤਾ ਪਿੰਡ ਰਾਮਗੜ੍ਹ, ਚੰਡੀਗੜ੍ਹ ਰੋਡ, ਲੁਧਿਆਣਾ 141003
**ਸ਼੍ਰੀਮਤੀ ਸੋਨੀਆ ਕੁਮਾਰੀ ਪਤਨੀ ਸ਼੍ਰੀ ਸੰਜੇ ਕੁਮਾਰ**, ਵਾਸੀ ਮਕਾਨ ਨੰਬਰ ਬੀ-1, 980, ਦੌਲਤ ਵਿਲਾ, ਪੁਲਿਸ ਲਾਈਨ ਦੇ ਸਾਹਮਣੇ, ਦੌਲਤ ਸਟਰੀਟ, ਲੁਧਿਆਣਾ 141001
**ਸ਼੍ਰੀ ਸੰਜੇ ਕੁਮਾਰ, ਵਾਸੀ** ਮਕਾਨ ਨੰਬਰ ਬੀ-1, 980, ਦੌਲਤ ਵਿਲਾ, ਪੁਲਿਸ ਲਾਈਨ ਦੇ ਸਾਹਮਣੇ। ਦੌਲਤ ਸਟਰੀਟ, ਲੁਧਿਆਣਾ 141001
**ਵਿਸ਼ਾ: ਵਿੱਤੀ ਸੰਪਤੀਆਂ ਦੀ ਸੁਰੱਖਿਆ ਅਤੇ ਪੁਨਰ ਨਿਰਮਾਣ ਅਤੇ ਸੁਰੱਖਿਆ ਵਿਆਜ ਐਕਟ, 2002 (ਸਰਫਾਇਸੀ ਐਕਟ, 2002) ਦੇ ਸੁਰੱਖਿਆ ਹਿੱਤ (ਲਾਗੂਕਰਨ) ਨਿਯਮ, 2002 ਦੇ ਨਿਯਮ 6(2) ਅਤੇ/ਜਾਂ ਨਿਯਮ 8(6) ਦੇ ਤਹਿਤ ਨੋਟਿਸ**
ਸੰਦਰਭ:- 1. ਮੰਗ ਨੋਟਿਸ ਮਿਤੀ 09.01.2025 ਨੂੰ **ਸਰਫਾਇਸੀ** ਐਕਟ 2002 ਦੀ ਧਾਰਾ 13 (2) ਅਧੀਨ ਜਾਰੀ ਕੀਤਾ ਗਿਆ।
2. ਕਬਜ਼ਾ ਨੋਟਿਸ ਮਿਤੀ 17.03.2025 ਨੂੰ **ਸਰਫਾਇਸੀ** ਐਕਟ 2002 ਦੀ ਧਾਰਾ 13 (4) ਅਧੀਨ ਜਾਰੀ ਕੀਤਾ ਗਿਆ।
ਪਿਆਰੇ ਸ੍ਰੀਮਾਨ/ਸ੍ਰੀਮਤੀ,
ਜਦੋਂ ਕਿ ਬੈਂਕ ਆਫ਼ ਬੜੌਦਾ, ਬ੍ਰਾਂਚ ਆਰਓਐਸਏਆਰਬੀ ਲੁਧਿਆਣਾ ਦੇ ਅਧਿਕਾਰਤ ਅਧਿਕਾਰੀ, ਤੀਜੀ ਮੰਜ਼ਿਲ ਸੰਧੂ ਟਾਵਰ ਫਿਰੋਜ਼ਪੁਰ ਰੋਡ, ਲੁਧਿਆਣਾ, ਸੁਰੱਖਿਅਤ ਕਰਜ਼ਾਦਾਤਾ ਬੈਂਕ ਹਨ, ਸਰਫਾਇਸੀ ਐਕਟ 2002 ਦੀ ਧਾਰਾ 13 (2) (ਇਸ ਤੋਂ ਬਾਅਦ "ਕਾਨੂੰਨ" ਵਜੋਂ ਹਵਾਲਾ ਦਿੱਤਾ ਗਿਆ ਹੈ) ਦੇ ਨਿਯਮਾਂ 3 ਦੇ ਨਾਲ ਪੜ੍ਹੇ ਗਏ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ, ਸੁਰੱਖਿਆ ਹਿੱਤ (ਲਾਗੂਕਰਨ) ਨਿਯਮ 2002 (ਇਸ ਤੋਂ ਬਾਅਦ "ਨਿਯਮ" ਵਜੋਂ ਹਵਾਲਾ ਦਿੱਤਾ ਗਿਆ ਹੈ) ਵਿੱਚ ਦੱਸੀ ਗਈ ਰਕਮ ਦੀ ਵਾਪਸੀ ਲਈ ਤੁਹਾਨੂੰ 09.01.2025 ਨੂੰ ਡਿਮਾਂਡ ਨੋਟਿਸ ਜਾਰੀ ਕੀਤਾ ਗਿਆ, ਜਿਸ ਵਿੱਚ ਤੁਹਾਨੂੰ ਕਰਜ਼ਦਾਰ(ਾਂ)/ਗਿਰਵੀਕਾਰ(ਾਂ)/ਜ਼ਾਮਨ (ਾਂ) (ਜ਼ਾਮਨ) ਹੋਣ ਦਾ ਸੱਦਾ ਦਿੱਤਾ ਗਿਆ ਹੈ। ਉਕਤ ਮੰਗ ਨੋਟਿਸ ਉਕਤ ਨੋਟਿਸ ਪ੍ਰਾਪਤ ਹੋਣ ਤੋਂ 60 ਦਿਨਾਂ ਦੇ ਅੰਦਰ।
ਅਤੇ ਜਦੋਂ ਕਿ ਤੁਸੀਂ ਰਕਮ ਵਾਪਸ ਕਰਨ ਵਿੱਚ ਅਸਫਲ ਰਹੇ ਹੋ, ਨਿਯਮ 4 ਅਤੇ/ਜਾਂ ਨਿਯਮਾਂ ਦੇ ਨਿਯਮ 8 ਦੇ ਨਾਲ ਪੜ੍ਹੇ ਗਏ ਉਕਤ ਐਕਟ ਦੀ ਧਾਰਾ 13(4) ਦੇ ਤਹਿਤ ਪ੍ਰਾਪਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਹੇਠਾਂ ਹਸਤਾਖਰ ਕਰਨ ਵਾਲੇ ਨੇ ਸੁਰੱਖਿਅਤ ਸੰਪਤੀਆਂ (ਇਸ ਤੋਂ ਬਾਅਦ ਉਕਤ ਸੰਪਤੀਆਂ ਵਜੋਂ ਹਵਾਲਾ ਦਿੱਤਾ ਗਿਆ ਹੈ) ਦਾ ਕਬਜ਼ਾ ਲੈ ਲਿਆ ਹੈ, ਖਾਸ ਤੌਰ 'ਤੇ ਹੇਠਾਂ ਦਿੱਤੇ ਅਨੁਸੂਚੀ ਵਿੱਚ ਦੱਸਿਆ ਗਿਆ ਹੈ। ਸੁਰੱਖਿਅਤ ਸੰਪਤੀ ਦਾ ਕਬਜ਼ਾ ਲੈਣ ਤੋਂ ਬਾਅਦ ਵੀ, ਤੁਸੀਂ ਉਪਰੋਕਤ ਕਬਜ਼ੇ ਨੋਟਿਸ ਵਿੱਚ ਦੱਸੇ ਅਨੁਸਾਰ ਬੈਂਕ ਨੂੰ ਬਕਾਇਆ ਰਕਮ ਦਾ ਭੁਗਤਾਨ ਨਹੀਂ ਕੀਤਾ ਹੈ। ਤੁਹਾਡਾ ਧਿਆਨ **ਸਰਫਾਇਸੀ** ਐਕਟ, 2002 ਦੀ ਧਾਰਾ 13 ਦੀ ਉਪ-ਧਾਰਾ (8) ਦੇ ਉਪਬੰਧਾਂ ਵੱਲ ਖਿੱਚਿਆ ਜਾਂਦਾ ਹੈ, ਜੋ ਕਿ ਸੁਰੱਖਿਅਤ ਸੰਪਤੀਆਂ ਨੂੰ ਛੁਡਾਉਣ ਲਈ ਉਪਲਬਧ ਸਮੇਂ ਦੇ ਸੰਬੰਧ ਵਿੱਚ ਹੈ।
ਇਸ ਲਈ ਤੁਹਾਨੂੰ ਸਾਰਿਆਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਨੋਟਿਸ ਦੀ ਪ੍ਰਾਪਤੀ ਤੋਂ 30 ਦਿਨਾਂ ਦੇ ਅੰਦਰ ਕਬਜ਼ੇ ਦੇ ਨੋਟਿਸ ਵਿੱਚ ਦੱਸੇ ਗਏ ਬਕਾਏ ਲਾਗੂ ਵਿਆਜ, ਲਾਗਤ, ਖਰਚੇ ਅਤੇ ਖਰਚਿਆਂ ਦੇ ਨਾਲ ਅਦਾ ਕਰੋ ਅਤੇ ਹੇਠਾਂ ਦੱਸੇ ਅਨੁਸਾਰ ਸੁਰੱਖਿਅਤ ਸੰਪਤੀ ਨੂੰ ਛੁਡਾਓ। ਜੇਕਰ ਤੁਸੀਂ ਉਪਰੋਕਤ ਬਕਾਏ ਦਾ ਭੁਗਤਾਨ ਕਰਨ ਵਿੱਚ ਅਸਫਲ ਰਹਿੰਦੇ ਹੋ ਅਤੇ ਇਸ ਨੋਟਿਸ ਦੀ ਪ੍ਰਾਪਤੀ ਤੋਂ 30 ਦਿਨਾਂ ਦੇ ਅੰਦਰ ਸੁਰੱਖਿਅਤ ਸੰਪਤੀ ਨੂੰ ਛੁਡਾਉਣ ਵਿੱਚ ਅਸਫਲ ਰਹਿੰਦੇ ਹੋ, ਤਾਂ ਬੈਂਕ ਈ-ਨਿਲਾਮੀ ਵਿਕਰੀ ਨੋਟਿਸ ਪ੍ਰਕਾਸ਼ਿਤ ਕਰਕੇ ਜਨਤਕ ਈ-ਨਿਲਾਮੀ ਰਾਹੀਂ ਸੁਰੱਖਿਅਤ ਸੰਪਤੀ ਨੂੰ ਵੇਚਣ ਲਈ ਮਜਬੂਰ ਹੋਵੇਗਾ। ਈ-ਨਿਲਾਮੀ ਦੀ ਮਿਤੀ, ਸਮਾਂ ਅਤੇ ਜਾਇਦਾਦ ਦੀ ਰਿਜ਼ਰਵ ਕੀਮਤ ਤੁਹਾਨੂੰ ਵੱਖਰੇ ਤੌਰ 'ਤੇ ਸੂਚਿਤ ਕੀਤੀ ਜਾਵੇਗੀ।

**ਸੁਰੱਖਿਅਤ ਅਸਾਸਿਆਂ/ਸੰਪਤੀਆਂ ਦੀ ਸੂਚੀ**

| ਲ. ਨੰ. | ਚੱਲ/ਅਚੱਲ ਸੰਪਤੀਆਂ ਦਾ ਵੇਰਵਾ | ਕਬਜ਼ੇ ਦੀ ਮਿਤੀ | ਕਬਜ਼ੇ ਦੀ ਕਿਸਮ (ਸੰਕੇਤਕ/ਭੌਤਿਕ) |
|---|---|---|---|
| 1. | ਵਿਕਰੀ ਡੀਡ ਵਸੀਕਾ ਨੰਬਰ ਨੰ. 3030, ਮਿਤੀ 14.03.2013 ਸਾਲ 2010-11 ਲਈ ਜਮ੍ਹਾਂਬੰਦੀ ਅਨੁਸਾਰ ਸ਼੍ਰੀ ਸੰਜੇ ਕੁਮਾਰ ਦੇ ਨਾਮ 'ਤੇ ਰਿਹਾਇਸ਼ੀ ਜਾਇਦਾਦ (ਪਲਾਟ) ਦਾ ਬਰਾਬਰ ਗਿਰਵੀਨਾਮਾ, ਜੋ ਕਿ #30, ਸੈਨਿਕ ਫਾਰਮਜ਼, ਪਿੰਡ ਦਾਖਾ, ਈਸੇਵਾਲ-ਦਾਖਾ ਲਿੰਕ ਰੋਡ, ਸਿੱਧਵਾ ਨਹਿਰ ਰੋਡ, ਲੁਧਿਆਣਾ ਵਿਖੇ ਸਥਿਤ ਹੈ, ਜਿਸਦਾ ਮਾਪ 0ਬੀ-8ਬੀ-5-1/4ਬੀ ਪੁਖਤਾ (1250 ਵਰਗ ਗਜ਼) ਹੈ, ਜੋ ਕਿ ਖਸਰਾ ਨੰਬਰ 35//11 (4-0-0), 12(4-0-0), 18(4-0-0), 20(4-0-0) ਵਿੱਚੋਂ 165-1/4/6400, ਖਾਤਾ ਨੰਬਰ 1352/1487, ਐਚਬੀ ਨੰਬਰ 142 ਵਿੱਚ ਸ਼ਾਮਲ ਹੈ। ਪੂਰਬ-ਗਲੀ 40"-0' ਫੁੱਟ ਚੌੜਾ, ਪੱਛਮ-ਖਾਲੀ ਪਲਾਟ, ਉੱਤਰ-ਖਾਲੀ ਪਲਾਟ, ਦੱਖਣ-ਖਾਲੀ ਪਲਾਟ | 17.03.2025 | ਭੌਤਿਕ |
| 2. | ਵਿਕਰੀ ਡੀਡ ਵਸੀਕਾ ਨੰ. 18257 ਮਿਤੀ 23.01.2009 ਅਨੁਸਾਰ ਸ਼੍ਰੀਮਤੀ ਸੋਨੀਆ ਕੁਮਾਰੀ ਪਤਨੀ ਸ਼੍ਰੀ ਸੰਜੇ ਕੁਮਾਰ ਦੇ ਨਾਮ 'ਤੇ ਫੈਕਟਰੀ ਦੀ ਜ਼ਮੀਨ ਅਤੇ ਇਮਾਰਤ ਦਾ ਬਰਾਬਰ ਗਿਰਵੀਨਾਮਾ, ਜੋ ਕਿ ਵਾਕਿਆ ਪਿੰਡ ਰਾਮਗੜ੍ਹ, ਹੱਦਬਸਤ ਨੰਬਰ 236 ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ ਵਿਖੇ ਸਥਿਤ ਹੈ, 1694 ਵਰਗ ਗਜ਼ ਮਾਪ, ਜੋ ਕਿ ਖਸਰਾ ਨੰਬਰ 60//10/4, 11/1, 61//6/2, 6/3, 15, 60//20/4, 21/1, 63//1, 61//16, 60//28, 61//25/1, ਖਾਤਾ ਨੰਬਰ 92/120, 121, 382/523, 524 ਵਿੱਚ ਸਾਲ 2003-04 ਲਈ ਜਮ੍ਹਾਂਬੰਦੀ ਅਨੁਸਾਰ ਸ਼ਾਮਲ ਹੈ। ਪੂਰਬ - ਜਸਵੰਤ ਸਿੰਘ (77"-0'), ਪੱਛਮ - ਪੈਸੇਜ (77"0'), ਉੱਤਰ - ਆਤਮਾ ਸਿੰਘ (198"02'), ਦੱਖਣ - ਗੁਆਂਢੀ (198"02')। | 17.03.2025 | ਸੰਕੇਤਕ |

ਸਥਾਨ : ਲੁਧਿਆਣਾ **ਅਧਿਕਾਰਤ ਅਧਿਕਾਰੀ (ਬੈਂਕ ਆਫ਼ ਬੜੌਦਾ)**

---

**ਬੈਂਕ ਆਫ ਬੜੌਦਾ Bank of Baroda**

ਸ਼ਾਖਾ ਦਫ਼ਤਰ : ਆਰਓ ਐਸਏਆਰਬੀ
ਪਤਾ : **BXX-3369,** ਤੀਜੀ ਮੰਜ਼ਿਲ ਸੰਧੂ ਟਾਵਰ **II,** ਗੁਰਦੇਵ ਨਗਰ, ਫਿਰੋਜ਼ਪੁਰ ਰੋਡ, ਲੁਧਿਆਣਾ (141001)
Contact No. 0161-5127233
Email ID:SARLUD@bankofbaroda.com

**ਅਨੁਲਗ - 1 - ਛੁਟਕਾਰੇ ਦੀ ਸੂਚਨਾ**
ਸੁਰੱਖਿਆ ਹਿੱਤ (ਲਾਗੂਕਰਨ) ਨਿਯਮ, 2002 ਦੇ ਨਿਯਮ 6(2) ਅਤੇ/ਜਾਂ ਨਿਯਮ 8(6) ਦੇ ਅਧੀਨ ਸੂਚਨਾ
ਸੰਦਰਭ ਨੰਬਰ: BOB/SARLUD/2025-26/067 ਮਿਤੀ: 24.06.2025
ਵੱਲ,
1. ਮੈਸ. ਭਾਗਿਆ ਟਰੇਡਰਜ਼ ਪ੍ਰਤੀਨਿਧੀ ਇਸਦੇ ਮਾਲਕ ਸ਼੍ਰੀ ਮੁਕੇਸ਼ ਕੁਮਾਰ ਪੁੱਤਰ ਸ਼੍ਰੀ ਰਾਜਿੰਦਰ ਪਾਲ ਦੁਆਰਾ **ਪਤਾ** (1) ਐਸਬੀਬੀਜੇ ਦੇ ਸਾਹਮਣੇ, ਹਰਚੰਦ ਮਿੱਲ ਰੋਡ, ਮੋਤੀਆ ਖਾਨ, ਮੰਡੀ ਗੋਬਿੰਦਗੜ੍ਹ, ਜ਼ਿਲ੍ਹਾ ਫਤਿਹਗੜ੍ਹ ਸਾਹਿਬ, ਪੰਜਾਬ-147301, (2) ਮਕਾਨ ਨੰ. 40-41 ਸੈਕਟਰ 1-ਏ, ਵਸੰਤ ਵਿਹਾਰ, ਵਿਕਾਸ ਨਗਰ ਦੇ ਨੇੜੇ, ਮੰਡੀ ਗੋਬਿੰਦਗੜ੍ਹ, ਜ਼ਿਲ੍ਹਾ ਫਤਿਹਗੜ੍ਹ ਸਾਹਿਬ, ਪੰਜਾਬ-147301. (3). ਮਕਾਨ ਨੰਬਰ 31, ਕਮਰਾ ਨੰਬਰ 2, ਸਵਾਮੀਨਾਰਾਇਣ ਨਗਰ 123, ਗਾਂਧੀਧਾਮ, ਗੁਜਰਾਤ-370110
2. ਸ਼੍ਰੀ ਮੁਕੇਸ਼ ਕੁਮਾਰ ਪੁੱਤਰ ਸ਼੍ਰੀ ਰਾਜਿੰਦਰ ਪਾਲ ਜਿਨ੍ਹਾਂ ਦੇ ਪਤੇ ਹਨ: (1) ਮਕਾਨ ਨੰ. 40-41 ਸੈਕਟਰ 1-ਏ, ਵਸੰਤ ਵਿਹਾਰ, ਵਿਕਾਸ ਨਗਰ ਦੇ ਨੇੜੇ, ਮੰਡੀ ਗੋਬਿੰਦਗੜ੍ਹ, ਜ਼ਿਲ੍ਹਾ ਫਤਿਹਗੜ੍ਹ ਸਾਹਿਬ, ਪੰਜਾਬ-147301, (2) ਮਕਾਨ ਨੰਬਰ 31, ਕਮਰਾ ਨੰਬਰ 2, ਸਵਾਮੀਨਾਰਾਇਣ ਨਗਰ 123, ਗਾਂਧੀਧਾਮ, ਗੁਜਰਾਤ-370110
**ਵਿਸ਼ਾ: ਵਿੱਤੀ ਸੰਪਤੀਆਂ ਦੀ ਸੁਰੱਖਿਆ ਅਤੇ ਪੁਨਰ ਨਿਰਮਾਣ ਅਤੇ ਸੁਰੱਖਿਆ ਵਿਆਜ ਐਕਟ, 2002 (ਸਰਫਾਇਸੀ ਐਕਟ, 2002) ਦੇ ਸੁਰੱਖਿਆ ਹਿੱਤ (ਲਾਗੂਕਰਨ) ਨਿਯਮਾਂ, 2002 ਦੇ ਨਿਯਮ 6(2) ਅਤੇ/ਜਾਂ ਨਿਯਮ 8(6) ਦੇ ਤਹਿਤ ਸੂਚਨਾ**
ਸੰਦਰਭ:-1. 20.07.2024 ਨੂੰ ਮੰਗ ਸੂਚਨਾ ਜਾਰੀ ਕੀਤੀ ਗਈ, ਜਿਸ ਵਿੱਚ ਸਰਫਾਇਸੀ ਐਕਟ 2002 ਦੀ ਧਾਰਾ 13 (2) ਅਧੀਨ ਜਾਰੀ ਕੀਤਾ ਗਿਆ।
2. ਕਬਜ਼ਾ ਨੋਟਿਸ ਮਿਤੀ 01.10.2024 ਨੂੰ ਸਰਫਾਇਸੀ ਐਕਟ 2002 ਦੀ ਧਾਰਾ 13 (4) ਅਧੀਨ ਜਾਰੀ ਕੀਤਾ ਗਿਆ।
ਪਿਆਰੇ ਸ੍ਰੀਮਾਨ/ਸ੍ਰੀਮਤੀ,
ਜਦੋਂ ਕਿ ਬੈਂਕ ਆਫ਼ ਬੜੌਦਾ, ਬ੍ਰਾਂਚ ਆਰਓਐਸਏਆਰਬੀ ਲੁਧਿਆਣਾ ਦੇ ਅਧਿਕਾਰਤ ਅਧਿਕਾਰੀ, ਤੀਜੀ ਮੰਜ਼ਿਲ ਸੰਧੂ ਟਾਵਰ ਫਿਰੋਜ਼ਪੁਰ ਰੋਡ, ਲੁਧਿਆਣਾ, ਸੁਰੱਖਿਅਤ ਕਰਜ਼ਾਦਾਤਾ ਬੈਂਕ ਹਨ, ਸਰਫਾਇਸੀ ਐਕਟ 2002 ਦੀ ਧਾਰਾ 13 (2) (ਇਸ ਤੋਂ ਬਾਅਦ "ਕਾਨੂੰਨ" ਵਜੋਂ ਹਵਾਲਾ ਦਿੱਤਾ ਗਿਆ ਹੈ) ਦੇ ਨਿਯਮਾਂ 3 ਦੇ ਨਾਲ ਪੜ੍ਹੇ ਗਏ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ, ਸੁਰੱਖਿਆ ਹਿੱਤ (ਲਾਗੂਕਰਨ) ਨਿਯਮ 2002 (ਇਸ ਤੋਂ ਬਾਅਦ "ਨਿਯਮ" ਵਜੋਂ ਹਵਾਲਾ ਦਿੱਤਾ ਗਿਆ ਹੈ) ਵਿੱਚ ਦੱਸੀ ਗਈ ਰਕਮ ਦੀ ਵਾਪਸੀ ਲਈ ਤੁਹਾਨੂੰ 20.07.2024 ਨੂੰ ਡਿਮਾਂਡ ਨੋਟਿਸ ਜਾਰੀ ਕੀਤਾ ਗਿਆ, ਜਿਸ ਵਿੱਚ ਤੁਹਾਨੂੰ ਕਰਜ਼ਦਾਰ(ਾਂ)/ਗਿਰਵੀਕਾਰ(ਾਂ)/ਜ਼ਾਮਨ (ਾਂ) (ਜ਼ਾਮਨ) ਹੋਣ ਦਾ ਸੱਦਾ ਦਿੱਤਾ ਗਿਆ ਹੈ। ਉਕਤ ਮੰਗ ਨੋਟਿਸ ਉਕਤ ਨੋਟਿਸ ਪ੍ਰਾਪਤ ਹੋਣ ਤੋਂ 60 ਦਿਨਾਂ ਦੇ ਅੰਦਰ।
ਜਦੋਂ ਕਿ ਤੁਸੀਂ ਰਕਮ ਵਾਪਸ ਕਰਨ ਵਿੱਚ ਅਸਫਲ ਰਹੇ ਹੋ, ਇਸ ਲਈ ਹੇਠ ਹਸਤਾਖਰ ਕਰਨ ਵਾਲੇ ਨੇ ਉਕਤ ਐਕਟ ਦੀ ਧਾਰਾ 13(4) ਦੇ ਨਿਯਮ 4 ਅਤੇ/ਜਾਂ ਨਿਯਮਾਂ ਦੇ ਨਿਯਮ 8 ਦੇ ਅਧੀਨ ਪ੍ਰਾਪਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਸੁਰੱਖਿਅਤ ਸੰਪਤੀਆਂ (ਇਸ ਤੋਂ ਬਾਅਦ ਉਕਤ ਸੰਪਤੀਆਂ ਵਜੋਂ ਜਾਣਿਆ ਜਾਂਦਾ ਹੈ) ਦਾ ਕਬਜ਼ਾ ਲੈ ਲਿਆ ਹੈ, ਖਾਸ ਤੌਰ 'ਤੇ ਹੇਠਾਂ ਦਿੱਤੇ ਅਨੁਸੂਚੀ ਵਿੱਚ ਵਰਣਨ ਕੀਤਾ ਗਿਆ ਹੈ।
ਸੁਰੱਖਿਅਤ ਸੰਪਤੀ ਦਾ ਕਬਜ਼ਾ ਲੈਣ ਤੋਂ ਬਾਅਦ ਵੀ, ਤੁਸੀਂ ਉਪਰੋਕਤ ਕਬਜ਼ਾ ਨੋਟਿਸ ਵਿੱਚ ਦਰਸਾਏ ਅਨੁਸਾਰ ਬੈਂਕ ਨੂੰ ਬਕਾਇਆ ਰਕਮ ਦਾ ਭੁਗਤਾਨ ਨਹੀਂ ਕੀਤਾ ਹੈ। ਤੁਹਾਡਾ ਧਿਆਨ ਸਰਫਾਇਸੀ ਐਕਟ , 2002 ਦੀ ਧਾਰਾ 13 ਦੀ ਉਪ-ਧਾਰਾ (8) ਦੇ ਉਪਬੰਧਾਂ ਵੱਲ ਖਿੱਚਿਆ ਜਾਂਦਾ ਹੈ, ਸੁਰੱਖਿਅਤ ਸੰਪਤੀਆਂ ਨੂੰ ਛੁਡਾਉਣ ਲਈ ਉਪਲਬਧ ਸਮੇਂ ਦੇ ਸੰਬੰਧ ਵਿੱਚ।
ਇਸ ਲਈ ਤੁਹਾਨੂੰ ਸਾਰਿਆਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਨੋਟਿਸ ਪ੍ਰਾਪਤ ਹੋਣ ਤੋਂ 30 ਦਿਨਾਂ ਦੇ ਅੰਦਰ ਕਬਜ਼ੇ ਨੋਟਿਸ ਵਿੱਚ ਦਰਸਾਏ ਅਨੁਸਾਰ ਬਕਾਏ ਲਾਗੂ ਵਿਆਜ, ਲਾਗਤ, ਖਰਚੇ ਅਤੇ ਖਰਚਿਆਂ ਦੇ ਨਾਲ ਅਦਾ ਕਰੋ ਅਤੇ ਹੇਠਾਂ ਦੱਸੇ ਅਨੁਸਾਰ ਸੁਰੱਖਿਅਤ ਸੰਪਤੀ ਨੂੰ ਛੁਡਾਓ। ਜੇਕਰ ਤੁਸੀਂ ਇਸ ਨੋਟਿਸ ਦੀ ਪ੍ਰਾਪਤੀ ਤੋਂ 30 ਦਿਨਾਂ ਦੇ ਅੰਦਰ ਉਪਰੋਕਤ ਬਕਾਏ ਦਾ ਭੁਗਤਾਨ ਕਰਨ ਅਤੇ ਸੁਰੱਖਿਅਤ ਸੰਪਤੀ ਨੂੰ ਵਾਪਸ ਕਰਨ ਵਿੱਚ ਅਸਫਲ ਰਹਿੰਦੇ ਹੋ, ਤਾਂ ਬੈਂਕ ਈ-ਨਿਲਾਮੀ ਵਿਕਰੀ ਨੋਟਿਸ ਪ੍ਰਕਾਸ਼ਿਤ ਕਰਕੇ ਜਨਤਕ ਈ-ਨਿਲਾਮੀ ਰਾਹੀਂ ਸੁਰੱਖਿਅਤ ਸੰਪਤੀ ਨੂੰ ਵੇਚਣ ਲਈ ਪਾਬੰਦ ਹੋਵੇਗਾ। ਈ-ਨਿਲਾਮੀ ਦੀ ਮਿਤੀ, ਸਮਾਂ ਅਤੇ ਜਾਇਦਾਦ ਦੀ ਰਿਜ਼ਰਵ ਕੀਮਤ ਤੁਹਾਨੂੰ ਵੱਖਰੇ ਤੌਰ 'ਤੇ ਸੂਚਿਤ ਕੀਤੀ ਜਾਵੇਗੀ।

**ਸੁਰੱਖਿਅਤ ਅਸਾਸੇ/ਸੰਪਤੀਆਂ ਦੀ ਸੂਚੀ**

| ਲ. ਨੰ. | ਚੱਲ/ਅਚੱਲ ਸੰਪਤੀਆਂ ਦਾ ਵੇਰਵਾ | ਕਬਜ਼ੇ ਦੀ ਮਿਤੀ | ਕਬਜ਼ੇ ਦੀ ਕਿਸਮ (ਸੰਕੇਤਕ/ਭੌਤਿਕ) |
|---|---|---|---|
| 1. | ਵਿਕਰੀ ਡੀਡ ਨੰਬਰ 2018-19/24/1/226 ਮਿਤੀ 04-09-2018 ਦੇ ਅਧੀਨ ਸ਼੍ਰੀ ਮੁਕੇਸ਼ ਕੁਮਾਰ ਪੁੱਤਰ ਸ਼੍ਰੀ ਰਜਿੰਦਰ ਪਾਲ ਦੇ ਨਾਮ 'ਤੇ ਰਜਿਸਟਰਡ, ਪਿੰਡ ਨਸਰਾਲੀ ਦੀ ਮਾਲੀਆ ਜਾਇਦਾਦ ਵਿੱਚ ਸਥਿਤ ਸਾਲ 2012-13 ਲਈ ਜਮ੍ਹਾਂਬੰਦੀ ਅਨੁਸਾਰ ਖਾਤਾ ਨੰਬਰ 39/85 ਖਸਰਾ ਨੰਬਰ 274(9-10), 275(9-10), 276(8-13) ਵਿੱਚ ਸ਼ਾਮਲ 04 ਬਿਸਵਾ 00 ਬਿਸਵਾਸੀ ਯਾਨੀ 4/553 ਹਿੱਸੇ ਵਾਲੀ ਰਿਹਾਇਸ਼ੀ ਜਾਇਦਾਦ ਦਾ ਬਰਾਬਰ ਗਿਰਵੀਨਾਮਾ। ਇਹ ਜਾਇਦਾਦ ਪਿੰਡ ਨਸਰਾਲੀ ਦੀ ਮਾਲੀਆ ਜਾਇਦਾਦ ਵਿੱਚ ਸਥਿਤ ਹੈ। ਐਚ.ਬੀ. ਨੰਬਰ 63, ਤਹਿਸੀਲ ਅਮਲੋਹ, ਜ਼ਿਲ੍ਹਾ ਫਤਿਹਗੜ੍ਹ ਸਾਹਿਬ ਵਿਖੇ ਸਥਿਤ ਅਤੇ ਮਾਲਕੀ ਡੀਡ ਦੇ ਅਨੁਸਾਰ ਹੱਦਬੰਦੀ ਹੈ: **ਉੱਤਰ**: ਮੁਕੇਸ਼ ਕੁਮਾਰ ਦੀ ਜਾਇਦਾਦ, **ਦੱਖਣ**: ਚਰਨਜੀਤ ਕੌਰ ਪਤਨੀ ਸਵਰਗੀ ਰਾਜਿੰਦਰ ਸਿੰਘ ਦੀ ਜਾਇਦਾਦ, **ਪੂਰਬ**: ਸੜਕ (30'-0"), **ਪੱਛਮ** : ਵਿਕਾਸ ਕੁਮਾਰ ਗੁਪਤਾ ਦੀ ਜਾਇਦਾਦ ਅਤੇ ਰਿਹਾਇਸ਼ੀ ਜਾਇਦਾਦ ਦੀ ਬਰਾਬਰ ਗਿਰਵੀਨਾਮਾ ਜਿਸਦਾ ਮਾਪ 04 ਬਿਸਵਾ 00 ਬਿਸਵਾ ਹੈ ਯਾਨੀ ਕਿ 4/553 ਹਿੱਸਾ 27 ਬਿਘੇ-13 ਬਿਸਵਾ ਜ਼ਮੀਨ ਵਿੱਚ ਸ਼ਾਮਲ ਹੈ ਜੋ ਕਿ ਸਾਲ 2012-13 ਲਈ ਜਮ੍ਹਾਂਬੰਦੀ ਅਨੁਸਾਰ ਖਾਤਾ ਨੰਬਰ 39/85 ਖਸਰਾ ਨੰਬਰ 274(9-10), 275(9-10), 276(8-13) ਵਿੱਚ ਸ਼ਾਮਲ ਹੈ, ਪਿੰਡ ਨਸਰਾਲੀ, ਐਚ.ਬੀ.ਨੰਬਰ 63, ਤਹਿਸੀਲ ਅਮਲੋਹ, ਜ਼ਿਲ੍ਹਾ ਫਤਿਹਗੜ੍ਹ ਸਾਹਿਬ ਦੀ ਮਾਲੀਆ ਜਾਇਦਾਦ ਵਿੱਚ ਸਥਿਤ ਹੈ। ਸ਼੍ਰੀ ਮੁਕੇਸ਼ ਕੁਮਾਰ ਪੁੱਤਰ ਸ਼੍ਰੀ ਰਾਜਿੰਦਰ ਪਾਲ ਦੇ ਨਾਮ 'ਤੇ ਦਰਜ , ਵਿਕਰੀ ਡੀਡ ਨੰਬਰ 2018-19/24/1/276 ਮਿਤੀ 10-05-2018 ਦੁਆਰਾ, ਜੋ ਕਿ ਐਸਆਰਓ ਮੰਡੀਗੋਬਿੰਦਗੜ੍ਹ, ਪੰਜਾਬ ਵਿਖੇ ਰਜਿਸਟਰਡ ਹੈ ਅਤੇ ਮਾਲਕੀ ਡੀਡ ਅਨੁਸਾਰ ਸੀਮਾਬੱਧ ਹੈ:- ਉੱਤਰ: ਸੜਕ (30'-0") ਦੱਖਣ: ਚਰਨਜੀਤ ਕੌਰ ਪਤਨੀ ਸਵਰਗੀ ਰਾਜਿੰਦਰ ਸਿੰਘ ਦੀ ਜਾਇਦਾਦ, ਪੂਰਬ: ਸੜਕ (30'-0"), ਪੱਛਮ: ਪਾਲ ਸਟੀਲਜ਼ ਦੀ ਜਾਇਦਾਦ | 01.10.2024 | ਸੰਕੇਤਕ |

ਸਥਾਨ : ਲੁਧਿਆਣਾ **ਅਧਿਕਾਰਤ ਅਧਿਕਾਰੀ (ਬੈਂਕ ਆਫ਼ ਬੜੌਦਾ)**



# ਬਦਲਦੇ ਰਿਸ਼ਤੇ

ਹਰਪ੍ਰੀਤ ਕੌਰ ਸੰਧੂ
90410-73310

ਅੱਜਕੱਲ੍ਹ ਦੇ ਬਦਲਦੇ ਸਮਾਂ ਵਿੱਚ ਕਿਸੇ ਰਿਸ਼ਤੇ ਤੋਂ ਬੇਜ਼ਾਰ ਹੋ ਜਾਣਾ ਕੋਈ ਬਹੁਤੀ ਵੱਡੀ ਗੱਲ ਨਹੀਂ। ਇਹ ਅਕਸਰ ਹੋ ਜਾਂਦਾ ਹੈ। ਹਾਲਾਂਕਿ ਅਜਿਹਾ ਹੋਣਾ ਨਹੀਂ ਚਾਹੀਦਾ, ਪਰ ਸਾਡੀ ਨਵੀਂ ਪੀੜ੍ਹੀ ਵਿੱਚ ਸਹਿਣਸ਼ੀਲਤਾ ਬਹੁਤ ਘੱਟ ਹੈ। ਉਹ ਛੋਟੀ ਜਿਹੀ ਗੱਲ 'ਤੇ ਤੋੜ ਵਿਛੋੜੇ ਤੱਕ ਪਹੁੰਚ ਜਾਂਦੇ ਹਨ। ਬਜ਼ੁਰਗਾਂ ਵਾਂਗ ਹਰ ਗੁਜ਼ਰ ਕਰਨਾ ਉਨ੍ਹਾਂ ਦੇ ਸੁਭਾਅ ਵਿੱਚ ਨਹੀਂ। ਜੇਕਰ ਉਹ ਇੱਕ-ਦੂਜੇ ਨੂੰ ਪਸੰਦ ਨਹੀਂ ਕਰਦੇ ਤਾਂ ਇੱਕ-ਦੂਜੇ ਤੋਂ ਵੱਖ ਹੋ ਜਾਣਾ ਚਾਹੀਦਾ ਹੈ। ਇਸ ਵਿੱਚ ਕੋਈ ਹਰਜ਼ ਨਹੀਂ ਹੈ। ਜ਼ਿੰਦਗੀ ਬਹੁਤ ਲੰਬੀ ਹੈ ਤੇ ਜੇ ਹਮਸਫ਼ਰ ਨਾਲ ਨਾ ਬਣਦੀ ਹੋਵੇ ਤਾਂ ਸਫ਼ਰ ਔਖਾ ਹੋ ਜਾਂਦਾ ਹੈ। ਅਲੱਗ ਹੋ ਜਾਣ ਦਾ ਕੋਈ ਮਿਹਣਾ ਵੀ ਨਹੀਂ, ਪਰ ਜੋ ਸਭ ਤੋਂ ਅਜੀਬ ਗੱਲ ਹੈ ਉਹ ਇਹ ਹੈ ਕਿ ਇੱਕ-ਦੂਜੇ ਨੂੰ ਮਾਰ ਦੇਣਾ। ਅਕਸਰ ਖ਼ਬਰਾਂ ਵਿੱਚ ਸੁਣਦੇ ਹਾਂ ਪਤੀ ਨੇ ਪਤਨੀ ਨੂੰ ਮਰਵਾ ਦਿੱਤਾ ਜਾਂ ਪਤਨੀ ਨੇ ਪਤੀ ਨੂੰ। ਇਹ ਗੱਲ ਸੁਣਨ ਵਿੱਚ ਬਹੁਤ ਅਜੀਬ ਲੱਗਦੀ ਹੈ।

ਸਾਡੇ ਕੋਲ ਤਲਾਕ ਹੈ, ਜਿਸ ਵਿੱਚ ਅਸੀਂ ਅਲੱਗ ਹੋ ਸਕਦੇ ਹਾਂ। ਤਲਾਕ ਤੋਂ ਬਾਅਦ ਦੋਵੇਂ ਆਪਣਾ ਆਪਣਾ ਜੀਵਨ ਜਿਊਣ ਲਈ ਆਜ਼ਾਦ ਹਨ। ਜਦੋਂ ਕੋਈ ਪਤੀ-ਪਤਨੀ ਇੱਕ-ਦੂਜੇ ਤੋਂ ਉਕਤਾ ਜਾਂਦੇ ਹਨ, ਇੱਕ-ਦੂਜੇ ਨਾਲ ਸਮਝੌਤਾ ਨਹੀਂ ਕਰਨਾ ਚਾਹੁੰਦੇ ਤਾਂ ਉਨ੍ਹਾਂ ਨੂੰ ਅਲੱਗ ਹੋ ਜਾਣਾ ਚਾਹੀਦਾ ਹੈ। ਤਲਾਕ ਲੈ ਕੇ ਆਪਣੀ ਨਵੀਂ ਜ਼ਿੰਦਗੀ ਸ਼ੁਰੂ ਕਰਨ, ਪਰ ਅਜਿਹਾ ਬਹੁਤ ਘੱਟ ਹੋ ਰਿਹਾ ਹੈ। ਇੱਕ-ਦੂਜੇ ਨੂੰ ਮਰਵਾ ਦੇਣ ਤੱਕ ਪਹੁੰਚਣ ਦੀ ਨੌਬਤ ਆ ਗਈ ਹੈ। ਹੁਣ ਇਹ ਗੱਲ ਕੋਈ ਅਣਹੋਣੀ ਜਿਹੀ ਨਹੀਂ ਲੱਗਦੀ ਕਿਉਂਕਿ ਅਜਿਹੀਆਂ ਖ਼ਬਰਾਂ ਰੋਜ਼ ਸੁਣਨ ਨੂੰ ਮਿਲਦੀਆਂ ਹਨ। ਸਾਡੇ ਸਮਾਜ ਦਾ ਇਹ ਬਹੁਤ ਗੰਭੀਰ ਮੁੱਦਾ ਹੈ। ਜੇਕਰ ਕੋਈ ਲਿਵ-ਇਨ ਰਿਲੇਸ਼ਨ ਵਿੱਚ ਰਹਿ ਰਿਹਾ ਹੈ ਤਾਂ ਵੀ ਇੱਕ-ਦੂਜੇ ਨੂੰ ਮਾਰ ਦਿੱਤਾ ਜਾਂਦਾ ਹੈ। ਵਿਆਹ ਵਿੱਚ ਵੀ ਅਜਿਹਾ ਹੀ ਹੋ ਰਿਹਾ ਹੈ। ਇੱਥੋਂ ਤੱਕ ਕਿ ਪ੍ਰੇਮੀ-ਪ੍ਰੇਮਿਕਾ ਵੀ ਇੱਕ ਦੂਜੇ ਤੋਂ ਨਿਜਾਤ ਪਾਉਣ ਲਈ ਉਸ ਨੂੰ ਜ਼ਿੰਦਗੀ ਤੋਂ ਹੀ ਨਿਜਾਤ ਦਿਵਾ ਦਿੰਦੇ ਹਨ। ਇਹ ਬਹੁਤ ਦੁਖਦਾਈ ਹੈ। ਇਸ ਦੇ ਪਿੱਛੇ ਬਹੁਤ ਸਾਰੇ ਮਨੋਵਿਗਿਆਨਕ ਕਾਰਨ ਹਨ। ਅਜਿਹੀਆਂ ਹਰਕਤਾਂ ਕੋਈ ਆਮ ਵਿਅਕਤੀ ਨਹੀਂ ਕਰਦਾ। ਇਹ ਮਾਨਸਿਕ ਰੋਗੀਆਂ ਦੇ ਕੰਮ ਹਨ। ਮਾਨਸਿਕ ਰੋਗੀ ਸਿਰਫ਼ ਉਹ ਨਹੀਂ ਹੁੰਦੇ ਜੋ ਕਿਸੇ ਗੰਭੀਰ ਸਮੱਸਿਆ ਨਾਲ ਉਲਝ ਰਹੇ ਹੋਣ। ਮਾਨਸਿਕ ਰੋਗੀ ਉਹ ਵੀ ਹਨ ਜੋ ਸਾਡੇ ਸਮਾਜ ਵਿੱਚ ਸਾਡੇ ਆਲੇ ਦੁਆਲੇ ਆਰਾਮਦਾਇਕ ਜ਼ਿੰਦਗੀ ਬਿਤਾਉਂਦੇ ਹਨ। ਅਜਿਹੇ ਲੋਕਾਂ ਦਾ ਹਉਮੈ ਬਹੁਤ ਵੱਧ ਹੁੰਦਾ ਹੈ। ਉਨ੍ਹਾਂ ਨੂੰ ਆਪਣੇ ਤੋਂ ਅੱਗੇ ਕੁਝ ਨਜ਼ਰ ਹੀ ਨਹੀਂ ਆਉਂਦਾ। ਕੁਝ ਲੋਕਾਂ ਵਿੱਚ ਲਾਲਚ ਹੱਦ ਤੋਂ ਵੱਧ ਹੁੰਦਾ ਹੈ। ਅਕਸਰ ਅਮੀਰ ਜੀਵਨ ਸਾਥੀ ਨੂੰ ਇਹ ਸੋਚ ਕੇ ਮਰਵਾ ਦਿੱਤਾ ਜਾਂਦਾ ਹੈ ਕਿ ਉਸ ਦੀ ਮੌਤ ਤੋਂ ਬਾਅਦ ਸਾਰੀ ਜਾਇਦਾਦ ਮਿਲ ਜਾਵੇਗੀ। ਕਤਲ ਕਰਨ ਵਾਲਾ ਇਹ ਭੁੱਲ ਜਾਂਦਾ ਹੈ ਕਿ ਕਾਤਲ ਕਿੰਨੀ ਵੀ ਸਫ਼ਾਈ ਨਾਲ ਕਤਲ ਕਰੇ ਕੋਈ, ਨਾ ਕੋਈ ਸੁਰਾਗ ਜ਼ਰੂਰ ਛੱਡ ਜਾਂਦਾ ਹੈ। ਕੋਈ ਕਿੰਨਾ ਵੀ ਕਹੇ ਜੋ ਅਸੀਂ ਵੇਖਦੇ ਹਾਂ ਉਹ ਸਾਡੇ ਮਨ 'ਤੇ ਗਹਿਰਾ ਅਸਰ ਛੱਡਦਾ ਹੈ। ਜਿਸ ਤਰ੍ਹਾਂ ਦੀਆਂ ਚੀਜ਼ਾਂ ਅਸੀਂ ਰੋਜ਼ਾਨਾ ਜ਼ਿੰਦਗੀ ਵਿੱਚ ਵੇਖਦੇ ਹਾਂ ਉਹ ਟੀਵੀ ਦੇ ਡਰਾਮੇ ਹੋਣ, ਕੋਈ ਵੈੱਬ ਸੀਰੀਜ਼ ਹੋਵੇ, ਕੋਈ ਫਿਲਮਾਂ ਹੋਣ ਜਾਂ ਕੋਈ ਕਿਤਾਬ ਹੋਵੇ, ਉਸ ਤਰ੍ਹਾਂ ਦੀ ਸਾਡੀ ਸੋਚਣੀ ਹੋ ਜਾਂਦੀ ਹੈ। ਸਾਡੇ ਸਮਾਜ ਵਿੱਚ ਆਪਸ ਵਿੱਚ ਗੱਲਬਾਤ ਬਹੁਤ ਘਟ ਗਈ ਹੈ। ਬੱਚੇ ਮਾਂ-ਬਾਪ ਦਾ ਦਖ਼ਲ ਬਿਲਕੁੱਲ ਵੀ ਬਰਦਾਸ਼ਤ ਨਹੀਂ ਕਰਦੇ। ਮਾਂ-ਬਾਪ ਵੀ ਆਪਣੇ ਆਪ ਵਿੱਚ ਇੰਨੇ ਰੁੱਝੇ ਹੋਏ ਹਨ ਕਿ ਬੱਚਿਆਂ ਨੂੰ ਮੋਬਾਈਲਾਂ 'ਤੇ ਪਾਲ ਰਹੇ ਹਨ। ਅਜਿਹੇ ਬੱਚੇ ਭਾਵਨਾਤਮਕ ਤੌਰ 'ਤੇ ਬਹੁਤ ਕਮਜ਼ੋਰ ਹੁੰਦੇ ਹਨ। ਉਹ ਜਦੋਂ ਕਿਸੇ ਦੇ ਮਗਰ ਲੱਗਦੇ ਹਨ ਤਾਂ ਸਭ ਕੁਝ ਭੁੱਲ ਜਾਂਦੇ ਹਨ। ਸ਼ਾਤਿਰ ਲੋਕ ਇਸੇ ਗੱਲ ਦਾ ਫਾਇਦਾ ਉਠਾਉਂਦੇ ਹਨ। ਇਸ ਵਿੱਚ ਲੜਕੇ ਤੇ ਲੜਕੀਆਂ ਦੋਵੇਂ ਹੀ ਇੱਕੋ ਤਰ੍ਹਾਂ ਪੇਸ਼ ਆ ਰਹੇ ਹਨ। ਇੱਥੇ ਭੋਲਾ ਲੜਕਾ ਜਾਂ ਲੜਕੀ ਦਾ ਨਹੀਂ ਭਾਵਨਾਤਮਕ ਤੌਰ 'ਤੇ ਕਮਜ਼ੋਰ ਤੇ ਦੂਜੇ ਨੂੰ ਵਰਗਲਾ ਲੈਣ ਵਾਲੇ ਬੰਦੇ ਵਿੱਚ ਦੀ ਗੱਲ ਹੈ, ਜਿਸ ਨੂੰ ਮੈਨੀਪੁਲੇਟ ਕਰਨਾ ਆ ਗਿਆ। ਉਹ ਦੂਸਰੇ ਦਾ ਇਸਤੇਮਾਲ ਕਰਨਾ ਸਿੱਖ ਲੈਂਦਾ ਹੈ।

ਅੱਜ ਦੀ ਪੀੜ੍ਹੀ ਆਪਣੇ ਮਾਂ-ਬਾਪ ਨਾਲੋਂ ਟੁੱਟ ਚੁੱਕੀ ਹੈ। ਇਹ ਪੀੜ੍ਹੀ ਸਮਾਜ ਨਾਲ ਤਾਂ ਕਦੇ ਜੁੜੀ ਹੀ ਨਹੀਂ। ਇਸ ਨੂੰ ਆਪਣੇ ਦਾਲੇ ਦੁਆਲੇ ਸਿਰਫ਼ ਉਹੀ ਦਿਸਦਾ ਹੈ ਜੋ ਇਹ ਵੇਖਣਾ ਚਾਹੁੰਦੀ ਹੈ। ਇਹੀ ਕਾਰਨ ਹੈ ਕਿ ਇਨ੍ਹਾਂ ਨੂੰ ਸਮਾਜ ਦਾ ਕੋਈ ਡਰ ਨਹੀਂ। ਦੂਸਰੀ ਗੱਲ ਮਾਤਾ-ਪਿਤਾ ਨੇ ਅਜਿਹੀ ਆਦਤ ਪਾ ਦਿੱਤੀ ਹੈ ਕਿ ਜਿਸ ਚੀਜ਼ ਦੀ ਤਾਂਘ ਕਰਨਾ ਨਹੀਂ ਜਾਣਦੇ। ਹਰ ਚੀਜ਼ ਇਨ੍ਹਾਂ ਨੂੰ ਇੱਛਾ ਤੋਂ ਪਹਿਲਾਂ ਹੀ ਮਿਲੀ ਹੁੰਦੀ ਹੈ। ਅਜਿਹੇ ਬੱਚਿਆਂ ਵਿੱਚ ਕਬਜ਼ਾ ਕਰਨ ਦੀ ਭਾਵਨਾ ਬਹੁਤ ਹੁੰਦੀ ਹੈ। ਰਾਤੋ ਰਾਤ ਅਮੀਰ ਹੋ ਜਾਣ ਵਾਲੇ ਨੌਜਵਾਨ ਅਕਸਰ ਅਜਿਹੇ ਕਾਰਨਾਮੇ ਕਰ ਗੁਜ਼ਰਦੇ ਹਨ ਜੋ ਉਨ੍ਹਾਂ ਨੂੰ ਸਾਰੀ ਜ਼ਿੰਦਗੀ ਲਈ ਜੇਲ੍ਹ ਵਿੱਚ ਡੱਕ ਦਿੰਦੇ ਹਨ। ਉਹ ਇਸ ਗੱਲ ਨੂੰ ਸਮਝਦੇ ਹੀ ਨਹੀਂ ਕਿ ਉਹ ਕਿੰਨੀ ਵੀ ਚਲਾਕੀ ਨਾਲ ਜੁਰਮ ਨੂੰ ਅੰਜਾਮ ਦੇਣ ਫੜੇ ਜ਼ਰੂਰ ਜਾਂਦੇ ਹਨ। ਅਮੀਰ ਮਾਂ-ਬਾਪ ਕਿਸੇ ਨਾ ਕਿਸੇ ਤਰੀਕੇ ਬੱਚੇ ਨੂੰ ਛੁਡਵਾ ਲੈਂਦੇ ਹਨ। ਸਾਡੇ ਦੇਸ਼ ਵਿੱਚ ਕਾਨੂੰਨ ਵਿੱਚ ਚੋਰ ਮੋਰੀਆਂ ਬਹੁਤ ਹਨ। ਜੇਬ ਵਿੱਚ ਪੈਸਾ ਹੋਵੇ ਤਾਂ ਜੋ ਮਰਜ਼ੀ ਕਰਵਾ ਲਓ। ਬਸ ਇਸੇ ਲਈ ਲੋਕਾਂ ਨੂੰ ਕਾਨੂੰਨ ਦਾ ਡਰ ਨਹੀਂ। ਸਾਨੂੰ ਆਪਣੇ ਬੱਚਿਆਂ ਨੂੰ ਇਹ ਸਮਝਾਉਣਾ ਬਹੁਤ ਜ਼ਰੂਰੀ ਹੈ ਕਿ ਸਹੀ ਕੀ ਹੈ ਤੇ ਗ਼ਲਤ ਕੀ। ਨੈਤਿਕਤਾ ਦੀ ਜਾਣਕਾਰੀ ਹੋਣਾ ਬਹੁਤ ਜ਼ਰੂਰੀ ਹੈ। ਇਹ ਨੈਤਿਕਤਾ ਉਨ੍ਹਾਂ ਨੇ ਸਾਡੇ ਵਿਹਾਰ ਤੋਂ ਸਿੱਖਣੀ ਹੈ, ਸਾਡੀਆਂ ਗੱਲਾਂ ਤੋਂ ਨਹੀਂ। ਬੱਚਿਆਂ ਦੇ ਅੰਦਰ ਹਮਦਰਦੀ ਦੀ ਭਾਵਨਾ ਹੋਣੀ ਬਹੁਤ ਜ਼ਰੂਰੀ ਹੈ। ਸੋਚ ਕੇ ਦੇਖੋ ਕਿ ਕਿਸੇ ਲੜਕੀ ਵੱਲੋਂ ਆਪਣੇ ਪਤੀ ਨੂੰ ਮਾਰ ਕੇ ਬੈੱਡ ਵਿੱਚ ਪਾ ਕੇ ਉਸ ਬੈੱਡ ਦੇ ਉੱਤੇ ਰਾਤ ਨੂੰ ਸੌਂ ਜਾਣਾ ਉਸ ਦੀ ਮਨੋਸਥਿਤੀ ਕਿਹੋ ਜਿਹੀ ਹੋਵੇਗੀ। ਅਜਿਹਾ ਸਭ ਜ਼ਿਆਦਾਤਰ ਨਸ਼ੇ ਕਰਕੇ ਹੁੰਦਾ ਹੈ। ਨਸ਼ਾ ਮਨੁੱਖ ਦੀ ਸੋਚਣ ਸਮਝਣ ਦੀ ਸ਼ਕਤੀ ਖੋਹ ਲੈਂਦਾ ਹੈ। ਨਸ਼ੇ ਵਿੱਚ ਮਨੁੱਖ ਉਹ ਕਰ ਗੁਜ਼ਰਦਾ ਹੈ ਜਿਸ ਦਾ ਉਸ ਨੂੰ ਸਾਰੀ ਜ਼ਿੰਦਗੀ ਪਛਤਾਵਾ ਹੁੰਦਾ ਹੈ। ਇਨ੍ਹਾਂ ਘਟਨਾਵਾਂ ਨੂੰ ਸਿਰਫ਼ ਖ਼ਬਰਾਂ ਪੜ੍ਹ ਕੇ ਭੁੱਲ ਜਾਣ ਵਾਲਾ ਕੰਮ ਠੀਕ ਨਹੀਂ। ਇਹ ਸਾਡੇ ਸਮਾਜ ਦੀ ਗੰਧਲੀ ਹੋ ਰਹੀ ਸੋਚ ਦਾ ਨਤੀਜਾ ਹੈ। ਸਮਾਜ ਸ਼ਾਸਤਰੀਆਂ ਨੂੰ ਅਤੇ ਸਿੱਖਿਆ ਵਿਗਿਆਨੀਆਂ ਨੂੰ ਵੀ ਇਸ ਵੱਲ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ। ਮਾਤਾ-ਪਿਤਾ ਨੂੰ ਆਪਣੇ ਬੱਚੇ ਦਾ ਪਾਲਣ ਪੋਸ਼ਣ ਕਰਦਿਆਂ ਇਹ ਸੋਚਣਾ ਚਾਹੀਦਾ ਹੈ ਕਿ ਉਨ੍ਹਾਂ ਨੇ ਬੱਚੇ ਨੂੰ ਕਿਸ ਪਾਸੇ ਵੱਲ ਲਾਉਣਾ ਹੈ। ਇਹ ਠੀਕ ਹੈ ਕਿ ਸਭ ਬੁਰੇ ਨਹੀਂ, ਪਰ ਇੱਕ ਖ਼ਰਾਬ ਸੇਬ, ਸੇਬਾਂ ਦੀ ਟੋਕਰੀ ਨੂੰ ਖ਼ਰਾਬ ਕਰ ਸਕਦਾ ਹੈ। ਇੱਕ ਮਛਲੀ ਸਾਰੇ ਤਲਾਬ ਨੂੰ ਗੰਦਾ ਕਰ ਦਿੰਦੀ ਹੈ। ਬੱਚੇ ਨੂੰ ਭਾਵਨਾਤਮਕ ਤੌਰ 'ਤੇ ਮੈਚਿਓਰ ਬਣਾਓ। ਉਸ ਨੂੰ ਇਹ ਦੱਸੋ ਕਿ ਦੂਸਰੇ 'ਤੇ ਉਸ ਦੀ ਮਰਜ਼ੀ ਨਹੀਂ ਚੱਲੇਗੀ। ਕੋਸ਼ਿਸ਼ ਕਰੋ ਕਿ ਤੁਹਾਡੇ ਘਰ ਵਿੱਚ ਮਾਹੌਲ ਵੀ ਇਹੋ ਜਿਹਾ ਹੋਵੇ ਕਿ ਕਿਸੇ ਦੂਜੇ 'ਤੇ ਭਾਵਨਾਤਮਕ ਦਬਾਅ ਨਾ ਬਣਾਇਆ ਜਾਵੇ। ਅੱਜ ਸਾਡਾ ਸਮਾਜ ਜਿਸ ਥਾਂ 'ਤੇ ਖੜ੍ਹਾ ਹੈ, ਉੱਥੇ ਸਾਨੂੰ ਹਰ ਕਦਮ ਫੂਕ ਫੂਕ ਕੇ ਰੱਖਣ ਦੀ ਜ਼ਰੂਰਤ ਹੈ। ਅਸੀਂ ਭਾਵਨਾਵਾਂ ਦੇ ਇੱਕ ਅਜਿਹੇ ਜਵਾਰ ਭਾਟੇ ਦੇ ਨੇੜੇ ਹਾਂ ਜੋ ਕਦੀ ਵੀ ਫਟ ਸਕਦਾ ਹੈ। ਇਹ ਨਿੱਕੀਆਂ ਨਿੱਕੀਆਂ ਘਟਨਾਵਾਂ ਉਸ ਵਿੱਚੋਂ ਨਿਕਲ ਰਿਹਾ ਲਾਵਾ ਹੈ। ਅਜੇ ਵੀ ਮੌਕਾ ਹੈ ਸੰਭਲ ਜਾਓ।

# ਕਿੱਥੇ ਗੁੰਮ ਗਿਐ ਰੱਬ ਦਾ ਦੂਜਾ ਰੂਪ

ਰਾਜਵਿੰਦਰ ਰੌਂਤਾ
98764-86187



ਡਾਕਟਰਾਂ ਨੂੰ ਰੱਬ ਦਾ ਰੂਪ ਜਾਂ ਦੂਜਾ ਰੱਬ ਆਖਿਆ ਜਾਂਦਾ ਸੀ, ਪਰ ਅੱਜ-ਕੱਲ੍ਹ ਦੇ ਪਦਾਰਥਵਾਦੀ ਯੁੱਗ ਵਿਚ ਮਨੁੱਖੀ ਕਦਰਾਂ-ਕੀਮਤਾਂ ਨੂੰ ਪ੍ਰਣਾਏ ਹੋਏ ਡਾਕਟਰ ਬਹੁਤ ਥੋੜ੍ਹੇ ਹੀ ਰਹਿ ਗਏ ਹਨ। ਨਿਹਾਲ ਸਿੰਘ ਵਾਲਾ ਹਲਕੇ ਦੇ ਲੋਕ ਡਾਕਟਰ ਧਰਮਵੀਰ ਗਾਂਧੀ ਸਾਂਸਦ ਨੂੰ ਅੱਜ ਵੀ ਯਾਦ ਕਰਦੇ ਹਨ। ਉਹ ਬਿਲਾਸਪੁਰ ਵਿਖੇ ਸਰਕਾਰੀ ਡਾਕਟਰ ਸਨ। ਉਹ ਕਿਰਤੀ, ਮਿਹਨਤੀ ਲੋਕਾਂ ਲਈ ਦਿਨ-ਰਾਤ ਦੇਖੇ ਬਿਨਾਂ ਕੰਮ ਕਰਦੇ ਅਤੇ ਡਿਊਟੀ ਦੇ ਸਮੇਂ ਦੀ ਪਰਵਾਹ ਨਾ ਕਰਦੇ। ਇਸੇ ਤਰ੍ਹਾਂ ਨਿਹਾਲ ਸਿੰਘ ਵਾਲਾ ਦੇ ਡਾ. ਰਣਜੀਤ ਸਿੰਘ ਜੌੜਾ ਅਤੇ ਡਾਕਟਰ ਮਲਕੀਤ ਸਿੰਘ ਗਰਚਾ ਵੀ ਲੋਕਾਂ ਦੇ ਡਾਕਟਰ ਸਨ ਜਿਹੜੇ ਥੋੜ੍ਹੇ ਜਿਹੇ ਪੈਸਿਆਂ ਵਿਚ ਗੰਭੀਰ ਰੋਗ ਵੀ ਠੀਕ ਕਰ ਦਿੰਦੇ ਸਨ। ਇੰਜ ਹੀ ਮੋਗੇ ਦਾ ਜੈ ਕਿਸ਼ਨ ਡਾਕਟਰ ਦੋ ਰੁਪਏ ਤੋਂ ਸ਼ੁਰੂ ਹੋ ਕੇ ਸਮੇਂ ਦੇ ਹਿਸਾਬ ਨਾਲ ਦਸ, ਵੀਹ, ਤੀਹ ਰੁਪਏ ਵਿਚ ਦਵਾਈ ਦਿੰਦੇ ਰਹੇ ਪਿੰਡਾਂ ਵਾਲੇ ਡਾਕਟਰਾਂ ਵਾਂਗ ਜਿਨ੍ਹਾਂ ਨੂੰ ਜਾਨ ਬਚਾਊ ਡਾਕਟਰਾਂ ਦੀ ਬਜਾਏ ਝੋਲਾ ਛਾਪ ਆਖ ਕੇ ਸਰਮਾਏਦਾਰ ਹੇਠੀ ਕਰਨ ਦਾ ਯਤਨ ਵੀ ਕਰਦੇ ਹਨ।

ਪਰ ਅੱਜ ਦੇ ਯੁੱਗ ਵਿਚ ਪੈਸੇ ਦੇ ਪੁੱਤ ਬਣੇ ਡਾਕਟਰਾਂ ਨਾਲ ਪਿਆ ਵਾਹ ਤਾਂ ਬੰਦੇ ਦੀ ਨਾਨੀ ਯਾਦ ਕਰਵਾ ਦਿੰਦਾ ਹੈ। ਬਹੁਤਿਆਂ ਦੇ ਘਰ-ਬਾਰ ਵੀ ਲੁੱਟ ਜਾਂਦੇ ਹਨ ਤੇ ਮਰੀਜ਼ ਵੀ ਨਹੀਂ ਬਚਦਾ। ਜ਼ਿਆਦਾਤਰ ਡਾਕਟਰਾਂ ਵੱਲੋਂ ਮਰੀਜ਼ ਤੇ ਵਾਰਿਸਾਂ ਨੂੰ ਗੰਭੀਰ ਬਿਮਾਰੀ ਦੱਸ ਕੇ, ਡਰਾ ਕੇ ਉਸ ਦੀ ਜੇਬ 'ਤੇ ਡਾਕਾ ਮਾਰਿਆ ਜਾਂਦਾ ਹੈ। ਉਨ੍ਹਾਂ ਪੈਸੇ ਦੀ ਹੋੜ ਵਿਚ ਲੱਗੇ ਲਾਲਚੀ ਡਾਕਟਰਾਂ ਵੱਲੋਂ ਲੈਬੋਰੇਟਰੀਜ਼ ਤੋਂ ਮਨਚਾਹੀਆਂ ਰਿਪੋਰਟਾਂ ਬਣਵਾਈਆਂ ਜਾਂਦੀਆਂ ਹਨ, ਦਵਾਈਆਂ ਦੇ ਪੈਕਿੰਗ, ਰੇਟ, ਲੇਬਲ ਵੀ ਡਾਕਟਰ ਆਪਣੀ ਮਰਜ਼ੀ ਦੇ ਹਿਸਾਬ ਨਾਲ ਬਣਵਾ ਸਕਦੇ ਹਨ। ਵੀਹ, ਪੰਜਾਹ ਰੁਪਏ ਦੇ ਪੱਤੇ ਵਾਲੀ ਦਵਾਈ ਤਿੰਨ, ਚਾਰ ਸੌ ਰੁਪਏ ਵਿਚ ਮਿਲਦੀ ਹੈ। ਕੈਂਸਰ ਵਰਗੇ ਗੰਭੀਰ ਰੋਗਾਂ ਵਿਚ ਤਾਂ ਹਜ਼ਾਰਾਂ ਰੁਪਏ ਦੇ ਮੁੱਲ ਦੇ ਲੇਬਲ ਵੀ ਲੱਗੇ ਹੋਏ ਹਨ।

ਮੇਰੇ ਮਿੱਤਰ ਮਨੋਜ ਭੱਲਾ ਦੇ ਮਾਤਾ ਜੀ ਨੂੰ ਜਿਗਰ ਦੀ ਸਮੱਸਿਆ ਹੋ ਗਈ ਸੀ। ਉਹ ਮਾਤਾ ਨੂੰ ਇਲਾਜ ਲਈ ਲੁਧਿਆਣੇ ਦੇ ਇਕ ਨਾਮੀ ਹਸਪਤਾਲ ਵਿਚ ਲੈ ਕੇ ਜਾਂਦੇ ਸਨ। ਹਸਪਤਾਲ ਵਾਲੇ ਹਫ਼ਤਾ ਕੁ ਰੱਖ ਕੇ ਲੱਖ-ਸਵਾ ਲੱਖ ਰੁਪਏ ਖ਼ਰਚਾ ਕਰਵਾ ਕੇ ਛੁੱਟੀ ਦੇ ਦਿੰਦੇ। ਮਾਤਾ ਦਾ ਮਹੀਨਾ ਕੁ ਤਾਂ ਠੀਕ ਲੰਘਦਾ, ਫਿਰ ਉਵੇਂ ਹਸਪਤਾਲ ਜਾਓ ਤੇ ਲੱਖ-ਸਵਾ ਲੱਖ ਲਗਾ ਕੇ ਘਰ ਆ ਜਾਓ। ਇਹ ਗੱਲ ਦੋ ਦਹਾਕੇ ਪੁਰਾਣੀ ਹੈ। ਉਦੋਂ ਲੱਖ ਦੀ ਕੀਮਤ ਕਿੰਨੀ ਜ਼ਿਆਦਾ ਸੀ। ਉਨ੍ਹਾਂ ਦਾ ਇਹ ਸਿਲਸਲਾ ਡੇਢ-ਦੋ ਸਾਲ ਇੰਜ ਹੀ ਚੱਲਦਾ ਰਿਹਾ। ਅਖ਼ੀਰ ਡਾਕਟਰਾਂ ਨੇ ਭੱਲਾ ਪਰਿਵਾਰ ਦਾ ਵੀਹ-ਪੱਚੀ ਲੱਖ ਰੁਪਿਆ ਲਗਵਾ ਕੇ ਮਾਤਾ ਨੂੰ ਘਰ ਰੱਖ ਕੇ ਸੇਵਾ ਕਰਨ ਲਈ ਆਖ ਦਿੱਤਾ। ਉਨ੍ਹਾਂ ਨੂੰ ਮਾਤਾ ਦਾ ਇਲਾਜ ਕਰਵਾਉਂਦਿਆਂ ਪਾਣੀ ਵਾਂਗ ਪੈਸਾ ਵਹਾਉਂਦਿਆਂ ਹਸਪਤਾਲ 'ਚੋਂ ਕਿਸੇ ਜਾਣੂੰ ਬੰਦੇ ਰਾਹੀਂ ਹਸਪਤਾਲ ਦੇ ਸਾਰੇ ਰਾਜ਼ ਪਤਾ ਲੱਗ ਗਏ ਸਨ ਕਿ ਕਿਵੇਂ ਮਰੀਜ਼ ਦੇ ਟੈਸਟ ਤੇ ਰਿਪੋਰਟ ਹੁੰਦੀ ਹੈ, ਕਿਵੇਂ ਮਹੀਨੇ ਕੁ ਲਈ ਉਸ ਨੂੰ ਕਾਇਮ ਰੱਖਿਆ ਜਾਂਦਾ ਹੈ ਤੇ ਫਿਰ ਸੋਨੇ ਦੇ ਆਂਡੇ ਦੇਣ ਵਾਲੀ ਮੁਰਗੀ ਵਾਂਗ ਬੁਲਾ ਲਿਆ ਜਾਂਦਾ ਹੈ।

ਜਦੋਂ ਉਨ੍ਹਾਂ ਦੇ ਮਾਤਾ ਜੀ ਆਖ਼ਰੀ ਪਲਾਂ 'ਤੇ ਸਨ ਤਾਂ ਮਨੋਜ ਹੁਣਾਂ ਜਾਣਬੁੱਝ ਕੇ ਡਾਕਟਰ ਨੂੰ ਫੋਨ ਲਗਾਇਆ ਕਿ ਡਾਕਟਰ ਜੀ, ਮਾਤਾ ਹੁਣ ਖਾਣ-ਪੀਣ ਵੀ ਛੱਡ ਗਏ, ਪਛਾਣਦੇ ਵੀ ਨਹੀਂ, ਸੁਰਤ, ਹੋਸ਼ 'ਚ ਵੀ ਨਹੀਂ ਲੱਗਦੇ। ਕਿਵੇਂ ਕਰੀਏ ਜੀ?

ਮੈਂ ਸਾਡੇ ਬਾਬੇ ਕੇ ਹਸਪਤਾਲ ਦੇ ਡਾਕਟਰ ਸੁਸ਼ੀਲ ਮਿੱਤਲ ਕੋਲ ਪਾਪਾ ਜੀ ਦੀ ਸਕੈਨ ਕਰਾਉਣ ਚਲਾ ਗਿਆ। ਡਾਕਟਰ ਸਾਹਿਬ ਸਕੈਨ ਚੈੱਕ ਕਰ ਕੇ ਮੈਨੂੰ ਕਹਿੰਦੇ, "ਤੁਹਾਡੇ ਪਿਤਾ ਜੀ ਬਿਲਕੁਲ ਠੀਕ ਹਨ, ਬਜ਼ੁਰਗੋ ਠੀਕ ਹੋ ਤੁਸੀਂ। ਉਮਰ ਦੇ ਹਿਸਾਬ ਨਾਲ ਬਹੁਤ ਵਧੀਆ ਹੋ।" ਪਾਪਾ ਜੀ ਨੂੰ ਡਾਕਟਰ ਕੰਗ ਤੇ ਮੇਰੇ ਨਾਲ ਗਏ ਸਾਡੇ ਪ੍ਰਿੰਸੀਪਲ ਤੁੰਗ ਦੇ ਹੌਸਲਾ ਦੇਣ 'ਤੇ ਉਹ ਟਹਿਕ ਪਏ। ਡਾਕਟਰ ਮਿੱਤਲ ਵੱਲੋਂ ਹੱਲਾਸ਼ੇਰੀ ਸੁਣ ਕੇ ਪਾਪਾ ਜੀ ਧੰਨਵਾਦੀ ਹੱਥ ਜੋੜ ਕੇ ਹੱਸ ਪਏ। ਤੇ ਖੂੰਡੀ ਮੈਨੂੰ ਫੜਾ ਦਿੱਤੀ। ਮੈਂ ਪਾਪਾ ਜੀ ਨੂੰ ਬਾਹਰ ਬਿਠਾ ਕੇ ਡਾਕਟਰ ਮਿੱਤਲ ਨੂੰ ਪੁੱਛਿਆ, "ਜੀ, ਕਿਸੇ ਡਾਕਟਰ ਨੇ ਤਾਂ ਕੈਂਸਰ ਸੈੱਲ, ਗੁਰਦੇ 'ਚ ਪਥਰੀ ਦੱਸੀ ਹੈ। ਪਥਰੀ ਤੇ ਗਦੂਦ ਦਾ ਆਪ੍ਰੇਸ਼ਨ ਵੀ ਜਲਦੀ ਕਰਨ ਲਈ ਕਿਹਾ ਸੀ।" ਉਹ ਹੱਸ ਕੇ ਕਹਿੰਦੇ, "ਤੁਹਾਡੇ ਪਿਤਾ ਨੂੰ ਨਾ ਕੈਂਸਰ ਹੈ, ਨਾ ਪਥਰੀ। ਆਹ ਗਦੂਦ ਵੀ ਨਾਮਾਤਰ ਜਿਹੈ ਖ਼ਰਾਬ ਹੈ। ਐਨਾ ਕੁ ਤਾਂ ਉਮਰ ਦੇ ਹਿਸਾਬ ਨਾਲ ਹੋ ਜਾਂਦਾ ਹੈ।" ਮੈ ਦੋਨਾਂ ਡਾਕਟਰਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਡਾਕਟਰ ਜੀ, ਤੁਹਾਡੇ ਵਰਗੇ ਚੰਗੇ ਲੋਕ-ਪੱਖੀ ਡਾਕਟਰਾਂ ਕਰਕੇ ਧਰਤੀ ਖੜ੍ਹੀ ਹੈ ਤੇ ਲੋਕ ਨੇਕਦਿਲ ਡਾਕਟਰਾਂ ਨੂੰ ਯਾਦ ਵੀ ਕਰਦੇ ਹਨ।

# ਅਜੋਕਾ ਮੋਬਾਇਲ ਯੁੱਗ ਅਤੇ ਬੱਚੇ

## (ਆਧੁਨਿਕ ਸਮੇਂ ਦੀ ਹਕੀਕਤ)



ਅੱਜ ਦਾ ਸਮਾਂ ਮੋਬਾਇਲ ਅਤੇ ਇੰਟਰਨੈੱਟ ਦਾ ਯੁੱਗ ਹੈ। ਟੈਕਨੋਲੋਜੀ ਨੇ ਜਿੱਥੇ ਜੀਵਨ ਨੂੰ ਆਸਾਨ ਅਤੇ ਤੇਜ਼ ਬਣਾਇਆ ਹੈ, ਉੱਥੇ ਇਸਦਾ ਗਹਿਰਾ ਪ੍ਰਭਾਵ ਬੱਚਿਆਂ ਦੀ ਜ਼ਿੰਦਗੀ 'ਤੇ ਵੀ ਪੈ ਰਿਹਾ ਹੈ। ਮੋਬਾਇਲ ਮਨੁੱਖੀ ਜੀਵਨ ਦਾ ਅਟੁੱਟ ਹਿੱਸਾ ਬਣ ਚੁੱਕਾ ਹੈ। ਮੋਬਾਇਲ ਹੁਣ ਸਿਰਫ਼ ਗੱਲ ਕਰਨ ਦਾ ਜ਼ਰੀਆ ਨਹੀਂ ਰਹਿ ਗਿਆ, ਇਹ ਸਾਡੀ ਦਿਨਚਰਿਆ ਦਾ ਅਹਿਮ ਹਿੱਸਾ ਬਣ ਗਿਆ ਹੈ।

### ਮੋਬਾਇਲ ਯੁੱਗ ਵਿੱਚ ਬੱਚਿਆਂ ਦੀ ਜ਼ਿੰਦਗੀ:

ਅੱਜ ਦੇ ਬੱਚੇ ਜਨਮ ਤੋਂ ਹੀ ਮੋਬਾਇਲ, ਟੈਬਲੇਟ ਅਤੇ ਲੈਪਟਾਪ ਦੇ ਨਜ਼ਦੀਕ ਹੋ ਗਏ ਹਨ। ਉਹ ਖੇਡਣ ਦੀ ਥਾਂ ਮੋਬਾਇਲ 'ਤੇ ਗੇਮ ਖੇਡਣ ਨੂੰ ਤਰਜੀਹ ਦਿੰਦੇ ਹਨ। ਬੱਚਿਆਂ ਦੀ ਰੁਚੀ ਕਿਤਾਬਾਂ, ਮੈਦਾਨੀ ਖੇਡਾਂ ਅਤੇ ਸਮਾਜਕ ਗਤੀਵਿਧੀਆਂ ਤੋਂ ਹਟ ਕੇ ਮੋਬਾਇਲ ਤੱਕ ਸੀਮਤ ਹੋ ਗਈ ਹੈ।

### ਮੋਬਾਇਲ ਦੇ ਲਾਭ (ਫਾਇਦੇ)

**ਸੰਪਰਕ ਦਾ ਤੇਜ਼ ਸਾਧਨ:** ਮੋਬਾਇਲ ਰਾਹੀਂ ਅਸੀਂ ਕਿਸੇ ਨਾਲ ਵੀ ਕਿਤੇ ਵੀ ਤੇਜ਼ੀ ਨਾਲ ਗੱਲ ਕਰ ਸਕਦੇ ਹਾਂ।

**ਆਨਲਾਈਨ ਸਿੱਖਿਆ:** ਬੱਚੇ ਤੇ ਵਿਦਿਆਰਥੀ ਮੋਬਾਇਲ ਰਾਹੀਂ ਆਨਲਾਈਨ ਪਾਠ ਲੈ ਸਕਦੇ ਹਨ ਅਤੇ ਨਵੀਆਂ ਚੀਜ਼ਾਂ ਸਿੱਖ ਸਕਦੇ ਹਨ।

**ਮਨੋਰੰਜਨ ਦਾ ਸਰੋਤ:** ਮੋਬਾਇਲ ਰਾਹੀਂ ਗਾਣੇ ਸੁਣੇ ਜਾਂਦੇ ਹਨ, ਵੀਡੀਓਜ਼ ਦੇਖੇ ਜਾਂਦੇ ਹਨ, ਅਤੇ ਖੇਡਾਂ ਖੇਡੀਆਂ ਜਾਂਦੀਆਂ ਹਨ।

**ਜਾਣਕਾਰੀ ਦੀ ਪ੍ਰਾਪਤੀ:** ਮੋਬਾਇਲ ਰਾਹੀਂ ਅਸੀਂ ਦੁਨੀਆਂ ਭਰ ਦੀਆਂ ਖ਼ਬਰਾਂ, ਮੌਸਮ ਦੀ ਜਾਣਕਾਰੀ ਅਤੇ ਹੋਰ ਜਾਣਕਾਰੀ ਤੁਰੰਤ ਪ੍ਰਾਪਤ ਕਰ ਸਕਦੇ ਹਾਂ।

**ਐਮਰਜੈਂਸੀ ਵਿੱਚ ਮੱਦਦ:** ਮੋਬਾਇਲ ਦੁਆਰਾ ਅਸੀਂ ਕਿਸੇ ਵੀ ਐਮਰਜੈਂਸੀ ਵਿੱਚ ਆਪਣਾ ਸੰਪਰਕ ਜਲਦੀ ਕਰ ਸਕਦੇ ਹਾਂ।

### ਮੋਬਾਇਲ ਦੀਆਂ ਹਾਨੀਆਂ (ਨੁਕਸਾਨ)

**ਸਿਹਤ ਉੱਤੇ ਪ੍ਰਭਾਵ:** ਲੰਬੇ ਸਮੇਂ ਤੱਕ ਮੋਬਾਇਲ ਵਰਤਣ ਨਾਲ ਅੱਖਾਂ ਦੀ ਰੌਸ਼ਨੀ ਘਟ ਸਕਦੀ ਹੈ ਅਤੇ ਸਰੀਰਕ ਦਰਦ ਹੋ ਸਕਦੇ ਹਨ।

**ਮੋਬਾਇਲ ਆਸ਼ਕਤੀ:** ਬਹੁਤ ਜ਼ਿਆਦਾ ਮੋਬਾਇਲ ਵਰਤਣ ਨਾਲ ਬੱਚੇ ਅਤੇ ਵੱਡੇ ਦੋਹਾਂ 'ਚ ਆਸ਼ਕਤੀ ਪੈਦਾ ਹੋ ਜਾਂਦੀ ਹੈ।

**ਸਮਾਜਿਕਤਾ ਦੀ ਘਾਟ:** ਲੋਕ ਆਪਣੇ ਮੋਬਾਇਲ ਵਿੱਚ ਹੀ ਖੋ ਜਾਂਦੇ ਹਨ ਅਤੇ ਆਪਣੇ ਪਰਿਵਾਰ, ਦੋਸਤਾਂ ਤੋਂ ਦੂਰ ਹੋ ਜਾਂਦੇ ਹਨ।



ਜਪਨਜੋਤ ਸਿੰਘ
ਜਮਾਤ : 9ਵੀਂ

**ਮਨੋਰੰਜਨ ਦੀ ਚੰਗੀ ਭਾਵਨਾ ਘਟਦੀ ਹੈ:** ਅਸਲੀ ਖੇਡਾਂ ਦੀ ਥਾਂ ਵੀਰਚੁਅਲ ਖੇਡਾਂ ਆ ਗਈਆਂ ਹਨ, ਜਿਸ ਨਾਲ ਬੱਚਿਆਂ ਦੀ ਸਰੀਰਕ ਗਤੀਵਿਧੀ ਘਟਦੀ ਹੈ।

**ਅਣਚਾਹੀ ਜਾਣਕਾਰੀ ਦੀ ਪਹੁੰਚ:** ਬੱਚੇ ਕਈ ਵਾਰ ਅਣਚਾਹੀ ਜਾਂ ਗਲਤ ਸਮੱਗਰੀ ਵੀ ਮੋਬਾਇਲ ਰਾਹੀਂ ਵੇਖ ਸਕਦੇ ਹਨ।

### ਅਚੁੱਕ ਲਾਭ

ਮੋਬਾਇਲ ਰਾਹੀਂ ਬੱਚਿਆਂ ਨੂੰ ਨਵੇਂ ਗਿਆਨ ਦੀ ਪ੍ਰਾਪਤੀ ਹੋ ਰਹੀ ਹੈ। ਆਨਲਾਈਨ ਸਿੱਖਿਆ ਬੱਚਿਆਂ ਲਈ ਉਪਲੱਬਧ ਹੋ ਗਈ ਹੈ। ਵਿਦੇਸ਼ੀ ਭਾਸ਼ਾਵਾਂ ਅਤੇ ਨਵੀਂ ਟੈਕਨੋਲੋਜੀ ਬਾਰੇ ਸਿੱਖਣ ਦਾ ਮੌਕਾ ਮਿਲ ਰਿਹਾ ਹੈ।

### ਨੁਕਸਾਨ

ਅਧਿਕ ਸਮਾਂ ਮੋਬਾਇਲ 'ਤੇ ਬਿਤਾਉਣ ਕਾਰਨ ਅੱਖਾਂ, ਦਿਮਾਗ ਅਤੇ ਸਰੀਰਕ ਤੰਦਰੁਸਤੀ ਉੱਤੇ ਨੁਕਸਾਨ ਹੋ ਸਕਦਾ ਹੈ। ਸਮਾਜਕਤਾ ਘਟ ਰਹੀ ਹੈ, ਬੱਚੇ ਇਕੱਲੇਪਣ ਦਾ ਸ਼ਿਕਾਰ ਹੋ ਰਹੇ ਹਨ। ਮੋਬਾਇਲ ਉੱਤੇ ਆਨਲਾਈਨ ਆਸਕਤੀ ਵਿਕਸਤ ਹੋ ਰਹੀ ਹੈ, ਜਿਸ ਨਾਲ ਬੱਚਿਆਂ ਦੀ ਮਨੋਦਸ਼ਾ 'ਤੇ ਵੀ ਅਸਰ ਪੈਂਦਾ ਹੈ।

### ਕੀ ਕਰੀਏ?

ਮੋਬਾਇਲ ਦੀ ਵਰਤੋਂ ਲਈ ਸਮਾਂ ਨਿਰਧਾਰਤ ਕਰਨਾ ਚਾਹੀਦਾ ਹੈ। ਮਾਪੇ ਅਤੇ ਅਧਿਆਪਕਾਂ ਨੂੰ ਬੱਚਿਆਂ ਨੂੰ ਮੈਦਾਨੀ ਖੇਡਾਂ, ਪਾਠਕ੍ਰਮਿਕ ਗਤੀਵਿਧੀਆਂ ਅਤੇ ਸਮਾਜਕ ਸਹਿਭਾਗਤਾ ਵੱਲ ਉਤਸ਼ਾਹਿਤ ਕਰਨਾ ਚਾਹੀਦਾ ਹੈ। ਬੱਚਿਆਂ ਲਈ ਸੁਰੱਖਿਅਤ ਅਤੇ ਸ਼ਿਖਿਆਤਮਕ ਸਮੱਗਰੀ ਦੀ ਚੋਣ ਕਰਨੀ ਚਾਹੀਦੀ ਹੈ।

### ਨਤੀਜਾ

ਮੋਬਾਇਲ ਯੁੱਗ ਅਸਲ ਵਿੱਚ ਇੱਕ ਆਧੁਨਿਕ ਵਰਦਾਨ ਹੈ, ਪਰ ਇਸਦਾ ਸੰਤੁਲਿਤ ਅਤੇ ਸਹੀ ਉਪਯੋਗ ਹੀ ਬੱਚਿਆਂ ਲਈ ਲਾਭਕਾਰੀ ਹੋ ਸਕਦਾ ਹੈ। ਮਾਪਿਆਂ ਅਤੇ ਸਮਾਜ ਦੀ ਜ਼ਿੰਮੇਵਾਰੀ ਹੈ ਕਿ ਉਹ ਬੱਚਿਆਂ ਨੂੰ ਸਹੀ ਦਿਸ਼ਾ ਦਿਖਾਉਣ।


pnb **ਪੰਜਾਬ ਨੈਸ਼ਨਲ ਬੈਂਕ**
ਅਸੈਸਟ ਵਸੂਲੀ ਨਿਗਰਾਨੀ ਸ਼ਾਖਾ (ਏਆਰਐਮਬੀ)
ਐਸਸੀਓ 10-ਬੀ, ਬੀ-ਬਲਾਕ, ਰਣਜੀਤ ਐਵੇਨਿਊ, ਨੇੜੇ ਪਾਸਪੋਰਟ ਦਫਤਰ, ਅੰਮ੍ਰਿਤਸਰ 143001

**ਈ-ਨਿਲਾਮੀ ਵਿਕਰੀ ਸੂਚਨਾ**

**ਚੱਲ/ਅਚੱਲ ਜਾਇਦਾਦਾਂ ਦੀ ਵਿਕਰੀ ਲਈ ਈ-ਨਿਲਾਮੀ ਲਈ ਜਨਤਕ ਨੋਟਿਸ**
**ਸਰਫਾਇਸੀ ਐਕਟ 2002 ਦੇ ਸੁਰੱਖਿਆ ਹਿੱਤ (ਲਾਗੂਕਰਨ) ਨਿਯਮ 2002 ਦੇ ਨਿਯਮ 6 ਅਤੇ 9 ਦੇ ਨਾਲ ਪੜ੍ਹੇ ਗਏ ਨਿਯਮ 6(2) ਅਤੇ 8(6) ਦੇ ਤਹਿਤ ਆਮ ਜਨਤਾ ਨੂੰ 15/30 ਦਿਨਾਂ ਦਾ ਕਾਨੂੰਨੀ ਵਿਕਰੀ ਨੋਟਿਸ**

ਸੁਰੱਖਿਆ ਹਿੱਤ (ਲਾਗੂਕਰਨ) ਨਿਯਮ, 2002 ਦੇ ਨਿਯਮ 8 (6) ਦੇ ਪ੍ਰਾਵਧਾਨ ਦੇ ਨਾਲ ਪੜ੍ਹੇ ਗਏ ਵਿੱਤੀ ਸੰਪਤੀਆਂ ਦੇ ਪ੍ਰਤੀਭੂਤੀਕਰਨ ਅਤੇ ਪੁਨਰ ਨਿਰਮਾਣ ਅਤੇ ਸੁਰੱਖਿਆ ਵਿਆਜ ਐਕਟ, 2002 ਦੇ ਅਧੀਨ ਅਚੱਲ ਜਾਇਦਾਦਾਂ ਦੀ ਵਿਕਰੀ ਲਈ ਈ-ਨਿਲਾਮੀ ਵਿਕਰੀ ਨੋਟਿਸ। ਇਸ ਦੁਆਰਾ ਆਮ ਜਨਤਾ ਨੂੰ ਅਤੇ ਖਾਸ ਤੌਰ 'ਤੇ ਕਰਜ਼ਦਾਰ (ਾਂ) ਅਤੇ ਜ਼ਾਮਨ (ਾਂ) ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਹੇਠਾਂ ਦੱਸੀ ਗਈ ਚੱਲ/ਅਚੱਲ ਜਾਇਦਾਦਾਂ ਸੁਰੱਖਿਅਤ ਲੈਣਦਾਰ ਨੂੰ ਗਿਰਵੀ ਬੰਦੀ ਰੱਖੀ ਗਈ ਹੈ, ਜਿਸਦਾ ਉਸਾਰੂ/ਭੌਤਿਕ/ਸੰਕੇਤਕ ਕਬਜ਼ਾ ਲਿਆ ਗਿਆ ਹੈ। ਬੈਂਕ/ਸੁਰੱਖਿਅਤ ਲੈਣਦਾਰ ਦੇ ਅਧਿਕਾਰਤ ਅਧਿਕਾਰੀ ਦੁਆਰਾ, ਹੇਠਾਂ ਦਿੱਤੀ ਸਾਰਣੀ ਵਿੱਚ ਦੱਸੀ ਗਈ ਮਿਤੀ ਨੂੰ "ਜਿਵੇਂ ਹੈ ਜਿੱਥੇ ਹੈ", "ਜਿਵੇਂ ਹੈ ਜੋ ਹੈ", ਅਤੇ "ਜੋ ਕੁਝ ਹੈ ਉੱਥੇ ਹੈ" 'ਤੇ ਵੇਚਿਆ ਜਾਵੇਗਾ, ਤਾਂ ਜੋ ਸਬੰਧਤ ਕਰਜ਼ਦਾਰ/ਾਂ ਅਤੇ ਜ਼ਾਮਨਾਂ ਤੋਂ ਬੈਂਕ/ਸੁਰੱਖਿਅਤ ਕਰਜ਼ਦਾਤਾ ਦੇ ਬਕਾਏ ਦੀ ਵਸੂਲੀ ਕੀਤੀ ਜਾ ਸਕੇ। ਰਾਖਵੀਂ ਕੀਮਤ ਅਤੇ ਬਿਆਨਾ ਜਮ੍ਹਾਂ ਰਕਮ ਸਬੰਧਤ ਜਾਇਦਾਦਾਂ ਦੇ ਵਿਰੁੱਧ ਹੇਠਾਂ ਦਿੱਤੀ ਸਾਰਣੀ ਵਿੱਚ ਦੱਸੇ ਅਨੁਸਾਰ ਹੋਵੇਗੀ।

ਸੁਰੱਖਿਅਤ ਕਰਜ਼ਦਾਰ ਨੂੰ ਜਾਣੂੰ ਦੇਣਦਾਰੀਆਂ ਨਹੀਂ ਹਨ/ਜਾਣੂੰ ਨਹੀਂ ਹਨ।

**ਵਿਕਰੀ 30.07.2025 ਨੂੰ ਸਵੇਰੇ 11.00 ਵਜੇ ਤੋਂ ਸ਼ਾਮ 04.00 ਵਜੇ ਤੱਕ ਵੈਬਸਾਈਟ https://baanknet.com 'ਤੇ ਵਿਵਸਥਿਤ ਈ-ਨਿਲਾਮੀ ਪਲੇਟਫਾਰਮ ਰਾਹੀਂ ਕੀਤੀ ਜਾਵੇਗੀ**

ਇੱਛੁਕ ਖਰੀਦਦਾਰਾਂ ਨੂੰ ਯੂਜ਼ਰ ਆਈਡੀ ਦਾ ਨਿਰਮਾਣ ਕਰਨਾ ਹੋਵੇਗਾ ਅਤੇ ਉਨ੍ਹਾਂ ਕੋਲ ਨਿਲਾਮੀ ਵਿਚ ਭਾਗ ਲੈਣ ਲਈ https://baanknet.com 'ਤੇ ਈ-ਵੈਲੇਟ ਵਿਚ ਘੱਟੋ ਘੱਟ ਬਿਆਨਾ ਰਕਮ ਰਾਸ਼ੀ ਹੋਣੀ ਲਾਜ਼ਮੀ ਹੈ।

ਨਿਲਾਮੀ ਪ੍ਰਕਿਰਿਆ, ਪੰਜੀਕਰਨ ਸਥਿਤੀ ਆਦਿ 'ਤੇ ਸਹਾਇਤਾ ਲਈ Baanknet Portal Help Desk No. + 91 8291220220, support.baanknet@psballiance.com

**ਬੈਂਕ ਅਧਿਕਾਰੀਆਂ ਦੇ ਸੰਪਰਕ ਵੇਰਵੇ : ਸ੍ਰੀ ਅਨਵਰ ਅਲੀ (ਮੁੱਖ ਪ੍ਰਬੰਧਕ) 97976-16733**

**ਸੁਰੱਖਿਅਤ ਅਸਾਸਿਆਂ ਦੀ ਸੂਚੀ**

| ਸ਼ਾਖਾ ਦਾ ਨਾਮ<br>ਖਾਤੇ ਦਾ ਨਾਮ<br>ਕਰਜ਼ਦਾਰਾਂ/ਜ਼ਾਮਨਾਂ ਦੇ ਪਤੇ ਅਤੇ ਨਾਮ | ਗਿਰਵੀ ਅਚੱਲ ਸੰਪੱਤੀਆਂ ਦੇ ਵੇਰਵੇ/ਮਾਲਕ ਦਾ ਨਾਮ (ਸੰਪੱਤੀ/ਆਂ ਦੇ ਗਿਰਵੀਕਾਰ) | ੳ) ਸਰਫਾਇਸੀ ਐਕਟ, 2002 ਦੀ ਧਾਰਾ 13 (2) ਅਧੀਨ ਮੰਗ ਸੂਚਨਾ ਦੀ ਮਿਤੀ<br>ਅ) ਬਕਾਇਆ ਰਕਮ ਦੀ ਮਿਤੀ<br>ੲ) ਸਰਫਾਇਸੀ ਐਕਟ, 2002 ਦੀ ਧਾਰਾ 13 (4) ਅਧੀਨ ਕਬਜ਼ੇ ਦੀ ਮਿਤੀ<br>ਸ) ਕਬਜ਼ੇ ਦਾ ਸਰੂਪ : ਸੰਕੇਤਕ/ਭੌਤਿਕ/ਉਸਾਰੂ | ਰਾਖਵੀਂ ਕੀਮਤ<br>ਬਿਆਨਾ ਰਕਮ<br>ਬੋਲੀ ਵਾਧਾ ਰਕਮ |
|---|---|---|---|
| ਹਾਲ ਬਜ਼ਾਰ ਅੰਮ੍ਰਿਤਸਰ<br>(i) Property ID: PUNB818600002<br>(ii) Property ID: PUNB818600003<br>(1) (i) ਮੈਸ. ਸੁਰੂਚੀ ਐਂਟਰਪ੍ਰਾਈਜ਼ਜ਼ ਦੁਆਰਾ ਇਸ ਦੇ ਪ੍ਰੋਪ. ਸ਼੍ਰੀਮਤੀ ਸੁਰੂਚੀ ਸ਼ਰਮਾ ਪਤਨੀ ਸ਼੍ਰੀ. ਸੰਜੇ ਸ਼ਰਮਾ, ਮਕਾਨ ਨੰ. 4, ਵਿਜੇ ਨਗਰ, ਬਟਾਲਾ ਰੋਡ, ਅੰਮ੍ਰਿਤਸਰ (ii) ਸ੍ਰੀ ਸੰਜੇ ਸ਼ਰਮਾ ਪੁੱਤਰ ਸ੍ਰੀ ਹਰਭਜਨ ਸ਼ਰਮਾ (ਜ਼ਾਮਨ), ਵਾਸੀ ਮਕਾਨ ਨੰ. 4, ਵਿਜੇ ਨਗਰ, ਬਟਾਲਾ ਰੋਡ, ਅੰਮ੍ਰਿਤਸਰ | (i) (ੳ) ਸ਼੍ਰੀ ਸੰਜੇ ਸ਼ਰਮਾ ਪੁੱਤਰ ਸ਼੍ਰੀ ਹਰਭਜਨ ਸ਼ਰਮਾ ਅਤੇ ਸ਼੍ਰੀਮਤੀ ਸੁਰੂਚੀ ਸ਼ਰਮਾ ਪਤਨੀ ਸ਼੍ਰੀ ਸੰਜੇ ਸ਼ਰਮਾ ਦੇ ਨਾਮ 'ਤੇ 107 ਵਰਗ ਗਜ਼, ਖਸਰਾ ਨੰਬਰ 951, 952/549, ਦਸਤਾਵੇਜ਼ ਨੰਬਰ 12836, ਕਿਤਾਬ ਨੰਬਰ 1, ਭਾਗ ਨੰਬਰ 1109, ਪੰਨਾ ਨੰਬਰ 71-72 ਮਿਤੀ 13-02-2000 ਦੁਆਰਾ ਰਜਿਸਟਰਡ, ਗਲੀ ਨੰਬਰ 4, ਸਾਊਂਡ ਟ੍ਰੇਡਿੰਗ ਕੰਪਨੀ, ਮਿਲਾਨ ਪੈਲੇਸ ਦੇ ਨੇੜੇ, ਬਟਾਲਾ ਰੋਡ, ਵਿਜੇ ਨਗਰ, ਅੰਮ੍ਰਿਤਸਰ ਵਿਖੇ ਜ਼ਮੀਨ ਅਤੇ ਇਮਾਰਤ ਦੇ ਸਾਰੇ ਭਾਗ ਅਤੇ ਹਿੱਸੇ।<br>(ਅ) ਸ਼੍ਰੀਮਤੀ ਸੁਰੂਚੀ ਸ਼ਰਮਾ ਪਤਨੀ ਸ਼੍ਰੀ ਸੰਜੇ ਸ਼ਰਮਾ ਦੇ ਨਾਮ 'ਤੇ 70 ਵਰਗ ਗਜ਼ ਦਾ ਖੇਤਰ, ਖਸਰਾ ਨੰਬਰ 951/549, 950/549, ਦਸਤਾਵੇਜ਼ ਨੰਬਰ 9229, ਕਿਤਾਬ ਨੰਬਰ 1, ਭਾਗ ਨੰਬਰ 5724, ਪੰਨਾ ਨੰਬਰ 80/81 ਮਿਤੀ 29-10-2013, ਗਲੀ ਨੰਬਰ 4, ਸਾਊਂਡ ਟ੍ਰੇਡਿੰਗ ਕੰਪਨੀ, ਮਿਲਾਨ ਪੈਲੇਸ ਦੇ ਨੇੜੇ, ਬਟਾਲਾ ਰੋਡ, ਵਿਜੇ ਨਗਰ, ਅੰਮ੍ਰਿਤਸਰ ਵਿਖੇ ਜ਼ਮੀਨ ਅਤੇ ਇਮਾਰਤ ਦੇ ਸਾਰੇ ਭਾਗ ਅਤੇ ਹਿੱਸੇ।<br>(ii) ਸ਼੍ਰੀ ਸੰਜੇ ਸ਼ਰਮਾ ਪੁੱਤਰ ਸ਼੍ਰੀ ਹਰਭਜਨ ਸ਼ਰਮਾ ਅਤੇ ਸ਼੍ਰੀਮਤੀ ਸੁਰੂਚੀ ਸ਼ਰਮਾ ਪਤਨੀ ਸ਼੍ਰੀ ਸੰਜੇ ਸ਼ਰਮਾ ਦੇ ਨਾਮ 'ਤੇ 54 ਵਰਗ ਗਜ਼, ਖਸਰਾ ਨੰਬਰ 951/549, 950/549/2, 951/949, 952/549, ਦਸਤਾਵੇਜ਼ ਨੰਬਰ 13021, ਕਿਤਾਬ ਨੰਬਰ 1, ਭਾਗ ਨੰਬਰ 3529 ਦੁਆਰਾ ਰਜਿਸਟਰਡ ਟਾਈਟਲ ਡੀਡ ਪੰਨਾ ਨੰਬਰ 23/24 ਪੰਨਾ 71-72 ਮਿਤੀ 13-02-2000, ਗਲੀ ਨੰਬਰ 4, ਸਾਊਂਡ ਟ੍ਰੇਡਿੰਗ ਕੰਪਨੀ ਦੇ ਸਾਹਮਣੇ, ਮਿਲਾਨ ਪੈਲੇਸ ਦੇ ਨੇੜੇ, ਬਟਾਲਾ ਰੋਡ, ਵਿਜੇ ਨਗਰ, ਅੰਮ੍ਰਿਤਸਰ ਜ਼ਮੀਨ ਅਤੇ ਇਮਾਰਤ ਦੇ ਸਾਰੇ ਭਾਗ ਅਤੇ ਹਿੱਸੇ। | 31-08-2018<br>ਰ. 72,54,712/- ਮਿਤੀ 30-06-2018 ਤੋਂ ਅਤੇ ਰ. 8,77,715/- ਮਿਤੀ 31-08-2018 ਤੋਂ ਕੁਲ ਰ. 81,32,427/- ਵਿਆਜ਼, ਖਰਚੇ ਅਤੇ ਵਸੂਲੀ ਘੱਟਾ ਕੇ, ਜੇਕਰ ਕੋਈ ਹੋਵੇ<br>23-09-2024<br>ਭੌਤਿਕ ਕਬਜ਼ਾ | (i) ਰ. 32,50,000/-<br>ਰ. 3,25,000/-<br>ਰ. 20,000/-<br>(ii) ਰ. 7,60,000/-<br>ਰ. 76,000/-<br>ਰ. 20,000/- |
| ਹਾਲ ਬਜ਼ਾਰ ਅੰਮ੍ਰਿਤਸਰ<br>Property ID: PUNB818601360<br>(2) (i) ਮੈਸ. ਰੂਮਾ ਵੂਲਨ, ਪਲਾਟ ਨੰ. 1-2, ਨਿਊ ਸੁੰਦਰ ਨਗਰ, ਓਂਕਾਰ ਪ੍ਰੋਸੈਸਰ ਦੇ ਸਾਹਮਣੇ, ਗਲੀ ਬਾਂਕੇ ਬਿਹਾਰੀ, ਬਟਾਲਾ ਰੋਡ, ਅੰਮ੍ਰਿਤਸਰ 143001 (ii) ਸ੍ਰੀਮਤੀ ਰੂਪਾ ਸਚਦੇਵਾ ਪਤਨੀ ਸ੍ਰੀ ਬਰਜਿੰਦਰ ਕੁਮਾਰ ਸਚਦੇਵਾ (ਮਾਲਕ/ਗਿਰਵੀਕਾਰ) 44-ਸੀ, ਆਰ ਬੀ ਪ੍ਰਕਾਸ਼ ਚੰਦ ਰੋਡ, ਪੁਲਿਸ ਲਾਈਨਜ਼, ਅੰਮ੍ਰਿਤਸਰ 143001 (iii) ਸ੍ਰੀ ਬਰਜਿੰਦਰ ਕੁਮਾਰ ਸਚਦੇਵਾ ਪੁੱਤਰ ਰੂਪ ਲਾਲ ਸਚਦੇਵਾ (ਜ਼ਾਮਨ/ਗਿਰਵੀਕਾਰ), 44-ਸੀ, ਆਰ ਬੀ ਪ੍ਰਕਾਸ਼ ਚੰਦ ਰੋਡ, ਪੁਲਿਸ ਲਾਈਨਜ਼, ਅੰਮ੍ਰਿਤਸਰ 143001 | (ਏ) ਬਰਜਿੰਦਰ ਕੁਮਾਰ ਸਚਦੇਵਾ ਪੁੱਤਰ ਸ਼੍ਰੀ ਰੂਪ ਲਾਲ ਸਚਦੇਵਾ ਅਤੇ ਸ਼੍ਰੀਮਤੀ ਰੂਪਾ ਸਚਦੇਵਾ ਪਤਨੀ ਸ਼੍ਰੀ ਬਰਜਿੰਦਰ ਕੁਮਾਰ ਸਚਦੇਵਾ ਦੇ ਸਾਂਝੇ ਨਾਮ 'ਤੇ ਪਲਾਟ ਜਿਸ ਵਿੱਚ ਖਸਰਾ ਨੰਬਰ 4//25/1 ਮਿਨ, ਕੁੱਲ ਰਕਬਾ 1 ਕਨਾਲ ਵਸੀਕਾ ਨੰਬਰ 1917, ਬਹੀ ਨੰਬਰ 1, ਜਿਲਦ ਨੰਬਰ 3277, ਪੰਨਾ ਨੰਬਰ 9394 ਮਿਤੀ 05-05-2008 ਸਬ ਰਜਿਸਟਰਾਰ ਅੰਮ੍ਰਿਤਸਰ-2 ਨਾਲ ਰਜਿਸਟਰਡ, ਵਾਕੀਆ ਰਕਬਾ ਮੀਰਾ ਕੋਟ ਖੁਰਦ, ਲੋਹਾਰਕਾ ਰੋਡ, ਬਾਈਪਾਸ ਤਹਿਸੀਲ ਅਤੇ ਜ਼ਿਲ੍ਹਾ ਅੰਮ੍ਰਿਤਸਰ ਵਿਖੇ ਸਥਿਤ ਹੈ।<br>(ਬੀ) ਸ਼੍ਰੀ ਬਰਜਿੰਦਰ ਕੁਮਾਰ ਸਚਦੇਵਾ ਪੁੱਤਰ ਸ਼੍ਰੀ ਰੂਪ ਲਾਲ ਸਚਦੇਵਾ ਅਤੇ ਸ਼੍ਰੀਮਤੀ ਰੂਪਾ ਸਚਦੇਵਾ ਸ਼੍ਰੀ ਬਰਜਿੰਦਰ ਕੁਮਾਰ ਸਚਦੇਵਾ ਦੇ ਸਾਂਝੇ ਨਾਮ 'ਤੇ ਪਲਾਟ, ਖਸਰਾ ਨੰ. 4//25/1 ਮਿਨ, ਕੁੱਲ ਰਕਬਾ 4 ਕਨਾਲ 19 ਮਰਲੇ 2 ਸਰਸਾਈ ਵੀਡ ਵਸੀਕਾ ਨੰ. 38, ਬਹੀ ਨੰ. 1, ਜਿਲਦ ਨੰ. 3237, ਪੰਨਾ ਨੰ. 56 ਮਿਤੀ 01-04-2008 ਸਬ ਰਜਿਸਟਰਾਰ ਅੰਮ੍ਰਿਤਸਰ-2, ਵਾਕੀਆ ਰਕਬਾ ਮੀਰਾ ਕੋਟ ਖੁਰਦ, ਲੋਹਾਰਕਾ ਰੋਡ ਬਾਈਪਾਸ, ਤਹਿਸੀਲ ਅਤੇ ਜ਼ਿਲ੍ਹਾ ਅੰਮ੍ਰਿਤਸਰ ਵਿਖੇ ਰਜਿਸਟਰਡ ਹੈ। ਇਸ ਤਰ੍ਹਾਂ ਕੁੱਲ ਰਕਬਾ ਗਿਰਵੀ ਰੱਖਿਆ ਗਿਆ 1 ਕਨਾਲ + 4 ਕਨਾਲ 19 ਮਰਲੇ 2 ਸਰਸਾਈ = 5 ਕਨਾਲ 19 ਮਰਲੇ 2 ਸਰਸਾਈ (119.19 ਮਰਲੇ) (ਨੋਟ : ਇਹ ਜਾਇਦਾਦ ਗੈਰ ਮਰੂਸੀ) | 29-12-2021<br>ਰ. 44,43,627.20 ਮਿਤੀ 30-11-2021 ਨੂੰ + ਮਿਤੀ 01-12-2021 ਤੋਂ ਵਿਆਜ਼, ਖਰਚੇ ਅਤੇ ਵਸੂਲੀ ਘੱਟਾ ਕੇ, ਜੇਕਰ ਕੋਈ ਹੋਵੇ<br>04-03-2023<br>ਭੌਤਿਕ ਕਬਜ਼ਾ | ਰ. 76,50,000/-<br>ਰ. 7,65,000/-<br>ਰ. 50,000/- |
| ਸ਼ਾਖਾ : ਤਰਨ ਤਾਰਨ<br>Property ID: PUNB818601244<br>(3) ਮੈਸ. ਕੇ.ਡੀ.ਸੰਧੂ ਟਰੇਡਿੰਗ ਕੰਪਨੀ, ਪਿੰਡ ਖਵਾਸਪੁਰ, ਡਾਕਖਾਨਾ ਫਤਿਹਾਬਾਦ, ਤਹਿਸੀਲ ਖਡੂਰ ਸਾਹਿਬ, ਤਰਨਤਾਰਨ (ii) ਸ੍ਰੀ ਭੁਪਿੰਦਰ ਸਿੰਘ ਪੁੱਤਰ ਸ੍ਰੀ ਕਸ਼ਮੀਰ ਸਿੰਘ (ਪ੍ਰੋਪ.), ਪਿੰਡ ਖਵਾਸਪੁਰ, ਡਾਕਖਾਨਾ ਫਤਿਹਾਬਾਦ, ਤਹਿਸੀਲ ਖਡੂਰ ਸਾਹਿਬ, ਤਰਨਤਾਰਨ (iii) ਸ੍ਰੀ ਹਰਜੀਤ ਸਿੰਘ ਪੁੱਤਰ ਸ੍ਰੀ ਕਸ਼ਮੀਰ ਸਿੰਘ (ਗਿਰਵੀਕਾਰ), ਪਿੰਡ ਖਵਾਸਪੁਰ, ਡਾਕਖਾਨਾ ਫਤਿਹਾਬਾਦ, ਤਹਿਸੀਲ ਖਡੂਰ ਸਾਹਿਬ, ਤਰਨਤਾਰਨ (iv) ਮੈਸ. ਭਾਰਤ ਭੂਸ਼ਨ ਸੂਦ ਬੀ.ਕੇ.ਓ., ਪਿੰਡ ਖਵਾਸਪੁਰ, ਡਾਕਖਾਨਾ ਫਤਿਹਾਬਾਦ, ਤਹਿਸੀਲ ਖਡੂਰ ਸਾਹਿਬ, ਤਰਨਤਾਰਨ | ਪਿੰਡ ਖਵਾਸਪੁਰ ਦੇ ਖੇਤਰ ਵਿੱਚ ਸਥਿਤ, ਓਠੀਆਂ ਚੱਕ ਦੇ ਨੇੜੇ, ਮੇਨ ਖਡੂਰ ਸਾਹਿਬ ਤੋਂ ਗੋਇੰਦਵਾਲ ਰੋਡ, ਤਹਿਸੀਲ ਖਡੂਰ ਸਾਹਿਬ, ਤਰਨਤਾਰਨ, 16 ਕਨਾਲ 10 ਮਰਲੇ ਖਾਤਾ ਖਟੌਨੀ ਨੰਬਰ 19/47, ਖਸਰਾ ਨੰਬਰ 43/6/1 (2-13), 37/16 (4-11), 25 (7-11), 43/5/1 (1-15) ਦੀ ਭੌਠੀ ਵਾਲੀ ਜਗ੍ਹਾ ਦੀ ਜ਼ਮੀਨ ਅਤੇ ਇਮਾਰਤ ਦਾ ਸਾਰਾ ਹਿੱਸਾ, ਰਜਿਸਟਰਡ ਟਾਈਟਲ ਡੀਡ ਨੰਬਰ 134 ਮਿਤੀ 21-04-2006 ਰਾਹੀਂ ਸ਼੍ਰੀ ਕਸ਼ਮੀਰ ਸਿੰਘ ਦੇ ਪੁੱਤਰਾਂ ਸ਼੍ਰੀ ਭੁਪਿੰਦਰ ਸਿੰਘ ਅਤੇ ਸ਼੍ਰੀ ਹਰਜੀਤ ਸਿੰਘ ਦੇ ਹੱਕ ਵਿੱਚ ਰਜਿਸਟਰਡ ਹੈ। | 02-05-2018<br>(i) ਰ. 74,49,684.36 ਮਿਤੀ 31-03-2018 ਨੂੰ<br>(ii) ਰ. 71,51,641.50 ਮਿਤੀ 31-03-2018 ਨੂੰ + ਵਿਆਜ, ਹੋਰ ਖਰਚੇ ਅਤੇ ਵਸੂਲੀ ਘੱਟਾ ਕੇ, ਹੁਣ ਤੱਕ, ਜੇਕਰ ਕੋਈ ਹੋਵੇ<br>04-12-2018<br>ਸੰਕੇਤੱਕ ਕਬਜ਼ਾ | ਰ. 63,00,000/-<br>ਰ. 6,30,000/-<br>ਰ. 50,000/- |
| ਸ਼ਾਖਾ : ਪੱਟੀ<br>Property ID: PUNB818601343<br>(4) ਮੈਸ. ਪਾਰੁਲ ਸ਼ਾਲਜ਼, 894/12, ਗੁਰੂ ਨਾਨਕ ਕਾਲੋਨੀ, ਨੇੜੇ ਭਬਾਨਾ ਮੰਦਰ, ਪੱਟੀ ਜ਼ਿਲ੍ਹਾ ਤਰਨਤਾਰਨ 143416 ਇਸ ਦੇ ਪ੍ਰੋਪ. ਪਰਦੀਪ ਕੁਮਾਰ ਮਹਿਤਾ ਪੁੱਤਰ ਸ਼੍ਰੀ ਦੇਸ ਰਾਜ ਵਾਸੀ 288/3, ਗਲੀ ਜਾਸ਼ੀ ਰਾਮ ਪਟਵਾਰੀ, ਪੱਟੀ, ਜ਼ਿਲ੍ਹਾ ਤਰਨਤਾਰਨ 143416 ਅਤੇ ਜ਼ਾਮਨ (i) ਸ਼੍ਰੀ ਅਮਨ ਮਲਹੋਤਰਾ ਪੁੱਤਰ ਸ. ਗੁਲਵਿੰਦਰ ਕੁਮਾਰ (ਪ੍ਰੋ. ਮੈਸ ਸਤਿਗੁਰੂ ਓਵਰਸੀਜ਼) ਵਾਸੀ ਮਕਾਨ ਨੰ. 217, ਪਿੰਡ ਅਤੇ ਡਾਕਖਾਨਾ ਭਿੱਖੀਵਿੰਡ, ਤਹਿਸੀਲ ਪੱਟੀ, ਜ਼ਿਲ੍ਹਾ ਤਰਨਤਾਰਨ (ii) ਮੋਨਿਕਾ ਮਹਿਤਾ ਪਤਨੀ ਪਰਦੀਪ ਕੁਮਾਰ ਵਾਸੀ ਗੁਰੂ ਨਾਨਕ ਕਲੋਨੀ, ਪੱਟੀ ਸ਼ਹਿਰ, ਜ਼ਿਲ੍ਹਾ ਤਰਨਤਾਰਨ। | ਖਾਨਾ ਸ਼ੁਮਾਰੀ ਨੰਬਰ 1295 ਤੋਂ 1301/1 ਅਤੇ ਨੰ. 400-401/12, ਅੰਮ੍ਰਿਤਸਰ ਸ਼ਹਿਰੀ, ਚੌਕ ਪਾਸੀਆਂ, ਰਾਮ ਗਲੀ, ਅੰਮ੍ਰਿਤਸਰ ਵਿਖੇ ਸਥਿਤ, ਦੁਕਾਨ ਨੰ. 4 ਵਿਕਰੀ ਡੀਡ ਨੰਬਰ 9959, ਕਿਤਾਬ ਨੰਬਰ 1, ਜਿਲਦ ਨੰਬਰ 9906, ਪੰਨਾ 5051 ਮਿਤੀ 01-02-2007, ਸ਼੍ਰੀਮਤੀ ਮੋਨਿਕਾ ਮਹਿਤਾ ਪਤਨੀ ਸ਼੍ਰੀ ਪ੍ਰਦੀਪ ਕੁਮਾਰ ਦੀ ਮਲਕੀਅਤ ਹੈ। | 16-08-2022<br>ਰ. 30,69,305.83 + ਮਿਤੀ 01-08-2022 ਤੋਂ ਵਿਆਜ, ਹੋਰ ਖਰਚੇ ਅਤੇ ਵਸੂਲੀ ਘੱਟਾ ਕੇ, ਜੇਕਰ ਕੋਈ ਹੋਵੇ<br>29-11-2022<br>ਭੌਤਿਕ ਕਬਜ਼ਾ | ਰ. 7,00,000/-<br>ਰ. 70,000/-<br>ਰ. 20,000/- |
| ਸ਼ਾਖਾ : ਪੱਟੀ<br>Property ID : PUNB818601236<br>(5) (i) ਮੈਸ. ਬਾਬਾ ਬਿਧੀ ਚੰਦ ਟਰੇਡਿੰਗ ਕੰਪਨੀ (ਪ੍ਰੋਪ: ਸ੍ਰੀ ਹੀਰਾ ਸਿੰਘ), ਮੰਡੀ ਤੂਤ, ਤਹਿਸੀਲ ਪੱਟੀ, ਜਿਲ੍ਹਾ ਤਰਨਤਾਰਨ 143416 (ii) ਹੀਰਾ ਸਿੰਘ ਪੁੱਤਰ ਹਰਨਾਮ ਸਿੰਘ, ਮਕਾਨ ਨੰ. 18, ਪਿੰਡ ਤਲਵੰਡੀ ਸੋਭਾ ਸਿੰਘ, ਤਹਿਸੀਲ ਪੱਟੀ, ਜ਼ਿਲ੍ਹਾ ਤਰਨਤਾਰਨ 143416 (iii) ਬਲਵੰਤ ਸਿੰਘ ਪੁੱਤਰ ਬੱਗਾ ਸਿੰਘ, ਮਕਾਨ ਨੰਬਰ 66, ਪਿੰਡ ਭੁਗੀਆਂ ਕਾਲੂ, ਤਹਿਸੀਲ ਪੱਟੀ, ਜ਼ਿਲ੍ਹਾ ਤਰਨਤਾਰਨ 143416 | ਪਿੰਡ ਤਲਵੰਡੀ ਸੋਭਾ ਸਿੰਘ, ਤਹਿਸੀਲ ਪੱਟੀ, ਜ਼ਿਲ੍ਹਾ ਤਰਨ ਤਾਰਨ ਵਿਖੇ ਸਥਿਤ 4 ਕਨਾਲ 12 ਮਰਲੇ ਦੀ ਜ਼ਮੀਨ ਅਤੇ ਇਮਾਰਤ, ਪੂਰਬ ਵੱਲ ਸੀਮਾਬੱਧ: ਸੜਕ, ਪੱਛਮ: ਜਗੀਰ ਸਿੰਘ ਅਤੇ ਸ਼੍ਰੀ ਕਸ਼ਮੀਰ ਸਿੰਘ ਘਰ, ਉੱਤਰ: ਅਮਰੀਕ ਸਿੰਘ, ਦੱਖਣ: ਗਲੀ ਹੇਠ ਲਿਖੇ ਵੇਰਵਿਆਂ ਅਨੁਸਾਰ:- (ਏ) ਜ਼ਮੀਨ ਦਾ ਖੇਤਰਫਲ 46/559 ਹਿੱਸਾ ਭਾਵ 27 ਕਨਾਲ 19 ਮਰਲੇ ਵਿੱਚੋਂ 2 ਕਨਾਲ 6 ਮਰਲੇ ਜਿਸ ਵਿੱਚ ਖਾਤਾ ਨੰਬਰ 408/1362 ਤੋਂ 1364, ਖਸਰਾ ਨੰਬਰ 41//1/2 (3-14), 2/1/1 (2-0), 41//3/2 (4-0), 4 (7-16), 7/1 (5-8), 8/2 (3-1), 41//2/1/2 (2-0) ਵਿਕਰੀ ਡੀਡ ਨੰਬਰ 1336 ਮਿਤੀ 14-06-2006 ਨੂੰ, ਬੁੱਕ ਨੰਬਰ 1 ਜਿਲਦ ਨੰ. 2822 ਪੰਨਾ 53/56 ਹੀਰਾ ਸਿੰਘ ਅਤੇ ਸ਼੍ਰੀ ਜੋਗਾ ਸਿੰਘ ਪੁੱਤਰ ਸ਼੍ਰੀ ਹਰਨਾਮ ਸਿੰਘ ਦੇ ਹੱਕ ਵਿੱਚ ਜੁਆਇੰਟ ਸਬ ਰਜਿਸਟਰਾਰ ਪੱਟੀ ਦੇ ਦਫ਼ਤਰ ਵਿੱਚ ਦਾਖਲ ਹੋਇਆ।<br>(ਅ) ਜ਼ਮੀਨ ਦਾ ਖੇਤਰਫਲ 2 ਕਨਾਲ 6 ਮਰਲੇ ਜਿਸ ਵਿੱਚ ਖਾਤਾ ਨੰਬਰ 408/1364, 233/901 ਖਸਰਾ ਨੰਬਰ 41//2/1/2 (2-0), 41//9/1/2 (0-6) ਮਿਤੀ 09-08-2002 ਦੇ ਅਨੁਸਾਰ ਵਿਕਰੀ ਡੀਡ ਨੰਬਰ 2015, ਕਿਤਾਬ ਨੰਬਰ 1, ਜਿਲਦ ਨੰ. 2517, ਪੰਨਾ 71 ਮਿਤੀ 09.08.2002 ਨੂੰ ਸ਼੍ਰੀ ਹੀਰਾ ਸਿੰਘ ਅਤੇ ਸ਼੍ਰੀ ਜੋਗਾ ਸਿੰਘ ਪੁੱਤਰ ਸ਼੍ਰੀ ਹਰਨਾਮ ਸਿੰਘ ਦੇ ਹੱਕ ਵਿੱਚ ਰਜਿਸਟਰ ਹੋਇਆ। | 08-03-2018<br>ਰ. 33,75,916/- ਮਿਤੀ 14-07-2016 ਨੂੰ + ਮਿਤੀ 01-07-2016 ਤੋਂ ਵਿਆਜ ਖਰਚੇ ਅਤੇ ਵਸੂਲੀ ਘਟਾ ਕੇ ਜੇਕਰ ਕੋਈ<br>01-08-2022<br>ਸੰਕੇਤੱਕ ਕਬਜ਼ਾ | ਰ. 41,00,000/-<br>ਰ. 4,10,000/-<br>ਰ. 20,000/- |
| ਸੁਲਤਾਨਵਿੰਡ ਰੋਡ, ਅੰਮ੍ਰਿਤਸਰ<br>Property ID : PUNB818601331<br>(6) (i) ਮੈਸਰਜ਼ ਇੰਡੀਅਨ ਓਵਰਸੀਜ਼ ਟ੍ਰੇਡਰਜ਼ ਦੁਆਰਾ ਇਸ ਦੇ ਪ੍ਰੋਪ. ਸਰਪਿੰਦਰ ਸਿੰਘ ਪੁੱਤਰ ਸ਼੍ਰੀ ਰਘਬੀਰ ਸਿੰਘ ਵਾਸੀ ਮਕਾਨ ਨੰ. 31, ਅਬਾਦੀ ਮਹੰਤ ਲਛਮਣ ਦਾਸ, ਸੁਲਤਾਨਵਿੰਡ ਰੋਡ, ਅੰਮ੍ਰਿਤਸਰ (ii) ਸ਼੍ਰੀ ਸਰਪਿੰਦਰ ਸਿੰਘ ਪੁੱਤਰ ਸ਼੍ਰੀ ਰਘਬੀਰ ਸਿੰਘ (ਮੈਸ. ਇੰਡੀਅਨ ਓਵਰਸੀਜ਼ ਟਰੇਡਰਜ਼ ਦੇ ਮਾਲਕ), ਹਾਊਸ ਨੰ. 31, ਅਬਾਦੀ ਮਹੰਤ ਲਛਮਣ ਦਾਸ, ਸੁਲਤਾਨਵਿੰਡ ਰੋਡ, ਅੰਮ੍ਰਿਤਸਰ 143001 (iii) ਸ਼੍ਰੀਮਤੀ ਦਲਜੀਤ ਕੌਰ ਪਤਨੀ ਸ਼੍ਰੀ ਰਘਬੀਰ ਸਿੰਘ, ਮਕਾਨ ਨੰ. 31, ਅਬਾਦੀ ਮਹੰਤ ਲਛਮਣ ਦਾਸ, ਸੁਲਤਾਨਵਿੰਡ ਰੋਡ, ਅੰਮ੍ਰਿਤਸਰ 143001 | ਜਾਇਦਾਦ / ਇਮਾਰਤ ਮਾਪ ਵਾਲਾ ਖੇਤਰ 102 ਵਰਗ ਗਜ਼, ਪਲਾਟ ਪ੍ਰਾਈਵੇਟ ਨੰ. 31 ਮਿਨ, ਖਸਰਾ ਨੰਬਰ 340 ਮਿਨ ਵਾਲਾ, ਅੰਮ੍ਰਿਤਸਰ ਸ਼ਹਿਰੀ ਸਰਕਲ ਨੰਬਰ 107, ਅਬਾਦੀ ਕੋਟ ਮਹੰਤ ਲਛਮਣ ਦਾਸ, ਅਬਾਦੀ ਬਹਾਦਰ ਨਗਰ ਦੇ ਨੇੜੇ, ਅੰਮ੍ਰਿਤਸਰ, ਸਾਲ 2015-16 ਲਈ ਜਮ੍ਹਾਂਬੰਦੀ ਅਨੁਸਾਰ ਹੱਦਬਸਤ ਨੰਬਰ 387 ਅਤੇ ਪੂਰਬ ਨਾਲ ਘਿਰਿਆ ਹੋਇਆ: ਸੜਕ, ਪੱਛਮ: ਪਲਾਟ ਨੰਬਰ 30, ਉੱਤਰ: ਪਲਾਟ ਨੰਬਰ 26, ਦੱਖਣ: 31 ਮਿਨ ਦੇ ਬਾਕੀ ਹਿੱਸੇ ਤੋਂ ਵੱਧ (ਜਾਇਦਾਦ ਦਾ ਲੀਜ਼ ਹੋਲਡ ਰਾਈਟਸ ਸਿਰਫ਼ ਬੈਂਕ ਕੋਲ ਗਿਰਵੀ ਹੈ) | 15-05-2020<br>ਰ. 26,15,413.80 + ਮਿਤੀ 01-04-2019 ਤੋਂ ਵਿਆਜ ਹੋਰ ਖਰਚੇ ਅਤੇ ਵਸੂਲੀ ਘਟਾ ਕੇ ਜੇਕਰ ਕੋਈ ਹੋਵੇ<br>17-02-2021<br>ਸੰਕੇਤੱਕ ਕਬਜ਼ਾ | ਰ. 30,00,000/-<br>ਰ. 3,00,000/-<br>ਰ. 20,000/- |
| ਕੋਟ ਖਾਲਸਾ, ਅੰਮ੍ਰਿਤਸਰ<br>Property ID: PUNBIEA5655385<br>(7) ਸ਼੍ਰੀ ਕਸ਼ਮੀਰ ਸਿੰਘ ਪੁੱਤਰ ਮੋਹਨ ਸਿੰਘ (ਕਰਜ਼ਦਾਰ/ ਗਿਰਵੀਕਾਰ) ਅਤੇ ਸ਼੍ਰੀਮਤੀ ਮਨਦੀਪ ਕੌਰ ਪਤਨੀ ਸ਼੍ਰੀ ਕਸ਼ਮੀਰ ਸਿੰਘ (ਸਹਿ-ਕਰਜ਼ਦਾਰ), ਦੋਵੇਂ ਮਕਾਨ ਨੰ. 129 ਦੇ ਵਾਸੀ ਆਕਾਸ਼ ਐਵੇਨਿਊ, ਕੋਟ ਖਾਲਸਾ, ਨੇੜੇ ਇੰਦਰਾ ਕਲੋਨੀ, ਅੰਮ੍ਰਿਤਸਰ 143001 | ਇਸ 1/141 ਹਿੱਸੇ ਵਿੱਚੋਂ ਖਸਰਾ ਨੰਬਰ 24//6 (7-1) ਵਾਲੇ 100 ਵਰਗ ਗਜ਼ ਵਾਲੇ ਨਿੱਜੀ ਪਲਾਟ ਨੰਬਰ 129, ਜ਼ਮੀਨ ਅਤੇ ਇਮਾਰਤ ਦਾ ਬਰਾਬਰ ਗਿਰਵੀਨਾਮਾ ਭਾਵ 1 ਮਰਲਾ, ਖਸਰਾ ਨੰਬਰ 7/420 ਇਸ ਦੇ ਹਿੱਸੇ ਵਿੱਚੋਂ 24//5(7-0) ਯਾਨੀ 2. 1/3 ਮਰਲੇ, ਕੁੱਲ 3.1/3 ਮਰਲੇ, ਇੰਦਰਾ ਕਲੋਨੀ ਦੇ ਨੇੜੇ ਕੋਟ ਖਾਲਸਾ ਸਬ-ਅਰਬਨ, ਤਹਿਸੀਲ ਅਤੇ ਜ਼ਿਲ੍ਹਾ ਅੰਮ੍ਰਿਤਸਰ ਹੱਦਬਸਤ ਨੰ. 367 ਵਿਖੇ ਸਥਿਤ ਹੈ, ਸਾਲ 2014-15 ਲਈ ਜਮ੍ਹਾਂਬੰਦੀ ਅਨੁਸਾਰ ਸਬ-ਰਜਿਸਟਰਾਰ ਅੰਮ੍ਰਿਤਸਰ-2 ਨਾਲ ਰਜਿਸਟਰਡ ਵਾਸਿਕਾ ਨੰ. 15287, ਜ਼ਿਆਦ ਬਹੀ ਨੰ. 1, ਜਿਲਦ ਨੰ. 6603, ਪੰਨਾ ਨੰ. 3031 ਮਿਤੀ 25-02-2016, ਸ਼੍ਰੀ ਕਸ਼ਮੀਰ ਸਿੰਘ ਪੁੱਤਰ ਸ਼੍ਰੀ ਮੋਹਨ ਸਿੰਘ ਦੀ ਹੈ ਅਤੇ ਸੰਪੱਤੀ ਦੀ ਹੱਦਬੰਦੀ : ਪੂਰਬ : ਪਲਾਟ ਨੰ. 124-125, ਪੱਛਮ: ਰਸਤਾ 18 ਫੁੱਟ, ਉੱਤਰ: ਪਲਾਟ ਨੰ. 129 ਮਿਨ, ਦੱਖਣ: ਪਲਾਟ ਨੰ. 127-128 | 14-05-2024<br>ਰ. 25,70,489.69 ਮਿਤੀ 01-05-2024 ਨੂੰ + ਵਿਆਜ, ਹੋਰ ਖਰਚੇ ਅਤੇ ਵਸੂਲੀ ਘੱਟਾ ਕੇ, ਜੇਕਰ ਕੋਈ ਹੋਵੇ<br>10-01-2025<br>ਭੌਤਿਕ ਕਬਜ਼ਾ | ਰ. 21,15,000/-<br>ਰ. 2,11,500/-<br>ਰ. 20,000/- |
| ਕੋਟ ਮਿਟ ਸਿੰਘ, ਅੰਮ੍ਰਿਤਸਰ<br>Property ID: PUNB0ZNA25036390<br>(8) (i) ਮੈਸਰਜ਼ ਬੀ.ਐਮ ਟਰੇਡਿੰਗ ਕੰਪਨੀ (ਇਸਦੀ ਪ੍ਰੋਪਰਾਈਟਰ ਸ਼੍ਰੀਮਤੀ ਰੇਣੂ ਪਤਨੀ ਸ਼੍ਰੀ ਵਿਕਰਮਜੀਤ ਸਿੰਘ ਦੁਆਰਾ) # 148, ਮੰਡੀ ਭਗਤਾਂਵਾਲਾ, ਅੰਮ੍ਰਿਤਸਰ 143001 (ii) ਸ਼੍ਰੀਮਤੀ ਰੇਣੂ ਪਤਨੀ ਸ਼੍ਰੀ ਵਿਕਰਮਜੀਤ ਸਿੰਘ, (ਪ੍ਰੋਪਰਾਈਟਰ ਮੈਸਰਜ਼ ਬੀ. ਐਮ. ਟਰੇਡਿੰਗ), 15-ਏ, ਤਰਨਤਾਰਨ ਰੋਡ, ਸਰਬਜੀਤ ਨਗਰ, ਅੰਮ੍ਰਿਤਸਰ 143001 (iii) ਸ਼੍ਰੀ ਤਿਲਕ ਰਾਜ ਪੁੱਤਰ ਲਾਲ ਚੰਦ (ਜ਼ਾਮਨ/ਗਿਰਵੀਕਾਰ), ਮਕਾਨ ਨੰ. 88-ਏ, ਸ਼ਕਤੀ ਨਗਰ, ਅੰਮ੍ਰਿਤਸਰ 143001 (iv) ਵਿਕਰਮ ਜੀਤ ਪੁੱਤਰ ਬਚਨ ਲਾਲ, 15-ਏ, ਸਰਬਜੀਤ ਨਗਰ, ਤਰਨਤਾਰਨ ਰੋਡ, ਅੰਮ੍ਰਿਤਸਰ 143001 | ਰਿਹਾਇਸ਼ੀ ਘਰ ਜਿਸ ਵਿੱਚ ਪਲਾਟ ਨੰ. 88-ਏ, ਮਕਾਨ ਨੰ. 2185/V111, 135 ਵਰਗ ਗਜ਼ ਦਾ ਮਾਪ, ਸ਼ਕਤੀ ਨਗਰ ਚੌਕ, ਬਲੂਮਿੰਗ ਬਰਡਜ਼ ਸਕੂਲ ਦੇ ਨੇੜੇ, ਏਰੀਆ ਅਰਬਨ ਸਰਕਲ ਨੰ. 107, ਕਿਲਾ ਭੰਗੀਆਂ, ਅੰਮ੍ਰਿਤਸਰ ਵਿਖੇ ਸਥਿਤ, ਸ਼੍ਰੀ ਤਿਲਕ ਰਾਜ ਪੁੱਤਰ ਸ਼੍ਰੀ ਲਾਲ ਚੰਦ ਦੀ ਮਲਕੀਅਤ ਦਸਤਾਵੇਜ਼ ਨੰ. 983, ਕਿਤਾਬ ਨੰ. 1, ਭਾਗ ਨੰ. 10760, ਪੰਨਾ ਨੰ. 34 ਮਿਤੀ 29-04-2010 ਦੁਆਰਾ ਅਤੇ ਹੱਦਬੰਦੀ : ਪੂਰਬ : ਦੂਜਿਆਂ ਦੀ ਜਾਇਦਾਦ, ਪੱਛਮ: ਮਾਰਕੀਟ, ਉੱਤਰ: ਗਲੀ 15 ਫੁੱਟ ਚੌੜੀ, ਦੱਖਣ: ਗਲੀ | 17-06-2023<br>ਰ. 45,95,503.64 + ਵਿਆਜ, ਹੋਰ ਖਰਚੇ ਅਤੇ ਵਸੂਲੀ ਘੱਟਾ ਕੇ, ਜੇਕਰ ਕੋਈ ਹੋਵੇ<br>14-09-2023.<br>ਸੰਕੇਤੱਕ ਕਬਜ਼ਾ | ਰ. 67,00,000/-<br>ਰ. 6,70,000/-<br>ਰ. 50,000/- |
| ਹਨੂੰਮਾਨ ਚੌਕ, ਗੁਰਦਾਸਪੁਰ<br>Property ID: PUNB829500P32<br>(9) ਸ੍ਰੀ ਸੱਜਣ ਸਿੰਘ ਪੁੱਤਰ ਸ੍ਰੀ ਅਜੀਤ ਸਿੰਘ (ਕਰਜ਼ਦਾਰ) ਅਤੇ ਸ੍ਰੀ ਸੁਖਦੇਵ ਸਿੰਘ ਪੁੱਤਰ ਸ੍ਰੀ ਸੱਜਣ ਸਿੰਘ (ਸਹਿ-ਕਰਜ਼ਦਾਰ) ਦੋਵੇਂ ਮਕਾਨ ਨੰ. ਏ-60 SKS ਗ੍ਰੀਨ ਐਵੇਨਿਊ, ਗੁਰੂ ਹਰਸਹਾਏ ਸ਼ਾਮਲੀ, ਤਹਿਸੀਲ ਜਲਾਲਾਬਾਦ, ਫਿਰੋਜ਼ਪੁਰ, ਪੰਜਾਬ ਪਿਨਕੋਡ 152022 ਅਤੇ ਸ੍ਰੀ ਬਗੀਚਾ ਸਿੰਘ ਪੁੱਤਰ ਸ੍ਰੀ ਫੌਜਾ ਸਿੰਘ (ਜ਼ਾਮਨ), ਬਸਤੀ ਬੋਗੀ ਵਾਲਾ, ਮੋਹਨ ਕੇ ਉਤਾੜ ਫਿਰੋਜ਼ਪੁਰ, ਪੰਜਾਬ। ਪਿੰਨ ਕੋਡ: 152022 | 10 ਮਰਲਾ 6 ਸਰਸਾਈ ਵਾਲੇ ਪਲਾਟ ਨੰ.ਏ-60 ਦੇ ਖੇਤਰ ਵਾਲੀ ਜ਼ਮੀਨ 'ਤੇ ਜ਼ਮੀਨ ਅਤੇ ਇਮਾਰਤ ਦਾ ਬਰਾਬਰ ਗਿਰਵੀਨਾਮਾ ਮਾਪ 38' x 76'5" ਜਿਵੇਂ ਕਿ ਖੇਵਟ ਨੰਬਰ 2110, ਖਤੌਨੀ ਨੰਬਰ 2989, ਖਸਰਾ ਨੰਬਰ 166 ਮਰਲੇ/5 (8-0), 6/1 (3-12), 6/2 (4-8), 13/2 (5-12), 15/1 (5-2), 17 (8-0), 18/1/1 (0-6), 18/2/1 (5-6), 23/2 (3-5), 24/2/1 (4-16) ਵਿੱਚ ਸ਼ਾਮਲ ਹੈ। ਕੁੱਲ ਜ਼ਮੀਨ 48 ਕਨਾਲ 7 ਮਰਲੇ ਸ਼ੇਅਰ 81/8703 ਵਿੱਚੋਂ ਜੋ ਕਿ 9 ਮਰਲੇ ਵਿੱਚ ਆਉਂਦੀ ਹੈ, ਖੇਵਟ ਨੰਬਰ 240, ਖਤੌਨੀ ਨੰਬਰ 310, ਖਸਰਾ ਨੰਬਰ 166ਮਰਲੇ/14 (8-0) ਵਿੱਚ ਸ਼ਾਮਲ ਹੈ, ਕੁੱਲ ਜ਼ਮੀਨ 8 ਕਨਾਲ ਸ਼ੇਅਰ 9/1440 ਵਿੱਚੋਂ ਜੋ ਕਿ ਇਹ 1 ਮਰਲੇ ਵਿੱਚ ਆਉਂਦਾ ਹੈ ਅਤੇ ਖੇਵਟ ਨੰਬਰ 250, ਖਤੌਨੀ ਨੰਬਰ 325, ਖਸਰਾ ਨੰਬਰ 165ਮਰਲੇ/1/1 (1-0), 10/2 (1-0), 11/1(1-0) ਵਿੱਚ ਸ਼ਾਮਲ ਹੈ। ਕੁੱਲ ਜ਼ਮੀਨ 3 ਕਨਾਲ ਸ਼ੇਅਰ 6/540 ਵਿੱਚੋਂ ਜੋ ਕਿ 6 ਸਰਸਾਈ ਬਣਦੀ ਹੈ, ਮਿਤੀ 06-02-2014, ਵਾਸਿਕਾ ਨੰਬਰ 3831 ਅਨੁਸਾਰ, ਪਿੰਡ ਐਸ.ਕੇ.ਐਸ. ਗ੍ਰੀਨ ਐਵੇਨਿਊ ਗੁਰੂ ਹਰਸਹਾਏ ਸ਼ਾਮਲੀ, ਜ਼ਿਲ੍ਹਾ ਫਿਰੋਜ਼ਪੁਰ ਦੀ ਮਾਲੀਆ ਜਾਇਦਾਦ ਵਿੱਚ ਸਥਿਤ ਹੈ, ਸ਼੍ਰੀ ਸੱਜਣ ਸਿੰਘ ਪੁੱਤਰ ਸ਼੍ਰੀ ਅਜੀਤ ਸਿੰਘ ਦੇ ਨਾਮ 'ਤੇ। | 16-10-2023<br>ਰ. 36,97,540.15 + ਮਿਤੀ 01-04-2018 ਤੋਂ ਵਿਆਜ, ਹੋਰ ਖਰਚੇ ਅਤੇ ਵਸੂਲੀ ਘੱਟਾ ਕੇ, ਜੇਕਰ ਕੋਈ ਹੋਵੇ<br>13-09-2024<br>ਭੌਤਿਕ ਕਬਜ਼ਾ | ਰ. 27,14,000/-<br>ਰ. 2,71,400/-<br>ਰ. 20,000/- |
| ਪ੍ਰੇਮ ਨਗਰ, ਬਟਾਲਾ<br>Property ID: PUNB829500P29<br>(10) ਮੈਸ. ਲਲਿਤ ਸਵੀਟ ਸ਼ਾਪ (ਇਸ ਦੇ ਪ੍ਰੋ. ਸ਼੍ਰੀ ਲਲਿਤ ਮੋਹਨ ਪੁੱਤਰ ਸ਼੍ਰੀ ਕਸਤੂਰੀ ਲਾਲ ਪੁਰਾਣਾ ਬਜ਼ਾਰ, ਗੁਰਦਾਸਪੁਰ (ii) ਸ਼੍ਰੀ ਲਲਿਤ ਮੋਹਨ ਪੁੱਤਰ ਸ਼੍ਰੀ ਕਸਤੂਰੀ ਲਾਲ (ਮਾਲਕ), ਪੁਰਾਣਾ ਬਜ਼ਾਰ, ਗੁਰਦਾਸਪੁਰ (iii) ਸ਼੍ਰੀ ਇੰਦਰ ਮੋਹਨ ਪੁੱਤਰ ਕਸਤੂਰੀ ਲਾਲ (ਜ਼ਾਮਨ) ਪੁਰਾਣਾ ਬਜ਼ਾਰ, ਗੁਰਦਾਸਪੁਰ। | 140 ਵਰਗ ਫੁੱਟ ਦੀ ਵਪਾਰਕ ਇਮਾਰਤ ਜਿਸਦੇ ਮਾਪ 7x20 ਫੁੱਟ ਹਨ, ਲਲਿਤ ਮੋਹਨ ਅਤੇ ਇੰਦਰ ਮੋਹਨ ਦੀ ਮਲਕੀਅਤ ਹੈ, ਪੁਰਾਣਾ ਬਾਜ਼ਾਰ ਗੁਰਦਾਸਪੁਰ ਵਿਖੇ ਸਥਿਤ ਹੈ, ਟਾਈਟਲ ਡੀਡ ਨੰਬਰ 535 ਮਿਤੀ 03-05-2000, ਬਹੀ ਨੰਬਰ 1, ਜ਼ਿਲਦ ਨੰ. 3687, ਪੰਨਾ ਨੰ. 43 ਅਤੇ ਹੱਦਬੰਦੀ : ਉੱਤਰ: ਗਲੀ ਪੁਰਾਣਾ ਬਾਜ਼ਾਰ, ਦੱਖਣ ਵੱਲ: ਧੰਨਾ ਦੀ ਜਾਇਦਾਦ, ਪੂਰਬ ਵੱਲ: ਜੋਗਿੰਦਰ ਪਾਲ ਦੀ ਜਾਇਦਾਦ, ਪੱਛਮ ਵੱਲ: ਮੇਲਾ ਰਾਮ ਦੀ ਜਾਇਦਾਦ | 20-07-2023<br>ਰ. 36,01,773.93 + ਮਿਤੀ 01-01-2022 ਤੋਂ ਵਿਆਜ, ਹੋਰ ਖਰਚੇ ਅਤੇ ਵਸੂਲੀ ਘੱਟਾ ਕੇ, ਜੇਕਰ ਕੋਈ ਹੋਵੇ<br>27-08-2024<br>ਭੌਤਿਕ ਕਬਜ਼ਾ | ਰ. 15,30,000/-<br>ਰ. 1,53,000/-<br>ਰ. 20,000/- |
| ਹਨੂੰਮਾਨ ਚੌਕ (ਈ-ਓਬੀਸੀ) ਗੁਰਦਾਸਪੁਰ<br>Property Id : PUNB829500P54<br>(11) ਮੈਸਰਜ਼ ਐਚ.ਐਸ. ਟ੍ਰੇਡਰਜ਼ (ਪ੍ਰੋਪਰਾਈਟਰ ਸ਼੍ਰੀਮਤੀ ਹਰਦੀਸ਼ ਕੌਰ ਪਤਨੀ ਸ਼੍ਰੀ ਰਣਜੀਤ ਸਿੰਘ, ਪਿੰਡ ਵਾਰਸੋਲਾ, ਡਾਕਖਾਨਾ ਚੋਰ ਸਿੱਧਵਾਂ, ਗੁਰਦਾਸਪੁਰ 143521 (ii) ਸ਼੍ਰੀਮਤੀ ਹਰਦੀਸ਼ ਕੌਰ ਪਤਨੀ ਰਣਜੀਤ ਸਿੰਘ ਗਲੀ ਐਚਪੀ ਪੈਟਰੋਲ ਪੰਪ ਦੇ ਸਾਹਮਣੇ, ਡੇਰਾ ਰੋਡ, ਰਕਬਾ ਨਬੀਪੁਰ, ਗੁਰਦਾਸਪੁਰ 143521 | ਰਿਹਾਇਸ਼ੀ ਜਾਇਦਾਦ ਜਿਸਦੀ ਕੁੱਲ ਜ਼ਮੀਨ ਦਾ 15 ਮਰਲੇ (ਕਰਮ 5.5 ਫੁੱਟ) ਹੈ, ਭਾਵ 17 ਕਨਾਲ ਦੀ ਕੁੱਲ ਜ਼ਮੀਨ ਦਾ 15/340 ਹਿੱਸਾ ਜਿਸ ਵਿੱਚ ਖਸਰਾ ਨੰਬਰ 18ਆਰ/14 (7-9), 15 (7-11), 26 (1-0), 27 (1-0), ਹੱਦਬਸਤ ਨੰਬਰ 339, ਖੇਵਟ ਨੰਬਰ 19, ਖਤੌਨੀ ਨੰਬਰ 24, ਰਕਬਾ ਨਬੀਪੁਰ, ਐਚਪੀ ਪੈਟਰੋਲ ਪੰਪ ਦੇ ਸਾਹਮਣੇ, ਡੇਰਾ ਰੋਡ, ਤਹਿਸੀਲ ਅਤੇ ਜ਼ਿਲ੍ਹਾ ਗੁਰਦਾਸਪੁਰ ਵਿਖੇ ਸਥਿਤ ਹੈ। ਵਿਕਰੀ ਡੀਡ ਨੰਬਰ 6158 ਮਿਤੀ 28-03-2011, ਸ਼੍ਰੀਮਤੀ ਹਰਦੀਸ਼ ਕੌਰ ਪਤਨੀ ਸ਼੍ਰੀ ਰਣਜੀਤ ਸਿੰਘ ਦੇ ਨਾਮ 'ਤੇ ਹੈ ਅਤੇ ਹੱਦਬੰਦੀ: ਉੱਤਰ: ਦਲਬੀਰ ਸਿੰਘ ਦਾ ਮਕਾਨ, ਦੱਖਣ ਵੱਲ: ਗੋਪਾਲ ਸਿੰਘ ਦਾ ਮਕਾਨ, ਪੂਰਬ: ਗਲੀ, ਪੱਛਮ: ਸਰਦੂਲ ਦਾ ਮਕਾਨ | 20-07-2023<br>ਰ. 61,94,747/- ਮਿਤੀ 31-12-2017 ਨੂੰ + ਮਿਤੀ 01-01-2018 ਤੋਂ ਵਿਆਜ, ਹੋਰ ਖਰਚੇ ਅਤੇ ਵਸੂਲੀ ਘੱਟਾ ਕੇ, ਜੇਕਰ ਕੋਈ ਹੋਵੇ<br>05-10-2023<br>ਸੰਕੇਤੱਕ ਕਬਜ਼ਾ | ਰ. 37,45,000/-<br>ਰ. 3,74,500/-<br>ਰ. 20,000/- |

**ਸਰਫਾਇਸੀ ਐਕਟ 2002 ਦੇ ਸੁਰੱਖਿਆ ਵਿਆਜ (ਲਾਗੂਕਰਨ) ਨਿਯਮ 2002 ਦੇ ਨਿਯਮ 6 ਅਤੇ 9 ਨਾਲ ਪੜ੍ਹੇ ਜਾਣ ਵਾਲੇ ਨਿਯਮ 6 (2) ਅਤੇ 8 (6) ਦੇ ਅਧੀਨ ਆਮ ਜਨਤਾ ਵਾਸਤੇ 15 ਰੋਜ਼ਾ ਵਿਧਾਨਿਕ ਵਿਕਰੀ ਸੂਚਨਾ**

1. ਵਿਕਰੀ ਸੁਰੱਖਿਆ ਹਿੱਤ (ਲਾਗੂਕਰਨ) ਨਿਯਮ 2002 ਵਿੱਚ ਨਿਰਧਾਰਤ ਨਿਯਮਾਂ ਅਤੇ ਸ਼ਰਤਾਂ ਅਤੇ ਹੇਠ ਲਿਖੀਆਂ ਹੋਰ ਸ਼ਰਤਾਂ ਦੇ ਅਧੀਨ ਹੋਵੇਗੀ। 2. ਜਾਇਦਾਦਾਂ ਨੂੰ "ਜਿਵੇਂ ਹੈ ਜਿੱਥੇ ਹੈ" ਦੇ ਆਧਾਰ 'ਤੇ ਅਤੇ "ਜਿਵੇਂ ਹੈ ਜੋ ਹੈ ਦੇ ਆਧਾਰ 'ਤੇ" ਅਤੇ "ਜਿਵੇਂ ਹੈ ਉੱਥੇ ਹੈ ਦੇ ਆਧਾਰ 'ਤੇ" ਵੇਚਿਆ ਜਾ ਰਿਹਾ ਹੈ। 3. ਉੱਪਰ ਦਿੱਤੇ ਅਨੁਸੂਚੀ ਵਿੱਚ ਦਰਸਾਏ ਗਏ ਸੁਰੱਖਿਅਤ ਸੰਪਤੀਆਂ ਦੇ ਵੇਰਵੇ ਅਧਿਕਾਰਤ ਅਧਿਕਾਰੀ ਦੀ ਸਭ ਤੋਂ ਵਧੀਆ ਜਾਣਕਾਰੀ ਅਨੁਸਾਰ ਦੱਸੇ ਗਏ ਹਨ, ਪਰ ਅਧਿਕਾਰਤ ਅਧਿਕਾਰੀ ਇਸ ਘੋਸ਼ਣਾ ਵਿੱਚ ਕਿਸੇ ਵੀ ਗਲਤੀ, ਗਲਤ ਬਿਆਨੀ ਜਾਂ ਭੁੱਲ ਲਈ ਜਵਾਬਦੇਹ ਨਹੀਂ ਹੋਵੇਗਾ। 4. ਜਾਇਦਾਦ/ਜ਼ਿੰਮੇਵਾਰੀਆਂ ਉੱਤੇ ਕੋਈ ਵੀ ਬੋਝ ਬੈਂਕ/ਸੁਰੱਖਿਅਤ ਲੈਣਦਾਰ ਨੂੰ ਨਹੀਂ ਪਤਾ ਹੈ। ਅਧਿਕਾਰਤ ਅਧਿਕਾਰੀ ਜਾਂ ਬੈਂਕ ਨਿਲਾਮ ਕੀਤੀਆਂ ਜਾਇਦਾਦਾਂ ਦੇ ਸੰਬੰਧ ਵਿੱਚ ਸਰਕਾਰ ਜਾਂ ਕਿਸੇ ਹੋਰ ਨੂੰ ਕਿਸੇ ਵੀ ਚਾਰਜ, ਲੀਅਨ, ਬੋਝ ਜਾਂ ਕਿਸੇ ਹੋਰ ਬਕਾਏ ਲਈ ਜ਼ਿੰਮੇਵਾਰ ਨਹੀਂ ਹੋਵੇਗਾ। 5. ਇੱਛੁਕ ਬੋਲੀਕਾਰ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਜਾਇਦਾਦ 'ਤੇ ਹੋਣ ਵਾਲੇ ਬੋਝਾਂ ਬਾਰੇ ਆਪਣੀ ਸੁਤੰਤਰ ਪੁੱਛਗਿੱਛ ਕਰੇ ਜਿਸ ਵਿੱਚ ਕਾਨੂੰਨੀ ਦੇਣਦਾਰੀਆਂ ਦੇ ਬਕਾਏ, ਜਾਇਦਾਦ ਟੈਕਸ, ਬਿਜਲੀ ਦੇ ਬਕਾਏ, ਕਿਸੇ ਵੀ ਵਿਭਾਗ ਤੋਂ ਐਨਓਸੀ ਆਦਿ ਸ਼ਾਮਲ ਹਨ। ਬਿਜਲੀ, ਘਰ ਟੈਕਸ ਆਦਿ ਲਈ ਬਕਾਇਆ ਖਰਚੇ/ਬਿੱਲ ਨਿਲਾਮੀ ਖਰੀਦਦਾਰ ਦੁਆਰਾ ਸਹਿਣ ਕੀਤੇ ਜਾਣਗੇ। 6. ਸੁਰੱਖਿਅਤ ਲੈਣਦਾਰ ਕਿਸੇ ਵੀ ਤਰ੍ਹਾਂ ਵੇਚੀ ਜਾ ਰਹੀ ਜਾਇਦਾਦ/ਵਸਤੂਆਂ ਦੀ ਤੰਦਰੁਸਤੀ ਜਾਂ ਗੁਣਵੱਤਾ ਜਾਂ ਦੇਣਦਾਰੀ ਦੀ ਗਰੰਟੀ ਨਹੀਂ ਦਿੰਦਾ ਹੈ। 7. ਵਿਕਰੀ ਵੈੱਬਸਾਈਟ https://baanknet.com 'ਤੇ ਪ੍ਰਦਾਨ ਕੀਤੇ ਗਏ ਈ-ਨਿਲਾਮੀ ਪਲੇਟਫਾਰਮ ਰਾਹੀਂ 30.07.2025 ਨੂੰ ਸਵੇਰੇ 11:00 ਵਜੇ ਤੋਂ ਸ਼ਾਮ 04:00 ਵਜੇ ਤੱਕ ਕਾਲਮ ਨੰਬਰ 6 ਵਿੱਚ ਦਿੱਤੇ ਗਏ ਸਮੇਂ ਅਨੁਸਾਰ ਕੀਤੀ ਜਾਵੇਗੀ। **ਵਿਕਰੀ ਦੇ ਵਿਸਤ੍ਰਿਤ ਨਿਯਮਾਂ ਅਤੇ ਸ਼ਰਤਾਂ ਲਈ, ਕਿਰਪਾ ਕਰਕੇ https://baanknet.com, https://eprocure.gov.in/epublish/app ਅਤੇ www.pnbindia.in ਵੇਖੋ। 8. ਰਿਜ਼ਰਵ ਕੀਮਤ ਤੋਂ ਵੱਧ, ਘੱਟੋ-ਘੱਟ ਇੱਕ ਬੋਲੀ ਦੀ ਰਕਮ ਲਾਜ਼ਮੀ ਹੈ।**

ਮਿਤੀ : 1-07-2025 ਸਥਾਨ : ਅੰਮ੍ਰਿਤਸਰ ਅਧਿਕਾਰਤ ਅਧਿਕਾਰੀ, ਪੰਜਾਬ ਨੈਸ਼ਨਲ ਬੈਂਕ

# ਜੰਮੂ ਅਤੇ ਕਸ਼ਮੀਰ ਦੇ ਉਪ ਰਾਜਪਾਲ ਮਨੋਜ ਸਿਨਹਾ ਵਲੋਂ ਡੀਬੀਯੂ ਦੇ ਪ੍ਰੈਜ਼ੀਡੈਂਟ ਡਾ. ਸੰਦੀਪ ਸਿੰਘ ਦਾ ਸਨਮਾਨ




ਮੰਡੀ ਗੋਬਿੰਦਗੜ੍ਹ, 1 ਜੁਲਾਈ (ਅੰਮ੍ਰਿਤਪਾਲ ਸਿੰਘ) :ਜੰਮੂ ਅਤੇ ਕਸ਼ਮੀਰ ਦੇ ਲੈਫਟੀਨੈਂਟ ਗਵਰਨਰ ਸ਼੍ਰੀ ਮਨੋਜ ਸਿਨਹਾ ਨੇ ਦੇਸ਼ ਭਗਤ ਯੂਨੀਵਰਸਿਟੀ ਦੇ ਪ੍ਰੈਜ਼ੀਡੈਂਟ ਡਾ. ਸੰਦੀਪ ਸਿੰਘ ਨੂੰ ਉਨ੍ਹਾਂ ਦੇ ਸਿੱਖਿਆ ਅਤੇ ਯੁਵਾ ਸਸ਼ਕਤੀਕਰਨ ਵਿੱਚ ਪਾਏ ਵਡਮੁੱਲੇ ਯੋਗਦਾਨ ਲਈ ਸਨਮਾਨਿਤ ਕੀਤਾ। ਇਹ ਸਨਮਾਨ ਜੰਮੂ ਵਿੱਚ ਕਰਵਾਏ ਇਕ ਮੈਗਾ ਨੌਕਰੀ ਮੇਲਾ-2025 ਦੌਰਾਨ ਕੀਤਾ ਗਿਆ।ਇਹ ਪ੍ਰੋਗਰਾਮ, ਦੇਸ਼ ਭਗਤ ਯੂਨੀਵਰਸਿਟੀ ਅਤੇ ਜੰਮੂ ਦੀ ਕਲੱਸਟਰ ਯੂਨੀਵਰਸਿਟੀ ਦੇ ਵਿਚਕਾਰ ਇੱਕ ਸਹਿਯੋਗੀ ਪਹਿਲਕਦਮੀ ਸੀ, ਨੂੰ ਖੇਤਰ ਭਰ ਦੇ ਵਿਦਿਆਰਥੀਆਂ ਅਤੇ ਨੌਕਰੀ ਲੱਭਣ ਵਾਲਿਆਂ ਵੱਲੋਂ ਭਰਵਾਂ ਹੁੰਗਾਰਾ ਮਿਲਿਆ। ਇਸ ਮੌਕੇ ਮੁੱਖ ਮਹਿਮਾਨ ਵਜੋਂ ਸ਼੍ਰੀ ਮਨੋਜ ਸਿਨਹਾ ਨੇ ਸ਼ਿਰਕਤ ਕੀਤੀ ਅਤੇ ਦੇਸ਼ ਭਗਤ ਯੂਨੀਵਰਸਿਟੀ ਦੀ ਇਸ ਇਤਿਹਾਸਕ ਪਹਿਲਕਦਮੀ ਦੀ ਸ਼ਲਾਘਾ ਕੀਤੀ, ਜਿਸਦਾ ਉਦੇਸ਼ ਸਿਖਰਲੇ ਉਦਯੋਗ ਮਾਲਕਾਂ ਨਾਲ ਸਿੱਧੇ ਸੰਪਰਕ ਰਾਹੀਂ ਨੌਜਵਾਨਾਂ ਨੂੰ ਸਸ਼ਕਤ ਬਣਾਉਣਾ ਹੈ।ਇਸ ਵੱਡੇ ਪੱਧਰ 'ਤੇ ਭਰਤੀ ਪਹਿਲਕਦਮੀ ਨੇ ਵਿਦਿਆਰਥੀਆਂ ਅਤੇ ਨੌਕਰੀ ਲੱਭਣ ਵਾਲਿਆਂ ਨੂੰ ਚੋਟੀ ਦੇ ਉਦਯੋਗ ਮਾਲਕਾਂ ਨਾਲ ਜੁੜਨ ਅਤੇ ਅਰਥਪੂਰਨ ਕਰੀਅਰ ਮਾਰਗਾਂ ਦੀ ਪੜਚੋਲ ਕਰਨ ਲਈ ਇੱਕ ਵਿਲੱਖਣ ਪਲੇਟਫਾਰਮ ਪ੍ਰਦਾਨ ਕੀਤਾ।

ਆਪਣੇ ਮੁੱਖ ਭਾਸ਼ਣ ਵਿੱਚ ਲੈਫਟੀਨੈਂਟ ਗਵਰਨਰ ਸ਼੍ਰੀ ਮਨੋਜ ਸਿਨਹਾ ਨੇ ਦੇਸ਼ ਭਗਤ ਯੂਨੀਵਰਸਿਟੀ ਦੀ ਯੁਵਾ ਵਿਕਾਸ ਪ੍ਰਤੀ ਅਟੁੱਟ ਵਚਨਬੱਧਤਾ ਦੀ ਸ਼ਲਾਘਾ ਕੀਤੀ ਅਤੇ ਖੇਤਰ ਦੀਆਂ ਰੁਜ਼ਗਾਰ ਚੁਣੌਤੀਆਂ ਨੂੰ ਹੱਲ ਕਰਨ ਵਿੱਚ ਸਰਗਰਮ ਭੂਮਿਕਾ ਨਿਭਾਉਣ ਲਈ ਯੂਨੀਵਰਸਿਟੀ ਦੀ ਸਰਾਹਨਾ ਕੀਤੀ। ਉਨ੍ਹਾਂ ਕਿਹਾ ਕਿ ਅਜਿਹੇ ਨੌਕਰੀ ਮੇਲੇ ਸਿੱਖਿਆ ਅਤੇ ਰੁਜ਼ਗਾਰ ਵਿਚਕਾਰ ਇੱਕ ਪੁਲ ਦਾ ਕੰਮ ਕਰਦੇ ਹਨ। ਉਨ੍ਹਾਂ ਕਿਹਾ ਕਿ ਉਹ ਇਸ ਸ਼ਲਾਘਾਯੋਗ ਪਹਿਲਕਦਮੀ ਲਈ ਦੇਸ਼ ਭਗਤ ਯੂਨੀਵਰਸਿਟੀ ਦੇ ਪ੍ਰੈਜ਼ੀਡੈਂਟ ਡਾ. ਸੰਦੀਪ ਸਿੰਘ ਅਤੇ ਉਨ੍ਹਾਂ ਦੀ ਟੀਮ ਦੀ ਦਿਲੋਂ ਕਦਰ ਕਰਦੇ ਹਨ।ਇਸ ਦੌਰਾਨ ਡਾ. ਸੰਦੀਪ ਸਿੰਘ ਨੇ ਸਨਮਾਨ ਪ੍ਰਾਪਤ ਕਰਦੇ ਹੋਏ, ਆਪਣਾ ਧੰਨਵਾਦ ਪ੍ਰਗਟ ਕੀਤਾ ਅਤੇ ਦੇਸ਼ ਭਗਤ ਯੂਨੀਵਰਸਿਟੀ ਦੇ ਹੁਨਰ ਵਿਕਾਸ, ਰੁਜ਼ਗਾਰਯੋਗਤਾ ਅਤੇ ਸਮਾਵੇਸ਼ੀ ਵਿਕਾਸ ਦੇ ਰਾਸ਼ਟਰੀ ਟੀਚਿਆਂ ਨਾਲ ਮੇਲ ਖਾਂਦੇ ਹੋਰ ਅਜਿਹੇ ਸਮਾਗਮਾਂ ਦੇ ਆਯੋਜਨ ਲਈ ਸਮਰਪਣ ਦੀ ਪੁਸ਼ਟੀ ਕੀਤੀ।

ਇਸ ਮੌਕੇ ਬੋਲਦਿਆਂ ਡਾ. ਸੰਦੀਪ ਸਿੰਘ ਨੇ ਕਿਹਾ ਕਿ ਇਹ ਮਾਨਤਾ ਸਮੁੱਚੇ ਵਿਦਿਆਰਥੀ ਵਿਕਾਸ ਪ੍ਰਤੀ ਉਨ੍ਹਾਂ ਦੇ ਸਮਰਪਣ ਅਤੇ ਰਾਸ਼ਟਰੀ ਤਰੱਕੀ ਪ੍ਰਤੀ ਉਨ੍ਹਾਂ ਦੀ ਜ਼ਿੰਮੇਵਾਰੀ ਦਾ ਪ੍ਰਮਾਣ ਹੈ।ਦੇਸ਼ ਭਗਤ ਯੂਨੀਵਰਸਿਟੀ ਦੇ ਚਾਂਸਲਰ ਡਾ. ਜ਼ੋਰਾ ਸਿੰਘ, ਪ੍ਰੋ.-ਚਾਂਸਲਰ ਡਾ. ਤਜਿੰਦਰ ਕੌਰ ਅਤੇ ਵਾਈਸ ਚਾਂਸਲਰ ਡਾ. ਹਰਸ਼ ਸਦਾਵਰਤੀ ਨੇ ਯੂਨੀਵਰਸਿਟੀ ਦੀ ਇਸ ਸ਼ਾਨਦਾਰ ਪ੍ਰਾਪਤੀ ਲਈ ਦਿਲੋਂ ਵਧਾਈ ਦਿੱਤੀ ਅਤੇ ਟੀਮ ਦੀ ਸ਼ਲਾਘਾ ਕੀਤੀ।

# ਸਰਕਾਰ ਦੀਆਂ ਵਿੱਤੀ ਸਮਾਵੇਸ਼ ਯੋਜਨਾਵਾਂ ਦੀ ਸੰਤ੍ਰਿਪਤਤਾ ਮੁਹਿੰਮ ਤਹਿਤ ਰਾਜ ਪੱਧਰੀ ਕੈਂਪ

ਫਤਹਿਗੜ੍ਹ ਸਾਹਿਬ, 1 ਜੁਲਾਈ (ਚ.ਨ.ਸ.) : ਭਾਰਤ ਸਰਕਾਰ ਦੀ 01.07.2025 ਤੋਂ 30.09.2025 ਤੱਕ ਸਾਰੇ ਜ਼ਿਲ੍ਹਿਆਂ ਵਿੱਚ ਗ੍ਰਾਮ ਪੰਚਾਇਤ ਪੱਧਰ 'ਤੇ ਵਿੱਤੀ ਸਮਾਵੇਸ਼ ਯੋਜਨਾਵਾਂ ਦੀ ਸੰਤ੍ਰਿਪਤਤਾ ਮੁਹਿੰਮ ਦੇ ਤਹਿਤ, ਪੰਜਾਬ ਦਾ ਰਾਜ ਪੱਧਰੀ ਕੈਂਪ ਜ਼ਿਲ੍ਹਾ ਫਤਹਿਗੜ੍ਹ ਸਾਹਿਬ ਦੇ ਪਿੰਡ ਮਹਾਦੀਆਂ ਵਿਖੇ ਲਖਬੀਰ ਸਿੰਘ ਰਾਏ, ਵਿਧਾਇਕ - ਫਤਹਿਗੜ੍ਹ ਸਾਹਿਬ ਦੀ ਪ੍ਰਧਾਨਗੀ ਹੇਠ ਆਯੋਜਿਤ ਕੀਤਾ ਗਿਆ। ਪੰਜਾਬ ਨੈਸ਼ਨਲ ਬੈਂਕ ਸਟੇਟ ਲੈਵਲ ਬੈਂਕਰਜ਼ ਕਮੇਟੀ - ਪੰਜਾਬ ਤੋਂ ਡਿਪਟੀ ਜਨਰਲ ਮੈਨੇਜਰ ਰਾਮਕਿਸ਼ੋਰ ਮੀਨਾ ਅਤੇ ਨਿਤਿਨ ਸੈਣੀ ਨੇ ਹਿੱਸਾ ਲਿਆ। ਉਨ੍ਹਾਂ ਦੱਸਿਆ ਕਿ ਇਸ ਮੁਹਿੰਮ ਨੂੰ ਸਫਲ ਬਣਾਉਣ ਲਈ 24 ਜੂਨ 2025 ਨੂੰ ਰਾਜ ਪੱਧਰੀ ਬੈਂਕਰਜ਼ ਕਮੇਟੀ ਦੀ ਇੱਕ ਵਿਸ਼ੇਸ਼ ਮੀਟਿੰਗ ਦਾ ਆਯੋਜਨ ਕਰਕੇ ਸਾਰੇ ਬੈਂਕਾਂ ਨੂੰ ਜ਼ਰੂਰੀ ਜਾਣਕਾਰੀ ਦਿੱਤੀ ਗਈ ਹੈ। ਲੀਡਿੰਗ ਬੈਂਕ ਮੈਨੇਜਰ ਸ਼੍ਰੀ ਮੁਕੇਸ਼ ਕੁਮਾਰ ਸੈਣੀ ਅਤੇ ਸ਼੍ਰੀਮਤੀ ਸੁਮਨ ਸਹੋਤਾ - ਬ੍ਰਾਂਚ ਮੈਨੇਜਰ (ਡੀਸੀ ਕੰਪਲੈਕਸ) ਨੇ ਕੈਂਪ ਦਾ ਆਯੋਜਨ ਕੀਤਾ। ਜਿਸ ਵਿੱਚ ਮਹਾਦੀਆਂ ਗ੍ਰਾਮ ਪੰਚਾਇਤ ਅਤੇ ਹੋਰ ਨੇੜਲੀਆਂ ਪੰਚਾਇਤਾਂ ਦੇ 300 ਤੋਂ ਵੱਧ ਲੋਕਾਂ ਨੇ ਕੈਂਪ ਵਿੱਚ ਹਿੱਸਾ ਲਿਆ। ਸਟੇਟ ਲੈਵਲ ਬੈਂਕਰਜ਼ ਕਮੇਟੀ - ਪੰਜਾਬ ਦੇ ਡਿਪਟੀ ਜਨਰਲ ਮੈਨੇਜਰ, ਸ਼੍ਰੀ ਆਰ.ਕੇ. ਮੀਨਾ ਨੇ ਪੇਂਡੂ ਲੋਕਾਂ ਨੂੰ ਸਰਕਾਰ ਦੀ ਇਸ ਮੁਹਿੰਮ ਅਧੀਨ ਆਉਣ ਵਾਲੀਆਂ ਯੋਜਨਾਵਾਂ ਜਿਵੇਂ ਕਿ ਪ੍ਰਧਾਨ ਮੰਤਰੀ ਸੁਰੱਖਿਆ ਬੀਮਾ ਯੋਜਨਾ, ਪ੍ਰਧਾਨ ਮੰਤਰੀ ਜੀਵਨ ਜੋਤੀ ਬੀਮਾ ਯੋਜਨਾ, ਅਟਲ ਪੈਨਸ਼ਨ ਯੋਜਨਾ ਅਤੇ ਜਨ ਧਨ ਖਾਤਿਆਂ ਬਾਰੇ ਵਿਸਥਾਰ ਵਿੱਚ ਦੱਸਿਆ। ਇਸ ਦੇ ਨਾਲ ਹੀ ਲੋਕਾਂ ਨੂੰ ਸਾਈਬਰ ਅਪਰਾਧ ਅਤੇ ਧੋਖਾਧੜੀ ਤੋਂ ਬਚਣ ਲਈ ਜਾਣਕਾਰੀ ਦਿੱਤੀ ਗਈ। ਦਿਨੋਂ-ਦਿਨ ਵੱਧ ਰਹੀਆਂ ਇਨ੍ਹਾਂ ਘਟਨਾਵਾਂ ਤੋਂ ਆਪਣੇ ਆਪ ਨੂੰ ਕਿਵੇਂ ਬਚਾਇਆ ਜਾਵੇ। ਆਪਣੇ ਖਾਤੇ, ਆਧਾਰ ਕਾਰਡ, ਪਾਸਵਰਡ ਅਤੇ ਏਟੀਐਮ ਨਾਲ ਸਬੰਧਤ ਜਾਣਕਾਰੀ ਕਿਸੇ ਨਾਲ ਸਾਂਝੀ ਨਾ ਕਰੋ। ਸਟੇਟ ਬੈਂਕ ਆਫ਼ ਇੰਡੀਆ ਦੇ ਖੇਤਰੀ ਮੈਨੇਜਰ, ਸ਼੍ਰੀ ਰਮਨ ਕੁਕਰੇਤੀ ਨੇ ਕੈਂਪ ਵਿੱਚ ਆਏ ਲੋਕਾਂ ਨੂੰ ਸਿਰਫ 20 ਰੁਪਏ ਪ੍ਰਤੀ ਸਾਲ ਦੇ ਪ੍ਰੀਮੀਅਮ ਤੇ 2 ਲੱਖ ਦਾ ਬੀਮਾ ਕਰਵਾਉਣ ਲਈ ਪ੍ਰੇਰਿਤ ਕੀਤਾ। ਅਟਲ ਪੈਨਸ਼ਨ ਯੋਜਨਾ ਤਹਿਤ ਆਮ ਲੋਕਾਂ, ਛੋਟੇ ਦੁਕਾਨਦਾਰਾਂ ਅਤੇ ਕਾਰੋਬਾਰੀਆਂ ਨੂੰ ਪੈਨਸ਼ਨ ਦਾ ਲਾਭ ਲੈਣ ਲਈ ਪੂਰੀ ਜਾਣਕਾਰੀ ਦਿੱਤੀ ਗਈ। ਵਿਧਾਇਕ ਲਖਬੀਰ ਸਿੰਘ ਰਾਏ ਨੇ ਲੋਕਾਂ ਨੂੰ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਯੋਜਨਾਵਾਂ ਦਾ ਲਾਭ ਉਠਾਉਣ ਦੀ ਅਪੀਲ ਕੀਤੀ।




# ਆਰਥੋਗ੍ਰਿਟ ਨਾਲ ਗਠੀਏ ਦਾ ਇਲਾਜ ਸੰਭਵ ਆਯੁਰਵੇਦ ਹਰ ਬਿਮਾਰੀ ਦੇ ਮੂਲ ਕਾਰਨ ਦੀ ਪਛਾਣ ਕਰਦੈ ਅਤੇ ਇਸਦਾ ਹੱਲ ਪੇਸ਼ ਕਰਦੈ : ਆਚਾਰੀਆ ਬਾਲਕ੍ਰਿਸ਼ਨ

ਰਾਸ਼ਟਰੀ/ਹਰਿਦੁਆਰ, 1 ਜੁਲਾਈ (ਚ.ਨ.ਸ.) : ਪਤੰਜਲੀ ਦੇ ਵਿਗਿਆਨੀਆਂ ਨੇ ਜੋੜਾਂ ਦੇ ਦਰਦ ਯਾਨੀ ਗਠੀਏ ਜਾਂ ਗਠੀਆ, ਜਿਸਨੂੰ ਗਠੀਆ ਵੀ ਕਿਹਾ ਜਾਂਦਾ ਹੈ, ਦੇ ਇਲਾਜ ਵਿੱਚ ਸ਼ਾਨਦਾਰ ਸਫਲਤਾ ਪ੍ਰਾਪਤ ਕੀਤੀ ਹੈ। ਆਯੁਰਵੇਦ ਅਧਾਰਤ ਦਵਾਈ ਆਰਥੋਗ੍ਰਿਟ 'ਤੇ ਕੀਤੀ ਗਈ ਪਤੰਜਲੀ ਦੀ ਇਹ ਨਵੀਂ ਖੋਜ ਅੰਤਰਰਾਸ਼ਟਰੀ ਖੋਜ ਜਰਨਲ ਫਾਰਮਾਕੋਲੋਜੀਕਲ ਰਿਸਰਚ - ਰਿਪੋਰਟਸ ਆਫ਼ ਐਲਸੇਵੀਅਰ ਪ੍ਰਕਾਸ਼ਨ ਵਿੱਚ ਪ੍ਰਕਾਸ਼ਤ ਹੋਈ ਹੈ। ਇਹ ਅਧਿਐਨ ਦਰਸਾਉਂਦਾ ਹੈ ਕਿ ਆਰਥੋਗ੍ਰਿਟ ਗਠੀਏ ਕਾਰਨ ਹੋਣ ਵਾਲੀ ਸੋਜਸ਼ ਨੂੰ ਘਟਾਉਣ, ਕਾਰਟੀਲੇਜ ਦੇ ਘਿਸਣ ਨੂੰ ਰੋਕਣ ਅਤੇ ਜੋੜਾਂ ਦੀ ਕਾਰਜਸ਼ੀਲਤਾ ਨੂੰ ਬਣਾਈ ਰੱਖਣ ਵਿੱਚ ਪ੍ਰਭਾਵਸ਼ਾਲੀ ਹੈ।ਇਸ ਮੌਕੇ 'ਤੇ, ਆਚਾਰੀਆ ਬਾਲਕ੍ਰਿਸ਼ਨ ਨੇ ਕਿਹਾ ਕਿ ਅੱਜ ਦੇ ਸਮੇਂ ਵਿੱਚ ਸ਼ਾਇਦ ਹੀ ਕੋਈ ਬਜ਼ੁਰਗ ਵਿਅਕਤੀ ਹੋਵੇਗਾ ਜੋ ਗੋਡਿਆਂ ਦੇ ਦਰਦ ਤੋਂ ਪੀੜਤ ਨਾ ਹੋਵੇ। ਮੌਜੂਦਾ ਡਾਕਟਰੀ ਤਰੀਕੇ ਸਿਰਫ ਲੱਛਣਾਂ 'ਤੇ ਕੰਮ ਕਰਦੇ ਹਨ, ਜੜ੍ਹ 'ਤੇ ਨਹੀਂ। ਆਯੁਰਵੇਦ ਹਰ ਬਿਮਾਰੀ ਦੇ ਮੂਲ ਕਾਰਨ ਦੀ ਪਛਾਣ ਕਰਦਾ ਹੈ ਅਤੇ ਇਸਦਾ ਹੱਲ ਪੇਸ਼ ਕਰਦਾ ਹੈ। ਆਰਥੋਗ੍ਰਿਟ ਇਸ ਆਯੁਰਵੇਦ ਅਤੇ ਆਧੁਨਿਕ ਵਿਗਿਆਨ ਦਾ ਸੰਗਮ ਹੈ, ਜਿਸ ਵਿੱਚ ਗਠੀਏ ਵਰਗੀ ਲਾਇਲਾਜ ਮੰਨੀ ਜਾਂਦੀ ਬਿਮਾਰੀ ਨੂੰ ਵੀ ਮੂਲ ਰੂਪ ਵਿੱਚ ਖਤਮ ਕਰਨ ਦੀ ਸਮਰੱਥਾ ਹੈ।ਪਤੰਜਲੀ ਖੋਜ ਸੰਸਥਾ ਦੇ ਸੀਨੀਅਰ ਵਿਗਿਆਨੀ ਡਾ. ਅਨੁਰਾਗ ਵਰਸ਼ਣੇ ਨੇ ਇਸ ਮੌਕੇ 'ਤੇ ਕਿਹਾ ਕਿ ਗਠੀਆ ਇੱਕ ਪੁਰਾਣੀ ਬਿਮਾਰੀ ਹੈ ਜੋ ਦੁਨੀਆਂ ਭਰ ਦੇ ਕਰੋੜਾਂ ਲੋਕਾਂ ਨੂੰ ਪ੍ਰਭਾਵਿਤ ਕਰਦੀ ਹੈ। ਇਸ ਖੋਜ ਵਿੱਚ, ਅਸੀਂ ਮਨੁੱਖੀ ਕਾਰਟੀਲੇਜ ਸੈੱਲਾਂ ਅਤੇ ਸੀ. ਐਲੀਗਨਸ ਦੇ 34 ਗੋਲਿਆਂ ਦਾ ਅਧਿਐਨ ਕੀਤਾ ਹੈ।ਸੀ. ਐਲੀਗਨਸ 'ਤੇ ਕੀਤੇ ਗਏ ਇੱਕ ਅਧਿਐਨ ਵਿੱਚ, ਆਰਥੋਗ੍ਰਿਟ ਨੇ ਇਹਨਾਂ ਜੀਵਾਂ ਦੀ ਉਮਰ ਵਧਾਈ, ਉਹਨਾਂ ਦੀ ਲੋਕੋਮੋਟਰ ਗਤੀਵਿਧੀ ਵਿੱਚ ਸੁਧਾਰ ਕੀਤਾ ਅਤੇ ਸੋਜਸ਼ ਨਾਲ ਸਬੰਧਤ ਜੀਨਾਂ, ਪੀਐਮਕੇ-1, ਐਸਈਕੇ-1, ਸੀਈਡੀ-3 ਦੇ ਪ੍ਰਗਟਾਵੇ ਨੂੰ ਉੱਚਾ ਕੀਤਾ।ਇਹ ਖੋਜ ਸਪੱਸ਼ਟ ਤੌਰ 'ਤੇ ਦਰਸਾਉਂਦੀ ਹੈ ਕਿ ਆਰਥੋਗ੍ਰਿਟ ਨਾ ਸਿਰਫ਼ ਗਠੀਏ ਦੇ ਲੱਛਣਾਂ ਨੂੰ ਘਟਾਉਂਦਾ ਹੈ, ਬਲਕਿ ਬਿਮਾਰੀ ਦੇ ਵਧਣ ਨੂੰ ਰੋਕਣ ਵਿੱਚ ਵੀ ਪ੍ਰਭਾਵਸ਼ਾਲੀ ਹੈ।

# ਵਿਧਾਇਕ ਐਡਵੋਕੇਟ ਲਖਬੀਰ ਸਿੰਘ ਰਾਏ ਵੱਲੋਂ ਲੋਕਾਂ ਨੂੰ ਸਰਕਾਰੀ ਯੋਜਨਾਵਾਂ ਦਾ ਲਾਭ ਲੈਣ ਦਾ ਸੱਦਾ

ਫ਼ਤਹਿਗੜ੍ਹ ਸਾਹਿਬ, 1 ਜੁਲਾਈ (ਹਰਪ੍ਰੀਤ ਕੌਰ ਟਿਵਾਣਾ) : ਅੱਜ ਗ੍ਰਾਮ ਪੰਚਾਇਤ ਪੱਧਰ 'ਤੇ ਵਿੱਤੀ ਸਮਾਵੇਸ਼ ਯੋਜਨਾਵਾਂ ਦੀ ਸੰਤ੍ਰਿਪਤਤਾ ਮੁਹਿੰਮ ਤਹਿਤ, ਰਾਜ ਪੱਧਰੀ ਕੈਂਪ ਪਿੰਡ ਮਹਾਦੀਆਂ ਵਿਖੇ ਆਯੋਜਿਤ ਕੀਤਾ ਗਿਆ। ਜਿਸ ਵਿੱਚ ਵਿਧਾਇਕ ਐਡਵੋਕੇਟ ਲਖਬੀਰ ਸਿੰਘ ਰਾਏ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਵਿਧਾਇਕ ਲਖਬੀਰ ਸਿੰਘ ਰਾਏ ਨੇ ਲੋਕਾਂ ਨੂੰ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਭਲਾਈ ਸਕੀਮਾਂ ਦਾ ਲਾਭ ਉਠਾਉਣ ਦੀ ਅਪੀਲ ਕੀਤੀ। ਕੈਂਪ ਨੂੰ ਸੰਬੋਧਨ ਕਰਦਿਆਂ ਸੁਰਿੰਦਰ ਸਿੰਘ ਧਾਲੀਵਾਲ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਨੇ ਕਿਹਾ ਕਿ ਇਸ ਮੁਹਿੰਮ ਦਾ ਉਦੇਸ਼ ਇਹ ਹੈ ਕਿ ਫਤਹਿਗੜ੍ਹ ਸਾਹਿਬ ਜ਼ਿਲ੍ਹੇ ਦੇ ਕਿਸੇ ਵੀ ਪਿੰਡ ਦਾ ਕੋਈ ਵੀ ਵਿਅਕਤੀ ਬੈਂਕ ਖਾਤੇ ਦੀ ਸਹੂਲਤ ਤੋਂ ਵਾਂਝਾ ਨਾ ਰਹੇ। ਇਸ ਦੇ ਨਾਲ ਹੀ, ਉਸ ਕੋਲ ਸਰਕਾਰੀ ਬੀਮੇ ਦਾ ਸੁਰੱਖਿਆ ਕਵਰ ਹੋਣਾ ਚਾਹੀਦਾ ਹੈ। ਲੋਕਾਂ ਨੂੰ ਬੈਂਕਿੰਗ ਸੇਵਾਵਾਂ ਅਤੇ ਸਰਕਾਰੀ ਯੋਜਨਾਵਾਂ ਦਾ ਲਾਭ ਲੈਣ ਲਈ ਜਾਗਰੂਕ ਕੀਤਾ ਗਿਆ। ਰਾਜ ਪੱਧਰੀ ਬੈਂਕਰਜ਼ ਕਮੇਟੀ ਦੇ ਡਿਪਟੀ ਜਨਰਲ ਮੈਨੇਜਰ ਆਰ.ਕੇ. ਮੀਨਾ ਨੇ ਪਿੰਡਾਂ ਦੇ ਨਿਵਾਸੀਆਂ ਨੂੰ ਪ੍ਰਧਾਨ ਮੰਤਰੀ ਸੁਰੱਖਿਆ ਬੀਮਾ ਯੋਜਨਾ, ਪ੍ਰਧਾਨ ਮੰਤਰੀ ਜੀਵਨ ਜੋਤੀ ਬੀਮਾ ਯੋਜਨਾ, ਅਟਲ ਪੈਨਸ਼ਨ ਯੋਜਨਾ ਅਤੇ ਜਨ ਧਨ ਖਾਤਿਆਂ ਬਾਰੇ ਦੱਸਿਆ। ਇਸ ਦੇ ਨਾਲ ਹੀ ਲੋਕਾਂ ਨੂੰ ਸਾਈਬਰ ਅਪਰਾਧ ਅਤੇ ਧੋਖਾਧੜੀ ਤੋਂ ਕਿਵੇਂ ਬਚਿਆ ਜਾਵੇ, ਬਾਰੇ ਵੀ ਜਾਣਕਾਰੀ ਦਿੱਤੀ ਗਈ। ਬੁਲਾਰਿਆਂ ਨੇ ਦੱਸਿਆ ਕਿ ਦਿਨੋਂ-ਦਿਨ ਵੱਧ ਰਹੀਆਂ ਘਟਨਾਵਾਂ ਤੋਂ ਆਪਣੇ ਆਪ ਨੂੰ ਸੁਰੱਖਿਅਤ ਰੱਖਦੇ ਹੋਏ ਆਪਣਾ ਖਾਤਾ, ਆਧਾਰ ਕਾਰਡ, ਪਾਸਵਰਡ ਅਤੇ ਏਟੀਐਮ ਨਾਲ ਸਬੰਧਤ ਜਾਣਕਾਰੀ ਕਿਸੇ ਨਾਲ ਸਾਂਝੀ ਨਾ ਕੀਤੀ ਜਾਵੇ।ਸਟੇਟ ਬੈਂਕ ਆਫ਼ ਇੰਡੀਆ ਦੇ ਖੇਤਰੀ ਮੈਨੇਜਰ ਰਮਨ ਕੁਕਰੇਤੀ ਨੇ ਬੀਮਾ ਯੋਜਨਾ ਬਾਰੇ ਜਾਣੂੰ ਕਰਵਾਇਆ ਅਤੇ ਅਟਲ ਪੈਨਸ਼ਨ ਯੋਜਨਾ ਬਾਰੇ ਦੱਸਿਆ। ਕੈਂਪ ਦੌਰਾਨ, ਪੇਂਡੂ ਸਵੈ-ਰੁਜ਼ਗਾਰ ਸਿਖਲਾਈ ਸੰਸਥਾ ਤੋਂ ਰਾਮ ਲਾਲ ਅੰਜਲਾ ਦੀ ਅਗਵਾਈ ਹੇਠ ਸਿਖਿਆਰਥੀਆਂ ਦੁਆਰਾ ਬਣਾਏ ਗਏ ਉਤਪਾਦਾਂ ਦੀ ਪ੍ਰਦਰਸ਼ਨੀ ਵੀ ਲਗਾਈ। ਲੋਕਾਂ ਨੇ ਪ੍ਰਦਰਸ਼ਿਤ ਉਤਪਾਦਾਂ ਅਤੇ ਸੰਸਥਾ ਦੁਆਰਾ ਦਿੱਤੀ ਜਾ ਰਹੀ ਸਿਖਲਾਈ ਵਿੱਚ ਦਿਲਚਸਪੀ ਦਿਖਾਈ। ਕੈਂਪ ਦੌਰਾਨ ਮਹਾਦੀਆਂ ਗ੍ਰਾਮ ਪੰਚਾਇਤ ਅਤੇ ਆਸ ਪਾਸ ਦੀਆਂ ਹੋਰ ਪੰਚਾਇਤਾਂ ਦੇ ਵੱਡੀ ਗਿਣਤੀ ਨੁਮਾਇੰਦਿਆਂ ਅਤੇ ਲੋਕਾਂ ਨੇ ਹਿੱਸਾ ਲਿਆ। ਲੀਡ ਬੈਂਕ ਮੈਨੇਜਰ ਮੁਕੇਸ਼ ਕੁਮਾਰ ਸੈਣੀ ਨੇ ਕਿਹਾ ਕਿ ਇਸ ਮੁਹਿੰਮ ਤਹਿਤ ਅਗਲੇ ਤਿੰਨ ਮਹੀਨਿਆਂ ਵਿੱਚ ਜ਼ਿਲ੍ਹੇ ਦੀ ਹਰ ਗ੍ਰਾਮ ਪੰਚਾਇਤ ਵਿੱਚ ਬੈਂਕਾਂ ਵੱਲੋਂ ਕੈਂਪ ਲਗਾਏ ਜਾਣੇ ਹਨ।ਇਸ ਮੌਕੇ ਪ੍ਰਬੰਧਕਾਂ ਵੱਲੋਂ ਵਿਧਾਇਕ ਐਡਵੋਕੇਟ ਰਾਏ ਸਮੇਤ ਵੱਖ-ਵੱਖ ਸ਼ਖਸ਼ੀਅਤਾਂ ਨੂੰ ਸਨਮਾਨਿਤ ਕੀਤਾ ਗਿਆ।




# ਨਸ਼ੀਲੀਆਂ ਗੋਲੀਆਂ ਸਮੇਤ ਦੋਸ਼ੀ ਗ੍ਰਿਫ਼ਤਾਰ

ਕਾਹਨੂੰਵਾਨ, 1 ਜੁਲਾਈ (ਕੁਲਜੀਤ ਸਿੰਘ ਖੋਖਰ) : ਮਾਨਯੋਗ ਮੁੱਖ ਮੰਤਰੀ ਪੰਜਾਬ ਵੱਲੋਂ ਐਲਾਨੇ ਯੁੱਧ ਨਸ਼ੇ ਦੇ ਵਿਰੁੱਧ ਮੁਹਿੰਮ ਤਹਿਤ ਮਾਨਯੋਗ ਡਾਇਰੈਕਟਰ ਜਨਰਲ ਪੁਲਿਸ, ਪੰਜਾਬ ਅਤੇ ਮਾਨਯੋਗ ਡਿਪਟੀ ਇੰਸਪੈਕਟਰ ਜਨਰਲ ਪੁਲਿਸ, ਬਾਰਡਰ ਰੇਂਜ, ਅੰਮ੍ਰਿਤਸਰ ਜੀ ਵੱਲੋਂ ਦਿੱਤੇ ਗਏ ਦਿਸ਼ਾ-ਨਿਰਦੇਸ਼ਾਂ ਅਨੁਸਾਰ ਥਾਣਾ ਕਾਹਨੂੰਵਾਨ ਵਿਖੇ ਹਰਵਿੰਦਰ ਸਿੰਘ ਉਰਫ ਹਿੰਦਾ ਨੂੰ ਕਾਬੂ ਕਰਕੇ ਉਸ ਪਾਸੋਂ 85 ਨਸ਼ੀਲੀਆਂ ਗੋਲੀਆਂ ਬ੍ਰਾਮਦ ਕੀਤੀਆਂ ਗਈਆਂ, ਜਿਸ 'ਤੇ ਦੋਸ਼ੀ ਦੇ ਖਿਲਾਫ ਮੁਕੱਦਮਾ ਬਾ-ਜੁਰਮ 22-61-85 NDPS Act ਤਹਿਤ ਥਾਣਾ ਕਾਹਨੂੰਵਾਨ ਵਿਖੇ ਦਰਜ ਰਜਿਸਟਰ ਕੀਤਾ ਗਿਆ। ਸ੍ਰੀ ਆਦਿੱਤਯ, ਆਈ.ਪੀ.ਐਸ, ਸੀਨੀਅਰ ਕਪਤਾਨ ਪੁਲਿਸ, ਗੁਰਦਾਸਪੁਰ ਨੇ ਵਸਨੀਕਾ ਨੂੰ ਅਪੀਲ ਕੀਤੀ ਕਿ ਗੈਰ-ਕਾਨੂੰਨੀ/ਨਸ਼ਿਆਂ ਦਾ ਕਾਰੋਬਾਰ ਕਰਨ ਵਾਲੇ ਵਿਅਕਤੀਆਂ ਦੀ ਇਤਲਾਹ ਪੁਲਿਸ ਨੂੰ ਦਿੱਤੀ ਜਾਵੇ, ਗੈਰ-ਕਾਨੂੰਨੀ/ਨਸ਼ਿਆ ਦਾ ਕਾਰੋਬਾਰ ਵਿੱਚ ਸ਼ਾਮਿਲ ਵਿਅਕਤੀਆਂ ਦੇ ਖਿਲਾਫ ਠੋਸ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਨਸ਼ਿਆਂ ਦੇ ਕਾਰੋਬਾਰ ਨੂੰ ਜੜ੍ਹ ਤੋਂ ਖਤਮ ਕਰਨ ਅਤੇ ਮਾੜੇ ਅਨਸਰਾਂ ਨੂੰ ਕਾਬੂ ਕਰਨ ਲਈ ਜਿਲ੍ਹਾ ਗੁਰਦਾਸਪੁਰ ਦੀ ਪੁਲਿਸ ਪੂਰੀ ਤਰ੍ਹਾਂ ਵਚਨਬੱਧ ਹੈ।



# ਮਾਹਿਰ ਡਾਕਟਰਾਂ ਨੇ ਵੱਖ-ਵੱਖ ਰੋਗਾਂ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ



ਬਟਾਲਾ, ਸ੍ਰੀ ਹਰਿਗੋਬਿੰਦਪੁਰ ਸਾਹਿਬ, 1 ਜੁਲਾਈ (ਡਾ. ਨਰਿੰਦਰ ਸਿੰਘ ਘੁਮਾਣ/ਜਗੀਰ ਸਿੰਘ ਮੰਡ): ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਰਜਿ ਪੰਜਾਬ ਰਜਿਸਟਰਡ ਜ਼ਿਲ੍ਹਾ ਗੁਰਦਾਸਪੁਰ ਦੇ ਆਰ ਐਮਪੀ ਡਾਕਟਰਾਂ ਦੀ ਭਰਮੀ ਮੀਟਿੰਗ ਜ਼ਿਲ੍ਹਾ ਚੇਅਰਮੈਨ ਡਾਕਟਰ ਹਰਜਿੰਦਰ ਸਿੰਘ ਘੁਮਾਣ ,ਜ਼ਿਲ੍ਹਾ ਪ੍ਰਧਾਨ ਡਾ ਚਮਨ ਲਾਲ ਬਟਾਲਾ ਅਤੇ ਜਿਲ੍ਹਾ ਜਨਰਲ ਸਕੱਤਰ ਡਾਅਸ਼ੋਕ ਕੁਮਾਰ ਬਟਾਲਾ ਦੀ ਪ੍ਰਧਾਨਗੀ ਹੇਠ ਹੋਈ।ਇਸ ਮੀਟਿੰਗ ਦਾ ਪ੍ਰਬੰਧ ਮਹਾਜਨ ਹਸਪਤਾਲ ਖਜ਼ਾਨਾ ਗੇਟ ਅੰਮ੍ਰਿਤਸਰ ਦੇ ਮੁੱਖ ਪ੍ਰਬੰਧਕਾਂ ਵੱਲੋਂ ਵਿਸ਼ੇਸ਼ ਤੌਰ 'ਤੇ ਵੰਡਰ ਹੋਟਲ ਜਲੰਧਰ ਰੋਡ ਬਟਾਲਾ ਵਿਖੇ ਕੀਤਾ ਗਿਆ। ਮੀਟਿੰਗ ਉਪਰੰਤ ਜਾਣਕਾਰੀ ਦਿੰਦਿਆ ਜ਼ਿਲ੍ਹਾ ਪ੍ਰੈਸ ਸਕੱਤਰ ਡਾ ਲਖਵਿੰਦਰ ਸਿੰਘ ਸੰਧੂ ਨੇ ਦੱਸਿਆ ਕਿ ਇਸ ਮੀਟਿੰਗ ਵਿੱਚ ਮਹਾਜਨ ਹਸਪਤਾਲ ਅੰਮ੍ਰਿਤਸਰ ਦੇ ਐਮ ਡੀ ਡਾ ਅਸ਼ੋਕ ਮਹਾਜਨ ਦੀ ਅਗਵਾਈ ਹੇਠ ਵੱਖ ਵੱਖ ਰੋਗਾਂ ਦੇ ਮਾਹਿਰ ਡਾਕਟਰਾਂ ਦੀ ਟੀਮ ਸਮੇਤ ਪਹੁੰਚੇ । ਡਾ ਅਸ਼ੋਕ ਮਹਾਜਨ ਮੈਨੇਜਿੰਗ ਡਾਇਰੈਕਟਰ ,ਡਾ ਅਕਸੇ ਮਹਾਜਨ ਹਾਰਟ ਸਪੈਸ਼ਲਿਸਟ ,ਡਾਕਟਰ ਨਵੇਦਤਾ ਮਹਾਜਨ ਡੈਂਟਲ ਸਪੈਲਿਸਟ , ਡਾਕਟਰ ਕੁਲਵੰਤ ਸਿੰਘ ਪੀਆਰਓ ਮਹਾਜਨ ਹਸਪਤਾਲ ਅੰਮ੍ਰਿਤਸਰ ਸ਼ਾਮਿਲ ਸਨ।ਅਤੇ ਮੁੱਖ ਮਹਿਮਾਨ ਵਜੋਂ ਐਸੋਐਸ ਦੇ ਸੂਬਾ ਪ੍ਰਧਾਨ ਡਾਕਟਰ ਰਮੇਸ਼ ਕੁਮਾਰ ਬਾਲੀ ਨਵਾਂ ਸ਼ਹਿਰ ਵਿਸ਼ੇਸ਼ ਤੌਰ 'ਤੇ ਸ਼ਾਮਿਲ ਹੋਏ ਮੀਟਿੰਗ ਵਿੱਚ ਹਾਜ਼ਰ ਆਰਐਮਪੀ ਡਾਕਟਰਾਂ ਨੂੰ ਸੰਬੋਧਨ ਕਰਦਿਆਂ ਮਹਾਜਨ ਹਸਪਤਾਲ ਦੇ ਉਪਰੋਕਤ ਮਾਹਿਰ ਡਾਕਟਰਾਂ ਨੇ ਵੱਖ-ਵੱਖ ਰੋਗਾਂ ਦੇ ਕਾਰਨ ਲਛੱਣ ਇਲਾਜ ਤੇ ਪਰਹੇਜ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਇਸ ਮੌਕੇ ਜ਼ਿਲ੍ਹਾ ਕਮੇਟੀ ਆਗੂਆਂ ਨੇ ਡਾਕਟਰ ਅਸ਼ੋਕ ਮਹਾਜਨ, ਡਾਕਟਰ ਅਕਸੇ ਮਹਾਜਨ ਡਾ ਨਵਦੇਤਾ ਮਹਾਜਨ ਅਤੇ ਐਸੋਸੀਏਸ਼ਨ ਦੇ ਸੂਬਾ ਪ੍ਰਧਾਨ ਡਾਕਟਰ ਰਮੇਸ਼ ਕੁਮਾਰ ਬਾਲੀ ਦਾ ਮੀਟਿੰਗ ਵਿੱਚ ਪਹੁਚੰਣ 'ਤੇ ਸਵਾਗਤ ਕੀਤਾ। ਐਸੋਸੀਏਸ਼ਨ ਵੱਲੋਂ ਡਾਕਟਰ ਅਸ਼ੋਕ ਮਹਾਜਨ ਡਾਕਟਰ ਅਕਸ਼ੇ ਮਹਾਜਨ,ਡਾ ਨਵਦੇਤਾ ਮਹਾਜਨ ਅਤੇ ਸੂਬਾ ਪ੍ਰਧਾਨ ਡਾਕਟਰ ਰਮੇਸ਼ ਕੁਮਾਰ ਬਾਲੀ ਨੂੰ ਵਿਸ਼ੇਸ਼ ਤੌਰ ਸਨਮਾਨਿਤ ਕੀਤਾ ਗਿਆ । ਇਸ ਮੌਕੇ ਡਾ ਸੁਖਵਿੰਦਰ ਸਿੰਘ ਦਰਦੀ, ਡਾ ਦਿਲਬਾਗ ਸਿੰਘ ,ਡਾ ਸੁਨੀਲ ਤਲਵਾੜ ਬਟਾਲਾ ,ਡਾ ਜੋਗਿੰਦਰ ਸਿੰਘ ਸੰਧੂ ,ਬਟਾਲਾ ਡਾ ਹੀਰਾ ਸਿੰਘ ਅਤਰੀ ਜੈਤੋ ਸਰਜਾ ,ਡਾ ਸਤਨਾਮ ਸਿੰਘ ਦਾਲਮ ,ਡਾ ਮੁਹੰਮਦ ਹੁਸੈਨ ਘੁਮਾਣ ,ਡਾ ਚਰਨ ਦਾਸ ਕੰਡਿਆਲ, ਡਾ ਬਾਊ ਰਾਮ ਬਟਾਲਾ ,ਡਾ ਦਲੀਪ ਸਿੰਘ ਬਟਾਲਾ ,ਡਾ ਜੋਧ ਸਿੰਘ ਖਹਿਰਾ , ਡਾ ਮਨਜੀਤ ਸਿੰਘ ਬਟਾਲਾ, ਡਾ ਕਸ਼ਮੀਰ ਸਿੰਘ ਜੈਤੋ ਸਰਜਾ ਡਾ ਰਜੇਸ਼ ਹਾਂਡਾ ਫੈਜਪੁਰ, ਡਾ ਗੁਰਨਾਮ ਸਿੰਘ ਮੀਕੇ, ਡਾ ਸੁਖਵਿੰਦਰ ਸਿੰਘ ਨੜਾਂਵਾਲੀ, ਡਾਦਵਿੰਦਰ ਸਿੰਘ ਚਾਹਲ ,ਡਾ ਰਮਨ ਸ਼ਰਮਾ ਬਟਾਲਾ ,ਡਾ ਅਮਰੀਕ ਸਿੰਘ ਮੀਰਪੁਰ, ਡਾ ਹਰਜੀਤ ਸਿੰਘ ਜੈਤੋ ਸਰਜਾ ,ਡਾ ਸੁਖਵਿੰਦਰ ਮਸੀਹ ਬਟਾਲਾ ,ਡਾ ਗੁਰਦੇਵ ਸਿੰਘ ਬਟਾਲਾ, ਡਾ ਰਾਜਪਾਲ ਸਿੰਘ ਬਟਾਲਾ, ਡਾ ਰਸ਼ਪਾਲ ਸਿੰਘ ਬੋੜਾਵਾਲੀ ,ਡਾ ਸੁਖਵਿੰਦਰ ਸਿੰਘ, ਡਾ ਸੁਰਜੀਤ ਸਿੰਘ ਬਹਾਦਰ ਹੁਸੈਨ ,ਡਾ ਕੁਲਦੀਪ ਸਿੰਘ ਭਗਤੂਪੁਰ ,ਡਾ ਰਣਧੀਰ ਸਿੰਘ ਪੰਡੋਰੀ ,ਡਾ ਨਵਤੇਜ ਸਿੰਘ ਭਾਮ, ਡਾ ਰਾਜ ਕੁਮਾਰ ਮਿਸਰਪੁਰ ,ਡਾ ਬਲਵੰਤ ਸਿੰਘ ਪੁਰੀਆ, ਡਾ ਜਸਪਾਲ ਸਿੰਘ ਤਲਵੰਡੀ ,ਡਾ ਲਖਵਿੰਦਰ ਸਿੰਘ ,ਡਾ ਸੁਵਿੰਦਰ ਸਿੰਘ ਡਾ ਪੋਰਸ ਪੰਜਾਬ ਸਿੰਘ, ਡਾਕਟਰ ਵਿਜੇ ਸੰਧੂ ਡਾਕਟਰ ਗੁਲਜਾਰ ਸਿੰਘ ,ਡਾ ਪਰਮਜੀਤ ਸਿੰਘ ਡਾਕਟਰ ਕੁਲਵੰਤ ਸਿੰਘ, ਡਾ ਨਰਿੰਦਰ ਸਿੰਘ ਮੰਡਿਆਲਾ ,ਡਾ ਮਨਜੀਤ ਸਿੰਘ ਬੋਲੇਵਾਲ ,ਡਾ ਮਨਿੰਦਰ ਸਿੰਘ ਸਮੇਤ ਵੱਡੀ ਗਿਣਤੀ ਵਿੱਚ ਆਰ ਐਮ ਪੀ ਡਾਕਟਰ ਹਾਜ਼ਰ ਸਨ।

# ਏਐਸਆਈ ਕਸ਼ਮੀਰ ਕੌਰ ਨੇ ਜੈਵਲਿਨ ਥਰੋਅ 'ਚੋਂ ਗੋਲਡ ਮੈਡਲ ਹਾਸਲ ਕਰਕੇ ਵਧਾਇਆ ਜ਼ਿਲ੍ਹੇ ਦਾ ਮਾਣ

ਫਤਹਿਗੜ੍ਹ ਸਾਹਿਬ, 1 ਜੁਲਾਈ (ਹਰਪ੍ਰੀਤ ਕੌਰ ਟਿਵਾਣਾ): ਅਮਰੀਕਾ ਦੇ ਅਲਬਾਮਾ ਦੇ ਬਰਮਿੰਗਮ ਸ਼ਹਿਰ ਵਿੱਚ ਹੋਈਆਂ 21ਵੀਆਂ ਵਿਸ਼ਵ ਪੁਲਿਸ ਖੇਡਾਂ ਵਿੱਚ ਫਤਹਿਗੜ੍ਹ ਸਾਹਿਬ ਪੁਲਿਸ ਦੇ ਮਹਿਲਾ ਮੁਲਾਜ਼ਮ ਏਐਸਆਈ ਕਸ਼ਮੀਰ ਕੌਰ ਨੇ ਜੈਵਲਿਨ ਥਰੋ ਦੇ ਮੁਕਾਬਲਿਆ ਵਿੱਚ ਪਹਿਲਾ ਸਥਾਨ ਹਾਸਿਲ ਕਰਕੇ ਗੋਲਡ ਮੈਡਲ ਜਿੱਤ ਕੇ ਇੰਡੀਆ, ਪੰਜਾਬ ਦੇ ਨਾਲ-ਨਾਲ ਖਾਸ ਕਰ ਜ਼ਿਲ੍ਹਾ ਫਤਹਿਗੜ੍ਹ ਸਾਹਿਬ ਦਾ ਮਾਣ ਵਧਾਇਆ ਹੈ। ਜ਼ਿਕਰਯੋਗ ਹੈ ਕਿ ਸਪੋਰਟਸ ਕੋਟੇ ਵਿੱਚ 2003 ਵਿੱਚ ਪੰਜਾਬ ਪੁਲਿਸ ਵਿੱਚ ਭਰਤੀ ਹੋ ਕੇ ਕਸ਼ਮੀਰ ਕੌਰ ਵੱਲੋਂ ਵੱਖ-ਵੱਖ ਥਾਵਾਂ 'ਤੇ ਹੋਏ ਖੇਡ ਮੁਕਾਬਲਿਆਂ ਵਿੱਚ ਮੈਡਲ ਪ੍ਰਾਪਤ ਕਰਕੇ ਪੰਜਾਬ ਪੁਲਿਸ ਦਾ ਮਾਣ ਵਧਾਇਆ ਜਾਂਦਾ ਰਿਹਾ ਹੈ। ਮਾਝੇ ਦੀ ਜੰਮਪਲ ਏਐਸਆਈ ਕਸ਼ਮੀਰ ਕੌਰ ਵੱਲੋਂ ਆਪਣੀ ਪ੍ਰੈਕਟਿਸ ਮਾਤਾ ਗੁਜਰੀ ਕਾਲਜ ਫਤਹਿਗੜ੍ਹ ਸਾਹਿਬ ਦੇ ਗਰਾਊਂਡ ਵਿੱਚ ਕਰਨ ਦੇ ਨਾਲ ਨਾਲ ਹੋਰਨਾਂ ਖਿਡਾਰੀਆਂ ਨੂੰ ਵੀ ਖੇਡਾਂ ਦੇ ਨਾਲ ਜੋੜਨ ਅਤੇ ਜੈਵਲੀਨ ਥਰੋ ਦੇ ਬਰੀਕੀ ਗੁਣ ਖਿਡਾਰੀਆਂ ਨਾਲ ਸਾਂਝੇ ਕੀਤੇ ਜਾਂਦੇ ਹਨ, ਤੇ ਨੌਜਵਾਨਾਂ ਨੂੰ ਖੇਡਾਂ ਨਾਲ ਜੋੜ ਕੇ ਉਹਨਾਂ ਨੂੰ ਵਧੀਆ ਖਿਡਾਰੀ ਬਣਾਉਣ ਲਈ ਪ੍ਰੇਰਿਤ ਕੀਤਾ ਜਾਂਦਾ ਹੈ, ਇੱਥੇ ਹੀ ਬਸ ਨਹੀਂ ਹਰੇਕ ਸਾਲ ਜ਼ਿਲਾ ਪੱਧਰ 'ਤੇ ਮਨਾਏ ਜਾਣ ਵਾਲੇ ਸੁਤੰਤਰਤਾ ਦਿਹਾੜੇ ਅਤੇ ਗਣਤੰਤਰ ਦਿਵਸ ਮੌਕੇ ਦੀ ਬਤੌਰ ਪਲਟੂਨ ਕਮਾਂਡਰ ਵੱਜੋਂ ਸ਼ਾਨਦਾਰ ਸੇਵਾਵਾਂ ਨਿਭਾਈਆਂ ਜਾਂਦੀਆਂ ਹਨ । ਅਮਰੀਕਾ ਵਿਖੇ ਹੋਈਆਂ ਵਿਸ਼ਵ ਪੁਲਿਸ ਖੇਡਾਂ ਵਿੱਚ ਜੈਬਲਿਨ ਥਰੋ ਦੇ ਮੁਬਲਿਆਂ ਵਿੱਚ ਪਹਿਲਾ ਸਥਾਨ ਹਾਸਲ ਕਰਕੇ ਗੋਲਡ ਮੈਡਲ ਪ੍ਰਾਪਤ ਕਰਨ, ਤੇ ਜਿਲ੍ਹਾ ਪੁਲਿਸ ਮੁਖੀ ਸ਼ੁਭਮ ਅਗਰਵਾਲ, ਐਸਪੀਡੀ ਰਾਕੇਸ਼ ਯਾਦਵ ਅਤੇ ਐਸਪੀਐਚ ਹਰਵੰਤ ਕੌਰ ਵੱਲੋਂ ਏਐਸਆਈ ਕਸ਼ਮੀਰ ਕੌਰ ਨੂੰ ਮੁਬਾਰਕਬਾਦ ਦਿੱਤੀ ਹੈ।




## ਉਤਰ ਰੇਲਵੇ

### ਈ-ਨੀਲਾਮੀ ਸੂਚਨਾ

ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਸੀਨੀਅਰ ਮੰਡਲ ਵਾਣਿਜ ਪ੍ਰਬੰਧਕ, ਉਤਰ ਰੇਲਵੇ, ਅੰਬਾਲਾ ਛਾਉਣੀ ਦੁਆਰਾ ਮੰਡਲ ਦੇ ਹੇਠਾਂ ਲਿਖਤ ਸਟੇਸ਼ਨਾਂ ਤੇ ਠੇਕੇ ਅਲਾਟ ਕਰਨ ਲਈ ਈ-ਨੀਲਾਮੀ ਵੈਬਸਾਈਟ www.ireps.gov.in ਦੇ ਮਾਧਿਅਮ ਨਾਲ ਬੋਲੀ ਮੰਗ ਕੀਤੀ ਜਾ ਰਹੀ ਹੈ। ਅਲਾਟ ਕੀਤੀ ਜਾਣ ਵਾਲੇ ਠੇਕਿਆਂ ਦਾ ਵੇਰਵਾ ਹੇਠਾਂ ਲਿਖਤ ਹੈ।

| | ਲ. ਨੰ. | ਨੀਲਾਮੀ ਕੈਟਲਾਗ ਨੰ. | ਕੰਮ ਦਾ ਵੇਰਵਾ | ਨੀਲਾਮੀ ਮਿਤੀ ਤੇ ਸਮਾਂ |
|---|---|---|---|---|
| PAR-KING | 1 | UMB-Mix-13-2025 | ਧੂਲਕੋਟ ਰੇਲਵੇ ਸਟੇਸ਼ਨ ਤੇ ਕੁਲ 317.0625 ਵਰਗ ਮੀਟਰ ਖੇਤਰਫਲ ਦਾ ਦੋ ਪਹੀਆ ਵਾਹਨ ਪਾਰਕਿੰਗ ਸਥਲ | 08.07.25 12:00:00 |
| | 2 | UMB-Mix-13-2025 | ਅੰਬਾਲਾ ਮੰਡਲ ਦੇ ਨਾਮਾ ਰੇਲਵੇ ਸਟੇਸ਼ਨ ਤੇ ਦੋ ਪਹੀਆ, ਤਿੰਨ ਪਹੀਆ ਅਤੇ ਚਾਰ ਪਹੀਆ ਵਾਹਨਾਂ ਦੇ ਲਈ ਕੁਲ 396.85 ਵਰਗ ਮੀਟਰ ਦਾ ਪਾਰਕਿੰਗ ਸਥਲ। | 08.07.25 12:00:00 |
| Cate-ring | 3 | UMB-Mix-13-2025 | ਮਲੋਟ ਰੇਲਵੇ ਸਟੇਸ਼ਨ ਦੇ ਪੀ.ਐਫ ਨੰ. 1 ਤੇ 10' x 6' ਆਕਾਰ ਦੀ ਛੋਟੀ ਖਾਨਪਾਨ ਇਕਾਈ (ਸਟਾਲ) | 08.07.25 12:00:00 |
| | 4 | UMB-Mix-13-2025 | ਰਾਮਪੁਰਾ ਪੂਲ ਰੇਲਵੇ ਸਟੇਸ਼ਨ ਦੇ ਪਲੇਟ ਫਾਰਮ ਨੰਬਰ 1 ਤੇ 10' x 6' ਆਕਾਰ ਦੀ ਛੋਟੀ ਖਾਨਪਾਨ ਇਕਾਈ (ਸਟਾਲ) | 08.07.25 12:00:00 |
| | 5 | UMB-Mix-13-2025 | ਕਾਲਕਾ ਰੇਲਵੇ ਸਟੇਸ਼ਨ ਦੇ ਸਰਕੂਲੇਟਿੰਗ ਏਰੀਆ ਵਿਚ 10' x 6' ਆਕਾਰ ਦੀ ਛੋਟੀ ਖਾਨਪਾਨ ਇਕਾਈ (ਸਟਾਲ) | 08.07.25 12:00:00 |
| | 6 | UMB-Mix-13-2025 | ਪਟਿਆਲਾ ਰੇਲਵੇ ਸਟੇਸ਼ਨ ਦੇ ਪਲੇਟਫਾਰਮ ਨੰਬਰ 1 ਉਤੇ ਐਸਐਮਯੂ ਸਟਾਲ ਨੰਬਰ 12 | 08.07.25 12:00:00 |
| Pay and Use | 7 | UMB-Mix-13-2025 | ਅੰਬਾਲਾ ਸਿਟੀ ਰੇਲਵੇ ਸਟੇਸ਼ਨ ਤੇ ਮੁੱਖ ਸਟੇਸ਼ਨ ਭਵਨ ਵਿਚ ਅਪਰ ਕਲਾਸ ਵੇਟਿੰਗ ਰੂਮ ਨਾਲ ਲਗੇ ਪਲੇਟਫਾਰਮ ਨੰਬਰ 1 ਵਿਚ ਪੇ ਐਂਡ ਯੂਜ ਟਾਯਲੇਟ ਦੇ ਲਈ 01 ਸਾਈਟ ਦਾ ਸੰਚਾਲਨ ਅਤੇ ਪ੍ਰਬੰਧਨ ਅਤੇ ਸੈਕਿੰਡ ਕਲਾਸ ਵੇਟਿੰਗ ਹਾਲ ਵਿਚ ਪਲੇਟਫਾਰਮ ਨੰਬਰ 1 ਤੇ ਪੇ ਐਂਡ ਯੂਜ ਟਾਯਲੇਟ ਦੇ ਲਈ 01 ਸਾਈਟ ਦਾ ਸੰਚਾਲਨ ਅਤੇ ਪ੍ਰਬੰਧਨ (ਕੁਲ 02 ਸਾਈਟਾਂ) | 08.07.25 12:00:00 |
| | 8 | UMB-Mix-13-2025 | ਸੰਗਰੂਰ ਰੇਲਵੇ ਸਟੇਸ਼ਨ ਦੇ ਪਲੇਟਫਾਰਮ ਨੰਬਰ 1 ਉਤੇ ਪੇ ਐਂਡ ਯੂਜ ਟਾਯਲੇਟ ਕਾਂਟਰੈਕਟ ਦੇ ਲਈ 01 ਸਾਈਟ ਦਾ ਸੰਚਾਲਨ ਅਤੇ ਪ੍ਰਬੰਧਨ | 08.07.25 12:00:00 |
| NFR | 9 | UMB-Advt-09-25 | ਗਿਦੜਬਾਹਾ ਰੇਲਵੇ ਸਟੇਸ਼ਨ ਦੇ ਆਊਟ ਆਫ ਹੋਮ ਵਿਚ ਵਾਣਿਜ ਵਿਗਿਆਪਨ ਲਈ ਠੇਕਾ। | 08.07.25 15:00:00 |
| | 10 | UMB-Advt-09-25 | ਬਠਿੰਡਾ ਰੇਲਵੇ ਸਟੇਸ਼ਨ ਦੇ ਆਊਟ ਆਫ ਹੋਮ ਵਿਚ ਵਾਣਿਜ ਵਿਗਿਆਪਨ ਲਈ ਠੇਕਾ। | 08.07.25 15:00:00 |
| | 11 | UMB-Advt-09-25 | ਸ਼ਿਮਲਾ ਰੇਲਵੇ ਸਟੇਸ਼ਨ ਦੇ ਆਊਟ ਆਫ ਹੋਮ ਵਿਚ ਵਾਣਿਜ ਵਿਗਿਆਪਨ ਲਈ ਠੇਕਾ। | 08.07.25 15:00:00 |
| | 12 | UMB-Advt-09-25 | ਸਰਹਿੰਦ ਰੇਲਵੇ ਸਟੇਸ਼ਨ ਦੇ ਆਊਟ ਆਫ ਹੋਮ ਵਿਚ ਵਾਣਿਜ ਵਿਗਿਆਪਨ ਲਈ ਠੇਕਾ। | 08.07.25 15:00:00 |
| | 13 | UMB-Advt-09-25 | ਚੰਡੀਗੜ੍ਹ ਦੇ ਆਊਟ ਆਫ ਹੋਮ ਵਿਚ ਵਾਣਿਜ ਵਿਗਿਆਪਨ ਲਈ ਠੇਕਾ। | 08.07.25 15:00:00 |
| | 14 | UMB-Advt-09-25 | ਸਹਾਰਨਪੁਰ ਰੇਲਵੇ ਸਟੇਸ਼ਨ ਦੇ ਆਊਟ ਆਫ ਹੋਮ ਵਿਚ ਵਾਣਿਜ ਵਿਗਿਆਪਨ ਲਈ ਠੇਕਾ। | 08.07.25 15:00:00 |
| | 15 | UMB-Advt-09-25 | ਬਰਾੜਾ ਰੇਲਵੇ ਸਟੇਸ਼ਨ ਦੇ ਆਊਟ ਆਫ ਹੋਮ ਵਿਚ ਵਾਣਿਜ ਵਿਗਿਆਪਨ ਲਈ ਠੇਕਾ। | 08.07.25 15:00:00 |
| | 16 | UMB-Advt-09-25 | ਫਤੇਹਗੜ੍ਹ ਸਾਹਿਬ ਰੇਲਵੇ ਸਟੇਸ਼ਨ ਦੇ ਆਊਟ ਆਫ ਹੋਮ ਵਿਚ ਵਾਣਿਜ ਵਿਗਿਆਪਨ ਲਈ ਠੇਕਾ। | 08.07.25 15:00:00 |
| | 17 | UMB-Advt-09-25 | ਸਹਾਰਨਪੁਰ ਰੇਲਵੇ ਸਟੇਸ਼ਨ ਪਰਿਸਰ ਵਿਚ ਡਿਜੀਟਲ ਮੀਡੀਆ ਦੁਆਰਾ ਵਾਣਿਜ ਵਿਗਿਆਪਨ ਲਈ ਠੇਕਾ। | 08.07.25 15:00:00 |
| | 18 | UMB-Advt-09-25 | ਊਨਾ ਹਿਮਾਚਲ ਰੇਲਵੇ ਸਟੇਸ਼ਨ ਪਰਿਸਰ ਵਿਚ ਨਾਨ-ਡਿਜੀਟਲ ਮੀਡੀਆ ਦੁਆਰਾ ਵਾਣਿਜ ਵਿਗਿਆਪਨ ਲਈ ਠੇਕਾ। | 08.07.25 15:00:00 |
| | 19 | UMB-Advt-09-25 | ਬਠਿੰਡਾ ਰੇਲਵੇ ਸਟੇਸ਼ਨ ਪਰਿਸਰ ਵਿਚ ਨਾਨ-ਡਿਜੀਟਲ ਮੀਡੀਆ ਦੁਆਰਾ ਵਾਣਿਜ ਵਿਗਿਆਪਨ ਲਈ ਠੇਕਾ। | 08.07.25 15:00:00 |
| | 20 | UMB-Advt-09-25 | ਸਹਾਰਨਪੁਰ ਰੇਲਵੇ ਸਟੇਸ਼ਨ ਪਰਿਸਰ ਵਿਚ ਨਾਲ-ਡਿਜੀਟਲ ਮੀਡੀਆ ਦੁਆਰਾ ਵਾਣਿਜ ਵਿਗਿਆਪਨ ਲਈ ਠੇਕਾ। | 08.07.25 15:00:00 |

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ 1981/25


# ਬਰਸਾਤੀ ਪਾਣੀ ਕਾਰਨ ਨਿਊ ਦਸਮੇਸ਼ ਮਾਰਕੀਟ ਨੇ ਧਾਰਿਆ ਛੱਪੜ ਦਾ ਰੂਪ



ਸ੍ਰੀ ਕੀਰਤਪੁਰ ਸਾਹਿਬ 1 ਜੁਲਾਈ (ਬੀ ਐਸ ਰਾਣਾ) : ਸਿੱਖ ਇਤਿਹਾਸ ਵਿੱਚ ਆਪਣੀ ਵਿਲੱਖਣ ਪਹਿਚਾਣ ਰੱਖਣ ਵਾਲੀ ਇਤਿਹਾਸਿਕ ਨਗਰੀ ਸ੍ਰੀ ਕੀਰਤਪੁਰ ਸਾਹਿਬ ਦੇ ਕੁਝ ਦੁਕਾਨਦਾਰਾਂ ਲਈ ਬਰਸਾਤ ਮੁਸੀਬਤ ਬਣ ਕੇ ਆਈ। ਨਿਊ ਦਸਮੇਸ਼ ਮਾਰਕੀਟ ਵਿਖੇ ਪਾਣੀ ਦੀ ਨਿਕਾਸੀ ਦਾ ਉੱਚਿਤ ਪ੍ਰਬੰਧ ਨਾ ਹੋਣ ਕਾਰਨ ਇਸ ਮਾਰਕੀਟ ਵਿੱਚ ਵੱਖ ਵੱਖ ਦੁਕਾਨਾਂ ਕਰਦੇ ਦੁਕਾਨਦਾਰਾਂ ਨੂੰ ਭਾਰੀ ਮੁਸ਼ਕਿਲ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਨਗਰ ਪੰਚਾਇਤ ਸ੍ਰੀ ਕੀਰਤਪੁਰ ਸਾਹਿਬ ਵੱਲੋਂ ਹੁਣ ਤੱਕ ਵੀ ਇਸ ਮਾਰਕੀਟ ਵਿੱਚੋਂ ਪਾਣੀ ਕੱਢਣ ਦਾ ਕੋਈ ਯੋਗ ਉਪਰਾਲਾ ਨਹੀਂ ਕੀਤਾ ਗਿਆ, ਜਿਸ ਕਾਰਨ ਦੁਕਾਨਦਾਰਾਂ ਵਿੱਚ ਨਗਰ ਪੰਚਾਇਤ ਅਤੇ ਪ੍ਰਸ਼ਾਸਨ ਖਿਲਾਫ ਭਾਰੀ ਰੋਸ ਪਾਇਆ ਜਾ ਰਿਹਾ ਹੈ।

ਇਸ ਸਮੱਸਿਆ ਸਬੰਧੀ ਨਿਊ ਦਸਮੇਸ਼ ਮਾਰਕੀਟ ਵਿਖੇ ਆਪਣੀ ਦੁਕਾਨਦਾਰੀ ਕਰਕੇ ਗੁਜ਼ਾਰਾ ਕਰਦੇ ਦੁਕਾਨਦਾਰ ਤਰਲੋਚਨ ਸਿੰਘ ਜੋ ਕਿ ਅਪਾਹਿਜ ਹੈ ਅਤੇ ਟੇਲਰ ਮਾਸਟਰ ਦੀ ਦੁਕਾਨ ਕਰਦਾ ਹੈ, ਨੇ ਦੱਸਿਆ ਕਿ ਉਹ ਬੜੀ ਮੁਸ਼ਕਿਲ ਨਾਲ ਆਪਣਾ ਗੁਜ਼ਾਰਾ ਚਲਾਉਂਦਾ ਹੈ, ਪਰ ਹੁਣ ਪਿਛਲੇ ਕੁਝ ਦਿਨਾਂ ਤੋਂ ਉਸਦੀ ਦੁਕਾਨ ਬੰਦ ਹੈ, ਕਿਉਂਕਿ ਉਸ ਦੀ ਦੁਕਾਨ ਦੇ ਅੱਗੇ ਲੱਗਭੱਗ ਡੇਢ ਡੇਢ ਫੁੱਟ ਪਾਣੀ ਖੜ੍ਹਾ ਹੈ, ਜਿਸ ਕਰਕੇ ਦੁਕਾਨ ਦੇ ਅੰਦਰ ਜਾਣਾ ਉਸ ਲਈ ਸੁਖਾਵਾਂ ਨਹੀਂ ਹੈ। ਕਿਉਂਕਿ ਉਸ ਨੂੰ ਆਪਣੀ ਵੀਲ ਚੇਅਰ ਤੋਂ ਉਤਰ ਕੇ ਧਰਤੀ 'ਤੇ ਬੈਠ ਕੇ ਅੱਗੇ ਨੂੰ ਹੱਥਾਂ ਲੱਤਾਂ ਨਾਲ ਘਿਸੜ ਕੇ ਦੁਕਾਨ ਵਿੱਚ ਜਾਣਾ ਪੈਂਦਾ ਹੈ। ਉਸ ਨੇ ਦੱਸਿਆ ਕਿ ਦੁਕਾਨ ਦੇ ਅੱਗੇ ਗੰਦਾ ਪਾਣੀ ਖੜ੍ਹਾ ਹੋਣ ਕਾਰਨ ਉਹ ਦੁਕਾਨ ਵਿੱਚ ਨਹੀਂ ਜਾ ਸਕਦਾ। ਉਸ ਨੇ ਦੱਸਿਆ ਕਿ ਪਹਿਲਾਂ ਪਾਣੀ ਦੀ ਨਿਕਾਸੀ ਲਈ ਅੱਗੇ ਬੀਬੀਐਮਬੀ ਦੀ ਜ਼ਮੀਨ ਦੇ ਨਾਲ ਨਾਲ ਬਣਿਆ ਹੋਇਆ ਸੀ ਜਿਸ ਨੂੰ ਕੁਝ ਲੋਕਾਂ ਵੱਲੋਂ ਨਵੀਆਂ ਉਸਾਰੀਆਂ ਕਰਨ ਮੌਕੇ ਦੱਬ ਲਿਆ ਗਿਆ ਹੈ, ਜਿਸ ਕਾਰਨ ਪਾਣੀ ਦੀ ਨਿਕਾਸੀ ਅੱਗੇ ਨੂੰ ਨਹੀਂ ਹੋ ਰਹੀ ਹੈ।ਇਸ ਤੋਂ ਇਲਾਵਾ ਫਿਜੀਓਥਰੈਪੀ ਦੀ ਦੁਕਾਨ ਕਰਨ ਵਾਲੀ ਤਰਸੇਮ ਕੌਰ ਨੇ ਦੱਸਿਆ ਕਿ ਦੁਕਾਨਾਂ ਦੇ ਅੱਗੇ ਖੜ੍ਹਿਆ ਪਾਣੀ ਗੰਦੀ ਬਦਬੂ ਮਾਰਦਾ ਹੈ, ਜਿਸ ਕਾਰਨ ਉਹਨਾਂ ਕੋਲ ਮਰੀਜ਼ ਵੀ ਨਹੀਂ ਆ ਰਹੇ। ਇਸ ਤੋਂ ਇਲਾਵਾ ਆਰਟੀਟੈਕਟ ਦੀ ਦੁਕਾਨ ਕਰਦੇ ਇੰਦਰਜੀਤ ਸਿੰਘ ਨੇ ਦੱਸਿਆ ਕਿ ਦੁਕਾਨ ਦੇ ਅੱਗੇ ਪਾਣੀ ਖੜ੍ਹਾ ਹੋਣ ਕਾਰਨ ਕਿਸੇ ਵੀ ਤਰ੍ਹਾਂ ਦੇ ਗ੍ਰਾਹਕ ਉਹਨਾਂ ਦੀਆਂ ਦੁਕਾਨਾਂ ਵੱਲ ਆਉਣ ਦੀ ਨਹੀਂ ਸੋਚ ਰਹੇ ।ਉਹਨਾਂ ਕਿਹਾ ਕਿ ਜਿੱਥੇ ਉਨਾਂ ਦਾ ਕੰਮ ਦਾ ਨੁਕਸਾਨ ਹੋ ਰਿਹਾ ਹੈ, ਉੱਥੇ ਹੀ ਉਹਨਾਂ ਦੀਆਂ ਦੁਕਾਨਾਂ ਦੇ ਅੱਗੇ ਖੜ੍ਹਿਆ ਪਾਣੀ ਉਹਨਾਂ ਦੀਆਂ ਦੁਕਾਨਾਂ ਨੂੰ ਵੀ ਨੁਕਸਾਨ ਪਹੁੰਚਾ ਰਿਹਾ ਹੈ, ਕਿਉਂਕਿ ਪਾਣੀ ਖੜ੍ਹਨ ਨਾਲ ਕਦੀ ਵੀ ਉਹਨਾਂ ਦੀਆਂ ਦੁਕਾਨਾਂ ਦੀਆਂ ਨੀਹਾਂ ਬੈਠ ਸਕਦੀਆਂ ਹਨ ਅਤੇ ਮਕਾਨਾਂ ਵਿੱਚ ਤਰੇੜਾਂ ਆ ਸਕਦੀਆਂ ਹਨ।

ਇਹਨਾਂ ਨੇ ਦੱਸਿਆ ਕਿ ਉਹਨਾਂ ਦੀ ਮਾਰਕੀਟ ਵਿੱਚੋਂ ਪਾਣੀ ਦੀ ਨਿਕਾਸੀ ਬੰਦ ਹੋਣ ਕਾਰਨ ਮਾਰਕੀਟ ਨੇ ਛੱਪੜ ਦਾ ਰੂਪ ਧਾਰਨ ਕਰ ਲਿਆ ਹੈ। ਦੁਕਾਨਦਾਰਾਂ ਨੇ ਦੱਸਿਆ ਕਿ ਕੁਝ ਦੁਕਾਨਾਂ ਤਾਂ ਅਜਿਹੀਆਂ ਹਨ ਜਿਨਾਂ ਵਿੱਚ ਪਾਣੀ ਘੁੰਮ ਰਿਹਾ ਹੈ। ਉਹਨਾਂ ਕਿਹਾ ਕਿ ਪਹਿਲਾਂ ਕਦੀ ਵੀ ਅਜਿਹੀ ਸਮੱਸਿਆ ਨਹੀਂ ਆਈ। ਉਹਨਾਂ ਦੱਸਿਆ ਕਿ ਨਹਿਰ ਦੀ ਪਟੜੀ ਦੇ ਨਾਲ ਕੁਝ ਲੋਕਾਂ ਵੱਲੋਂ ਦੁਕਾਨਾਂ ਦੀਆਂ ਨਵੀਆਂ ਉਸਾਰੀਆਂ ਕੀਤੀਆਂ ਗਈਆਂ ਹਨ। ਉਕਤ ਦੁਕਾਨਾਂ ਦੀ ਉਸਾਰੀ ਕਰਨ ਵਾਲੇ ਲੋਕਾਂ ਵੱਲੋਂ ਪਾਣੀ ਦੀ ਨਿਕਾਸੀ ਵਾਲਾ ਨਾਲਾ ਬੰਦ ਕਰ ਦਿੱਤਾ ਗਿਆ ਹੈ। ਜਿਸ ਕਾਰਨ ਅੱਗੇ ਨੂੰ ਪਾਣੀ ਦੀ ਨਿਕਾਸੀ ਨਹੀਂ ਹੋ ਰਹੀ। ਉਹਨਾਂ ਕਿਹਾ ਕਿ ਉਹ ਇਸ ਸਬੰਧ ਵਿੱਚ ਕਈ ਵਾਰ ਨਗਰ ਪੰਚਾਇਤ ਸ੍ਰੀ ਕੀਰਤਪੁਰ ਸਾਹਿਬ ਦੇ ਅਧਿਕਾਰੀਆਂ ਨੂੰ ਬੇਨਤੀ ਕਰ ਚੁੱਕੇ ਹਨ, ਪਰ ਹੁਣ ਤੱਕ ਉਹਨਾਂ ਦੀ ਸਮੱਸਿਆ ਦਾ ਕੋਈ ਵੀ ਹੱਲ ਨਹੀਂ ਕੀਤਾ ਜਾ ਰਿਹਾ।

# 10 ਘਰਾਂ ਨੂੰ ਜੋੜਨ ਵਾਲੀ ਕੱਚੀ ਗਲ਼ੀ ਬਰਸਾਤੀ ਪਾਣੀ ਵਿੱਚ ਰੁੜਨ ਕਾਰਨ ਲੋਕ ਪ੍ਰੇਸ਼ਾਨ

ਸ੍ਰੀ ਕੀਰਤਪੁਰ ਸਾਹਿਬ, 1 ਜੁਲਾਈ (ਬੀ. ਐਸ. ਰਾਣਾ) : ਪਿੰਡ ਕਲਿਆਣਪੁਰ ਦਰਗਾਹ ਸਾਈਂ ਪੀਰ ਬਾਬਾ ਬੁੱਢਣ ਸ਼ਾਹ ਜੀ ਲਿੰਕ ਸੜਕ ਦੇ ਨਾਲ ਲੱਗਦੇ ਨਗਰ ਪੰਚਾਇਤ ਸ੍ਰੀ ਕੀਰਤਪੁਰ ਸਾਹਿਬ ਦੇ ਵਾਰਡ ਨੰਬਰ 4 ਵਿੱਚ ਪੈਂਦੇ ਮਹੱਲੇ ਦੇ ਘਰਾਂ ਨੂੰ ਜਾਣ ਵਾਲੀ ਇੱਕ ਕੱਚੀ ਗਲੀ ਜੋ ਕਿ ਭਾਰੀ ਬਰਸਾਤ ਪੈਣ ਕਾਰਨ ਰੁੜ੍ਹ ਗਈ ਹੈ। ਉਕਤ ਗਲੀ ਵਿੱਚ ਕਾਫੀ ਜਿਆਦਾ ਮਿੱਟੀ ਰੁੜ੍ਹਨ ਨਾਲ ਉਕਤ ਰਸਤਾ ਬੁਰੀ ਤਰ੍ਹਾਂ ਨਾਲ ਖਸਤਾ ਹਾਲਤ ਵਿੱਚ ਹੋ ਗਿਆ ਹੈ ਅਤੇ ਗਲੀ 'ਚੋਂ ਲੰਘਣਾ ਲੋਕਾਂ ਲਈ ਮੁਸ਼ਕਲ ਬਣਿਆ ਪਿਆ ਹੈ ,ਜਿਸ ਸਬੰਧ ਵਿੱਚ ਉਕਤ ਮਹੱਲੇ ਦੇ ਲੋਕਾਂ ਨੇ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਉਹ ਨਗਰ ਪੰਚਾਇਤ ਕੀਰਤਪੁਰ ਸਾਹਿਬ ਦੇ ਵਾਰਡ ਨੰਬਰ ਚਾਰ, ਬਾਬਾ ਬੁੱਢਣ ਸ਼ਾਹ ਜੀ ਦੇ ਨਜ਼ਦੀਕ ਮਹੱਲੇ ਦੇ ਰਹਿਣ ਵਾਲੇ ਹਨ ਅਤੇ ਉਹਨਾਂ ਦੀ ਗਲੀ ਜੋ ਕਿ ਲਗਭਗ 10 ਘਰਾਂ ਨੂੰ ਜੋੜਦੀ ਹੈ ਅਤੇ ਕੱਚੀ ਹੈ, ਜਿਸ ਨੂੰ ਪੱਕਾ ਬਣਾਉਣ ਲਈ ਉਹ ਕਈ ਵਾਰ ਨਗਰ ਪੰਚਾਇਤ ਕੀਰਤਪੁਰ ਸਾਹਿਬ ਨੂੰ ਮੰਗ ਪੱਤਰ ਦੇ ਚੁੱਕੇ ਹਨ, ਪਰ ਅੱਜ ਤੱਕ ਨਗਰ ਪੰਚਾਇਤ ਨੇ ਇਸ ਬਾਰੇ ਕੋਈ ਵੀ ਯੋਗ ਕਾਰਵਾਈ ਨਹੀਂ ਕੀਤੀ ਹੈ। ਉਹਨਾਂ ਕਿਹਾ ਕਿ ਚੋਣਾਂ ਸਮੇਂ ਤਾਂ ਸਾਰਿਆਂ ਨੂੰ ਗਲੀ ਦਾ ਚੇਤਾ ਆ ਜਾਂਦਾ ਹੈ ਅਤੇ ਸਾਰੇ ਇਹ ਵਾਅਦਾ ਕਰਦੇ ਹਨ ਕਿ ਅਸੀਂ ਤੁਹਾਡੀ ਗਲੀ ਪੱਕੀ ਕਰਵਾ ਕੇ ਦੇਵਾਂਗੇ। ਪਰ ਬਾਅਦ ਦੇ ਵਿੱਚ ਕੋਈ ਵੀ ਧਿਆਨ ਨਹੀਂ ਦਿੰਦਾ। ਉਹਨਾਂ ਕਿਹਾ ਕਿ ਉਹ ਜਿੱਥੇ ਨਗਰ ਪੰਚਾਇਤ ਦੇ ਅਧਿਕਾਰੀਆਂ ਨੂੰ ਗਲੀ ਬਣਾਉਣ ਦੀ ਮੰਗ ਕਰ ਚੁੱਕੇ ਹਨ। ਉੱਥੇ ਹੀ ਆਪਣੇ ਵਾਰਡ ਦੇ ਐਮਸੀ ਨੂੰ ਵੀ ਗਲੀ ਬਣਾਉਣ ਲਈ ਕਈ ਵਾਰ ਮੰਗ ਕਰ ਚੁੱਕੇ ਹਨ। ਇਸ ਮੌਕੇ ਮਹੱਲਾ ਵਾਸੀਆਂ ਨੇ ਦੱਸਿਆ ਕਿ ਗਲੀ ਦੇ ਬਣੇ ਹਾਲਾਤਾਂ ਕਰਕੇ ਇਥੋਂ ਸਕੂਲ ਜਾਣ ਵਾਲੇ ਬੱਚਿਆਂ ਅਤੇ ਬਜ਼ੁਰਗਾਂ ਦਾ ਘਰਾਂ ਵਿੱਚੋਂ ਨਿਕਲਣਾ ਮੁਸ਼ਕਿਲ ਹੋਇਆ ਪਿਆ ਹੈ। ਉਨ੍ਹਾਂ ਦੱਸਿਆ ਕੀ ਇਸ ਸੰਬੰਧ ਵਿੱਚ ਉਹਨਾਂ ਵੱਲੋਂ ਅੱਜ ਨਗਰ ਪੰਚਾਇਤ ਕੀਰਤਪੁਰ ਸਾਹਿਬ ਵਿਖੇ ਇਕ ਮੰਗ ਪੱਤਰ ਵੀ ਦਿੱਤਾ ਗਿਆ ਹੈ ਤਾਂ ਜੋ ਉਹਨਾਂ ਦੀ ਗਲੀ ਨੂੰ ਜਲਦੀ ਤੋਂ ਜਲਦੀ ਬਣਾਇਆ ਜਾਵੇ ਅਤੇ ਇਸ ਸਮੱਸਿਆ ਦਾ ਹੱਲ ਕੀਤਾ ਜਾਵੇ। ਇਸ ਮੌਕੇ ਮੰਗ ਕਰਨ ਵਾਲਿਆਂ ਵਿੱਚ ਜਸਪਾਲ ਸਿੰਘ ਜੱਸਾ,ਰਮਨ ,ਬਿੰਦਰ ਮਿਸਤਰੀ ,ਸੁਰਜੀਤ ਸਿੰਘ, ਗੁਰਧਿਆਨ ਸਿੰਘ ,ਬਨਵਾਰੀ ਲਾਲ , ਅਜੀਤ ਸਿੰਘ ,ਕੁਲਵਿੰਦਰ ਸਿੰਘ, ਕਾਲਾ , ਅਰਜਨ ਸਿੰਘ ਆਦਿ ਹਾਜ਼ਰ ਸਨ।



# ਤਿੰਨ ਰੋਜ਼ਾ ਛੇਵੀਂ ਅੰਤਰਰਾਸ਼ਟਰੀ ਪੰਜਾਬੀ ਕਾਨਫ਼ਰੰਸ ਬਰੈਂਪਟਨ ਵਿਖੇ ਹੋਈ ਸੰਪਨ

☛ ਪੰਜਾਬੀ ਭਾਸ਼ਾ ਦੀਆਂ ਰਗਾਂ ਵਿੱਚ ਰੂਹਾਨੀਅਤ: ਡਾ. ਦਲਬੀਰ ਸਿੰਘ ਕਥੂਰੀਆ

☛ ਜਬ ਲਗੁ ਦੁਨੀਆ ਰਹੀਐ ਨਾਨਕ ਕਿਛੁ ਸੁਣੀਐ ਕਿਛੁ ਕਹੀਐ ॥ ਨਾਨਕ ਦੀ ਪਰੰਪਰਾ ਨੂੰ ਅੱਗੇ ਤੋਰਿਆ : ਸ ਵਰਿਆਮ ਸਿੰਘ ਸੰਧੂ

☛ ਮਾਪੇ ਬੱਚਿਆਂ ਨੂੰ ਮਾਂ ਬੋਲੀ ਪੰਜਾਬੀ ਨਾਲ ਜੋੜਨ: ਅੰਮ੍ਰਿਤਪਾਲ ਸਿੰਘ, ☛ ਗੁਰਮੁਖੀ ਅਤੇ ਸ਼ਾਹਮੁਖੀ ਦੋਵੇਂ ਲਿਪੀਆਂ ਨੂੰ ਸਿੱਖਣਾ ਜ਼ਰੂਰੀ ਹੈ: ਪ੍ਰੋ ਗੁਰਭਜਨ ਗਿੱਲ







**ਪ੍ਰੋ ਬਲਬੀਰ ਕੌਰ ਰਾਏਕੋਟੀ**
ਪ੍ਰਧਾਨ, ਵਿਸ਼ਵ ਪੰਜਾਬੀ ਸਭਾ ਕੈਨੇਡਾ ਭਾਰਤ ਇਕਾਈ

ਵਿਸ਼ਵ ਪੰਜਾਬੀ ਸਭਾ ਕੈਨੇਡਾ ਵੱਲੋਂ ਛੇਵੀਂ ਅੰਤਰਰਾਸ਼ਟਰੀ ਪੰਜਾਬੀ ਕਾਨਫ਼ਰੰਸ ਸਫ਼ਲਤਾਪੂਰਵਕ ਸੰਪੰਨ ਹੋਈ। ਜਿਸ ਦਾ ਮੁੱਖ ਵਿਸ਼ਾ: ਵਿਸ਼ਵੀਕਰਨ, ਪੰਜਾਬੀ ਡਾਇਸਪੋਰਾ, ਪੰਜਾਬੀ ਭਾਸ਼ਾ, ਸਹਿਤ ਅਤੇ ਸੱਭਿਆਚਾਰ ਰੱਖਿਆ ਗਿਆ ਸੀ।ਇਹ ਕਾਨਫਰੰਸ ਚੇਅਰਮੈਨ ਡਾ ਦਲਬੀਰ ਸਿੰਘ ਕਥੂਰੀਆ ਅਤੇ ਸ ਵਰਿਆਮ ਸਿੰਘ ਸੰਧੂ ਦੀ ਪ੍ਰਧਾਨਗੀ ਅਤੇ ਪ੍ਰੋ ਗੁਰਭਜਨ ਗਿੱਲ ਅਤੇ ਡਾ ਸ ਪ ਸਿੰਘ ਦੀ ਸਰਪ੍ਰਸਤੀ ਹੇਠਾਂ 20 ਜੂਨ ਤੋਂ 22 ਜੂਨ 2025 ਤੱਕ ਵਿਸ਼ਵ ਪੰਜਾਬੀ ਭਵਨ ਬਰੈਂਪਟਨ ਵਿਖੇ ਆਯੋਜਿਤ ਕੀਤੀ ਗਈ ਸੀ।ਇਸ ਕਾਨਫ਼ਰੰਸ ਨੂੰ ਵਰਲਡ ਪੰਜਾਬੀ ਸੈਂਟਰ, ਪੰਜਾਬੀ ਯੂਨੀਵਰਸਿਟੀ ਪਟਿਆਲਾ, ਆਦੇਸ਼ ਯੂਨੀਵਰਸਟੀ ਬਠਿੰਡਾ, ਗੁਰੂ ਕਾਸ਼ੀ ਯੂਨੀਵਰਸਿਟੀ ਤਲਵੰਡੀ ਸਾਬੋ ਬਠਿੰਡਾ ਅਤੇ ਹੋਰ ਵੱਖ ਵੱਖ ਸੰਸਥਾਵਾਂ ਨੇ ਸਹਿਯੋਗ ਦਿੱਤਾ। 20 ਜੂਨ ਨੂੰ ਸਵੇਰੇ ਕਾਨਫਰਸ ਦੀ ਸ਼ੁਰੂਆਤ ਸ਼ਬਦ ਗਾਇਨ ਅਤੇ ਬਾਪੂ ਸੁਬੇਗ ਸਿੰਘ ਕਥੂਰੀਆ ਜੀ ਦੇ ਆਸ਼ੀਰਵਾਦ ਨਾਲ ਸ਼ਮਾਂ ਰੌਸ਼ਨ ਕਰਕੇ ਕੀਤੀ। ਵਿਸ਼ਵ ਪੰਜਾਬੀ ਸਭਾ ਕੈਨੇਡਾ ਇਸਤਰੀ ਵਿੰਗ ਦੇ ਪ੍ਰਧਾਨ ਰੂਪ ਕਾਹਲੋਂ ਵੱਲੋਂ ਸਵਾਗਤੀ ਗੀਤ ਨਾਲ ਪਹੁੰਚੇ ਸਾਰੇ ਮਹਿਮਾਨਾਂ ਦਾ ਸੁਆਗਤ ਕੀਤਾ। ਆਪਣੇ ਸਵਾਗਤੀ ਭਾਸ਼ਣ ਦੌਰਾਨ ਵਿਸ਼ਵ ਪੰਜਾਬੀ ਸਭਾ ਦੇ ਚੇਅਰਮੈਨ ਡਾ.ਦਲਬੀਰ ਸਿੰਘ ਕਥੂਰੀਆ ਨੇ ਕਿਹਾ ਕਿ ਪੰਜਾਬੀ ਭਾਸ਼ਾ ਸਿਰਫ ਇੱਕ ਭਾਸ਼ਾ ਹੀ ਨਹੀਂ ਬਲਕਿ ਇਹ ਮੁਹੱਬਤ, ਭਾਈਚਾਰਕ ਸਾਂਝ ਅਤੇ ਦੁਨੀਆਂ ਦੇ ਰਿਸ਼ਤਿਆਂ ਨੂੰ ਜੋੜਕੇ ਰੱਖਣ ਵਾਲੀ ਬੋਲੀ ਹੈ। ਡਾ.ਕਥੂਰੀਆ ਨੇ ਕਿਹਾ ਕਿ ਪੰਜਾਬੀ ਭਾਸ਼ਾ ਦੀਆਂ ਜੜ੍ਹਾਂ ਵਿੱਚ, ਰਗਾਂ ਵਿੱਚ, ਇਸਦੇ ਸੀਨੇ ਵਿੱਚ, ਇਸਦੀ ਧੜਕਨ ਵਿੱਚ ਰੂਹਾਨੀਅਤ ਹੈ। ਉਨ੍ਹਾਂ ਕਿਹਾ ਕਿ ਅੱਜ ਦੇ ਸਮੇਂ ਜਦੋਂ ਦੁਨੀਆਂ ਦੇ ਮੁਲਕ ਆਪਸੀ ਖਿੱਚੋਤਾਣ ਅਤੇ ਆਪਣੀ ਚੌਧਰ ਕਾਇਮ ਰੱਖਣ ਲਈ ਸੰਘਰਸ਼ ਕਰ ਰਹੇ ਹਨ ਉਸ ਸਮੇਂ ਵਿਸ਼ਵ ਪੰਜਾਬੀ ਸਭਾ ਕੈਨੇਡਾ ਦੀ ਭੂਮਿਕਾ ਅਤੇ ਯੋਗਦਾਨ ਆਪਸੀ ਭਾਈਚਾਰਕ ਸਾਂਝ ਅਤੇ ਹੋਂਦ ਨੂੰ ਕਾਇਮ ਰੱਖਣ ਲਈ ਜ਼ਿੰਮੇਵਾਰੀ ਵੱਧ ਜਾਂਦੀ ਹੈ। ਉਨ੍ਹਾਂ ਕਿਹਾ ਕਿ ਸਾਡੀ ਨਵੀਂ ਪੀੜ੍ਹੀ ਪੰਜਾਬੀ ਬੋਲੀ ਤੋਂ ਦੂਰ ਹੁੰਦੀ ਜਾ ਰਹੀ ਹੈ, ਡਾ. ਕਥੂਰੀਆ ਨੇ ਜ਼ੋਰ ਦੇ ਕੇ ਕਿਹਾ ਕਿ ਨਵੀਂ ਪੀੜ੍ਹੀ ਨੂੰ ਪੰਜਾਬੀ ਮਾਂ-ਬੋਲੀ ਨਾਲ ਜੋੜਨ ਲਈ ਇਸ ਤਰ੍ਹਾਂ ਦੀਆਂ ਕਾਨਫਰੰਸਾਂ ਕਾਰਵਾਈਆਂ ਜਾਣੀਆਂ ਸਮੇਂ ਦੀ ਲੋੜ ਹੈ। ਉਨ੍ਹਾਂ ਨੇ ਵੱਖ ਵੱਖ ਦੇਸ਼ਾਂ ਤੋਂ ਆਏ ਪਤਵੰਤੇ ਸੱਜਣਾਂ ਨੂੰ ਜੀ ਆਇਆਂ ਕਿਹਾ। ਇਸ ਸਮੇਂ ਸ਼੍ਰੋਮਣੀ ਪੰਜਾਬੀ ਲੇਖਕ ਡਾ.ਵਰਿਆਮ ਸਿੰਘ ਸੰਧੂ ਨੇ ਆਪਣੇ ਪ੍ਰਧਾਨਗੀ ਭਾਸ਼ਣ ਦੌਰਾਨ ਪੰਜਾਬੀ ਨੂੰ ਪਰਿਵਾਰ ਦੀ ਬੋਲੀ ਬਣਾਉਣ ਅਤੇ ਆਪਣੀ ਮਾਂ-ਬੋਲੀ ਦਾ ਸਤਿਕਾਰ ਕਰਨਾ ਬਹੁਤ ਜ਼ਰੂਰੀ ਹੈ। ਪਰਿਵਾਰ ਦੀ ਬੋਲੀ ਅਤੇ ਵਪਾਰ ਦੀ ਭਾਸ਼ਾ ਲਈ ਸੰਘਰਸ਼ ਵੱਡੇ ਪੱਧਰ ਉੱਤੇ ਈਮਾਨਦਾਰੀ ਅਤੇ ਦ੍ਰਿੜ੍ਹਤਾ ਨਾਲ ਕਰਨਾ ਪਵੇਗਾ ਤਾਂ ਹੀ ਆਉਂਣ ਵਾਲੇ ਸਮੇਂ ਵਿੱਚ ਪੰਜਾਬੀ ਭਾਸ਼ਾ ਨੂੰ ਬਣਦਾ ਰੁਤਬਾ ਮਿਲੇਗਾ। ਇਸ ਤੋਂ ਬਾਅਦ ਵੱਖ ਵੱਖ ਨੁਮਾਇੰਦਿਆਂ ਨੇ ਪੰਜਾਬੀ ਭਾਸ਼ਾ ਦੇ ਵਿਕਾਸ, ਮੌਜੂਦਾ ਚੁਣੌਤੀਆਂ ਅਤੇ ਭਵਿੱਖ ਵਿੱਚ ਆਉਂਣ ਵਾਲੀਆਂ ਸਮੱਸਿਆਵਾਂ ਬਾਰੇ ਆਪਣੇ ਆਪਣੇ ਖੋਜ ਪੱਤਰ ਪੜ੍ਹੇ ਗਏ। ਅਕਾਦਮਿਕ ਸੈਸ਼ਨ ਦੀ ਪ੍ਰਧਾਨਗੀ ਮੰਡਲ ਵਿੱਚ ਸ਼ਾਮਿਲ ਡਾ.ਗੁਰਬਖ਼ਸ਼ ਸਿੰਘ ਭੰਡਾਲ, ਡਾ.ਜਗੀਰ ਸਿੰਘ ਨੂਰ, ਗੁਰੂ ਕਾਸ਼ੀ ਯੂਨੀਵਰਸਿਟੀ ਤਲਵੰਡੀ ਸਾਬੋ ਦੇ ਚਾਂਸਲਰ ਡਾ.ਗੁਰਲਾਭ ਸਿੰਘ, ਵਿਸ਼ਵ ਪੰਜਾਬੀ ਸਭਾ ਕੈਨੇਡਾ ਇਕਾਈ ਦੇ ਪ੍ਰਧਾਨ ਡਾ.ਪ੍ਰਗਟ ਸਿੰਘ ਬੱਗਾ, ਚੜ੍ਹਦੀ ਕਲਾ ਟਾਇਮ ਟੀ ਵੀ ਚੈਨਲ ਦੇ ਡਾਇਰੈਕਟਰ ਸ ਅੰਮ੍ਰਿਤਪਾਲ ਸਿੰਘ ਦਰਦੀ, ਸਰਪ੍ਰਸਤ ਡਾ.ਇੰਦਰਜੀਤ ਸਿੰਘ ਬੱਲ, ਸਰਪ੍ਰਸਤ ਡਾ.ਬਲਵਿੰਦਰ ਸਿੰਘ, ਅਮਰਜੀਤ ਸਿੰਘ ਕਾਉਂਕੇ, ਸੁਖਵਿੰਦਰ ਸਿੰਘ ਫੁੱਲ ਇੰਚਾਰਜ ਅਜੀਤ ਦਫ਼ਤਰ ਸੰਗਰੂਰ, ਡਾ ਦਰਸ਼ਨ ਦੀਪ ਸਿੰਘ ਨੇ ਆਪਣੇ ਵਿਚਾਰਾਂ ਰਾਹੀਂ ਪੰਜਾਬੀ ਮਾਂ ਬੋਲੀ ਦੇ ਪ੍ਰਚਾਰ ਅਤੇ ਪ੍ਰਸਾਰ ਦੀ ਗੱਲ ਕੀਤੀ। ਇਸ ਮੌਕੇ ਗਾਇਕ ਤੇ ਲੇਖਕ ਗੁਰਵਿੰਦਰ ਸਿੰਘ ਸ਼ੇਰਗਿੱਲ ਵੱਲੋਂ ਲਿਖਿਆ ਅਤੇ ਗਾਇਆ ਮਾਂ ਬੋਲੀ ਦਾ ਹੀਰਾ ਡਾ ਦਲਬੀਰ ਸਿੰਘ ਕਥੂਰੀਆ ਗੀਤ ਰਿਲੀਜ਼ ਕੀਤਾ ਗਿਆ। ਅਕਾਦਮਿਕ ਸੈਸ਼ਨ ਦੌਰਾਨ ਪੰਜਾਬੀ ਭਾਸ਼ਾ ਦਾ ਇਤਿਹਾਸ, ਵਿਕਾਸ ਅਤੇ ਭਵਿੱਖ ਵਿੱਚ ਚੁਣੌਤੀਆਂ ਤੇ ਹੱਲ, ਪੰਜਾਬੀ ਡਾਇਸਪੋਰਾ ਅਤੇ ਵਿਸ਼ਵੀ ਪੱਧਰ ਤੇ ਨਵੀਆਂ ਸੰਭਾਵਨਾਵਾਂ ਆਦਿ ਵਿਸ਼ਿਆਂ ਉੱਪਰ ਪੜ੍ਹੇ ਗਏ ਪਰਚਿਆਂ ਵਿੱਚ ਪੰਜਾਬ ਯੂਨਵਰਸਿਟੀ ਦੇ ਸਾਬਕਾ ਡੀਨ ਡਾ.ਜਸਪਾਲ ਕੌਰ ਕੰਗ, ਕੈਨੇਡਾ ਵੱਸਦੇ ਲੇਖਿਕਾ ਸੁਰਜੀਤ ਕੌਰ, ਡਾ ਗੁਰਪ੍ਰੀਤ ਕੌਰ, ਡਾ ਨਵਜੋਤ ਕੌਰ, ਪ੍ਰੋ ਕੁਲਜੀਤ ਕੌਰ, ਡਾ. ਰਾਜਵਿੰਦਰ ਕੌਰ, ਜਸਵਿੰਦਰ ਸਿੰਘ ਰੁਪਾਲ, ਡਾ. ਨਰਿੰਦਰਜੀਤ ਕੌਰ, ਡਾ ਦਰਸ਼ਨ ਦੀਪ ਸਿੰਘ ਆਦਿ ਸ਼ਾਮਿਲ ਸਨ।

ਲਹਿੰਦੇ ਪੰਜਾਬ ਤੋਂ ਬਾਬਾ ਗਰੁੱਪ ਨਾਲ ਪ੍ਰਸਿੱਧ ਹਸਨੈਨ ਅਕਬਰ ਨੇ ਸਮੇਂ ਸਮੇਂ ਤੇ ਲੋਕ ਗਾਇਕੀ ਅਤੇ ਹੀਰ ਨਾਲ ਹਾਜ਼ਰੀ ਭਰੀ।

ਸ਼ਾਮ ਦਾ ਸੈਸ਼ਨ ਕਵੀ ਦਰਬਾਰ ਕਰਵਾਇਆ ਗਿਆ ਜਿਸ ਵਿਚ ਲਖਵਿੰਦਰ ਸਿੰਘ ਲੱਖਾ ਸਲੇਮਪੁਰੀ, ਸੁਖਿੰਦਰ, ਪ੍ਰੋ ਕੁਲਜੀਤ ਕੌਰ, ਰਿੰਕੂ ਭਾਟੀਆ, ਸੁਰਿੰਦਰ ਪ੍ਰੀਤ ਘਣੀਆਂ, ਦਲਬੀਰ ਸਿੰਘ ਰਿਆੜ, ਡਾ ਗਿਆਨ ਸਿੰਘ ਘਈ, ਪਰਮਜੀਤ ਦਿਓਲ, ਗੁਰਦਿਆਲ ਝੀਤਾ, ਸੁਰਜੀਤ ਕੌਰ ਮੀਤਾ ਖੰਨਾ ਅਤੇ ਹਾਜ਼ਰੀਨ ਕਵੀਆਂ ਵੱਲੋਂ ਆਪਣੀਆਂ ਰਚਨਾਵਾਂ ਰਾਹੀਂ ਰੰਗ ਬੰਨ੍ਹਿਆ ਉੱਥੇ ਹੀ ਕਵੀ ਦਰਬਾਰ ਦਾ ਮੰਚ ਸੰਚਾਲਨ ਕਰਦੇ ਹੋਏ ਤਾਹਿਰਾ ਸਰਾ ਨੇ ਆਪਣੀ ਸ਼ਾਇਰੀ ਦਾ ਵੱਖਰਾ-ਵੱਖਰਾ ਰੰਗ ਪੇਸ਼ ਕੀਤਾ।

ਕਾਨਫ਼ਰੰਸ ਦੇ ਦੂਜੇ ਦਿਨ 21 ਜੂਨ, ਦਿਨ ਸ਼ਨੀਵਾਰ ਨੂੰ ਪਹਿਲੇ ਸੈਸ਼ਨ ਦਾ ਆਗਾਜ਼, ਆਨਲਾਈਨ ਸੈਸ਼ਨ ਨਾਲ ਭਾਰਤ ਤੋਂ ਹੋਇਆ। ਇਸ ਆਨਲਾਈਨ ਸੈਸ਼ਨ ਵਿੱਚ ਮੁੱਖ ਮਹਿਮਾਨ ਡਾ. ਐਸ. ਪੀ ਸਿੰਘ (ਸਾਬਕਾ ਵਾਈਸ ਚਾਂਸਲਰ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਪ੍ਰਧਾਨ ਗੁਜਰਾਂਵਾਲਾ ਖਾਲਸਾ ਕਾਲਜ ਲੁਧਿਆਣਾ ਅਤੇ ਸਰਪ੍ਰਸਤ ਵਿਸ਼ਵ ਪੰਜਾਬੀ ਸਭਾ ਕੈਨੇਡਾ), ਸੈਸ਼ਨ ਦੀ ਪ੍ਰਧਾਨਗੀ ਪ੍ਰੋ. ਗੁਰਭਜਨ ਗਿੱਲ (ਚੇਅਰਮੈਨ, ਲੋਕ ਵਿਰਾਸਤ ਅਕਾਡਮੀ ਲੁਧਿਆਣਾ ਅਤੇ ਸਰਪ੍ਰਸਤ, ਵਿਸ਼ਵ ਪੰਜਾਬੀ ਸਭਾ ਕੈਨੇਡਾ), ਇਸ ਸੈਸ਼ਨ ਦੇ ਮੁੱਖ ਵਕਤਾ ਡਾ. ਭੀਮ ਇੰਦਰ ਸਿੰਘ (ਡਾਇਰੈਕਟਰ, ਵਰਲਡ ਪੰਜਾਬੀ ਸੈਂਟਰ, ਪੰਜਾਬੀ ਯੂਨੀਵਰਸਿਟੀ ਪਟਿਆਲਾ) ਅਤੇ ਇਸ ਸੈਸ਼ਨ ਦਾ ਸੰਚਾਲਨ ਮੈਡਮ ਬਲਬੀਰ ਕੌਰ ਰਾਏਕੋਟੀ (ਪ੍ਰਧਾਨ, ਵਿਸ਼ਵ ਪੰਜਾਬੀ ਸਭਾ ਕੈਨੇਡਾ ਭਾਰਤ ਇਕਾਈ) ਵੱਲੋਂ ਬਾਖੂਬੀ ਕੀਤਾ ਗਿਆ। ਇਸ ਆਨਲਾਈਨ ਸੈਸ਼ਨ ਵਿੱਚ ਸਭ ਤੋਂ ਪਹਿਲਾਂ ਡਾ. ਭੀਮ ਇੰਦਰ ਸਿੰਘ ਨੇ ਵਿਸ਼ਵ ਪੰਜਾਬੀ ਸਭਾ ਦੇ ਚੇਅਰਮੈਨ ਡਾ. ਦਲਬੀਰ ਸਿੰਘ ਕਥੂਰੀਆ ਅਤੇ ਸਮੂਹ ਟੀਮ ਨੂੰ ਕਾਨਫ਼ਰੰਸ ਦੀ ਵਧਾਈ ਦਿੱਤੀ। ਇਸ ਤੋਂ ਬਾਅਦ ਵਿਸ਼ਵੀਕਰਨ, ਪੰਜਾਬੀ ਡਾਇਸਪੋਰਾ, ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਵਿਸ਼ਿਆਂ 'ਤੇ ਬਹੁਤ ਹੀ ਕੀਮਤੀ ਵਿਚਾਰ ਪੇਸ਼ ਕੀਤੇ। ਆਪਣੇ ਕੁੰਜੀਵਤ ਭਾਸ਼ਣ ਵਿਚ ਵਿਸ਼ਵੀਕਰਨ ਬਾਰੇ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਅੱਜ ਤੀਸਰੇ ਮਹਾਂ ਯੁੱਧ ਦੇ ਕਿਨਾਰੇ 'ਤੇ ਖੜ੍ਹੇ ਹਾਂ, ਅੱਜ ਪੂਰੀ ਦੁਨੀਆ ਆਰਥਿਕ, ਰਾਜਨੀਤਿਕ, ਸਭਿਆਚਾਰਕ ਅਤੇ ਭਾਸ਼ਾਈ ਸੰਕਟ ਤੋਂ ਲੰਘ ਰਿਹਾ ਹੈ।

ਪੰਜਾਬੀ ਡਾਇਸਪੋਰਾ ਦੀ ਗੱਲ ਕਰਦੇ ਦੱਸਿਆ ਕਿ 21ਵੀਂ ਸਦੀ ਦਾ ਡਾਇਸਪੋਰਾ 20ਵੀਂ ਸਦੀ ਦੇ ਡਾਇਸਪੋਰਾ ਤੋਂ ਵੱਖਰਾ ਹੋਣ ਦਾ ਕਾਰਣ ਸਾਮਰਾਜੀ ਲੋੜਾਂ ਦੇ ਮੁਤਾਬਿਕ ਹੋ ਰਿਹਾ, ਜਿਵੇਂ ਕਿ ਅਮੀਰ ਮੁਲਕ ਯੂਰੋਪੀਅਨ ਦੇਸ਼, ਅਮਰੀਕਾ ਜਾਂ ਹੋਰ ਸੱਤਾਧਾਰੀ ਧਿਰਾਂ ਦੀਆਂ ਨੀਤੀਆਂ ਵਿਚੋਂ ਜ਼ਿਆਦਾ ਮੁਨਾਫ਼ਾ ਕਮਾਉਣ ਦੀ ਤਮੰਨਾ ਨੇ ਪੰਜਾਬੀਆਂ, ਭਾਰਤੀਆਂ ਨੂੰ ਵੱਖ-ਵੱਖ ਮੁਲਕਾਂ ਵਿਚੋਂ ਕੱਢਿਆ ਜਾ ਰਿਹਾ ਹੈ ਅਤੇ ਅੱਗੇ ਕਾਨੂੰਨ ਬਣਾਏ ਜਾ ਰਹੇ ਹਨ। ਪੰਜਾਬੀ ਡਾਇਸਪੋਰਾ ਦਾ ਨਵੀਂ ਤਰ੍ਹਾਂ ਦਾ ਦੌਰ 2025 ਤੋਂ ਬਾਅਦ ਸ਼ੁਰੂ ਹੋ ਜਾਵੇਗਾ।

ਆਪਣੇ ਪ੍ਰਧਾਨਗੀ ਭਾਸ਼ਣ ਦੌਰਾਨ ਪ੍ਰੋ. ਗੁਰਭਜਨ ਗਿੱਲ ਨੇ ਕਿਹਾ ਕਿ ਮੌਜੂਦਾ ਸਮੇਂ ਵਿਸ਼ਵੀ ਪੱਧਰ ਉੱਤੇ ਪੰਜਾਬੀ ਭਾਸ਼ਾ ਅਤੇ ਸੱਭਿਆਚਾਰ ਦੇ ਸੰਕਲਪ ਨੂੰ ਬਦਲਣ ਦੀ ਬਹੁਤ ਜ਼ਿਆਦਾ ਲੋੜ ਹੈ। ਅੱਜ ਸਰਕਾਰੀ ਤੰਤਰ ਵੱਲੋਂ ਤੇਲਗੂ ਭਾਸ਼ਾ ਦੀ ਥਾਂ ਪੰਜਾਬੀ ਭਾਸ਼ਾ ਦੀ ਗੁਰਮੁਖੀ ਲਿਪੀ ਅਤੇ ਸ਼ਾਹਮੁਖੀ ਲਿਪੀ ਅਤੇ ਫ਼ਾਰਸੀ ਲਿਪੀਆਂ ਵਿਚ ਲੋੜ ਹੈ। ਕਿਉਂਕਿ ਪੰਜਾਬੀ ਭਾਸ਼ਾ ਦਾ ਇਤਿਹਾਸ ਇਨ੍ਹਾਂ ਭਾਸ਼ਾ ਵਿੱਚ ਹੈ ਜੋ ਕਿ ਆਉਣ ਵਾਲੇ ਸਮੇਂ ਵਿੱਚ ਭਾਸ਼ਾ ਦੀ ਤਰੱਕੀ ਲਈ ਸਹਾਈ ਹੋਵੇਗੀ। ਉਨ੍ਹਾਂ ਨੇ ਵਿਦੇਸ਼ਾਂ ਵਿੱਚ ਵਸਦੇ ਪੰਜਾਬੀਆਂ ਦਾ ਆਪਣੇ ਪੰਜਾਬ ਦੇ ਵਿਕਾਸ ਲਈ ਵਧੇਰੇ ਯੋਗਦਾਨ ਪਾਇਆ ਜਾ ਰਿਹਾ ਹੈ ਪਿੰਡਾਂ ਦੇ ਵਿਕਾਸ ਲਈ ਸਾਰਥਕ ਉਪਰਾਲੇ ਕੀਤੇ ਜਾ ਰਹੇ ਹਨ ਜੋਕਿ ਸ਼ਲਾਘਾਯੋਗ ਉਪਰਾਲਾ ਹੈ। ਉਨ੍ਹਾਂ ਨੇ ਕਿਹਾ ਕਿ ਨੈਤਿਕਤਾ ਨੂੰ ਪੜਾਇਆ ਨਹੀਂ ਜਾ ਸਕਦਾ ਪ੍ਰੰਤੂ ਘਰ ਵਿੱਚ ਵੱਡਿਆਂ ਵੱਲੋਂ ਆਪਣੇ ਅੰਦਰ ਨੈਤਿਕਤਾ ਲਿਆਉਣ ਦੀ ਲੋੜ ਹੈ ਤਾਂ ਜੋ ਬੱਚੇ ਆਪਣੇ ਮਾਪਿਆਂ ਅਤੇ ਬਜ਼ੁਰਗਾਂ ਤੋਂ ਖ਼ੁਦ ਦੇਖ ਕੇ ਸਿੱਖਿਆ। ਉਨ੍ਹਾਂ ਨੇ ਵਿਸ਼ਵ ਪੰਜਾਬੀ ਸਭਾ ਕੈਨੇਡਾ ਦੇ ਚੇਅਰਮੈਨ ਡਾ ਕਥੂਰੀਆ ਅਤੇ ਸਮੁੱਚੀ ਟੀਮ ਵੱਲੋਂ ਕੀਤੇ ਜਾ ਰਹੇ ਸਾਰਥਕ ਕਾਰਜਾਂ ਲਈ ਵਧਾਈ ਦਿੱਤੀ ਅਤੇ ਭਵਿੱਖ ਵਿੱਚ ਡਾ ਐਸ ਪੀ ਸਿੰਘ ਦੀ ਸਰਪ੍ਰਸਤੀ ਹੇਠਾਂ ਹੋਰ ਵਧੇਰੇ ਪ੍ਰਖਤਾ ਕਾਰਜ ਕਰਨ ਦੀ ਆਸ ਜਤਾਈ।

ਡਾ. ਜਗਦੀਪ ਕੌਰ ਆਹੂਜਾ (ਵਿਸ਼ਾ- ਪੰਜਾਬੀ ਨੌਜੁਆਨੀ ਵਿੱਚ ਬਦਲ ਰਹੇ ਸਦਾਚਾਰਕ ਪੈਮਾਨੇ- ਇੱਕ ਵਿਸ਼ਲੇਸ਼ਣ), ਡਾ. ਕੰਵਲਜੀਤ ਕੌਰ ਗਿੱਲ (ਵਿਸ਼ਾ-ਪੰਜਾਬ ਅਤੇ ਕੈਨੇਡਾ ਵਿੱਚ ਔਰਤ ਸਸ਼ਕਤੀਕਰਨ ਦਾ ਤੁਲਨਾਤਮਕ ਅਧਿਐਨ) ਵੱਲੋਂ ਖੋਜ ਪਰਚੇ ਪੜ੍ਹੇ ਅਤੇ ਡਾ. ਬਲਜੀਤ ਕੌਰ ਰਾਇਆ (ਵਿਸ਼ਾ-ਪੰਜਾਬੀ ਭਾਸ਼ਾ ਦੀ ਸਥਿਤੀ ਅਤੇ ਭਵਿੱਖ) ਬਾਰੇ ਆਪਣੇ ਵਿਚਾਰ ਪੇਸ਼ ਕੀਤੇ। ਸੈਸ਼ਨ ਦੀ ਰਿਪੋਰਟ ਸਾਹਿਬਾ ਜੀਟਨ ਕੌਰ (ਮੀਤ ਪ੍ਰਧਾਨ, ਭਾਰਤੀ ਇਕਾਈ) ਵੱਲੋਂ ਤਿਆਰ ਕੀਤੀ ਗਈ। ਇਸ ਆਨਲਾਈਨ ਸੈਸ਼ਨ ਵਿੱਚ ਕੈਨੇਡਾ ਇਟਲੀ ਤੋਂ ਸ ਦਲਜਿੰਦਰ ਸਿੰਘ ਰਹਿਲ ਨੇ ਆਪਣੇ ਵਿਚਾਰ ਪੇਸ਼ ਕੀਤੇ ਅਤੇ ਹੋਰ ਵਧੇਰੇ ਸਹਿਯੋਗ ਦੇਣ ਲਈ ਕਿਹਾ। ਇਸ ਦੌਰਾਨ ਕੈਨੇਡਾ ਤੋਂ ਸੁਰਜੀਤ ਕੌਰ, ਡਾ. ਨਾਇਬ ਸਿੰਘ ਮੰਡੇਰ, ਰਵਿੰਦਰ ਭਾਟੀਆ, ਗੁਰਪ੍ਰੀਤ ਕੌਰ, ਰਵੀ ਦੇਵਗਨ, ਤਜਿੰਦਰ ਕੌਰ ਚੀਮਾ ਵੀ ਸ਼ਾਮਿਲ ਸਨ। ਵਿਸ਼ਵ ਪੰਜਾਬੀ ਸਭਾ ਵਿੱਚ ਹਾਜ਼ਰੀਨ ਡੈਲੀਗੇਟਸ ਅਤੇ ਸਮੂਹ ਪੰਜਾਬੀਆਂ ਨੇ ਇਸ ਸੈਸ਼ਨ ਨੂੰ ਬੜੀ ਗੰਭੀਰਤਾ ਅਤੇ ਸ਼ਾਂਤਮਈ ਮਾਹੌਲ ਵਿੱਚ ਸੁਣਿਆ ਅਤੇ ਪ੍ਰਧਾਨਗੀ ਮੰਡਲ ਵੱਲੋਂ ਇਸ ਉਪਰਾਲੇ ਦੀ ਭਰਪੂਰ ਪ੍ਰਸ਼ੰਸਾ ਕੀਤੀ ਅਤੇ ਆਪਣੇ ਵਿਚਾਰ ਪੇਸ਼ ਕੀਤੇ। ਦੂਜੇ ਅਕਾਦਮਿਕ ਸੈਸ਼ਨ ਦੌਰਾਨ ਯੂ ਕੇ ਤੋਂ ਆਏ ਡਾ ਜਿੰਦਰਪਾਲ ਸਿੰਘ ਮਾਹਲ ਨੇ ਪੰਜਾਬੀ ਨੂੰ ਸਮੇਂ ਦੇ ਹਾਣੀ ਬਣਾਉਣ ਲਈ ਨਵੀਂ ਪੀੜ੍ਹੀ ਨੂੰ ਪੰਜਾਬੀ ਭਾਸ਼ਾ ਕਿਵੇਂ ਪੜ੍ਹਾਈ ਜਾਵੇ ਬਾਰੇ ਸਲਾਈਡ ਸ਼ੋਅ ਰਾਹੀਂ ਆਪਣੇ ਵਿਚਾਰ ਪੇਸ਼ ਕੀਤਾ। ਇਸ ਤੋਂ ਬਾਅਦ ਪਾਕਿਸਤਾਨ ਤੋਂ ਆਏ ਸ਼ਾਇਰ ਸੁਰਜੀਤ ਪਾਤਰ ਨੂੰ ਸ਼ਰਧਾਂਜਲੀ ਭੇਂਟ ਕਰਦਿਆਂ ਸਕੱਪ ਕੈਨੇਡਾ ਵੱਲੋਂ ਸੁਣੇ ਸੁਣੇ ਰਾਹਾਂ ਵਿਚ ਕੋਈ ਕੋਈ ਪੈੜ ਏ ਗੀਤ ਸ ਇਕਬਾਲ ਸਿੰਘ ਬਰਾੜ, ਡਾ ਜਗਮੋਹਨ ਸਿੰਘ ਸੰਘਾ ਅਤੇ ਕੁਲਦੀਪ ਕੌਰ ਟੀਮ ਨੇ ਗੀਤ ਅਤੇ ਵੀਡੀਓ ਰਿਲੀਜ਼ ਕੀਤੀ।

ਸ ਲਖਵਿੰਦਰ ਸਿੰਘ ਲੱਖਾ ਸਲੇਮਪੁਰੀ ਵੱਲੋਂ ਲਿਖੇ ਅਤੇ ਗਾਏ ਗੀਤ ਦਿਲਦਾਰ ਪਿਆਰਾ ਡਾ ਦਲਬੀਰ ਕਥੂਰੀਆ ਵੀ ਰਿਲੀਜ਼ ਕੀਤੇ ਗਏ।

ਕਾਨਫ਼ਰੰਸ ਦੌਰਾਨ ਕੈਪਟਨ ਮਨਿੰਦਰ ਸਿੰਘ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ ਜੋ ਕਿ ਅਮਰੀਕਾ ਆਰਮੀ ਵਿਚ ਪਹਿਲੀ ਸਿੱਖ ਮਹਿਲਾ ਕੈਪਟਨ ਬਣੀ ਹੈ।

ਕਾਨਫ਼ਰੰਸ ਦੌਰਾਨ ਲੇਖਿਕਾ ਮਨਜੀਤ ਮੀਤ ਵੱਲੋਂ ਲਿਖੀ ਕਿਤਾਬ ਮਾਂ ਬੋਲੀ ਦਾ ਸੁਹਿਰਦ ਪੁੱਤ: ਡਾ ਦਲਬੀਰ ਸਿੰਘ ਕਥੂਰੀਆ ਵੀ ਲੋਕ ਅਰਪਣ ਕੀਤੀ ਗਈ। ਤੀਸਰੇ ਸੈਸ਼ਨ ਦੌਰਾਨ ਅਮਜ਼ਦ ਵੜੈਚ ਵੱਲੋਂ ਖੋਜ ਪੱਤਰ ਪੜ੍ਹਿਆ ਗਿਆ ਜਿਸ ਵਿੱਚ ਉਨ੍ਹਾਂ ਨੇ ਕਿਹਾ ਕਿ ਸਦੀਆਂ ਤੋਂ ਪੰਜਾਬ ਤੇ ਪੰਜਾਬੀਆਂ ਨੂੰ ਬਦਨਾਮ ਕੀਤਾ ਜਾ ਰਿਹਾ ਹੈ। ਉਨ੍ਹਾਂ ਨੇ ਆਪਣੀ ਖੋਜ ਦੌਰਾਨ ਦੋ ਪੁਸਤਕਾਂ ਪੰਜਾਬ ਕਟਹਿਰੇ ਮੇਂ ਅਤੇ ਪੰਜਾਬ ਅੰਧੇਰੇ ਮੇਂ ਰਾਹੀਂ ਪੰਜਾਬ ਦੇ ਇਤਿਹਾਸ ਨੂੰ ਦਰੁੱਸਤ ਲਿਖਣ ਦੀ ਕੋਸ਼ਿਸ਼ ਕੀਤੀ ਹੈ। ਪੰਜਾਬੀਆਂ ਨੂੰ ਧਰਮ ਅਤੇ ਖਿੱਤੇ ਦੇ ਆਧਾਰ ਤੇ ਵੰਡ ਕੇ ਸਾਡੀ ਬਹਾਦੁਰੀ ਅਤੇ ਸ਼ਕਤੀ ਘੱਟ ਕੀਤਾ ਗਿਆ ਹੈ। ਉਨ੍ਹਾਂ ਨੇ ਕਿਹਾ ਕਿ ਪੰਜਾਬ ਦੇ ਬਰਾਂਡ ਨੂੰ ਸਹੀ ਕਰਨ ਦੀ ਲੋੜ ਹੈ। ਅਸੀਂ ਆਪਣੇ ਆਪ ਨੂੰ ਵੰਡ ਕੇ ਛੋਟੇ ਕਰ ਲਿਆ ਹੈ। ਵੜੈਚ ਸਾਹਬ ਨੇ ਕਿਹਾ ਕਿ ਮੈਂ ਪੰਜਾਬੀ ਭਾਸ਼ਾ ਦੇ ਆਧਾਰ ਤੇ 2000 ਸਾਲਾਂ ਤੋਂ ਪਹਿਲਾਂ ਦਾ ਪੰਜਾਬ ਬਾਰੇ ਲਿਖਿਆ ਹੈ ਅਤੇ ਆਪਣੀ ਤਕਰੀਰ ਵਿੱਚ ਕਿਹਾ ਕਿ ਪੰਜਾਬੀਆਂ ਨੂੰ ਸਿਰਫ ਪੰਜਾਬੀ ਹੋਣ ਦਾ ਮਾਣ ਹੋਣਾ ਚਾਹੀਦਾ ਹੈ।

ਅਮਜਦ ਵੜੈਚ ਦੇ ਖੋਜ ਪੱਤਰ ਬਾਰੇ ਬੋਲਦਿਆਂ ਵਰਿਆਮ ਸਿੰਘ ਸੰਧੂ ਨੇ ਕਿਹਾ, ਮੈਂ ਬਹੁਤ ਸਾਰੀਆਂ ਕਾਨਫ਼ਰੰਸਾਂ ਦੇਖੀਆਂ ਨੇ, ਸੁਣੀਆਂ ਨੇ। ਅੱਜ ਜੇ ਮੈਂ ਨਾ ਆਉਂਦਾ ਤਾਂ ਮੈਨੂੰ ਬਹੁਤ ਵੱਡਾ ਘਾਟਾ ਪੈਣਾ ਸੀ।ਇਸ ਕਾਨਫਰੰਸ ਦੇ ਸਾਰੇ ਹੀ ਬੁਲਾਰੇ ਬਹੁਤ ਅੱਛਾ ਬੋਲੇ ਨੇ। ਪਰ ਕੋਈ ਗੁੱਸਾ ਨਾ ਕਰੇ ਵਰਿਆਮ ਸਿੰਘ ਸੰਧੂ ਵੀ ਨਾ ਕਰੇ ਜੇ ਮੈਂ ਇਹ ਕਿਹਾ ਕਿ ਇਸ ਕਾਨਫਰੰਸ ਦਾ ਸਭ ਤੋਂ ਖ਼ੂਬਸੂਰਤ ਪਰਚਾ ਜਾਂ ਤਕਰੀਰ ਜਿਹੜੀ ਸੀ ਉਹ ਅਮਜ਼ਦ ਵੜੈਚ ਸਾਹਬ ਦੀ ਸੀ। ਮੈਂ ਉਨ੍ਹਾਂ ਨੂੰ ਇਸ ਗੱਲ ਦੀ ਮੁਬਾਰਕਬਾਦ ਦਿੰਦਾ ਹਾਂ।ਡਾ ਕਥੂਰੀਆ ਸਾਹਬ ਨੂੰ ਮੁਬਾਰਕਬਾਦ ਦਿੰਦਾ ਹਾਂ। ਕਿੰਨਾ ਦੇ ਹਵਾਲੇ ਨਾਲ ਉਹ ਇੱਥੇ ਆਏ ਤੇ ਜਿਵੇਂ ਵੀ ਆਏ ਧੰਨਭਾਗ ਹਨ ਸਾਡੇ, ਧੰਨਭਾਗ ਹਨ ਮੇਰੇ ਕਿ ਮੈਂ ਉਨ੍ਹਾਂ ਨੂੰ ਸੁਣ ਸਕਿਆ।

ਇਸ ਤੋਂ ਬਾਅਦ ਕੈਨੇਡਾ ਵਿੱਚ ਪੰਜਾਬੀ ਕਾਨਫ਼ਰੰਸਾਂ ਦਾ ਮੁੱਢ ਬੰਨ੍ਹਣ ਵਾਲੇ ਸਤਿਕਾਰਯੋਗ ਸ਼ਖ਼ਸੀਅਤ ਸ ਦਰਸ਼ਨ ਸਿੰਘ ਬੈਂਸ ਦੇ ਜੀਵਨ ਸਾਥਣ ਸ੍ਰੀਮਤੀ ਕਮਲਜੀਤ ਕੌਰ ਬੈਂਸ ਦਾ ਵਿਸ਼ੇਸ਼ ਤੌਰ ਉੱਤੇ ਸਨਮਾਨ ਕੀਤਾ ਗਿਆ। ਦੁਪਹਿਰ ਦੇ ਖਾਣੇ ਤੋਂ ਬਾਅਦ ਦਾ ਪਹਿਲਾ ਸੈਸ਼ਨ ਪੰਜਾਬੀ ਅਨੁਵਾਦ ਅਤੇ ਆਰਟੀਫਿਸ਼ਲ ਇੰਟੈਲੀਜੈਂਸ (19) ਨੂੰ ਸਮਰਪਿਤ ਕੀਤਾ ਗਿਆ।

ਪੰਜਾਬੀ ਭਾਸ਼ਾ ਨੂੰ ਸਮੇਂ ਦੇ ਹਾਣ ਦੀ ਅਤੇ ਤਕਨੀਕ ਪੱਖੋਂ ਵਿਕਸਤ ਕਰਨ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾਣੇ ਚਾਹੀਦੇ ਹਨ।

ਮਸ਼ੀਨੀ ਬੁੱਧੀਮਤਾ (19) ਮਨੁੱਖ ਦੇ ਕੰਮਾਂ ਕਾਰਾਂ ਵਿੱਚ ਸਹਾਇਕ ਹੈ ਪਰ ਮਨੁੱਖ ਦੀ ਬੁੱਧੀ ਦੀ ਥਾਂ ਨਹੀਂ ਲੈ ਸਕਦੀ। ਅਜੋਕੇ ਸਮੇਂ ਮਸ਼ੀਨੀ ਬੁੱਧੀਮਤਾ ਪੰਜਾਬੀ ਮਾਂ ਬੋਲੀ ਨੂੰ ਹੋਰ ਵਿਕਸਤ ਕਰਨ ਅਤੇ ਭਵਿੱਖ ਵਿੱਚ ਇਸਦੇ ਯੋਗਦਾਨ ਨੂੰ ਲੈ ਕੇ ਸੈਸ਼ਨ ਕੀਤਾ ਗਿਆ ਜਿਸ ਵਿੱਚ ਇੰਜ ਈਸ਼ਰ ਸਿੰਘ ਨੇ ਆਪਣੇ ਖੋਜ ਪੱਤਰ ਵਿੱਚ ਮਸਨੂਈ ਬੌਧਿਕਤਾ ਅਤੇ ਪੰਜਾਬੀ ਅਨੁਵਾਦ ਦੀਆਂ ਚੁਣੌਤੀਆਂ ਬਾਰੇ ਗੱਲ ਕਰਦਿਆਂ ਕਿਹਾ ਕਿ ਅਨੁਵਾਦ ਇਕ ਕਲਾ ਦੇ ਨਾਲ ਨਾਲ ਵਿਗਿਆਨ ਹੈ ਅਤੇ ਅਨੁਵਾਦ ਕਰਨ ਸਮੇਂ ਦੋਵਾਂ ਦਾ ਸੁਮੇਲ ਸਹੀ ਹੋਣਾ ਬਹੁਤ ਜ਼ਰੂਰੀ ਹੈ। ਉਨ੍ਹਾਂ ਨੇ ਦੱਸਿਆ ਕਿ ਐਂਗਲੋਰਿਦਮ ਅਤੇ ਟੂਲ ਬੇਸ ਤਕਨੀਕੀ ਸਮੱਸਿਆਵਾਂ ਤੇ ਭਾਸ਼ਾ ਨਾਲ ਸਬੰਧਤ ਸਮੱਸਿਆਵਾਂ ਅਨੁਵਾਦ ਸਮੇਂ ਰੁਕਾਵਟਾਂ ਪੈਦਾ ਕਰਦੀਆਂ ਹਨ ਜਿਨ੍ਹਾਂ ਦਾ ਹੱਲ ਕੱਢਣਾ ਬਹੁਤ ਜ਼ਰੂਰੀ ਹੈ।ਇਸ ਕੰਮ ਲਈ ਜਿੱਥੇ ਤਕਨੀਕੀ ਟੂਲ ਦੀ ਸਹੀ ਵਰਤੋਂ ਲਈ ਕਿਹਾ ਉੱਥੇ ਹੀ ਪੰਜਾਬੀ ਭਾਸ਼ਾ ਦੇ ਵਿਗਿਆਨੀਆਂ ਨੂੰ ਵੱਧ ਤੋਂ ਵੱਧ ਯੋਗਦਾਨ ਪਾਉਣ ਲਈ ਕਿਹਾ। ਇਸ ਗੱਲ ਨੂੰ ਅੱਗੇ ਤੋਰਦਿਆਂ ਦੂਸਰਾ ਪਰਚਾ ਅਭੀਜੀਤ ਸਿੰਘ ਨੇ ਪੇਸ਼ ਕੀਤਾ ਅਤੇ ਕਿਵੇਂ ਪੰਜਾਬੀ ਦੀ ਵੈੱਬਸਾਈਟ ਬਣਾ ਕੇ ਅਤੇ ਪੰਜਾਬੀ ਸਿਖਾਉਣ ਲਈ ਐਪਲੀਕੇਸ਼ਨ ਤਿਆਰ ਕਰਕੇ ਘਰੇ ਬੈਠੇ ਬੱਚਿਆਂ ਨੂੰ ਪੰਜਾਬੀ ਸਿਖਾਈ ਜਾ ਸਕਦੀ ਹੈ। ਇਸ ਤੋਂ ਬਾਅਦ ਪ੍ਰਸਿੱਧ ਪੱਤਰਕਾਰ ਕੰਵਰ ਸੰਧੂ ਨੇ ਆਪਣੇ ਵਿਚਾਰ ਪੇਸ਼ ਕਰਦਿਆਂ ਆਪਣਾ ਪਰਚਾ ਪੰਜਾਬੀ ਡਾਇਸਪੋਰਾ: ਸਿਆਸੀ ਅਤੇ ਸਮਾਜਿਕ ਮਸਲੇ ਅਤੇ ਉਨ੍ਹਾਂ ਦੇ ਹੱਲ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਪ੍ਰਧਾਨਗੀ ਮੰਡਲ ਵਿੱਚ ਸ ਕਿਰਪਾਲ ਸਿੰਘ ਪੰਨੂੰ, ਡਾ ਸੋਹਣ ਸਿੰਘ ਪਰਮਾਰ, ਡਾ ਵਰਿਆਮ ਸਿੰਘ ਸੰਧੂ, ਸ ਕਰਨ ਅਜੈਬ ਸਿੰਘ ਸੰਘਾ, ਗੁਰਦਿਆਲ ਝੀਤਾ, ਕੰਵਲਜੀਤ ਸਿੰਘ ਸੈਣੀ ਅਤੇ ਚੌਧਰੀ ਮਕਸੂਦ ਸ਼ਾਮਿਲ ਸਨ। ਇਸ ਸੈਸ਼ਨ ਦਾ ਮੰਚ ਸੰਚਾਲਨ ਡਾ ਅਮਰਦੀਪ ਸਿੰਘ ਬਿੰਦਰਾ ਵਲੋਂ ਬਾਖੂਬੀ ਨਿਭਾਇਆ ਗਿਆ। ਡਾ ਸੁਰਿੰਦਰਪਾਲ ਸਿੰਘ ਬਾਲ, ਨਾਵਲਕਾਰ ਜਿੰਗਾ ਸਿੰਘ ਸਹੋਤਾ ਦੀਆਂ ਪੁਸਤਕ ਲੋਕ ਅਰਪਣ ਕੀਤੀਆਂ ਗਈਆਂ । ਸ਼ਾਮ ਦਾ ਆਖ਼ਰੀ ਸੈਸ਼ਨ ਕਵੀ ਦਰਬਾਰ ਅਤੇ ਗੀਤ ਸੰਗੀਤ ਨੂੰ ਸਮਰਪਿਤ ਰਿਹਾ ਜਿਸ ਵਿੱਚ ਹਾਜ਼ਰ ਕਵੀ ਸਹਿਬਾਨ ਵੱਲੋਂ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ ਗਈਆਂ।ਇਸ ਸੈਸ਼ਨ ਦਾ ਮੰਚ ਸੰਚਾਲਨ ਮੀਤਾ ਖੰਨਾ ਅਤੇ ਪਰਮਜੀਤ ਦਿਓਲ ਨੇ ਬਾਖੂਬੀ ਨਿਭਾਇਆ। ਤੀਸਰੇ ਦਿਨ ਐਤਵਾਰ 22 ਜੂਨ 2025 ਦੇ ਪਹਿਲੇ ਸੈਸ਼ਨ ਵਿੱਚ ਬੋਲਦਿਆਂ ਚੜ੍ਹਦੀਕਲਾ ਟਾਈਮ ਟੀਵੀ ਦੇ ਡਾਇਰੈਕਟਰ ਅੰਮ੍ਰਿਤਪਾਲ ਸਿੰਘ ਦਰਦੀ ਨੇ ਕਿਹਾ ਕਿ ਸਾਨੂੰ ਆਪਣੇ ਬੱਚਿਆਂ ਨੂੰ ਇਸ ਤਰ੍ਹਾਂ ਦੀਆਂ ਕਾਨਫਰੰਸਾਂ ਵਿੱਚ ਲਿਆਉਣਾ ਚਾਹੀਦਾ ਤਾਂ ਜੋ ਉਹ ਆਪਣੀ ਮਾਂ ਬੋਲੀ ਨਾਲ ਜੁੜੇ ਰਹਿਣ ਅਤੇ ਪੰਜਾਬੀ ਭਾਸ਼ਾ ਦੀ ਵਿਲੱਖਣਤਾ ਨੂੰ ਸਮਝਣ। ਉਨ੍ਹਾਂ ਕਿਹਾ ਕਿ ਅੱਜ ਦੇ ਸਮੇਂ ਪੰਜਾਬੀ ਭਾਸ਼ਾ ਬੜੀਆਂ ਚੁਣੌਤੀਆਂ ਵਿਚੋਂ ਗੁਜ਼ਰ ਰਹੀ ਹੈ ਕਿਉਂਕਿ ਅਸੀਂ ਵਪਾਰਕ ਭਾਸ਼ਾ ਅੰਗਰੇਜ਼ੀ ਤੋਂ ਪ੍ਰਭਾਵਿਤ ਹੋ ਰਹੇ ਹਾਂ। ਸ.ਦਰਦੀ ਨੇ ਕਿਹਾ ਕਿ ਇਸ ਸਮੇਂ ਮਾਪਿਆਂ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਆਪਣੇ ਬੱਚਿਆਂ ਨੂੰ ਪੰਜਾਬੀ ਮਾਂ ਬੋਲੀ ਨਾਲ ਜੋੜਨ। ਇਸ ਮੌਕੇ ਉਨ੍ਹਾਂ ਨੇ ਆਪਣਾ ਖੋਜ ਪੱਤਰ ਆਪਣੀ ਧੀ ਦਮਨਪ੍ਰੀਤ ਕੌਰ ਦਰਦੀ ਕੋਲੋਂ ਪੜ੍ਹਵਾਇਆ ਤਾਂ ਜੋ ਕੈਨੇਡਾ ਵਿੱਚ ਵਸਦੇ ਹੋਏ ਆਪਣੀ ਮਾਂ-ਬੋਲੀ ਪੰਜਾਬੀ ਨਾਲ ਜੁੜ ਕੇ ਰਹੇ। ਖ਼ਾਲਸਾ ਕਾਲਜ (ਲੜਕੀਆਂ) ਦੇ ਪ੍ਰੋ. ਨਰਿੰਦਰਜੀਤ ਕੌਰ ਨੇ ਵੀ ਆਪਣੀ ਤਕਰੀਰ ਰੱਖੀ ਅਤੇ ਪੰਜਾਬੀ ਭਾਸ਼ਾ ਨੂੰ ਵਿਆਕਰਣ ਦੇ ਨਿਯਮਾਂ ਅਨੁਸਾਰ ਪੜ੍ਹਾਉਣ ਲਈ ਜ਼ੋਰ ਦਿੱਤਾ ਅਤੇ ਕਿਹਾ ਕਿ ਸਾਨੂੰ ਪੰਜਾਬੀ ਦਾ ਸਹੀ ਉਚਾਰਣ ਬੱਚਿਆਂ ਨੂੰ ਸਿਖਾਉਣਾ ਚਾਹੀਦਾ ਹੈ। ਮੈਡਮ ਸਫ਼ੀਨਾ ਬਿੱਟੂ ਸੰਧੂ ਵੱਲੋਂ ਆਪਣੇ ਵਿਚਾਰ ਪੇਸ਼ ਕੀਤੇ ਅਤੇ ਆਪਣੀਆਂ ਰਚਨਾਵਾਂ ਨਾਲ ਹਾਜ਼ਰੀ ਭਰੀ।

ਇਸ ਵਾਰ ਕਾਨਫਰੰਸ ਵਿੱਚ ਨੌਜਵਾਨ ਪੀੜ੍ਹੀ ਨੂੰ ਸਮਰਪਿਤ ਇਕ ਵਿਸ਼ੇਸ਼ ਸੈਸ਼ਨ ਬੱਚਿਆਂ ਦਾ ਰੱਖਿਆ ਗਿਆ ਜਿਸ ਵਿੱਚ 10 ਬੱਚਿਆਂ ਨੇ ਪੰਜਾਬੀ ਕਵਿਤਾਵਾਂ, ਭਾਸ਼ਣ ਪੇਸ਼ ਕੀਤੇ ਗਏ ਜੋ ਕਾਨਫਰੰਸ ਵਿੱਚ ਵਿੱਚ ਸਭ ਤੋਂ ਛੋਟੀ ਉਮਰ ਦੀ ਬੁਲਾਰਾ ਚਾਰ ਸਾਲ ਦੀ ਹਰਸਿਦਕ ਕੌਰ ਸੀ। ਬੱਚਿਆਂ ਨੂੰ ਮੈਡਲ ਸਰਟੀਫਿਕੇਟ ਵੰਡੇ ਉੱਥੇ ਹੀ ਬਾਪੂ ਸੁਬੇਗ ਸਿੰਘ ਕਥੂਰੀਆ ਜੀ ਨੇ ਬੱਚਿਆਂ ਦੀ ਹੌਂਸਲਾ ਅਫਜ਼ਾਈ ਲਈ ਨਗਦ ਰਾਸ਼ੀ ਇਨਾਮ ਵਜੋਂ ਦਿੱਤੀ। ਡਾ ਦਲਬੀਰ ਸਿੰਘ ਕਥੂਰੀਆ ਨੇ ਹਾਜ਼ਰ ਮਾਪਿਆਂ ਨੂੰ ਆਪਣੇ ਬੱਚਿਆਂ ਨੂੰ ਕਾਨਫ਼ਰੰਸ ਵਿੱਚ ਲੈ ਆਉਣ ਅਤੇ ਪੰਜਾਬੀ ਮਾਂ ਬੋਲੀ ਨਾਲ ਜੋੜਨ ਲਈ ਕਿਹਾ ਤਾਂ ਜੋ ਉਹ ਆਪਣੇ ਵਿਰਸੇ ਅਤੇ ਸੱਭਿਆਚਾਰ ਨਾਲ ਜੁੜੇ ਰਹਿਣ।

ਚੇਤਨਾ ਕਲਚਰਲ ਸੈਂਟਰ ਰੰਗ ਮੰਚ ਦੇ ਕਲਾਕਾਰਾਂ ਵੱਲੋਂ ਇਸ ਸਮੇਂ ਖੇਡੇ ਗਏ ਨਾਟਕ ਧੁਖਦੇ ਰਿਸ਼ਤੇ ਅਤੇ ਨੁੱਕੜ ਨਾਟਕ ਰੰਗ ਕੈਨੇਡਾ ਦੇ ਦਾ ਮੰਚਨ ਬਾਖੂਬੀ ਕੀਤਾ ਗਿਆ। ਇਹਨਾਂ ਨਾਟਕਾਂ ਰਾਹੀਂ ਇਹ ਦੱਸਣ ਦੀ ਕੋਸ਼ਿਸ਼ ਕੀਤੀ ਗਈ ਕਿ ਕੈਨੇਡਾ ਆ ਕੇ ਕਿਹੜੀਆਂ ਕਿਹੜੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਨਾਹਰ ਔਜਲਾ ਅਤੇ ਸ ਹੀਰਾ ਸਿੰਘ ਹੰਸਪਾਲ ਅਤੇ ਸਮੁੱਚੀ ਟੀਮ ਨੂੰ ਮੈਡਲ, ਸਰਟੀਫਿਕੇਟ ਤੇ ਸ਼ਾਲ ਦੇ ਕੇ ਸਨਮਾਨਿਤ ਕੀਤਾ ਗਿਆ।

ਤੀਸਰੇ ਦਿਨ ਦੇ ਆਖ਼ਰੀ ਸੈਸ਼ਨ ਵਿੱਚ ਪੁਰਾਤਨ ਪੰਜਾਬ ਦੀ ਵਿਰਾਸਤ ਨੂੰ ਅੱਗੇ ਤੋਰਨ ਲਈ ਰਿਵਾਇਤੀ ਮੁਸ਼ਾਇਰਾ ਕਰਵਾਇਆ ਗਿਆ ਜਿਸਦਾ ਮੰਚ ਸੰਚਾਲਨ ਹਜ਼ਰਤ ਸ਼ਾਮ ਵੱਲੋਂ ਕੀਤਾ ਗਿਆ ਅਤੇ ਇਸ ਮੁਸ਼ਾਇਰੇ ਵਿੱਚ ਜਨਾਬ ਡਾ ਖ਼ਾਲਿਦ ਜ਼ਾਫਰ, ਜਨਾਬ ਰਸ਼ੀਦ ਨਦੀਮ, ਪ੍ਰੋ ਆਸ਼ਿਕ ਰਹੀਲ, ਪ੍ਰੋ ਸ਼ਾਹਿਦ ਮਹਿਮੂਦ ਗੁੱਲ, ਡਾ ਉਜ਼ਮਾ ਮਹਿਮੂਦ, ਬਸ਼ਾਰਤ ਰਿਹਾਨ, ਤਾਰਿਕ ਹਮੀਦ, ਸੁਰਿੰਦਰ ਪ੍ਰੀਤ ਘਣੀਆਂ ਅਤੇ ਗੁਰਬਖਸ਼ ਸਿੰਘ ਭੰਡਾਲ, ਸੁਰਜੀਤ ਕੌਰ, ਗੁਰਦਿਆਲ ਸਿੰਘ ਝੀਤਾ, ਮਕਸੂਦ ਚੌਧਰੀ ੀ ਆਦਿ ਨੇ ਸ਼ਾਇਰੀ ਦੇ ਰੰਗ ਪੇਸ਼ ਕੀਤੇ।

ਇਸ ਕਾਨਫਰੰਸ ਵਿੱਚ ਤੱਥਾਂ ਦੇ ਹਵਾਲੇ ਨਾਲ ਕੁਝ ਮਤੇ ਪਾਸ ਕੀਤੇ ਗਏ ਇਨ੍ਹਾਂ ਨੂੰ ਪੜ੍ਹਦਿਆਂ ਕਾਹਲੋਂ ਸਾਹਬ ਨੇ ਕਿਹਾ ਕਿ ਪੰਜਾਬ ਵਿੱਚ ਪੰਜਾਬ ਸਰਕਾਰ ਵੱਲੋਂ ਜੋ ਭਾਸ਼ਾ ਐਕਟ 1967 ਬਣਾਇਆ ਗਿਆ ਤੇ ਉਸ ਤੋਂ ਬਾਅਦ ਭਾਸ਼ਾ ਸੋਧ ਐਕਟ 2008 ਐਕਟ ਪੂਰੀ ਤਰ੍ਹਾਂ ਲਾਗੂ ਕੀਤਾ ਜਾਵੇ। ਸਾਰਿਆਂ ਨੂੰ ਮਿਲ ਕੇ ਸਰਕਾਰ ਉੱਪਰ ਦਬਾਅ ਪਾਇਆ ਜਾਵੇ ਤਾਂ ਜੋ ਪੰਜਾਬੀ ਭਾਸ਼ਾ ਨੂੰ ਆਪਣੇ ਰਾਜ ਵਿੱਚ ਬਣਦਾ ਰੁਤਬਾ ਮਿਲ ਸਕੇ। ਕਾਨਫਰੰਸ ਦੌਰਾਨ ਇਹ ਵੀ ਫੈਸਲਾ ਲਿਆ ਗਿਆ ਕਿ ਜਿੰਨਾ ਚਿਰ ਪੰਜਾਬੀ ਪਰਿਵਾਰ, ਰੁਜ਼ਗਾਰ, ਬਾਜ਼ਾਰ ਅਤੇ ਅਦਾਲਤਾਂ ਦੀ ਭਾਸ਼ਾ ਨਹੀਂ ਬਣਦੀ ਅਤੇ ਵਿੱਦਿਅਕ ਅਦਾਰਿਆਂ ਵਿੱਚ ਪੂਰੀ ਤਰ੍ਹਾਂ ਲਾਗੂ ਨਹੀਂ ਹੁੰਦੀ ਓਨੀ ਦੇਰ ਤੱਕ ਪੰਜਾਬੀ ਭਾਸ਼ਾ ਦਾ ਵਿਕਾਸ ਨਹੀਂ ਹੋ ਸਕਦਾ। ਉਨ੍ਹਾਂ ਅੱਗੇ ਕਿਹਾ ਕਿ ਸਿੱਖਿਆ ਨੀਤੀ 2020 ਵਿੱਚ ਪੰਜਾਬੀ ਭਾਸ਼ਾ ਲਈ ਖਤਰੇ ਮੰਡਰਾ ਰਹੇ ਹਨ ਇਸ ਤੋਂ ਵੀ ਸਾਨੂੰ ਸਾਵਧਾਨ ਹੋਣ ਦੀ ਲੋੜ ਹੈ।ਇਹ ਮਤਾ ਵੀ ਪਾਇਆ ਗਿਆ ਕਿ ਕੈਨੇਡਾ ਸਰਕਾਰ ਤੋਂ ਮੰਗ ਕੀਤੀ ਜਾਂਦੀ ਹੈ ਕਿ ਬ੍ਰਿਟਿਸ਼ ਕੋਲੰਬੀਆ ਸੂਬੇ ਦੀ ਤਰ੍ਹਾਂ ਓਟਾਂਰੀਓ ਸੂਬੇ ਵਿੱਚ ਵੀ ਪੰਜਾਬੀ ਭਾਸ਼ਾ ਨੂੰ ਗ੍ਰੈਜੂਏਸ਼ਨ ਪੱਧਰ ਤੇ ਪੜ੍ਹਾਉਣ ਦਾ ਬਿੱਲ ਪਾਸ ਕਰੇ। ਲਹਿੰਦੇ ਪੰਜਾਬ ਵਿੱਚ ਸਭ ਤੋਂ ਵੱਧ ਪੰਜਾਬੀਆਂ ਨੂੰ ਆਪਣੀ ਮਾਂ-ਬੋਲੀ ਪੰਜਾਬੀ ਪਹਿਲੀ ਕਲਾਸ ਤੋਂ ਹਾਇਰ ਐਜੂਕੇਸ਼ਨ ਤੱਕ ਪੜ੍ਹਾਇਆ ਜਾਵੇ। ਇਨ੍ਹਾਂ ਮਤਿਆਂ ਨੂੰ ਪ੍ਰਵਾਨਗੀ ਦਿੱਤੀ ਗਈ ਡਾ ਦਲਬੀਰ ਸਿੰਘ ਕਥੂਰੀਆ ਜੀ ਵੱਲੋਂ ਅਤੇ ਇਸ ਸਮੇਂ ਡਾ. ਵਰਿਆਮ ਸੰਧੂ ਨੇ ਕਿਹਾ ਕਿ ਸਾਨੂੰ ਪੰਜਾਬੀ ਭਾਸ਼ਾ ਨੂੰ ਵਿਸ਼ਵ ਪੱਧਰ ਦੀ ਭਾਸ਼ਾ ਬਣਾਉਣ ਲਈ ਯਤਨਸ਼ੀਲ ਹੋਣਾ ਚਾਹੀਦਾ ਹੈ।

ਇਸ ਮੌਕੇ ਸਮੂਹ ਕਥੂਰੀਆ ਪਰਿਵਾਰ ਦੇ ਮੈਂਬਰ ਸਾਹਿਬਾਨ, ਉੱਘੇ ਲੇਖਕ ਪ੍ਰਿੰਸੀਪਲ ਸਰਵਣ ਸਿੰਘ, ਸਾਬਕਾ ਵਿਧਾਇਕ ਅਤੇ ਸੀਨੀਅਰ ਪੱਤਰਕਾਰ ਕੰਵਰ ਸੰਧੂ, ਹਰਜੀ ਬਾਜਵਾ, ਪਰਮਜੀਤ ਸਿੰਘ ਬਿਰਦੀ, ਪੂਰਨ ਸਿੰਘ ਪਾਂਧੀ, ਰਾਜਵੰਤ ਕੌਰ ਸੰਧੂ, ਡਾ.ਜਗੀਰ ਸਿੰਘ ਨੂਰ, ਕੰਵਲਜੀਤ ਸਿੰਘ ਲੱਕੀ, ਰੇਖੀ ਜੀ, ਸ ਜਸਪਾਲ ਸਿੰਘ ਕਾਹਲੋਂ, ਸੁੰਦਰਪਾਲ ਰਾਜਾਸਾਂਸੀ, ਅਮਨਦੀਪ ਕੌਰ ਹੇਰਾਂ, ਤਾਹਿਰਾ ਸਰਾ, ਹਸਨੈਣ ਅਕਬਰ ਬਾਬਾ ਗਰੁੱਪ, ਕਵਿੱਤਰੀ ਸੁਰਜੀਤ ਕੌਰ, ਤੇਜਿੰਦਰ ਕੌਰ ਕਥੂਰੀਆ, ਡਾ., ਨਵਜੋਤ ਕੌਰ, ਸ.ਗਿਆਨ ਸਿੰਘ ਕੰਗ, ਪ੍ਰਾਈਮ ਏਸ਼ੀਆ ਚੈਨਲ ਦੇ ਪੱਤਰਕਾਰ ਜਸਵਿੰਦਰ ਸਿੰਘ ਬਿੱਟਾ ਅਤੇ ਅਕਾਲ ਐਜੂਕੇਸ਼ਨ ਕੌਂਸਲ ਮਸਤੂਆਣਾ ਤੋਂ ਪ੍ਰੀਤ ਹੀਰ, ਦਿਸ਼ਾ ਤੋਂ ਡਾ ਕੰਵਲਜੀਤ ਕੌਰ ਢਿੱਲੋਂ, ਪੀਸ ਐਂਡ ਕਲਚਰਲ ਕਲੱਬ ਵੱਲੋਂ ਰੋਸ਼ਨ ਪਾਠਕ, ਆਰ. ਐਸ. ਐਫ. ਓ. ਤੋਂ ਦਲਜੀਤ ਸਿੰਘ ਗੈਦੂ, ਕੁਲਵੰਤ ਕੌਰ ਗੈਦੂ, ਡਾ ਦਵਿੰਦਰ ਸਿੰਘ ਲੱਧੜ, ਪ੍ਰਭਦਿਆਲ ਸਿੰਘ ਖੰਨਾ, ਸ ਧਿਆਨ ਸਿੰਘ ਮਿਗਲਾਨੀ, ਸਰਬਜੀਤ ਕੌਰ ਕਾਹਲੋਂ, ਸ ਅਜੀਤ ਸਿੰਘ ਅਰੋੜਾ, ਰੰਮੀ ਵਾਲੀਆ ਅਤੇ ਪ੍ਰਵਾਸੀ ਮੀਡੀਆ ਅਤੇ ਚੜ੍ਹਦੀ ਕਲਾ ਟਾਈਮ ਟੀ ਵੀ ਚੈਨਲ ਆਦਿ ਨੇ ਵਿਸ਼ੇਸ਼ ਹਾਜ਼ਰੀ ਲਗਵਾਈ। ਉੱਥੇ ਹੀ ਬਰੈਂਪਟਨ ਵਸਦੇ ਪੰਜਾਬੀਆਂ ਨੇ ਤਿੰਨੇ ਦਿਨ ਕਾਨਫਰੰਸ ਵਿੱਚ ਸ਼ਿਰਕਤ ਕੀਤੀ ਸਟੇਜ ਸਕੱਤਰ ਦੀ ਭੂਮਿਕਾ ਪ੍ਰੋ.ਜਗੀਰ ਸਿੰਘ ਕਾਹਲੋਂ, ਡਾ. ਗੁਰਪ੍ਰੀਤ ਕੌਰ ਅਤੇ ਡਾ ਅਮਰਦੀਪ ਬਿੰਦਰਾ ਨੇ ਬਾਖ਼ੂਬੀ ਨਿਭਾਈ। ਇਸ ਕਾਨਫਰੰਸ ਦੇ ਅਖੀਰਲੇ ਦਿਨ ਦੇਸ਼ਾਂ ਵਿਦੇਸ਼ਾਂ ਤੋਂ ਆਏ ਬੁਲਾਰਿਆਂ ਨੂੰ ਵਿਸ਼ੇਸ ਸਨਮਾਨ ਪੱਤਰ ਦੇ ਕੇ ਸਨਮਾਨਿਤ ਕੀਤਾ ਗਿਆ। ਪ੍ਰਮਾਣ ਪੱਤਰ ਅਤੇ ਸਨਮਾਨ ਪੱਤਰ ਸ. ਦਲਬੀਰ ਸਿੰਘ ਕਥੂਰੀਆ ਦੇ ਪਿਤਾ ਸ. ਸ਼ੁਬੇਗ ਸਿੰਘ ਕਥੂਰੀਆ ਅਤੇ ਪ੍ਰਬੰਧਕਾਂ ਵੱਲੋਂ ਭੇਂਟ ਕੀਤੇ ਗਏ। ਕਾਨਫਰੰਸ ਦੀ ਸਫ਼ਲਤਾ ਲਈ ਵਧਾਈਆਂ ਦਿੱਤੀਆਂ। ਸਭਨਾਂ ਵੱਲੋਂ ਨਿੱਘੇ ਸੱਦੇ ਅਤੇ ਮਹਿਮਾਨ ਨਿਵਾਜ਼ੀ ਲਈ ਡਾ ਦਲਬੀਰ ਸਿੰਘ ਕਥੂਰੀਆ ਅਤੇ ਸਮੂਹ ਪਰਿਵਾਰ ਮੈਂਬਰਾਂ ਦਾ ਧੰਨਵਾਦ ਕੀਤਾ।ਡਾ ਕਥੂਰੀਆ ਨੂੰ ਅਤੇ ਸਮੁੱਚੀ ਟੀਮ ਨੂੰ ਭਵਿੱਖ ਵਿੱਚ ਹੋਰ ਵਧੇਰੇ ਕਾਰਜਾਂ ਲਈ ਸ਼ੁਭ ਕਾਮਨਾਵਾਂ ਦਿੱਤੀਆਂ।

# ਰਾਸ਼ਟਰਪਤੀ ਦ੍ਰੋਪਦੀ ਮੁਰਮੂ ਵੱਲੋਂ ਮਹਾਯੋਗੀ ਗੁਰੂ ਗੋਰਖਨਾਥ ਆਯੁਸ਼ ਯੂਨੀਵਰਸਿਟੀ ਦਾ ਉਦਘਾਟਨ

## ਆਯੁਸ਼ ਪ੍ਰਣਾਲੀਆਂ ਵਿਸ਼ਵ ਭਾਈਚਾਰੇ ਨੂੰ ਭਾਰਤ ਦਾ ਅਨਮੋਲ ਤੋਹ.ਫਾ



ਗੋਰਖਪੁਰ, 1 ਜੁਲਾਈ (ਅੰਮ੍ਰਿਤਪਾਲ ਸਿੰਘ) : ਰਾਸ਼ਟਰਪਤੀ ਸ਼੍ਰੀਮਤੀ ਦ੍ਰੋਪਦੀ ਮੁਰਮੂ ਨੇ ਅੱਜ ਉੱਤਰ ਪ੍ਰਦੇਸ਼ ਦੇ ਗੋਰਖਪੁਰ ਵਿੱਚ ਮਹਾਯੋਗੀ ਗੁਰੂ ਗੋਰਖਨਾਥ ਆਯੁਸ਼ ਯੂਨੀਵਰਸਿਟੀ ਦਾ ਉਦਘਾਟਨ ਕੀਤਾ।

ਇਸ ਮੌਕੇ 'ਤੇ ਬੋਲਦਿਆਂ ਰਾਸ਼ਟਰਪਤੀ ਨੇ ਕਿਹਾ ਕਿ ਮਹਾਯੋਗੀ ਗੁਰੂ ਗੋਰਖਨਾਥ ਆਯੁਸ਼ ਯੂਨੀਵਰਸਿਟੀ ਸਾਡੀਆਂ ਅਮੀਰ ਪ੍ਰਾਚੀਨ ਪਰੰਪਰਾਵਾਂ ਦਾ ਇੱਕ ਪ੍ਰਭਾਵਸ਼ਾਲੀ ਆਧੁਨਿਕ ਕੇਂਦਰ ਹੈ। ਇਸਦਾ ਉਦਘਾਟਨ ਨਾ ਸਿਰਫ਼ ਉੱਤਰ ਪ੍ਰਦੇਸ਼ ਵਿੱਚ ਸਗੋਂ ਪੂਰੇ ਦੇਸ਼ ਵਿੱਚ ਡਾਕਟਰੀ ਸਿੱਖਿਆ ਅਤੇ ਡਾਕਟਰੀ ਸੇਵਾਵਾਂ ਦੇ ਵਿਕਾਸ ਵਿੱਚ ਇੱਕ ਮੀਲ ਪੱਥਰ ਹੈ। ਉਨ੍ਹਾਂ ਨੂੰ ਇਹ ਜਾਣ ਕੇ ਖੁਸ਼ੀ ਹੋਈ ਕਿ ਯੂਨੀਵਰਸਿਟੀ ਵਿੱਚ ਵਿਕਸਤ ਕੀਤੀਆਂ ਗਈਆਂ ਉੱਨਤ ਸਹੂਲਤਾਂ ਹੁਣ ਵੱਡੀ ਗਿਣਤੀ ਵਿੱਚ ਲੋਕਾਂ ਲਈ ਉਪਲਬਧ ਹਨ।

ਇਸ ਯੂਨੀਵਰਸਿਟੀ ਨਾਲ ਜੁੜੇ ਲਗਭਗ 100 ਆਯੁਸ਼ ਕਾਲਜ ਵੀ ਇਸਦੀ ਉੱਤਮਤਾ ਤੋਂ ਲਾਭ ਉਠਾ ਰਹੇ ਹਨ।ਰਾਸ਼ਟਰਪਤੀ ਨੇ ਕਿਹਾ ਕਿ ਜਨਤਕ ਜੀਵਨ ਵਿੱਚ, ਲੋਕਾਂ ਦੀ ਮਦਦ ਕਰਨ ਲਈ ਆਪਣੇ ਸੁੱਖ-ਸਹੂਲਤਾਂ ਦਾ ਤਿਆਗ ਕਰਨਾ ਪੈਂਦਾ ਹੈ।

ਉਨ੍ਹਾਂ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਦੀ ਲੋਕ ਭਲਾਈ ਪ੍ਰਤੀ ਸਮਰਪਣ ਲਈ ਪ੍ਰਸ਼ੰਸਾ ਕੀਤੀ। ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਅਣਥੱਕ ਯਤਨਾਂ ਦੇ ਨਤੀਜੇ ਵਜੋਂ ਇਸ ਖੇਤਰ ਵਿੱਚ ਸਿਹਤ, ਸਿੱਖਿਆ ਅਤੇ ਖੇਤੀਬਾੜੀ ਨਾਲ ਸਬੰਧਤ ਬੁਨਿਆਦੀ ਢਾਂਚੇ ਦਾ ਵਿਕਾਸ ਹੋਇਆ ਹੈ।ਰਾਸ਼ਟਰਪਤੀ ਨੇ ਕਿਹਾ ਕਿ ਇੱਕ ਕਹਾਵਤ ਹੈ, ਸਿਹਤ ਹੀ ਦੌਲਤ ਹੈ। ਉਨ੍ਹਾਂ ਲੋਕਾਂ ਨੂੰ ਆਪਣੇ ਆਪ ਨੂੰ ਸਿਹਤਮੰਦ ਰੱਖਣ ਲਈ ਹਰ ਕਦਮ ਚੁੱਕਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਇਹ 2047 ਤੱਕ ਭਾਰਤ ਨੂੰ ਇੱਕ ਵਿਕਸਤ ਰਾਸ਼ਟਰ ਬਣਾਉਣ ਵੱਲ ਇੱਕ ਮਹੱਤਵਪੂਰਨ ਕਦਮ ਹੋਵੇਗਾ।

ਉਨ੍ਹਾਂ ਕਿਹਾ ਕਿ ਯੋਗ ਉਨ੍ਹਾਂ ਲੋਕਾਂ ਲਈ ਬਹੁਤ ਫਾਇਦੇਮੰਦ ਹੈ ਜੋ ਘੱਟ ਸਰੀਰਕ ਮਿਹਨਤ ਕਰਦੇ ਹਨ ਅਤੇ ਬੈਠੇ ਰਹਿੰਦੇ ਹਨ। ਉਨ੍ਹਾਂ ਲੋਕਾਂ ਨੂੰ ਨਿਯਮਿਤ ਤੌਰ 'ਤੇ ਯੋਗਾ ਕਰਨ ਦੀ ਸਲਾਹ ਦਿੱਤੀ।ਆਯੁਰਵੇਦ ਸਾਡੀ ਧਰਤੀ ਨਾਲ ਜੁੜਿਆ ਹੋਇਆ ਹੈ। ਸਾਡੇ ਖੇਤ ਅਤੇ ਜੰਗਲ ਔਸ਼ਧੀ ਪੌਦਿਆਂ ਅਤੇ ਜੜ੍ਹੀਆਂ ਬੂਟੀਆਂ ਦਾ ਖਜ਼ਾਨਾ ਹਨ। ਉਨ੍ਹਾਂ ਕਿਹਾ ਕਿ ਆਯੁਸ਼ ਪ੍ਰਣਾਲੀਆਂ ਵਿਸ਼ਵ ਭਾਈਚਾਰੇ ਨੂੰ ਭਾਰਤ ਦਾ ਅਨਮੋਲ ਤੋਹਫ਼ਾ ਹਨ।ਉਨ੍ਹਾਂ ਕਿਹਾ ਕਿ ਮਹਾਯੋਗੀ ਗੁਰੂ ਗੋਰਖਨਾਥ ਆਯੂਸ਼ ਯੂਨੀਵਰਸਿਟੀ ਆਯੂਸ਼ ਪ੍ਰਣਾਲੀਆਂ ਦੀ ਪ੍ਰਸਿੱਧੀ ਨੂੰ ਹੋਰ ਵਧਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾ ਸਕਦੀ ਹੈ।

# 1 ਜੁਲਾਈ ਤੋਂ 30 ਸਤੰਬਰ ਤੱਕ ਯੋਜਨਾਵਾਂ ਲਈ ਸੰਤ੍ਰਿਪਤ ਮੁਹਿੰਮ ਦੀ ਰਾਜ ਪੱਧਰੀ ਸ਼ੁਰੂਆਤ




ਚੰਡੀਗੜ੍ਹ, 1 ਜੁਲਾਈ (ਚ.ਨ.ਸ.) : ਹਰਿਆਣਾ ਵਿੱਚ ਪ੍ਰਧਾਨ ਮੰਤਰੀ ਜਨ ਧਨ ਯੋਜਨਾ ਪ੍ਰਧਾਨ ਮੰਤਰੀ ਜੀਵਨ ਜਯੋਤੀ ਬੀਮਾ ਯੋਜਨਾ ਪ੍ਰਧਾਨ ਮੰਤਰੀ ਸੁਰੱਖਿਆ ਬੀਮਾ ਯੋਜਨਾ ਅਤੇ ਅਟਲ ਪੈਨਸ਼ਨ ਯੋਜਨਾ ਅਧੀਨ ਗ੍ਰਾਮ ਪੰਚਾਇਤ ਪੱਧਰ 'ਤੇ 100% ਕਵਰੇਜ਼ ਯਕੀਨੀ ਬਣਾਉਣ ਲਈ ਤਿੰਨ ਮਹੀਨਿਆਂ ਦੀ ਸੰਤ੍ਰਿਪਤ ਮੁਹਿੰਮ ਸ਼ੁਰੂ ਕੀਤੀ ਜਾਵੇਗੀ। ਇਹ ਮੁਹਿੰਮ 01 ਜੁਲਾਈ, 2025 ਤੋਂ 30 ਸਤੰਬਰ, 2025 ਤੱਕ ਚੱਲੇਗੀ। ਮੁਹਿੰਮ ਦੀ ਰਾਜ ਪੱਧਰੀ ਸ਼ੁਰੂਆਤ 1 ਜੁਲਾਈ ਨੂੰ ਕਰਨਾਲ ਜ਼ਿਲ੍ਹੇ ਦੇ ਬਸਤਾਰਾ ਵਿਖੇ ਹੋਈ ਸੀ। ਮੁਹਿੰਮ ਦੇ ਰੂਪ-ਰੇਖਾ 'ਤੇ ਚਰਚਾ ਕਰਨ ਲਈ 25 ਜੂਨ ਨੂੰ ਪੰਜਾਬ ਨੈਸ਼ਨਲ ਬੈਂਕ, ਹਰਿਆਣਾ ਡਿਵੀਜ਼ਨ ਦੁਆਰਾ ਇੱਕ ਵਿਸ਼ੇਸ਼ ਰਾਜ ਪੱਧਰੀ ਬੈਂਕਰਜ਼ ਕਮੇਟੀ ਦੀ ਔਨਲਾਈਨ ਮੀਟਿੰਗ ਵੀ ਆਯੋਜਿਤ ਕੀਤੀ ਗਈ ਸੀ। ਮੀਟਿੰਗ ਦੀ ਪ੍ਰਧਾਨਗੀ ਸ਼੍ਰੀ ਸੀ.ਜੀ. ਰਜਨੀਕਾਂਤ, ਆਈਏਐਸ, ਸਕੱਤਰ, ਵਿੱਤ ਵਿਭਾਗ, ਹਰਿਆਣਾ ਸਰਕਾਰ ਨੇ ਕੀਤੀ। ਮੀਟਿੰਗ ਵਿੱਚ ਮੌਜੂਦ ਮੁੱਖ ਅਧਿਕਾਰੀ: ਲਲਿਤ ਤਨੇਜਾ, ਜਨਰਲ ਮੈਨੇਜਰ, ਪੰਜਾਬ ਨੈਸ਼ਨਲ ਬੈਂਕ ਅਤੇ ਕਨਵੀਨਰ, ਹਰਿਆਣਾ ਜੋਗਿੰਦਰ ਸਿੰਘ, ਡਿਪਟੀ ਜਨਰਲ ਮੈਨੇਜਰ, ਹਰਿਆਣਾ ਵਿਜੇ ਕੁਮਾਰ, ਮੁੱਖ ਮੈਨੇਜਰ, ਹਰਿਆਣਾ ਰਾਜ ਦੇ ਸਾਰੇ ਬੈਂਕਾਂ ਦੇ ਸੀਨੀਅਰ ਅਧਿਕਾਰੀ ਸਾਰੇ ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰ/ ਵਧੀਕ ਡਿਪਟੀ ਕਮਿਸ਼ਨਰ ਨਾਬਾਰਡ ਅਤੇ ਸਾਰੇ ਜ਼ਿਲ੍ਹਿਆਂ ਦੇ ਪ੍ਰਮੁੱਖ ਜ਼ਿਲ੍ਹਾ ਪ੍ਰਬੰਧਕ ਮੀਟਿੰਗ ਵਿੱਚ ਇਹ ਫੈਸਲਾ ਕੀਤਾ ਗਿਆ ਕਿ ਜਾਗਰੂਕਤਾ ਕੈਂਪ, ਬੀਮਾ ਅਤੇ ਪੈਨਸ਼ਨ ਸਕੀਮਾਂ ਦਾ ਮੌਕੇ ਤੇ ਨਾਮਾਂਕਣ, ਅਤੇ ਘਰ-ਘਰ ਸੰਪਰਕ, ਪ੍ਰਧਾਨ ਮੰਤਰੀ ਜਨ ਧਨ ਯੋਜਨਾ ਅਧੀਨ ਅਕਿਰਿਆਸ਼ੀਲ ਖਾਤਿਆਂ ਦੇ ਦਸਤਾਵੇਜ਼ ਪ੍ਰਾਪਤ ਕਰਨ ਵਰਗੀਆਂ ਗਤੀਵਿਧੀਆਂ ਹਰੇਕ ਗ੍ਰਾਮ ਪੰਚਾਇਤ ਪੱਧਰ ਤੇ ਕੀਤੀਆਂ ਜਾਣਗੀਆਂ।

# ਵਿਨੇਸ਼ ਫੋਗਾਟ ਬਣੀ ਮਾਂ ਰਾਠੀ ਪਰਿਵਾਰ 'ਚ ਸ਼ਾਮਲ ਹੋਇਆ ਨੰਨ੍ਹਾ ਮਹਿਮਾਨ

ਚੰਡੀਗੜ੍ਹ, 1 ਜੁਲਾਈ (ਚ.ਨ.ਸ.) : ਸਾਬਕਾ ਅੰਤਰਰਾਸ਼ਟਰੀ ਪਹਿਲਵਾਨ ਅਤੇ ਹਰਿਆਣਾ ਦੇ ਜੁਲਾਨਾ ਤੋਂ ਕਾਂਗਰਸ ਵਿਧਾਇਕ



ਵਿਨੇਸ਼ ਫੋਗਾਟ ਦੇ ਘਰ ਇੱਕ ਨਵੇਂ ਮਹਿਮਾਨ ਦਾ ਆਗਮਨ ਹੋਇਆ ਹੈ। ਵਿਨੇਸ਼ ਫੋਗਾਟ ਅਤੇ ਸੋਮਵੀਰ ਦੇ ਘਰ ਇੱਕ ਨਵੇਂ ਬੱਚੇ ਨੇ ਜਨਮ ਲਿਆ ਹੈ। ਵਿਧਾਇਕ ਵਿਨੇਸ਼ ਨੇ ਇੱਕ ਪੁੱਤਰ ਨੂੰ ਜਨਮ ਦਿੱਤਾ ਹੈ। ਇਹ ਵਿਨੇਸ਼ ਅਤੇ ਸੋਮਵੀਰ ਦਾ ਪਹਿਲਾ ਬੱਚਾ ਹੈ। ਉਸਨੂੰ ਸੋਮਵਾਰ ਨੂੰ ਡਿਲੀਵਰੀ ਲਈ ਦਿੱਲੀ ਦੇ ਇੱਕ ਨਿੱਜੀ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਸੀ।ਜਾਣਕਾਰੀ ਅਨੁਸਾਰ, ਵਿਨੇਸ਼ ਫੋਗਾਟ ਨੇ ਮੰਗਲਵਾਰ ਸਵੇਰੇ ਬੱਚੇ ਨੂੰ ਜਨਮ ਦਿੱਤਾ। ਵਿਨੇਸ਼ ਦੇ ਪਰਿਵਾਰ ਨੇ ਦੱਸਿਆ ਹੈ ਕਿ ਡਿਲੀਵਰੀ ਆਪ੍ਰੇਸ਼ਨ ਰਾਹੀਂ ਹੋਈ ਹੈ। ਮਾਂ ਅਤੇ ਪੁੱਤਰ ਦੋਵੇਂ ਸਿਹਤਮੰਦ ਹਨ। ਘਰ ਵਿੱਚ ਇੱਕ ਨਵੇਂ ਮਹਿਮਾਨ ਦੇ ਆਉਣ ਕਾਰਨ ਵਿਨੇਸ਼ ਦੇ ਪਰਿਵਾਰ ਵਿੱਚ ਖੁਸ਼ੀ ਦੀ ਲਹਿਰ ਹੈ।

**ਕੁਮਾਰੀ ਸ਼ੈਲਜਾ ਨੇ ਵਧਾਈ ਦਿੱਤੀ ;** ਘਰ ਵਿੱਚ ਖੁਸ਼ੀਆਂ ਆਉਣ ਤੋਂ ਬਾਅਦ, ਲੋਕ ਵਿਨੇਸ਼ ਅਤੇ ਉਸਦੇ ਪਤੀ ਨੂੰ ਵਧਾਈਆਂ ਦੇ ਰਹੇ ਹਨ। ਕਾਂਗਰਸ ਪਾਰਟੀ ਦੀ ਜਨਰਲ ਸਕੱਤਰ ਅਤੇ ਸਿਰਸਾ ਦੀ ਸੰਸਦ ਮੈਂਬਰ ਕੁਮਾਰੀ ਸ਼ੈਲਜਾ ਨੇ ਫੋਗਾਟ ਨੂੰ ਉਸਦੇ ਪਹਿਲੇ ਬੱਚੇ ਦੇ ਜਨਮ ਤੇ ਵਧਾਈ ਦਿੱਤੀ।

**ਜਨਮ ਦਿਨ ਮੁਬਾਰਕ**



ਦਿਵਿਆਂਸ਼ੀ

# ਮਾਝਾ-ਦੁਆਬਾ

ਆਸ ਪਾਸ

## ਮੋਹਿੰਦਰ ਭਗਤ ਵੱਲੋਂ ਪੀ.ਐਸ.ਪੀ.ਸੀ.ਐਲ. ਦੇ ਅਧਿਕਾਰੀਆਂ ਨੂੰ ਨਿਰਵਿਘਨ ਬਿਜਲੀ ਸਪਲਾਈ ਯਕੀਨੀ ਬਣਾਉਣ ਦੀਆਂ ਹਦਾਇਤਾਂ



ਜਲੰਧਰ, 1 ਜੁਲਾਈ, (ਸੰਦੀਪ ਕੌਲ) : ਮੌਨਸੂਨ ਸੀਜ਼ਨ ਦੇ ਮੱਦੇਨਜ਼ਰ ਪੰਜਾਬ ਦੇ ਬਾਗਬਾਨੀ, ਸੁਤੰਤਰਤਾ ਸੈਨਾਨੀ ਅਤੇ ਰੱਖਿਆ ਸੇਵਾਵਾਂ ਭਲਾਈ ਮੰਤਰੀ ਮੋਹਿੰਦਰ ਭਗਤ ਨੇ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਦੇ ਅਧਿਕਾਰੀਆਂ ਨੂੰ ਬਿਜਲੀ ਦੀ ਨਿਰਵਿਘਨ ਸਪਲਾਈ ਯਕੀਨੀ ਬਣਾਉਣ ਅਤੇ ਲੋਕਾਂ ਦੀ ਸੁਰੱਖਿਆ ਲਈ ਕਈ ਅਹਿਮ ਹਦਾਇਤਾਂ ਕੀਤੀਆਂ।

ਕੈਬਨਿਟ ਮੰਤਰੀ ਨੇ ਅੱਜ ਇੱਥੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਅਤੇ ਜਲੰਧਰ ਇੰਪਰੂਵਮੈਂਟ ਟਰੱਸਟ ਦੀ ਚੇਅਰਪਰਸਨ ਰਾਜਵਿੰਦਰ ਕੌਰ ਥਿਆੜਾ ਸਮੇਤ ਇਕ ਸਮੀਖਿਆ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਪੀ.ਐਸ.ਪੀ.ਸੀ.ਐਲ. ਦੇ ਅਧਿਕਾਰੀਆਂ ਨੂੰ ਬਿਜਲੀ ਦੀ ਨਿਰਵਿਘਨ ਸਪਲਾਈ ਯਕੀਨੀ ਬਣਾਉਣ ਦੇ ਨਾਲ-ਨਾਲ ਬਿਜਲੀ ਮੀਟਰਾਂ ਦੇ ਖੁੱਲ੍ਹੇ ਪਏ ਬਕਸਿਆਂ ਨੂੰ ਬੰਦ ਕਰਨ ਅਤੇ ਉਨ੍ਹਾਂ ਨੂੰ ਢੁਕਵੀਂ ਉਚਾਈ 'ਤੇ ਲਗਾਉਣ ਦੀ ਹਦਾਇਤ ਕੀਤੀ ਤਾਂ ਜੋ ਕਿਸੇ ਵੀ ਦੁਰਘਟਨਾ ਤੋਂ ਬਚਿਆ ਜਾ ਸਕੇ।

ਕੈਬਨਿਟ ਮੰਤਰੀ ਨੇ ਜ਼ੋਰ ਦਿੰਦਿਆਂ ਕਿਹਾ ਕਿ ਲੋਕਾਂ ਦੀ ਸਹੂਲਤ ਅਤੇ ਸੁਰੱਖਿਆ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀ ਪਹਿਲੀ ਤਰਜ਼ੀਹ ਹੈ। ਉਨ੍ਹਾਂ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਜਲੰਧਰ ਵਾਸੀਆਂ ਦੀਆਂ ਬਿਜਲੀ ਸਬੰਧੀ ਸਮੱਸਿਆਵਾਂ ਦਾ ਤੁਰੰਤ ਨਿਪਟਾਰਾ ਕੀਤਾ ਜਾਵੇ, ਤਾਂ ਜੋ ਲੋਕਾਂ ਨੂੰ ਕੋਈ ਦਿੱਕਤ ਪੇਸ਼ ਨਾ ਆਵੇ।

ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਕੈਬਨਿਟ ਮੰਤਰੀ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਸ਼ਹਿਰ ਵਿੱਚੋਂ ਲਟਕਦੀਆਂ ਢਿੱਲੀਆਂ, ਗੈਰ-ਵਰਤੋਂਯੋਗ ਅਤੇ ਖ਼ਰਾਬ ਤਾਰਾਂ ਹਟਾਉਣ ਲਈ ਪਹਿਲਾਂ ਹੀ ਨਿਰਦੇਸ਼ ਜਾਰੀ ਕੀਤੇ ਜਾ ਚੁੱਕੇ ਹਨ। ਉਨ੍ਹਾਂ ਪੀ.ਐਸ.ਪੀ.ਸੀ.ਐਲ. ਦੇ ਅਧਿਕਾਰੀਆਂ ਨੂੰ ਸਖ਼ਤ ਨਿਰਦੇਸ਼ ਦਿੰਦਿਆਂ ਕਿਹਾ ਕਿ ਇਹ ਯਕੀਨੀ ਬਣਾਇਆ ਜਾਵੇ ਕਿ ਜਲੰਧਰ ਵਾਸੀਆਂ ਨੂੰ ਬਿਜਲੀ ਸਬੰਧੀ ਕਿਸੇ ਵੀ ਸਮੱਸਿਆ ਦਾ ਸਾਹਮਣਾ ਨਾ ਕਰਨਾ ਪਵੇ। ਇਸ ਤੋਂ ਇਲਾਵਾ ਉਨ੍ਹਾਂ ਪੀ.ਐਸ.ਪੀ.ਸੀ.ਐਲ. ਨੂੰ ਆਪਣੇ ਵਿਭਾਗ ਦੇ ਹੈਲਪਲਾਈਨ ਨੰਬਰ ਦਾ ਵੱਧ ਤੋਂ ਵੱਧ ਪ੍ਰਚਾਰ ਤੇ ਪ੍ਰਸਾਰ ਕਰਨ ਲਈ ਵੀ ਕਿਹਾ ਅਤੇ ਹਦਾਇਤ ਕੀਤੀ ਲੋਕਾਂ ਦੀਆਂ ਸਮੱਸਿਆਵਾਂ ਦਾ ਤੁਰੱਤ ਹੱਲ ਕੀਤਾ ਜਾਵੇ।

ਮੀਟਿੰਗ ਵਿੱਚ ਹਲਕਾ ਇੰਚਾਰਜ ਜਲੰਧਰ ਕੇਂਦਰੀ ਨਿਤਿਨ ਕੋਹਲੀ, ਆਪ ਆਗੂ ਦਿਨੇਸ਼ ਢੱਲ, ਡਿਪਟੀ ਚੀਫ਼ ਇੰਜੀਨੀਅਰ ਓਪਰੇਸ਼ਨ ਸਰਕਲ ਜਲੰਧਰ ਇੰਜ. ਗੁਲਸ਼ਨ ਕੁਮਾਰ ਚੁਟਾਨੀ ਸਮੇਤ ਪੀ.ਐਸ.ਪੀ.ਸੀ.ਐਲ. ਦੇ ਹੋਰ ਅਧਿਕਾਰੀ ਵੀ ਮੌਜੂਦ ਸਨ।

## ਸ਼੍ਰੋਮਣੀ ਅਕਾਲੀ ਦਲ (ਵਾਰਿਸ ਪੰਜਾਬ ਦੇ) ਵੱਲੋਂ ਜਰਮਨੀ ਵਿਖੇ ਇਕਾਈ ਦਾ ਗਠਨ : ਡਾ. ਸੁਰਜੀਤ ਸਿੰਘ ਜਰਮਨੀ



ਅੰਮ੍ਰਿਤਸਰ, 1 ਜੁਲਾਈ, (ਬਬਲੂ ਮਹਾਜਨ): ਅੱਜ ਸ਼੍ਰੋਮਣੀ ਅਕਾਲੀ ਦਲ (ਵਾਰਿਸ ਪੰਜਾਬ ਦੇ) ਦੇ ਬੁਲਾਰੇ ਡਾ. ਸੁਰਜੀਤ ਸਿੰਘ ਜਰਮਨੀ ਨੇ ਦੱਸਿਆ ਕਿ ਜਥੇਬੰਦੀ ਦੇ ਪੰਜਾਬ ਇਕਾਈ ਦੇ ਮੈਂਬਰ ਸਾਹਿਬਾਨਾਂ ਦੀ ਸਹਿਮਤੀ ਦੇ ਨਾਲ ਜਰਮਨੀ ਵਿਖੇ ਜਥੇਬੰਦੀ ਦੀ ਇਕਾਈ ਸਥਾਪਿਤ ਕੀਤੀ ਗਈ ਹੈ। ਜਿਸ ਵਿਚ ਜਗਤਾਰ ਸਿੰਘ ਮਾਹਲ, ਮਨਜੀਤ ਸਿੰਘ ਭੋਗਲ, ਅਰਪਿੰਦਰ ਸਿੰਘ ਬਿੱਟੂ, ਡਾ. ਸੁਰਜੀਤ ਸਿੰਘ ਜਰਮਨੀ, ਪਲਵਿੰਦਰ ਸਿੰਘ ਬੱਲ, ਪ੍ਰਭਜੋਤ ਸਿੰਘ ਨੂੰ ਜਥੇਬੰਦੀ ਦੀ ਚੜ੍ਹਦੀਕਲਾ ਲਈ ਕੰਮ ਕਰਨ ਦਾ ਜਿੰਮਾ ਦਿੱਤਾ ਗਿਆ। ਨਾਲ ਹੀ ਇਹਨਾਂ ਮੈਂਬਰ ਸਾਹਿਬਾਨਾਂ ਨੂੰ ਜਥੇਬੰਦੀ ਦੀ ਮਜਬੂਤੀ ਲਈ ਹੋਰ ਵੀ ਪੰਜਾਬ ਪ੍ਰਸਤ ਜਰਮਨੀ ਵਿਚ ਵਸਦੇ ਪੰਜਾਬੀਆਂ ਨੂੰ ਨਾਲ ਜੋੜ ਕੇ ਜਰਮਨੀ ਵਿਚ ਵੱਖੋਂ ਸ਼ਹਿਰਾਂ ਦੀਆਂ ਇਕਾਈਆਂ ਸਥਾਪਿਤ ਕਰਨ ਲਈ ਕਿਹਾ ਗਿਆ, ਤਾਂ ਜੋ ਸ਼੍ਰੋਮਣੀ ਅਕਾਲੀ ਦਲ (ਵਾਰਿਸ ਪੰਜਾਬ ਦੇ) ਨੂੰ ਮਜਬੂਤ ਕੀਤਾ ਜਾ ਸਕੇ। ਉਹਨਾਂ ਪੰਜਾਬ ਦੀ ਚੜ੍ਹਦੀਕਲਾ ਲਈ ਮਜਬੂਤ ਹੋਣ ਲਈ ਕਿਹਾ ਅਤੇ ਜਥੇਬੰਦੀ ਢਾਂਚੇ ਨੂੰ ਮੁੜ ਸੁਰਜੀਤ ਕਰਨ ਲਈ ਯਤਨਸ਼ੀਲ ਕਾਰਜ ਕੀਤੇ ਜਾਣ। ਜ਼ਿਕਰ ਯੋਗ ਹੈ ਕਿ ਇਹ ਪਾਰਟੀ ਪੰਜਾਬ ਦੇ ਮੁਕਤਸਰ ਸਾਹਿਬ ਵਿਖੇ ਮਾਗੀ ਦੇ ਤਿਉਹਾਰ ਮੌਕੇ ਹੋਣ ਵਿੱਚ ਆਈ ਸੀ। ਅਕਾਲੀ ਦਲ ਵਾਰਸ ਪੰਜਾਬ ਦੀ ਇੱਕੋ ਇੱਕ ਪਾਰਟੀ ਹੈ ਜੋ ਪਿੰਡਾਂ ਅਤੇ ਸ਼ਹਿਰਾਂ ਵਿੱਚ ਵਿਕਾਸ ਚਾਹੁੰਦੀ ਹੈ। ਅਸੀਂ ਪੁਰਜ਼ੋਰ ਅਪੀਲ ਕਰਦੇ ਹਾਂ ਕਿ ਪਿੰਡਾਂ ਅਤੇ ਸ਼ਹਿਰਾਂ ਦੇ ਲੋਕ ਇਸ ਪਾਰਟੀ ਦੇ ਨਾਲ ਜੁੜਨ।

## ਹੜ੍ਹਾਂ ਦੀ ਅਗਾਊਂ ਰੋਕਥਾਮ ਲਈ ਡਰੇਨਾਂ ਦੀ ਸਫ਼ਾਈ ਤੇ ਧੁੱਸੀ ਬੰਨ੍ਹਾਂ ਦੀ ਮਜ਼ਬੂਤੀ ਲਈ ਮਾਨ ਸਰਕਾਰ ਨੇ ਕੀਤੇ 120 ਕਰੋੜ ਜਾਰੀ : ਧਾਲੀਵਾਲ



ਅਜਨਾਲਾ, 1 ਜੁਲਾਈ, (ਸੁਖਦੇਵ ਸਿੰਘ ਖਾਲਸਾ) : ਅੱਜ ਹਲਕਾ ਵਿਧਾਇਕ ਤੇ ਪ੍ਰਵਾਸੀ ਭਾਰਤੀ ਮਾਮਲਿਆਂ ਦੇ ਮੰਤਰੀ ਪੰਜਾਬ ਕੁਲਦੀਪ ਸਿੰਘ ਧਾਲੀਵਾਲ ਵੱਲੋਂ ਅਜਨਾਲਾ ਸਬ ਡਵੀਜਨ 'ਚ ਭਾਰਤ -ਪਾਕਿ ਕੌਮਾਂਤਰੀ ਸਰਹੱਦ 'ਚੋਂ ਲੰਘਦਾ ਫਨੀਅਰ ਸੱਪ ਵਾਂਗ ਪੇਲਦੇ ਰਾਵੀ ਦਰਿਆ 'ਚ ਮੌਨਸੂਨ ਦੀਆਂ ਸ਼ੁਰੂ ਹੋਈਆਂ ਬਰਸਾਤਾਂ 'ਚ ਪਾਣੀ ਦਾ ਪੱਧਰ ਵੱਧਣ ਅਤੇ ਸਬ ਡਵੀਜਨ ਦੀ ਕੌਮਾਂਤਰੀ ਸਰਹੱਦੀ ਚੌਂਕੀ ਨੇੜੇ ਰਾਵੀ ਦਰਿਆ ਦੇ ਸੰਵੇਦਨਸ਼ੀਲ ਧੁੱਸੀ ਬੰਨ੍ਹ ਅਤੇ ਘੋਹਨੇਵਾਲਾ ਵਿਖੇ ਰਾਵੀ ਦਰਿਆ ਤੋਂ ਕਿਸਾਨਾਂ, ਸੁਰੱਖਿਆ ਦਲਾਂ ਸਮੇਤ ਹੋਰਨਾਂ ਨਾਗਰਿਕਾਂ ਦੀ ਸਹੂਲਤ ਲਈ ਆਰ ਪਾਰ ਜਾਣ ਹਿੱਤ ਨਵ ਨਿਰਮਾਣ ਅਧੀਨ ਪੁੱਲ ਦਾ ਵੱਖ ਵੱਖ ਵਿਭਾਗਾਂ ਦੇ ਆਲਾ ਅਧਿਕਾਰੀਆਂ ਦੀ ਸ਼ਮੂਲੀਅਤ ਨਾਲ ਉੱਚ ਪੱਧਰੀ ਜਾਇਜ਼ਾ ਲਿਆ। ਜਾਇਜ਼ਾ ਲੈਣ ਮੌਕੇ ਮੰਤਰੀ ਧਾਲੀਵਾਲ ਨੇ ਕਿਸਾਨਾਂ, ਗ੍ਰਾਮ ਪੰਚਾਇਤਾਂ ਤੇ ਪੇਂਡੂ ਲੋਕਾਂ ਦੀਆਂ ਸੰਭਾਵੀ ਹੜ੍ਹ ਦੀ ਸਥਿਤੀ ਪੈਦਾ ਹੋਣ ਮੌਕੇ ਪੇਸ਼ ਆਉਣ ਵਾਲੀਆਂ ਮੁਸ਼ਕਿਲਾਂ ਦੀ ਜਾਣਕਾਰੀ ਹਾਸਲ ਕੀਤੀ ਅਤੇ ਵਿਸ਼ਵਾਸ਼ ਦਿਵਾਇਆ ਕਿ ਹੜ੍ਹਾਂ ਦੀ ਸਥਿਤੀ ਪੈਦਾ ਹੋਣ 'ਤੇ ਇਨ੍ਹਾਂ ਸਰਹੱਦੀ ਤੇ ਦਰਿਆ ਨੇੜਲੇ ਪਿੰਡਾਂ ਦੇ ਵਸਨੀਕਾਂ ਦੀ ਜਾਨ ਮਾਲ ਦੀ ਰੱਖਿਆ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਵਚਨਬੱਧ ਹੈ।ਅਤੇ ਹੜ੍ਹਾਂ ਦੀ ਰੋਕਥਾਮ ਦੇ ਪ੍ਰਬੰਧਾਂ ਲਈ 120 ਕਰੋੜ ਰੁਪਏ ਦੀ ਰਾਸ਼ੀ ਜਾਰੀ ਕਰਕੇ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਨੇ ਸਿੰਚਾਈ, ਡਰੇਨਜ਼, ਜੰਗਲਾਤ, ਮਾਈਨਿੰਗ ਵਿਭਾਗ ਦੇ ਅਧਿਕਾਰੀਆਂ ਨੂੰ ਸਖਤ ਦਿਸ਼ਾ ਨਿਰਦੇਸ਼ ਦਿੱਤੇ ਹੋਏ ਹਨ ਕਿ ਹੜ੍ਹਾਂ ਤੋਂ ਪਹਿਲਾਂ ਪਹਿਲਾਂ ਡਰੇਨਾਂ ਦੀ ਸਾਫ ਸਫਾਈ ਸਮੇਤ ਦਰਿਆਵਾਂ ਦੇ ਨਾਜ਼ੁਕ ਧੁੱਸੀ ਬੰਨ੍ਹ ਥਾਵਾਂ ਤੇ ਕੰਮ ਨੇਪੜੇ ਚਾੜ੍ਹ ਲਏ ਜਾਣ। ਘੋਹਨੇਵਾਲਾ ਤੇ ਕੋਟ ਰਜ਼ਾਦਾ ਵਿਖੇ ਰਾਵੀ ਦਰਿਆ ਦੇ ਪੱਤਨਾਂ ਤੇ ਕਿਸਾਨਾਂ -ਮਜਦੂਰਾਂ ਦੇ ਆਉਣ ਜਾਣ ਦੀ ਸਹੂਲਤ ਲਈ 2 ਪਨਟੂਨ ਪੁੱਲ ਬਣਾਏ ਅਤੇ 11 ਕਰੋੜ ਰੁਪਏ ਦੀ ਲਾਗਤ ਨਾਲ ਘੋਹਨੇਵਾਲਾ ਵਿਖੇ ਦਰਿਆ ਤੋਂ ਆਰ ਪਾਰ ਜਾਣ ਲਈ ਪੱਕਾ ਨਵਾਂ ਪੁੱਲ ਨਿਰਮਾਣ ਅਧੀਨ ਹੈ, ਜੋ ਆਉਂਦੇ ਕੁੱਝ ਦਿਨਾਂ 'ਚ ਸਰਹੱਦੀ ਤੇ ਦਰਿਆ ਕੰਢੇ ਵੱਸੇ ਕਿਸਾਨਾਂ ਤੇ ਆਮ ਲੋਕਾਂ ਨੂੰ ਸਮਰਪਿਤ ਕੀਤਾ ਜਾ ਰਿਹਾ ਹੈ।ਉਨ੍ਹਾਂ ਦੱਸਿਆ ਕਿ ਇਸ ਪੁੱਲ ਦੇ ਜਾਇਜ਼ੇ ਮੌਕੇ ਮੌਜੂਦ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਗਏ ਹਨ ਕਿ ਹੜ੍ਹਾਂ ਦੀ ਸਥਿਤੀ ਪੈਦਾ ਹੋਣ ਤੋਂ ਪਹਿਲਾਂ ਪਹਿਲਾਂ ਪੁੱਲ ਦੇ ਨਿਰਮਾਣ ਲਈ 100 ਫੀਸਦੀ ਕੰਮ ਮੁਕੰਮਲ ਕਰ ਲਿਆ ਜਾਵੇ। ਇਸ ਮੌਕੇ 'ਤੇ ਖੁਸ਼ਪਾਲ ਸਿੰਘ ਧਾਲੀਵਾਲ ਸਮੇਤ ਐਸ.ਡੀ.ਐਮ ਅਜਨਾਲਾ ਰਵਿੰਦਰ ਸਿੰਘ ਅਰੋੜਾ, ਅਤੇ ਸਿੰਚਾਈ, ਡਰੇਨਜ਼, ਜੰਗਲਾਤ, ਮਾਈਨਿੰਗ ਆਦਿ ਵਿਭਾਗਾਂ ਦੇ ਪ੍ਰਸ਼ਾਸਨਿਕ ਅਧਿਕਾਰੀ ਮੌਜੂਦ ਸਨ।

## ਸ਼੍ਰੋਮਣੀ ਕਮੇਟੀ ਵੱਲੋਂ 350 ਸਾਲਾ ਸ਼ਤਾਬਦੀ ਨੂੰ ਸਮਰਪਿਤ 5 ਅਤੇ 6 ਜੁਲਾਈ ਨੂੰ ਪਟਿਆਲਾ ਵਿਖੇ ਸਜਾਏ ਜਾਣਗੇ ਗੁਰਮਤਿ ਸਮਾਗਮ



ਅੰਮ੍ਰਿਤਸਰ, 1 ਜੁਲਾਈ, (ਗੁਰਦਿਆਲ ਸਿੰਘ) : ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ, ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਤੇ ਭਾਈ ਦਿਆਲਾ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਅਤੇ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 350 ਸਾਲਾ ਗੁਰਤਾਗੱਦੀ ਦਿਵਸ ਨੂੰ ਸਮਰਪਿਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ 5 ਤੇ 6 ਜੁਲਾਈ ਨੂੰ ਗੁਰਦੁਆਰਾ ਸ੍ਰੀ ਮੋਤੀ ਬਾਗ ਸਾਹਿਬ, ਪਾਤਸ਼ਾਹੀ ਨੌਵੀਂ, ਪਟਿਆਲਾ ਵਿਖੇ ਗੁਰਮਤਿ ਸਮਾਗਮ ਕਰਵਾਇਆ ਜਾ ਰਿਹਾ ਹੈ। ਸ਼੍ਰੋਮਣੀ ਕਮੇਟੀ ਵੱਲੋਂ ਨਵੰਬਰ 2025 ਵਿਚ ਮਨਾਈ ਜਾ ਰਹੀ 350 ਸਾਲਾ ਸ਼ਤਾਬਦੀ ਨੂੰ ਸਮਰਪਿਤ ਦੇਸ਼ ਭਰ ਅੰਦਰ ਗੁਰਮਤਿ ਸਮਾਗਮ ਅਤੇ ਸੈਮੀਨਾਰ ਉਲੀਕੇ ਹਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸ਼੍ਰੋਮਣੀ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ ਨੇ ਕਿਹਾ ਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਸਮੁੱਚੀ ਮਨੁੱਖਤਾ ਲਈ ਪ੍ਰੇਰਣਾ ਸਰੋਤ ਹੈ ਅਤੇ ਗੁਰੂ ਸਾਹਿਬ ਦੀ ਲਾਸਾਨੀ ਸ਼ਹਾਦਤ ਦੇ ਇਤਿਹਾਸ ਨੂੰ ਘਰ-ਘਰ ਤੱਕ ਪਹੁੰਚਾਉਣ ਦਾ ਯਤਨ ਕੀਤਾ ਜਾ ਰਿਹਾ ਹੈ। ਇਸੇ ਤਹਿਤ ਹੀ 5 ਤੇ 6 ਜੁਲਾਈ ਨੂੰ ਨੌਵੇਂ ਪਾਤਸ਼ਾਹ ਜੀ ਨਾਲ ਸਬੰਧਤ ਪਾਵਨ ਅਸਥਾਨ ਗੁਰਦੁਆਰਾ ਸ੍ਰੀ ਮੋਤੀ ਬਾਗ ਸਾਹਿਬ ਪਟਿਆਲਾ ਵਿਖੇ ਸਮਾਗਮ ਉਲੀਕਿਆ ਗਿਆ ਹੈ। ਪ੍ਰਤਾਪ ਸਿੰਘ ਨੇ ਕਿਹਾ ਕਿ ਇਸ ਸਬੰਧ ਵਿਚ 4 ਜੁਲਾਈ ਨੂੰ ਸ੍ਰੀ ਅਖੰਡ ਪਾਠ ਸਾਹਿਬ ਦੀ ਆਰੰਭਤਾ ਹੋਵੇਗੀ ਅਤੇ 5 ਜੁਲਾਈ ਨੂੰ ਵੱਖ-ਵੱਖ ਸਕੂਲਾਂ/ਕਾਲਜਾਂ ਦੇ ਵਿਦਿਆਰਥੀਆਂ ਵੱਲੋਂ ਸ਼ਬਦ ਕੀਰਤਨ, ਭਾਸ਼ਣ, ਕਵੀਸ਼ਰੀ ਅਤੇ ਢਾਡੀ ਵਾਰਾਂ ਰਾਹੀਂ ਸੰਗਤਾਂ ਨੂੰ ਇਤਿਹਾਸ ਨਾਲ ਜੋੜਿਆ ਜਾਵੇਗਾ। ਇਸੇ ਦਿਨ ਵਿਦਿਆਰਥੀਆਂ ਵੱਲੋਂ ਵਿਸ਼ੇਸ਼ ਤੌਰ 'ਤੇ ਪ੍ਰਦਰਸ਼ਨੀ ਵੀ ਲਗਾਈ ਜਾਵੇਗੀ ਅਤੇ ਵਿਸ਼ੇਸ਼ ਤੌਰ 'ਤੇ ਅੰਮ੍ਰਿਤ ਸੰਚਾਰ ਸਮਾਗਮ ਵੀ ਹੋਵੇਗਾ।

ਸ. ਪ੍ਰਤਾਪ ਸਿੰਘ ਨੇ ਦੱਸਿਆ ਕਿ 6 ਜੁਲਾਈ ਨੂੰ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਵਿਸ਼ਾਲ ਗੁਰਮਤਿ ਸਮਾਗਮ ਹੋਵੇਗਾ, ਜਿਸ ਵਿਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਸਿੰਘ ਸਾਹਿਬਾਨ ਅਤੇ ਸਿੱਖ ਪੰਥ ਦੀਆਂ ਪ੍ਰਮੁੱਖ ਸ਼ਖ਼ਸੀਅਤਾਂ ਵੀ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕਰਨਗੀਆਂ। ਸ. ਪ੍ਰਤਾਪ ਸਿੰਘ ਨੇ ਸੰਗਤਾਂ ਨੂੰ ਸ਼ਤਾਬਦੀ ਨੂੰ ਸਮਰਪਿਤ ਸਮਾਗਮਾਂ 'ਚ ਪਰਿਵਾਰਾਂ ਸਮੇਤ ਸ਼ਮੂਲੀਅਤ ਕਰਨ ਦੀ ਅਪੀਲ ਵੀ ਕੀਤੀ।

## ਆਰਟ ਗੈਲਰੀ ਦਾ ਸਭ ਤੋਂ ਮਸ਼ਹੂਰ ਕੈਲੰਡਰ ਪ੍ਰੋਗਰਾਮ



ਅੰਮ੍ਰਿਤਸਰ, 1 ਜੁਲਾਈ, (ਬਬਲੂ ਮਹਾਜਨ) : ਇਹ ਪ੍ਰੋਗਰਾਮ ਮੁੱਖ ਮਹਿਮਾਨ ਕੁਲਦੀਪ ਸਿੰਘ ਧਾਲੀਵਾਲ ਕੈਬਨਿਟ ਮੰਤਰੀ ਪੰਜਾਬ ਸਰਕਾਰ ਦੀ ਮੌਜੂਦਗੀ ਵਿੱਚ ਮਨਾਇਆ ਗਿਆ। ਮਾਨਯੋਗ ਜਨਰਲ ਸਕੱਤਰ ਡਾ. ਪੀ.ਐਸ. ਗਰੋਵਰ ਨੇ ਦਰਸ਼ਕਾਂ ਦਾ ਸਵਾਗਤ ਕੀਤਾ ਅਤੇ ਦੱਸਿਆ ਕਿ ਕੈਂਪ ਵਿੱਚ 125 ਵਿਦਿਆਰਥੀਆਂ ਨੇ ਸ਼ਿਰਕਤ ਕੀਤੀ, ਜਿਸ ਵਿੱਚ ਪੇਂਟਿੰਗ, ਡਾਂਸ, ਮੂਰਤੀਕਾਰ, ਕੈਲੀਗ੍ਰਾਫੀ, ਸ਼ਿਲਪਕਾਰੀ, ਸੰਗੀਤ, ਥੀਏਟਰ ਵਰਗੇ ਜ਼ਿਆਦਾਤਰ ਕਲਾ ਸਥਾਨ ਸ਼ਾਮਲ ਸਨ।ਪ੍ਰਧਾਨ ਐਸ. ਰਾਜਿੰਦਰ ਮੋਹਨ ਸਿੰਘ ਛੀਨਾ ਨੇ ਭਾਰਤ ਦੇ ਉੱਤਰੀ ਖੇਤਰ ਵਿੱਚ ਕਲਾ ਅਤੇ ਸੱਭਿਆਚਾਰ ਨੂੰ ਉਤਸ਼ਾਹਿਤ ਕਰਨ ਦਾ ਭਰੋਸਾ ਦਿੱਤਾ।ਮੁੱਖ ਮਹਿਮਾਨ ਧਾਲੀਵਾਲ ਨੇ ਆਈਫਾ ਦੁਆਰਾ ਕੀਤੇ ਜਾ ਰਹੇ ਕੰਮ ਦੀ ਪ੍ਰਸ਼ੰਸਾ ਕੀਤੀ। ਉਨ੍ਹਾਂ ਬੱਚਿਆਂ ਨੂੰ ਇਨਾਮ ਵੰਡੇ ਅਤੇ ਜਾਰੀ ਰੱਖਣ ਲਈ ਉਤਸ਼ਾਹਿਤ ਕੀਤਾ।ਟਿਊਟਰ ਲਤਿਕਾ ਅਰੋੜਾ, ਮੁਕੁਲ ਹਰਿੰਦਰ ਸੋਹਲ ਅਤੇ ਵਿਸ਼ਾਲ ਦੀ ਅਗਵਾਈ ਹੇਠ ਸਮਰ ਆਰਟ ਕੈਂਪ ਦੇ ਵਿਦਿਆਰਥੀਆਂ ਦੁਆਰਾ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ ਗਿਆ।ਟਿਊਟਰ ਕਰਮਜੀਤ, ਰਾਹੁਲ ਅਤੇ ਦੇ ਮਾਰਗਦਰਸ਼ਨ ਹੇਠ ਵਿਦਿਆਰਥੀਆਂ ਦੁਆਰਾ ਬਣਾਏ ਗਏ ਪੇਂਟਿੰਗਾਂ ਨੂੰ ਦਰਸ਼ਕਾਂ ਦੀ ਬਹੁਤ ਪ੍ਰਸ਼ੰਸਾ ਲਈ ਪ੍ਰਦਰਸ਼ਿਤ ਕੀਤਾ ਗਿਆ।

## ਬੁੱਢਾ ਦਲ ਆਉਣ ਵਾਲੀਆਂ ਸ਼ਤਾਬਦੀਆਂ ਨੂੰ ਸਮਰਪਿਤ ਵਿਸ਼ੇਸ਼ ਧਰਮ ਪ੍ਰਚਾਰ ਲਹਿਰ ਦੇਸ਼-ਵਿਦੇਸ਼ ਵਿੱਚ ਪ੍ਰਚੰਡ ਕਰੇਗਾ : ਬਾਬਾ ਬਲਬੀਰ ਸਿੰਘ



ਅੰਮ੍ਰਿਤਸਰ, 1 ਜੁਲਾਈ, (ਗੁਰਦਿਆਲ ਸਿੰਘ): ਬੁੱਢਾ ਦਲ ਸਿੱਖ ਧਰਮ ਦੀ ਚੜ੍ਹਦੀਕਲਾ ਲਈ ਦੇਸ਼ ਵਿਦੇਸ਼ ਵਿੱਚ ਗੁਰਮਤਿ ਪ੍ਰਚਾਰ ਲਹਿਰ ਪ੍ਰਚੰਡ ਕਰੇਗਾ। ਨਿਹੰਗ ਸਿੰਘਾਂ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਦੀ ਅਗਵਾਈ ਵਿੱਚ ਪੰਜਾਬ, ਹਰਿਆਣਾ, ਦਿੱਲੀ, ਮੁਬੰਈ, ਮਹਾਂਰਾਸਟਰਾ, ਮੱਧ ਪ੍ਰਦੇਸ਼, ਉੱਤਰਪ੍ਰਦੇਸ਼, ਉਤਰਾਖੰਡ ਵਿੱਚ ਸਿੱਖ ਧਰਮ ਦੇ ਦਸ ਗੁਰੂ ਸਾਹਿਬ ਦੇ ਇਲਾਹੀ ਸੰਦੇਸ਼ ਨੂੰ ਘਰ-ਘਰ ਤੀਕ ਪਹੁੰਚਾਉਣ ਲਈ ਚੱਕ੍ਰਵਰਤੀ ਪ੍ਰੋਗਰਾਮ ਉਲੀਕਿਆਂ ਗਿਆ ਹੈ। ਵੱਖ-ਵੱਖ ਸੂਬਿਆਂ ਦੀਆਂ ਸੰਗਤਾਂ ਨੇ ਬੁੱਢਾ ਦਲ ਨਾਲ ਸੰਪਰਕ ਵੀ ਸਾਧਿਆ ਹੋਇਆ ਹੈ।

ਬੁੱਢਾ ਦਲ ਦੇ ਸਕੱਤਰ ਦਿਲਜੀਤ ਸਿੰਘ ਬੇਦੀ ਨੇ ਪ੍ਰੋਗਰਾਮ ਸਬੰਧੀ ਜਾਣਕਾਰੀ ਦੇਂਦਿਆਂ ਦੱਸਿਆ ਕਿ ਪਿਛਲੇ ਸਾਲ ਵੀ ਮੱਧ ਪ੍ਰਦੇਸ਼, ਮਹਾਂਰਾਸਟਰਾ ਵਿੱਚ ਸਿੰਘ ਸਾਹਿਬ ਜਥੇ: ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਦੀ ਅਗਵਾਈ ਵਿੱਚ ਵਿਸ਼ਾਲ ਪੱਧਰ ਤੇ ਗੁਰਮਤਿ ਪ੍ਰਚਾਰ ਲਹਿਰ ਬੁੱਢਾ ਦਲ ਵੱਲੋਂ ਅਕਾਲੀ ਬਾਬਾ ਫੂਲਾ ਸਿੰਘ ਜੀ ਦੇ ਸ਼ਹੀਦੀ ਦਿਹਾੜੇ ਦੀ ਦੂਸਰੀ ਸ਼ਤਾਬਦੀ ਨੂੰ ਸਮਰਪਿਤ ਕੀਤੀ ਗਈ ਸੀ। ਉਨ੍ਹਾਂ ਕਿਹਾ ਇਸ ਲਹਿਰ ਦੇ ਬਹੁਤ ਹੀ ਮਹੱਤਵਪੂਰਨ ਸਮਾਗਮ ਸੰਗਤਾਂ ਦੇ ਸਹਿਯੋਗ ਨਾਲ ਵੱਖ-ਵੱਖ ਸ਼ਹਿਰਾਂ ਵਿੱਚ ਹੋਏ। ਹਰ ਗੁਰਦੁਆਰੇ ਵਿੱਚ ਅਕਾਲੀ ਬਾਬਾ ਫੂਲਾ ਸਿੰਘ ਮਹਾਂਬਲੀ ਦੇ ਜੈਕਾਰੇ ਗੂੰਜੇ।ਸ. ਬੇਦੀ ਨੇ ਦੱਸਿਆ ਕਿ ਅਮਰੀਕਾ ਦੇ ਪਲੇਨਫੀਲਡ ਇੰਡੀਆਨਾ ਸ਼ਹਿਰ ਵਿੱਚ ਅਕਾਲੀ ਬਾਬਾ ਫੂਲਾ ਸਿੰਘ ਜੀ ਸ਼ਹੀਦ ਦੇ ਨਾਮਪੁਰ ਗੁਰਦੁਆਰਾ ਸਾਹਿਬ ਅਤੇ ਵਿਸ਼ਾਲ ਨਿਹੰਗ ਸਿੰਘਾਂ ਦੀ ਛਾਉਣੀ ਸਥਾਪਤ ਕੀਤੀ ਗਈ ਜਿੱਥੇ ਹੁਣ ਬਾਬਾ ਜਸਵਿੰਦਰ ਸਿੰਘ ਜੱਸੀ ਇੰਚਾਰਜ਼ ਅਮਰੀਕਾ ਇਕਾਈ ਬੁੱਢਾ ਦਲ ਦੀ ਅਗਵਾਈ ਵਿੱਚ ਹਰ ਸ਼ਨੀਵਾਰ, ਐਤਵਾਰ ਗੁਰਮਤਿ ਸਮਾਗਮ ਵਿਸ਼ੇਸ਼ ਤੌਰ 'ਤੇ ਸਜਦੇ ਹਨ। ਉਨ੍ਹਾਂ ਕਿਹਾ ਅਮਰੀਕਾ ਸਥਿਤ ਛਾਉਣੀ ਦਾ ਸਥਾਪਨਾ ਦਿਵਸ 29 ਜੂਨ ਨੂੰ ਸੰਗਤਾਂ ਦੇ ਸਹਿਯੋਗ ਨਾਲ ਵਿਸ਼ਾਲ ਪੱਧਰ 'ਤੇ ਮਨਾਇਆ ਗਿਆ। ਕਨੇਡਾ ਵਿੱਚ ਵੀ ਛਾਉਣੀ ਹੈ, ਜਿੱਥੇ ਬਾਬਾ ਗੁਰਮੇਲ ਸਿੰਘ ਸੇਵਾ ਨਿਭਾ ਰਹੇ ਹਨ। ਕੈਨੇਡਾ, ਇੰਗਲੈਂਡ, ਅਮਰੀਕਾ ਦੇ ਵੱਖ-ਵੱਖ ਸ਼ਹਿਰਾਂ ਵਿੱਚ ਗੁਰਮਤਿ ਸਮਾਗਮ ਹੋਏ। ਸਾਰੇ ਗੁਰਦੁਆਰਿਆਂ ਵਿੱਚ ਬੁੱਢਾ ਦਲ ਦੇ ਮੁਖੀ ਬਾਬਾ ਬਲਬੀਰ ਸਿੰਘ 96 ਕਰੋੜੀ ਨੇ ਸੰਗਤਾਂ ਨਾਲ ਗੁਰਮਤਿ ਗਿਆਨ ਸਾਂਝਾ ਕੀਤਾ। ਹੁਣ ਵੀ ਬੁੱਢਾ ਦਲ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਅਤੇ ਉਨ੍ਹਾਂ ਦੇ ਨਾਮਵਰ ਸਿੱਖ ਭਾਈ ਦਿਆਲਾ ਜੀ, ਭਾਈ ਸਤੀ ਦਾਸ ਜੀ, ਭਾਈ ਮਤੀ ਦਾਸ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੀ 350 ਸਾਲਾ ਗੁਰਆਈ ਦਿਵਸ ਦੀ ਸ਼ਤਾਬਦੀਆਂ ਮਨਾਈ ਜਾਣੀਆਂ ਹਨ ਅਤੇ ਥੋੜ੍ਹੇ ਸਮੇਂ ਬਾਅਦ ਹੀਂ ਸ੍ਰੀ ਅੰਮ੍ਰਿਤਸਰ ਸਾਹਿਬ ਸਿਫਤੀ ਦਾ ਘਰ ਦਾ 450 ਸਾਲਾ ਸਥਾਪਨਾ ਦਿਵਸ ਦੀ ਸ਼ਤਾਬਦੀ ਦੀਆਂ ਤਿਆਰੀ ਹੁਣ ਤੋਂ ਵਿਉਂਤੀਆਂ ਜਾ ਰਹੀਆਂ ਹਨ। ਇਸ ਸਬੰਧੀ ਬੁੱਢਾ ਦਲ ਵੱਲੋਂ ਵੱਖ-ਵੱਖ ਥਾਈ ਸੈਮੀਨਾਰ ਹੋਣਗੇ, ਨਿਹੰਗ ਸਿੰਘ ਸੰਦੇਸ਼ ਮੈਗਜ਼ੀਨ ਦੇ ਵਿਸ਼ੇਸ਼ ਅੰਕ ਸੋਵੀਨਰ ਰੂਪ ਵਿੱਚ ਪ੍ਰਕਾਸ਼ਤ ਹੋਣਗੇ।

## ਬੀਬੀ ਕੌਲਾਂ ਜੀ ਭਲਾਈ ਕੇਂਦਰ ਵੱਲੋਂ ਬਾਥਰੂਮ ਤਿਆਰ ਕਰਕੇ ਸੰਗਤਾਂ ਨੂੰ ਅਰਪਿਤ

### ਭਾਈ ਗੁਰਇਕਬਾਲ ਸਿੰਘ ਦੀਆਂ ਸੇਵਾਵਾਂ ਪੰਥ ਨੂੰ ਵੱਡੀ ਦੇਣ : ਮੈਨੇਜਰ ਸ੍ਰੀ ਦਰਬਾਰ ਸਾਹਿਬ



ਅੰਮ੍ਰਿਤਸਰ, 1 ਜੁਲਾਈ, (ਬਬਲੂ ਮਹਾਜਨ): ਬੀਬੀ ਕੌਲਾਂ ਜੀ ਭਲਾਈ ਕੇਂਦਰ ਟਰੱਸਟ ਭਾਈ ਗੁਰਇਕਬਾਲ ਸਿੰਘ ਵੱਲੋਂ ਛੇਵੇਂ ਪਾਤਸ਼ਾਹ ਦਾ ਇਤਿਹਾਸਕ ਅਸਥਾਨ ਗੁਰਦੁਆਰਾ ਸ੍ਰੀ ਲੋਹਗੜ੍ਹ ਸਾਹਿਬ ਵਿਖੇ ਸੰਗਤਾਂ ਦੀ ਆਮਦ ਨੂੰ ਦੇਖਦੇ ਹੋਏ ਗੁ: ਸ੍ਰੀ ਲੋਹਗੜ੍ਹ ਸਾਹਿਬ ਵਿਖੇ ਸੰਗਤਾਂ ਦੀ ਸਹੂਲਤ ਲਈ ਬੀਬੀਆਂ ਲਈ ਅਤੇ ਭਾਈਆ ਲਈ ਆਧੁਨਿਕ ਤਰੀਕੇ ਨਾਲ ਬਾਥਰੂਮ ਤਿਆਰ ਕਰਕੇ ਸੰਗਤਾਂ ਨੂੰ ਅਰਪਿਤ ਕੀਤੇ ਗਏ।

ਅੱਜ ਨਵੇਂ ਬਣੇ ਬਾਥਰੂਮਾਂ ਦਾ ਸ਼ੁਭ ਉਦਘਾਟਨ ਭਾਈ ਗੁਰਇਕਬਾਲ ਸਿੰਘ, ਭਗਵੰਤ ਸਿੰਘ ਧੰਗੇੜਾ ਮੈਨੇਜਰ ਸ੍ਰੀ ਦਰਬਾਰ ਸਾਹਿਬ, ਬਿਕਰਮਜੀਤ ਸਿੰਘ ਐਡੀਸ਼ਨਲ ਮੈਨੇਜਰ, ਭਾਈ ਹਰਵਿੰਦਪਾਲ ਸਿੰਘ ਲਿਟਲ, ਅਤੇ ਆਈਆ ਪ੍ਰਮੁੱਖ ਸਖ਼ਸੀਅਤਾਂ ਵੱਲੋਂ ਸ਼ੁਭ ਉਦਘਾਟਨ ਆਪਣੇ ਕਰ ਕਮਲਾਂ ਨਾਲ ਕੀਤਾ ਗਿਆ।ਇਸ ਮੌਕੇ ਭਾਈ ਗੁਰਇਕਬਾਲ ਸਿੰਘ ਨੇ ਦੱਸਿਆ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਪ੍ਰੇਰਣਾ ਸਦਕਾ ਗੁ: ਲੋਹਗੜ੍ਹ ਸਾਹਿਬ ਵਿਖੇ ਸੰਗਤਾਂ ਦੀ ਆਮਦ ਨੂੰ ਦੇਖਦੇ ਹੋਏ ਨਵੇਂ ਲੇਡੀਜ਼ ਅਤੇ ਜੈਨਸ ਬਾਥਰੂਮ ਤਿਆਰ ਕੀਤੇ ਗਏ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮੈਨੇਜਰ ਸ੍ਰੀ ਦਰਬਾਰ ਸਾਹਿਬ ਭਗਵੰਤ ਸਿੰਘ ਧੰਗੇੜਾ ਨੇ ਕਿਹਾ ਕਿ ਭਾਈ ਗੁਰਇਕਬਾਲ ਸਿੰਘ ਵੱਲੋਂ ਸੰਗਤਾਂ ਲਈ ਕੀਤੀਆਂ ਜਾ ਰਹੀਆਂ ਸੇਵਾਵਾਂ ਪੰਥ ਨੂੰ ਵੱਡੀ ਦੇਣ ਹਨ। ਉਹਨਾਂ ਕਿਹਾ ਭਾਈ ਸਾਹਿਬ ਵੱਲੋਂ ਨਿਰੰਤਰ ਪਰਉਪਕਾਰ ਦੇ ਕਾਰਜ ਅਤੇ ਵੱਖ ਵੱਖ ਇਤਿਹਾਸਿਕ ਅਸਥਾਨਾਂ ਕੀਤੀਆਂ ਜਾ ਰਹੀਆਂ ਹਨ। ਇਹ ਦੇਖ ਕੇ ਮਨ ਅਤਿ ਪ੍ਰਸੰਨ ਹੁੰਦਾ ਹੈ ਅਤੇ ਇਹਨਾਂ ਵੱਲੋਂ ਕੀਤੇ ਜਾ ਰਹੇ ਕਾਰਜ ਸ਼ਲਾਘਾਯੋਗ ਹਨ।ਇਸ ਮੌਕੇ ਭਾਈ ਗੁਰਇਕਬਾਲ ਸਿੰਘ ਦੀਆਂ ਮੈਨੇਜਰ ਭਗਵੰਤ ਸਿੰਘ ਧੰਗੇੜਾ ਵੱਲੋਂ ਭਾਈ ਗੁਰਇਕਬਾਲ ਸਿੰਘ ਜੀ ਅਤੇ ਉਨਾਂ ਦੀ ਸਮੂਹ ਟੀਮ ਨੂੰ ਸਨਮਾਨਿਤ ਕੀਤਾ ਗਿਆ। ਵਿਸ਼ੇਸ਼ ਤੌਰ 'ਤੇ ਭਾਈ ਗੁਰਵਿੰਦਰ ਸਿੰਘ ਹੈਡ ਗ੍ਰੰਥੀ ਗੁ: ਕੌਲਸਰ ਸਾਹਿਬ, ਸ੍ਰ ਟਹਿਲਇੰਦਰ ਸਿੰਘ, ਭਾਈ ਹਰਵਿੰਦਪਾਲ ਸਿੰਘ ਲਿਟਲ, ਮਨਦੀਪ ਸਿੰਘ ਭੋਲੂ, ਸਤਨਾਮ ਸਿੰਘ ਸੱਤਾ,ਜਤਿੰਦਰ ਸਿੰਘ, ਸੁਪਰਵਾਈਜ਼ਰ ਧਰਮਜੀਤ ਸਿੰਘ, ਗੁਰਪ੍ਰੀਤ ਸਿੰਘ, ਪਲਵਿੰਦਰ ਸਿੰਘ, ਤਰਵਿੰਦਰ ਸਿੰਘ ਨਿੱਕੂ, ਗੁ: ਲੋਹਗੜ੍ਹ ਸਾਹਿਬ ਦੇ ਸਮੂਹ ਕਮੇਟੀ ਮੈਂਬਰ ਅਤੇ ਅਨੇਕਾਂ ਪਤਵੰਤੇ ਸੱਜਣ ਹਾਜ਼ਰ ਸਨ।

## ਸ਼ਹਿਰ ਦੀਆਂ ਮੁੱਖ ਸੜਕਾਂ ਤੇ ਬਰਸਾਤੀ ਪਾਣੀ ਦੀ ਨਿਕਾਸੀ ਲਈ ਚੈਂਬਰਾਂ ਦੀ ਕੀਤੀ ਜਾਵੇ ਸਫ਼ਾਈ

### ਵਧੀਕ ਕਮਿਸ਼ਨਰ ਵੱਲੋਂ ਓ.ਐਂਡ.ਐਮ.ਸੈਲ. ਵਿਭਾਗ ਨੂੰ ਹਦਾਇਤਾਂ ਜਾਰੀ

ਅੰਮ੍ਰਿਤਸਰ, 1 ਜੁਲਾਈ, (ਗੁਰਦਿਆਲ ਸਿੰਘ) : ਕਮਿਸ਼ਨਰ ਗੁਲਪ੍ਰੀਤ ਸਿੰਘ ਔਲਖ ਦਿਸ਼ਾ-ਨਿਰਦੇਸ਼ਾਂ 'ਤੇ ਵਧੀਕ ਕਮਿਸ਼ਨਰ ਸੁਰਿੰਦਰ ਸਿੰਘ ਵੱਲੋਂ ਸ਼ਹਿਰ ਦੀਆਂ ਮੁੱਖ ਸੜਕਾਂ ਦੇ ਰੱਖ-ਰਖਾਵ ਲਈ ਅਧਿਕਾਰੀਆਂ ਅਤੇ ਕਰਮਚਾਰੀਆਂ ਦੀਆਂ ਬਣਾਈਆ ਗਈਆਂ ਟੀਮਾਂ ਦੀ ਮੀਟਿੰਗ ਲਈ ਗਈ, ਜਿਸ ਵਿੱਚ ਵਧੀਕ ਕਮਿਸ਼ਨਰ ਵੱਲੋਂ ਹਦਾਇਤ ਕੀਤੀ ਗਈ ਕਿ ਬਰਸਾਤ ਦੇ ਮੌਸਮ ਨੂੰ ਧਿਆਨ ਵਿੱਚ ਰਖਦੇ ਹੋਏ ਸਹਿਰ ਦੀਆਂ ਮੁੱਖ ਸ਼ੜਕਾਂ 'ਤੇ ਬਰਸਾਤੀ ਪਾਣੀ ਦੀ ਨਿਕਾਸੀ ਯਕੀਨੀ ਬਣਾਈ ਜਾਵੇ ਅਤੇ ਰੋਡ ਸਾਇਡ 'ਤੇ ਬਣੇ ਸਾਰੇ ਚੈਂਬਰਾ ਨੂੰ ਸਾਫ ਕੀਤਾ ਜਾਵੇ ਤਾਂ ਜੋ ਬਰਸਾਤੀ ਪਾਣੀ ਸੜਕਾਂ 'ਤੇ ਖੜ੍ਹਾ ਨਾ ਹੋਵੇ ਅਤੇ ਸ਼ਹਿਰ ਵਾਸੀਆਂ ਨੂੰ ਕਿਸੇ ਵੀ ਪਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ । ਅੱਜ ਦੀ ਮੀਟਿੰਗ ਵਿੱਚ ਨਿਗਰਾਨ ਇੰਜੀਨੀਅਰ ਕਾਰਜਕਾਰੀ ਇੰਜੀਨੀਅਰ ਮੰਨਜੀਤ ਸਿੰਘ , ਭਲਿਦੰਰ ਸਿੰਘ ,ਸੁਨੀਲ ਮਹਾਜਨ , ਸਵਰਾਜ ਇੰਦਰ ਪਾਲ ਸਿੰਘ, ਸਾਰੇ ਐਸਡੀ.ਓਜ ਅਤੇ ਜੇਈਜ਼ ਹਾਜ਼ਰ ਸਨ ।

ਵਧੀਕ ਕਮਿਸ਼ਨਰ ਸੁਰਿੰਦਰ ਸਿੰਘ ਨੇ ਕਿਹਾ ਕਿ ਨਗਰ ਨਿਗਮ ਵੱਲੋਂ ਸ਼ਹਿਰ ਦੀ ਦਿੱਖ ਨੂੰ ਸਵਾਰਨ ਲਈ ਹਰ ਸਭੰਵ ਉਪਰਾਲਾ ਕੀਤਾ ਜਾ ਰਿਹਾ ਹੈ ਜਿਸ ਦੇ ਬੜੇ ਚੰਗੇ ਨਤੀਜੇ ਨਜ਼ਰ ਆ ਰਹੇ ਹਨ । ਬਰਸਾਤ ਦੇ ਮੌਸਮ ਵਿੱਚ ਸੜਕਾਂ 'ਤੇ ਪਾਣੀ ਖੜ੍ਹੇ ਹੋਣ ਨਾਲ ਸ਼ਹਿਰ ਵਾਸੀਆਂ ਨੂੰ ਪਰੇਸ਼ਾਨੀ ਆਉਂਦੀ ਹੈ। ਇਸ ਲਈ ਜਰੂਰੀ ਹੈ ਕਿ ਸੜਕਾਂ ਦੇ ਸਾਇਡਾਂ 'ਤੇ ਬਣੇ ਰੋਡ ਚੈਂਬਰ ਸਾਫ ਹੋਣ ਅਤੇ ਸੀਵਰੇਜ ਦੀ ਬਕਾਇਦਾ ਡੀਸਿਲਟਿੰਗ ਕੀਤੀ ਜਾਵੇ । ਇਸ ਤੋ ਇਲਾਵਾ ਸ਼ਹਿਰ ਦੀਆ ਸੜਕਾਂ 'ਤੇ ਜਿੱਥੇ ਵੀ ਟੋਏ ਪਏ ਹਨ ਉਹਨਾਂ ਨੂੰ ਪੂਰ ਕੀਤਾ ਜਾਵੇ।ਰੋਡ ਸਾਇਡਾਂ 'ਤੇ ਜੰਗਲੀ ਬੂਟੀ ਅਤੇ ਝਾੜੀਆਂ ਦੀ ਸਫਾਈ ਕਰਵਾਈ ਜਾਵੇ ਅਤੇ ਸਟਰੀਟ ਲਾਈਟ ਪੁਆਇੰਟ ਚਾਲੂ ਹਾਲਤ ਵਿੱਚ ਰੱਖੇ ਜਾਣ। ਮੁੱਖ ਸੜਕਾਂ 'ਤੇ ਨਜਾਇਜ਼ ਕਬਜੇ ਹਟਾਉਣ ਲਈ ਟ੍ਰੈਫਿਕ ਪੁਲਿਸ ਸਹਿਯੋਗ ਲਿਆ ਜਾਵੇ ।

## ਸ਼ਿਕਾਗੋ ਓਪਨ ਯੂਨੀਵਰਸਟੀ ਵੱਲੋਂ ਪ੍ਰਸਿੱਧ ਸਮਾਜ ਸੇਵੀ ਹਰਮੀਤ ਸਿੰਘ ਸਲੂਜਾ ਡਾਕਟਰੇਟ ਦੀ ਡਿਗਰੀ ਨਾਲ ਸਨਮਾਨਿਤ




ਅੰਮ੍ਰਿਤਸਰ, 1 ਜੁਲਾਈ, (ਬਬਲੂ ਮਹਾਜਨ) : ਮਨੁੱਖਤਾ ਦੀ ਸੇਵਾ ਨੂੰ ਸਮਰਪਿਤ ਸਰਦਾਰ ਹਰਮੀਤ ਸਿੰਘ ਸਲੂਜਾ ਨੂੰ ਸ਼ਿਕਾਗੋ ਓਪਨ ਯੂਨੀਵਰਸਿਟੀ ਯੂਐਸਏ ਨੇ ਡਾਕਟਰੇਟ ਦੀ ਡਿਗਰੀ ਪਨਾਲ ਸਨਮਾਨਿਤ ਕੀਤਾ ਹੈ। ਦਿੱਲੀ ਦੇ ਕੋਨਸਟੀਟਿਊਸ਼ਨ ਕਲੱਬ ਆਫ ਇੰਡੀਆ ਵਿੱਚ ਹੋਏ ਇੱਕ ਸੰਖੇਪ ਪਰ ਬੇਹਦ ਪ੍ਰਭਾਵਸ਼ਾਲੀ ਸਮਾਗਮ ਵਿੱਚ ਉਹਨਾਂ ਨੂੰ ਇਹ ਡਿਗਰੀ ਪ੍ਰਦਾਨ ਕੀਤੀ ਗਈ। ਹਰਮੀਤ ਸਿੰਘ ਸਲੂਜਾ ਲੋਕ ਭਲਾਈ ਦੇ ਕਾਰਜ ਅਤੇ ਲੋੜਵੰਦਾਂ ਦੀ ਮੱਦਦ ਕਰਨਾ ਆਪਣਾ ਪਰਮ ਧਰਮ ਸਮਜਦੇ ਹਨ। ਓਹਨਾਂ ਨੇ ਅੰਤਰਰਾਸ਼ਟਰੀ ਸੰਸਥਾਵਾਂ ਨਾਲ ਮਿਲ ਕੇ ਵੱਖ ਵੱਖ ਸਕੂਲਾਂ ਦੇ ਵਿੱਚ ਕੈਂਪ ਕਰਕੇ ਬੱਚਿਆਂ ਨੂੰ ਵਾਤਾਵਰਨ, ਸਿੱਖਿਆ ਅਤੇ ਸਾਫ਼ ਸਫ਼ਾਈ ਵੱਲ ਪ੍ਰੇਰਿਆ ਹੈ। ਓਹਨਾਂ ਸਕੂਲੀ ਬੱਚਿਆਂ ਨੂੰ ਨਾਲ ਲੇ ਕੇ ਵੱਖ ਵੱਖ ਧਰਮ ਸਥਾਨਾਂ 'ਤੇ ਬੂਟੇ ਲਗਾਉਣ ਦੀ ਮੁਹਿੰਮ ਚਲਾਈ ਤਾਂ ਜੋ ਬੱਚਿਆਂ ਨੂੰ ਧਰਮ ਜਾਤ ਤੋਂ ਉੱਪਰ ਉੱਠ ਕੇ ਮਾਨਵਤਾ ਦੀ ਸੇਵਾ ਦੀ ਸੇਧ ਮਿਲੇ। ਕੋਵਿਡ 19 ਵਿੱਚ ਧਰਮ ਜਾਤ ਤੋਂ ਉੱਪਰ ਉੱਠ ਕੇ ਸਮਾਜ ਦੇ ਹਰ ਵਰਗ ਦੀ ਜੀਤੋੜ ਸੇਵਾ ਕੀਤੀ ਸਰਦਾਰ ਸਲੂਜਾ ਨੇ ਮੰਦਰ ਮਸਜਿਦ ਗੁਰਦੁਆਰੇ ਚਰਚ ਆਦਿ ਵਿੱਚ ਜਾ ਕੇ ਸੈਨੇਟਾਈਜ਼ ਕੀਤਾ ਅਤੇ ਲੋੜਵੰਦਾਂ ਨੂੰ ਘਰੇਲੂ ਸਮਾਨ ਘਰੇਲੂ ਰਸਦਾਂ ਤੋਂ ਇਲਾਵਾ ਤਿਆਰ ਭੋਜਨ ਵੀ ਮੁਹੱਈਆ ਕਰਵਾਇਆ। ਓਹਨਾਂ ਨੇ ਸ਼ਹਿਰ ਦੇ ਵੱਖ ਵੱਖ ਸਕੂਲਾਂ ਅਤੇ ਧਾਰਮਿਕ ਅਸਥਾਨਾਂ 'ਤੇ ਕੋਵਿਡ ਟੀਕਾਕਰਨ ਦੇ ਕੈਂਪ ਲਗਵਾਏ।ਉਨ੍ਹਾਂ ਦੀ ਸਮਾਜ ਪ੍ਰਤੀ ਇਸ ਸੇਵਾ ਨੂੰ ਵੇਖਦਿਆਂ ਹੋਇਆਂ ਓਹਨਾਂ ਨੂੰ ਪਹਿਲਾਂ ਵੀ ਵੱਖ ਵੱਖ ਸਮਾਜ ਭਲਾਈ ਸੰਸਥਾਵਾਂ ਨੇ ਸਮੇਂ ਸਮੇਂ 'ਤੇ ਸਨਮਾਨਿਤ ਕੀਤਾ ਹੈ ਅਤੇ ਹੁਣ ਸ਼ਿਕਾਗੋ ਓਪਨ ਯੂਨੀਵਰਸਿਟੀ USA ਨੇ ਉਹਨਾਂ ਨੂੰ ਅੰਤਰਰਾਸ਼ਟਰੀ ਪੱਧਰ ਦਾ ਸਨਮਾਨ ਦੇ ਕੇ ਓਹਨਾਂ ਦੇ ਕੀਤੇ ਇੰਟਰਫੇਥ ਹਾਰਮੋਨੀ ਦੇ ਕੰਮਾਂ ਨੂੰ ਸਲਾਹਿਆ ਹੈ ਅਤੇ ਓਹਨਾਂ ਨੂੰ ਡਾਕਟਰੇਟ ਦੀ ਮਾਨਤਾ ਦਿੰਦੇ ਹੋਏ ਡਾਕਟਰੇਟ ਦੀ ਡਿਗਰੀ ਸ਼ਿਕਾਗੋ ਓਪਨ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਸ੍ਰੀ ਆਰ ਕੇ ਗੁਪਤਾ ਪਤੰਜਲੀ ਯੂਨੀਵਰਸਿਟੀ ਦੇ ਪਰੋ ਚਾਂਸਰਕ ਅਤੇ ਹੋਰ ਸਮਾਜਿਕ ਸ਼ਖਸੀਅਤਾਂ 'ਤੇ ਸਾਂਝੇ ਤੌਰ 'ਤੇ ਭੇਟ ਕੀਤਾ। ਇਸ ਮੌਕੇ ਹਰਮੀਤ ਸਿੰਘ ਨੇ ਕਿਹਾ ਕਿ ਉਹ ਇਸ ਸਨਮਾਨ ਨੂੰ ਆਪਣੀ ਮਾਤਾ ਪਰਮਜੀਤ ਕੌਰ ਨੂੰ ਸਮਰਪਿਤ ਕਰਦੇ ਹਨ, ਜਿਨ੍ਹਾਂ ਦੀਆਂ ਸਿੱਖਿਆਵਾਂ 'ਤੇ ਚੱਲ ਕੇ ਮੈਂ ਸਮਾਜ ਸੇਵਾ ਨੂੰ ਸਮਾ ਦੇ ਸਕਿਆ ਹਾਂ ਅਤੇ ਓਹਨਾਂ ਹਰ ਵੇਲੇ ਮੈਨੂੰ ਕਾਰੋਬਾਰੀ ਅਤੇ ਘਰੇਲੂ ਜਿੰਮੇਵਾਰੀਆਂ ਦੇ ਨਾਲ ਨਾਲ ਮਨੁੱਖਤਾ ਦੀ ਸੇਵਾ ਨਾਲ ਕਰਨ ਲਈ ਪ੍ਰੇਰਿਆ ਹੈ। ਓਹਨਾਂ ਨੌਜਵਾਨ ਪੀੜ੍ਹੀ ਨੂੰ ਸੰਦੇਸ਼ ਦਿੱਤਾ ਕਿ ਸਾਨੂੰ ਇਸ ਹਮੇਸ਼ਾ ਯਾਦ ਰੱਖਣਾ ਚਾਹੀਦਾ ਹੈ ਕਿ ਅਸੀਂ ਸਿੱਖ, ਹਿੰਦੂ, ਮੁਸਲਮਾਨ ਜਾਂ ਈਸਾਈ ਬਾਅਦ ਵਿਚ ਹਾਂ ਪਹਿਲਾਂ ਅਸੀਂ ਇਨਸਾਨ ਹਾਂ। ਸੋ ਸਾਨੂੰ ਇਨਸਾਨੀਅਤ ਦੀ ਸੇਵਾ ਧਰਮ ਅਤੇ ਜਾਤ ਤੋਂ ਉੱਪਰ ਉੱਠ ਕੇ ਕਰਨੀ ਚਾਹੀਦੀ ਹੈ।

## 'ਯੁੱਧ ਨਸ਼ਿਆਂ ਵਿਰੁੱਧ' : ਕਮਿਸ਼ਨਰੇਟ ਪੁਲਿਸ ਜਲੰਧਰ ਵੱਲੋਂ ਵੱਡੇ ਡਰੱਗ ਰੈਕੇਟ ਦਾ ਪਰਦਾਫਾਸ਼, 3 ਮੁਲਜ਼ਮ ਗ੍ਰਿਫ਼ਤਾਰ

### 13 .1 ਕਿਲੋਗ੍ਰਾਮ ਹੈਰੋਇਨ, 5 ਪਿਸਤੌਲ, 12 ਜ਼ਿੰਦਾ ਕਾਰਤੂਸ ਬਰਾਮਦ




ਜਲੰਧਰ, 1 ਜੁਲਾਈ, (ਸੰਦੀਪ ਕੌਲ) : ਪੰਜਾਬ ਸਰਕਾਰ ਵੱਲੋਂ ਵਿੱਢੀ ਨਸ਼ਾ ਵਿਰੋਧੀ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਤਹਿਤ ਇੱਕ ਵੱਡੀ ਸਫ਼ਲਤਾ ਹਾਸਲ ਕਰਦਿਆਂ ਕਮਿਸ਼ਨਰੇਟ ਪੁਲਿਸ ਜਲੰਧਰ ਨੇ ਪੁਲਿਸ ਕਮਿਸ਼ਨਰ ਸ਼੍ਰੀਮਤੀ ਧਨਪ੍ਰੀਤ ਕੌਰ ਦੀ ਅਗਵਾਈ ਹੇਠ ਇੱਕ ਵੱਡੇ ਡਰੱਗ ਤਸਕਰੀ ਨੈੱਟਵਰਕ ਦਾ ਪਰਦਾਫਾਸ਼ ਕਰਦਿਆਂ ਤਿੰਨ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਹੈ ਅਤੇ ਕੁੱਲ 13.1 ਕਿਲੋ ਹੈਰੋਇਨ, 5 ਗੈਰ-ਕਾਨੂੰਨੀ .32 ਬੋਰ ਪਿਸਤੌਲ, 12 ਜ਼ਿੰਦਾ ਕਾਰਤੂਸ, 3 ਮੈਗਜ਼ੀਨ, 3 ਲਗਜ਼ਰੀ ਵਾਹਨ ਅਤੇ 22,000 ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ ਹੈ।

ਪੁਲਿਸ ਕਮਿਸ਼ਨਰ ਨੇ ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ 25 ਮਈ, 2025 ਨੂੰ ਹੋਈ ਇੱਕ ਪ੍ਰੈਸ ਬ੍ਰੀਫਿੰਗ ਦੌਰਾਨ, ਉਨ੍ਹਾਂ ਵੱਲੋਂ ਦੋ ਮੁੱਖ ਮੁਲਜ਼ਮਾਂ ਦੀ ਗ੍ਰਿਫ਼ਤਾਰੀ ਦਾ ਖੁਲਾਸਾ ਕੀਤਾ ਗਿਆ ਸੀ।

ਸ਼ਿਵਮ ਸੋਢੀ ਉਰਫ਼ ਸ਼ਿਵਾ, ਪੁੱਤਰ ਵਰਿੰਦਰ ਸੋਢੀ, ਵਾਸੀ ਸਿਮਰਨ ਐਨਕਲੇਵ ਨੇੜੇ ਲੰਮਾ ਪਿੰਡ ਚੌਕ, ਨੂੰ 20 ਮਈ, 2025 ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। ਬਰਿੰਦਰ ਸਿੰਘ ਉਰਫ਼ ਬੱਬੂ, ਪੁੱਤਰ ਦਵਿੰਦਰ ਸਿੰਘ, ਵਾਸੀ ਅਮਰ ਨਗਰ, ਜਲੰਧਰ ਨੂੰ 22 ਮਈ, 2025 ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ।

ਮੁਲਜ਼ਮਾਂ ਦੇ ਕਬਜ਼ੇ ਵਿੱਚੋਂ ਪੁਲਿਸ ਨੇ ਕੁੱਲ 13 ਕਿਲੋ ਹੈਰੋਇਨ, 3 ਲਗਜ਼ਰੀ ਕਾਰਾਂ, 2 ਗੈਰ-ਕਾਨੂੰਨੀ ਪਿਸਤੌਲ (32 ਬੋਰ), 6 ਜ਼ਿੰਦਾ ਕਾਰਤੂਸ ਅਤੇ 22,000 ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ। ਇਸ ਸਬੰਧੀ ਐਫ.ਆਈ.ਆਰ. ਨੰਬਰ 122 ਮਿਤੀ 20.05.2025 ਨੂੰ 21-ਸੀ, 27-ਏ, 61, 85 ਧਾਰਾ ਐਨਡੀਪੀਐਸ ਐਕਟ ਅਤੇ 25(1) ਬੀ ਅਸਲਾ ਐਕਟ ਦੇ ਤਹਿਤ ਥਾਣਾ ਡਵੀਜ਼ਨ ਨੰਬਰ 8, ਜਲੰਧਰ ਵਿਖੇ ਦਰਜ ਕੀਤੀ ਗਈ ਸੀ।

ਰਿਮਾਂਡ ਦੌਰਾਨ ਕੀਤੀ ਗਈ ਪੁੱਛਗਿੱਛ ਦੇ ਆਧਾਰ 'ਤੇ ਇੱਕ ਤੀਜੇ ਸਾਥੀ ਦੀ ਸ਼ਮੂਲੀਅਤ ਸਾਹਮਣੇ ਆਈ, ਜਿਸ 'ਤੇ ਸੁਖਜੀਤ ਸਿੰਘ ਉਰਫ਼ ਸੁੱਖਾ ਪੁੱਤਰ ਲਖਵੀਰ ਸਿੰਘ, ਵਾਸੀ ਬਿਸ਼ੰਬਰਪੁਰਾ, ਥਾਣਾ ਚਾਟੀਵਿੰਡ, ਅੰਮ੍ਰਿਤਸਰ ਨੂੰ 23 ਜੂਨ, 2025 ਨੂੰ ਗ੍ਰਿਫ਼ਤਾਰ ਕੀਤਾ ਗਿਆ। ਉਸ ਦੀ ਗ੍ਰਿਫ਼ਤਾਰੀ 'ਤੇ ਪੁਲਿਸ ਨੇ 100 ਗ੍ਰਾਮ ਹੈਰੋਇਨ, 3 ਗੈਰ-ਕਾਨੂੰਨੀ .32 ਬੋਰ ਪਿਸਤੌਲ ਅਤੇ 6 ਜ਼ਿੰਦਾ ਕਾਰਤੂਸ ਬਰਾਮਦ ਕੀਤੇ। ਸੁਖਜੀਤ ਸਿੰਘ ਉਰਫ਼ ਸੁੱਖਾ ਵਿਰੁੱਧ ਪਹਿਲਾਂ ਵੀ ਅਪਰਾਧਿਕ ਮਾਮਲਾ ਦਰਜ ਹੈ।

ਮੁਲਜ਼ਮਾਂ ਦੇ ਵਿਆਪਕ ਨੈੱਟਵਰਕ ਅਤੇ ਵਿੱਤੀ ਸਬੰਧਾਂ ਦੀ ਜਾਂਚ ਜਾਰੀ ਹੈ। ਜਲੰਧਰ ਪੁਲਿਸ ਨੇ ਭਰੋਸਾ ਦਿੱਤਾ ਹੈ ਕਿ ਇਸ ਰੈਕੇਟ ਨਾਲ ਜੁੜੇ ਸਾਰੇ ਵਿਅਕਤੀਆਂ ਨੂੰ ਨਿਆਂ ਦੇ ਕਟਹਿਰੇ ਵਿੱਚ ਲਿਆਂਦਾ ਜਾਵੇਗਾ।

## ਖ਼ਾਲਸਾ ਕਾਲਜ ਇੰਜੀਨੀਅਰਿੰਗ ਵਿਖੇ 'ਤਣਾਅ ਨੂੰ ਕਾਬੂ ਕਰਨਾ' ਵਿਸ਼ੇ 'ਤੇ ਪ੍ਰੋਗਰਾਮ ਸੰਪੰਨ




ਅੰਮ੍ਰਿਤਸਰ, 1 ਜੁਲਾਈ, (ਬਬਲੂ ਮਹਾਜਨ/ਗੁਰਦਿਆਲ ਸਿੰਘ): ਖਾਲਸਾ ਕਾਲਜ ਆਫ਼ ਇੰਜੀਨੀਅਰਿੰਗ ਐਂਡ ਟੈਕਨਾਲੋਜੀ, ਰਣਜੀਤ ਐਵੀਨਿਊ ਵਿਖੇ 'ਤਣਾਅ ਨੂੰ ਕਾਬੂ ਕਰਨਾ: ਬਰਨਆਊਟ ਤੋਂ ਸੰਤੁਲਨ ਤੱਕ' ਵਿਸ਼ੇ 'ਤੇ ਫੈਕਲਟੀ ਡਿਵੈੱਲਪਮੈਂਟ ਪ੍ਰੋਗਰਾਮ ਸੰਪੰਨ ਹੋ ਗਿਆ। ਕਾਲਜ ਡਾਇਰੈਕਟਰ ਡਾ. ਮੰਜੂ ਬਾਲਾ ਦੇ ਦਿਸ਼ਾ-ਨਿਰਦੇਸ਼ਾਂ 'ਤੇ ਕਰਵਾਏ ਗਏ ਉਕਤ ਪ੍ਰੋਗਰਾਮ ਮੌਕੇ ਰਾਜਸਥਾਨ ਯੂਨੀਵਰਸਿਟੀ, ਚੰਡੀਗੜ੍ਹ ਯੂਨੀਵਰਸਿਟੀ, ਐੱਸ. ਆਰ. ਸਰਕਾਰੀ ਕਾਲਜ ਫ਼ਾਰ ਵੂਮੈਨ, ਗਲੋਬਲ ਗਰੁੱਪ ਆਫ਼ ਇੰਸਟੀਚਿਊਟਸ, ਅੰਮ੍ਰਿਤਸਰ ਗਰੁੱਪ ਆਫ਼ ਕਾਲਜਿਜ਼, ਹਿੰਦੂ ਕਾਲਜ ਆਦਿ ਵੱਖ-ਵੱਖ ਸੰਸਥਾਵਾਂ ਦੇ ਭਾਗੀਦਾਰਾਂ ਨੇ ਹਿੱਸਾ ਲਿਆ।

ਉਕਤ ਹਫ਼ਤਾ ਭਰ ਚੱਲੇ ਪ੍ਰੋਗਰਾਮ ਦੇ ਸਮਾਪਤੀ ਸੈਸ਼ਨ ਮੌਕੇ ਮੁੱਖ ਮਹਿਮਾਨ ਵਜੋਂ ਡੀ. ਏ. ਵੀ. ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਮਨੋਜ ਕੁਮਾਰ ਅਤੇ ਵਿਸ਼ੇਸ਼ ਮਹਿਮਾਨ ਵਜੋਂ ਸ੍ਰੀਮਤੀ ਮਿਨਾਕਸ਼ੀ ਖੰਨਾ (ਪ੍ਰਧਾਨ, ਐਨ. ਜੀ. ਓ., ਫੁਲਕਾਰੀ ਵੂਮੈਨ ਆਫ਼ ਅੰਮ੍ਰਿਤਸਰ) ਨੇ ਸ਼ਿਰਕਤ ਕੀਤੀ। ਇਸ ਮੌਕੇ ਡਾ. ਮਨੋਜ ਕੁਮਾਰ ਨੇ ਜ਼ੋਰ ਦਿੰਦਿਆਂ ਕਿਹਾ ਕਿ ਤਣਾਅ ਸਿਰਫ਼ ਇਕ ਨਿੱਜੀ ਬੋਝ ਨਹੀਂ ਹੈ, ਸਗੋਂ ਇਕ ਪੇਸ਼ੇਵਰ ਚੁਣੌਤੀ ਹੈ ਅਤੇ ਸਿੱਖਿਅਕਾਂ ਨੂੰ ਰੁਕਣਾ, ਪ੍ਰਤੀਬਿੰਬਤ ਕਰਨਾ ਅਤੇ ਖ਼ੁਦ ਨੂੰ ਉਦੇਸ਼ ਅਤੇ ਸਪੱਸ਼ਟਤਾ ਨਾਲ ਮੁੜ ਸਥਾਪਿਤ ਕਰਨਾ ਸਿੱਖਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸਿਰਫ਼ ਇਕ ਸੰਤੁਲਿਤ ਮਨ ਹੀ ਭਵਿੱਖ ਦੇ ਮਨਾਂ ਨੂੰ ਆਕਾਰ ਦੇ ਸਕਦਾ ਹੈ।

ਇਸ ਮੌਕੇ ਸ੍ਰੀਮਤੀ ਖੰਨਾ ਨੇ ਡਾ. ਮੰਜੂ ਬਾਲਾ ਦਾ ਅਜਿਹੇ ਵਿਚਾਰਸ਼ੀਲ ਅਤੇ ਪ੍ਰਭਾਵਸ਼ਾਲੀ ਫੈਕਲਟੀ ਵਿਕਾਸ ਪ੍ਰੋਗਰਾਮ ਦੇ ਆਯੋਜਨ ਲਈ ਧੰਨਵਾਦ ਕੀਤਾ। ਉਨ੍ਹਾਂ ਨੇ ਭਾਵਨਾਤਮਕ ਤੰਦਰੁਸਤੀ, ਰਚਨਾਤਮਕਤਾ ਅਤੇ ਸਿੱਖਿਅਕਾਂ ਦੇ ਸੰਪੂਰਨ ਵਿਕਾਸ 'ਤੇ ਧਿਆਨ ਕੇਂਦਰਿਤ ਕਰਨ ਸਬੰਧੀ ਪਹਿਲਕਦਮੀ ਦੀ ਸ਼ਲਾਘਾ ਕੀਤੀ। ਪ੍ਰੋਗਰਾਮ ਨੇ ਤੰਦਰੁਸਤੀ, ਮਾਨਸਿਕਤਾ ਅਤੇ ਪ੍ਰੇਰਣਾਦਾਇਕ ਸੈਸ਼ਨਾਂ ਦੇ ਵਿਲੱਖਣ ਮਿਸ਼ਰਣ ਰਾਹੀਂ ਫੈਕਲਟੀ 'ਤੇ ਸਾਰਥਿਕ ਪ੍ਰਭਾਵ ਛੱਡਿਆ। ਇਸ ਦੌਰਾਨ ਅਕਾਦਮਿਕ ਜੀਵਨ 'ਚ ਤਣਾਅ ਦੇ ਪ੍ਰਬੰਧਨ ਲਈ ਵਿਆਪਕ ਅਤੇ ਵਿਹਾਰਕ ਪਹੁੰਚ ਪੇਸ਼ ਕਰਨ ਸਬੰਧੀ ਤੰਦਰੁਸਤੀ ਕੋਚ, ਮਨੋਵਿਗਿਆਨੀ, ਕਲਾ ਥੈਰੇਪਿਸਟ, ਯੂਨੀਵਰਸਿਟੀ ਆਗੂ, ਮੈਡੀਟੇਸ਼ਨ ਐਕਸਪਰਟ, ਸਮਾਜਿਕ ਪ੍ਰਭਾਵਿਕ ਅਤੇ ਸੱਭਿਆਚਾਰਕ ਪੇਸ਼ੇਵਰਾਂ ਸਮੇਤ ਵੱਖ-ਵੱਖ ਬੁਲਾਰਿਆਂ ਨੇ ਆਪਣੇ ਵਿਚਾਰ ਸਾਂਝੇ ਕੀਤੇ।

ਇਸ ਪ੍ਰੋਗਰਾਮ ਦੇ ਸ਼ੁਰੂਆਤ 'ਚ ਮੁੱਖ ਮਹਿਮਾਨ ਲਿਟਲ ਫਲਾਵਰ ਸੀਨੀਅਰ ਸੈਕੰਡਰੀ ਸਕੂਲ ਡਾਇਰੈਕਟਰ ਸ੍ਰੀਮਤੀ ਤੇਜਿੰਦਰ ਕੌਰ ਛੀਨਾ ਨੇ ਉਦਘਾਟਨ ਦੀ ਰਸਮ ਅਦਾ ਕੀਤੀ। ਉਪਰੰਤ ਹਫ਼ਤਾ ਭਰ 'ਚ ਵੱਖ-ਵੱਖ ਸਮੇਂ 'ਚ ਆਰਟ ਆਫ ਲਿਵਿੰਗ ਫ਼ਾਊਂਡੇਸ਼ਨ ਤੋਂ ਸ੍ਰੀਮਤੀ ਮੁਸਕਾਨ ਕਪੂਰ, ਲਘੂ ਉਦਯੋਗ ਭਾਰਤੀ ਤੋਂ ਪ੍ਰਧਾਨ ਸ੍ਰੀਮਤੀ ਪ੍ਰਿਯੰਕਾ ਗੋਇਲ, ਬ੍ਰਹਮਾ ਕੁਮਾਰੀ ਤੋਂ ਸਾਕਸ਼ੀ ਭਾਨ, ਸ੍ਰੀਮਤੀ ਰਿਧੀ ਰਾਏ ਅਤੇ ਸ੍ਰੀਮਤੀ ਅਨੂ ਅਰੋੜਾ (ਕੋਰੀਓਗ੍ਰਾਫਰ), ਫੁਲਕਾਰੀ (ਵੂਮੈਨ ਆਫ਼ ਅੰਮ੍ਰਿਤਸਰ) ਤੋਂ ਸ੍ਰੀਮਤੀ ਸ਼ੀਤਲ ਸੋਹਲ ਅਤੇ ਸ੍ਰੀਮਤੀ ਰੁਚੀ ਮਹੇਸ਼ਵਰੀ, ਪਬਲਿਕ ਸਪੀਕਰ ਸ੍ਰੀ ਵਿਕਰਾਂਤ ਕਪੂਰ, ਨਿਊਟਰੇਨਿਸਟ ਐਕਸਪ੍ਰਟ ਡਾ: ਰਿਧੀ ਖੰਨਾ, ਸ਼ਿਸ਼ੋਲਜੀ ਮਾਹਿਰ ਡਾ: ਮਮਤਾ ਐਨ. ਅਰੋੜਾ, ਵੈੱਲਨੈਸ ਕੋਚ ਸ੍ਰੀਮਤੀ ਅਕਸ਼ੀ ਖੁਰਾਨਾ, ਆਰਟ ਥੈਰੇਪਿਸਟ ਸ੍ਰੀਮਤੀ ਵਰਿੰਦਾ ਅਰੋੜਾ, ਪ੍ਰਸਥੌਡੌਨਟਿਕਸ ਡਾ: ਕਮਲਦੀਪ ਸ਼ਰਮਾ ਨੇ ਸੈਸ਼ਨ ਦੌਰਾਨ ਪ੍ਰੋਗਰਾਮ ਨੂੰ ਪ੍ਰਭਾਵਸ਼ਾਲੀ ਬਣਾਉਂਦਿਆਂ ਅਹਿਮ ਯੋਗਦਾਨ ਪਾਇਆ। ਇਸ ਦੌਰਾਨ ਮੁਦਰਾਵਾਂ ਰਾਹੀਂ ਅਵਚੇਤਨ ਇਲਾਜ, ਧਿਆਨ ਅਤੇ ਮਾਨਸਿਕਤਾ, ਮਾਨਸਿਕ ਸਿਹਤ, ਤਣਾਅ ਪ੍ਰਬੰਧਨ, ਟੀਮ ਨਿਰਮਾਣ, ਸ਼ਖਸੀਅਤ ਵਿਕਾਸ, ਖੁਰਾਕ ਅਤੇ ਪੋਸ਼ਣ, ਕਲਾ ਥੈਰੇਪੀ, ਰਚਨਾਤਮਕ ਪ੍ਰਗਟਾਵੇ ਅਤੇ ਖੁਸ਼ੀ ਦੀਆਂ ਤਕਨੀਕਾਂ ਵਰਗੇ ਵੱਖ-ਵੱਖ ਪਰਿਵਰਤਨਸ਼ੀਲ ਵਿਸ਼ਿਆਂ 'ਤੇ ਸੈਸ਼ਨ ਕਰਵਾਏ ਗਏ। ਇਸ ਮੌਕੇ ਡਾ. ਮੰਜੂ ਬਾਲਾ ਨੇ ਤਣਾਅ ਅਤੇ ਬਰਨਆਊਟ ਨੂੰ ਦੂਰ ਕਰਨ ਸਬੰਧੀ ਵਿਚਾਰਾਂ, ਪੁਸ਼ਟੀਕਰਨ ਅਤੇ ਮਾਨਸਿਕ ਸਥਿਤੀ ਦੀ ਸ਼ਕਤੀ 'ਤੇ ਜ਼ੋਰ ਦਿੰਦਿਆਂ ਸਾਰਿਆਂ ਨੂੰ ਅਵਚੇਤਨ ਮਨ ਦੇ ਚਾਰ ਹਿੱਸਿਆਂ ਮਾਨਸ, ਬੁੱਧੀ, ਚਿਤਮ ਅਤੇ ਅਹੰਕਾਰ 'ਤੇ ਕੰਮ ਕਰਨ ਪ੍ਰੇਰਿਤ ਕੀਤਾ।

# ਅਰੋੜਾ ਨੇ ਲੁਧਿਆਣਾ ਤੋਂ ਵਿਧਾਇਕ ਚੁਣੇ ਜਾਣ ਤੋਂ ਬਾਅਦ ਰਾਜ ਸਭਾ ਤੋਂ ਦਿੱਤਾ ਅਸਤੀ.ਫਾ



ਲੁਧਿਆਣਾ, 1 ਜੁਲਾਈ (ਵਿਸ਼ਾਲ ਸ਼ਰਮਾ): ਲੁਧਿਆਣਾ ਪੱਛਮੀ ਵਿਧਾਨ ਸਭਾ ਉਪ-ਚੋਣ ਵਿੱਚ ਆਪਣੀ ਹਾਲੀਆ ਜਿੱਤ ਤੋਂ ਬਾਅਦ ਸੰਸਦ ਮੈਂਬਰ ਸੰਜੀਵ ਅਰੋੜਾ ਨੇ ਅਧਿਕਾਰਤ ਤੌਰ 'ਤੇ ਰਾਜ ਸਭਾ ਤੋਂ ਅਸਤੀਫਾ ਦੇ ਦਿੱਤਾ ਹੈ। ਅਰੋੜਾ ਨੇ ਅੱਜ ਨਵੀਂ ਦਿੱਲੀ ਵਿੱਚ ਉਪ ਰਾਸ਼ਟਰਪਤੀ ਦੇ ਨਿਵਾਸ ਸਥਾਨ 'ਤੇ ਰਾਜ ਸਭਾ ਚੇਅਰਮੈਨ ਜਗਦੀਪ ਧਨਖੜ ਨਾਲ ਨਿੱਜੀ ਤੌਰ 'ਤੇ ਮੁਲਾਕਾਤ ਕੀਤੀ ਅਤੇ ਉਨ੍ਹਾਂ ਨੂੰ ਆਪਣਾ ਅਸਤੀਫਾ ਪੱਤਰ ਸੌਂਪਿਆ। ਉਨ੍ਹਾਂ ਨੇ ਸੰਵਿਧਾਨਕ ਪ੍ਰਾਵਧਾਨਾਂ ਦਾ ਹਵਾਲਾ ਦਿੱਤਾ ਜੋ ਚੋਣ ਨਤੀਜਿਆਂ ਸੰਬੰਧੀ 24 ਜੂਨ, 2025 ਦੇ ਗਜ਼ਟ ਨੋਟੀਫਿਕੇਸ਼ਨ ਦੇ 14 ਦਿਨਾਂ ਬਾਅਦ ਸੰਸਦ ਅਤੇ ਰਾਜ ਵਿਧਾਨ ਸਭਾ ਦੋਵਾਂ ਵਿੱਚ ਇੱਕੋ ਸਮੇਂ ਮੈਂਬਰਸ਼ਿਪ 'ਤੇ ਪਾਬੰਦੀ ਲਗਾਉਂਦੇ ਹਨ।

ਅਰੋੜਾ, ਜਿਨ੍ਹਾਂ ਨੇ ਲਗਭਗ ਤਿੰਨ ਸਾਲ ਉੱਚ ਸਦਨ ਵਿੱਚ ਸੇਵਾ ਨਿਭਾਈ, ਨੇ ਆਪਣੇ ਕਾਰਜਕਾਲ ਦੌਰਾਨ ਪੰਜਾਬ ਦੇ ਲੋਕਾਂ, ਸਾਥੀ ਸੰਸਦ ਮੈਂਬਰਾਂ ਅਤੇ ਰਾਜ ਸਭਾ ਚੇਅਰਮੈਨ ਦਾ ਉਨ੍ਹਾਂ ਦੇ ਸਮਰਥਨ ਅਤੇ ਸਹਿਯੋਗ ਲਈ ਡੂੰਘਾ ਧੰਨਵਾਦ ਕੀਤਾ। ਉਨ੍ਹਾਂ ਨੇ ਰਾਸ਼ਟਰੀ ਵਿਧਾਨਕ ਪ੍ਰਕਿਰਿਆਵਾਂ ਵਿੱਚ ਪ੍ਰਾਪਤ ਕੀਤੇ ਕੀਮਤੀ ਤਜ਼ਰਬੇ ਨੂੰ ਸਵੀਕਾਰ ਕੀਤਾ ਅਤੇ ਚੇਅਰਮੈਨ ਦੇ ਮਾਰਗਦਰਸ਼ਨ ਅਤੇ ਅਗਵਾਈ ਦੀ ਸ਼ਲਾਘਾ ਕੀਤੀ। ਅਰੋੜਾ ਨੇ ਆਪਣੇ ਅਸਤੀਫ਼ੇ ਪੱਤਰ ਵਿੱਚ ਕਿਹਾ ਰਾਜ ਸਭਾ ਦੇ ਮੈਂਬਰ ਵਜੋਂ ਸੇਵਾ ਕਰਨਾ ਅਤੇ ਰਾਸ਼ਟਰੀ ਪੱਧਰ 'ਤੇ ਵਿਧਾਨਕ ਪ੍ਰਕਿਰਿਆ ਵਿੱਚ ਯੋਗਦਾਨ ਪਾਉਣਾ ਮੇਰੇ ਲਈ ਇੱਕ ਸਨਮਾਨ ਅਤੇ ਖੁਸ਼ਕਿਸਮਤੀ ਦੀ ਗੱਲ ਰਹੀ ਹੈ। ਉਨ੍ਹਾਂ ਚੇਅਰਮੈਨ, ਸਾਥੀ ਮੈਂਬਰਾਂ ਅਤੇ ਪੰਜਾਬ ਦੇ ਲੋਕਾਂ ਦਾ ਉਨ੍ਹਾਂ 'ਤੇ ਦਿਖਾਏ ਗਏ ਵਿਸ਼ਵਾਸ ਅਤੇ ਸਹਿਯੋਗ ਲਈ ਤਹਿ ਦਿਲੋਂ ਧੰਨਵਾਦ ਕੀਤਾ। ਉਨ੍ਹਾਂ ਦਾ ਅਸਤੀਫ਼ਾ ਇੱਕ ਮਹੱਤਵਪੂਰਨ ਰਾਜਨੀਤਿਕ ਤਬਦੀਲੀ ਨੂੰ ਦਰਸਾਉਂਦਾ ਹੈ ਕਿਉਂਕਿ ਉਹ ਰਾਸ਼ਟਰੀ ਪੱਧਰ ਤੋਂ ਰਾਜ ਵਿਧਾਨ ਸਭਾ ਵਿੱਚ ਜਾ ਰਹੇ ਹਨ। ਅਰੋੜਾ ਨੇ 19 ਜੂਨ ਨੂੰ ਲੁਧਿਆਣਾ ਪੱਛਮੀ ਉਪ-ਚੋਣ 10,637 ਵੋਟਾਂ ਦੇ ਫਰਕ ਨਾਲ ਜਿੱਤੀ ਸੀ, ਜੋ ਕਿ ਮੌਜੂਦਾ ਵਿਧਾਇਕ ਦੇ ਬੇਵਕਤੀ ਦੇਹਾਂਤ ਤੋਂ ਬਾਅਦ ਹੋਈ ਸੀ। 'ਆਪ' ਦੀ ਸੀਨੀਅਰ ਲੀਡਰਸ਼ਿਪ ਨੇ ਉਨ੍ਹਾਂ ਦੇ ਰਾਜ ਸਭਾ ਕਾਰਜਕਾਲ ਦੌਰਾਨ ਉਨ੍ਹਾਂ ਵੱਲੋਂ ਕੀਤੇ ਗਏ ਪ੍ਰਭਾਵਸ਼ਾਲੀ ਕੰਮ ਨੂੰ ਸਵੀਕਾਰ ਕਰਦੇ ਹੋਏ ਉਨ੍ਹਾਂ ਦੀ ਉਮੀਦਵਾਰੀ ਦਾ ਸਮਰਥਨ ਕੀਤਾ। ਅਰੋੜਾ ਨੇ 10 ਅਪ੍ਰੈਲ, 2022 ਨੂੰ ਰਾਜ ਸਭਾ ਵਿੱਚ ਅਹੁਦਾ ਸੰਭਾਲਿਆ। ਆਪਣੇ ਕਾਰਜਕਾਲ ਦੌਰਾਨ, ਉਨ੍ਹਾਂ ਨੇ 80% ਦੀ ਹਾਜ਼ਰੀ ਦਰ ਬਣਾਈ ਰੱਖੀ, ਜੋ ਕਿ ਰਾਸ਼ਟਰੀ ਔਸਤ ਨਾਲ ਮੇਲ ਖਾਂਦੀ ਹੈ ਅਤੇ 77% ਦੀ ਰਾਜ ਔਸਤ ਨੂੰ ਪਾਰ ਕਰ ਗਈ ਹੈ।

ਉਨ੍ਹਾਂ ਨੇ 82 ਬਹਿਸਾਂ ਵਿੱਚ ਹਿੱਸਾ ਲਿਆ, ਜੋ ਕਿ ਰਾਸ਼ਟਰੀ (79.8) ਅਤੇ ਰਾਜ (44.6) ਔਸਤ ਦੋਵਾਂ ਤੋਂ ਵੱਧ ਹੈ, ਜੋ ਰਾਸ਼ਟਰੀ ਭਾਸ਼ਣ ਵਿੱਚ ਉਨ੍ਹਾਂ ਦੀ ਸਰਗਰਮ ਭਾਗੀਦਾਰੀ ਨੂੰ ਦਰਸਾਉਂਦਾ ਹੈ। ਉਨ੍ਹਾਂ ਨੇ 229 ਸਵਾਲ ਵੀ ਉਠਾਏ, ਜੋ ਕਿ ਰਾਸ਼ਟਰੀ ਔਸਤ 134.22 ਅਤੇ ਰਾਜ ਔਸਤ 204 ਤੋਂ ਕਾਫ਼ੀ ਜ਼ਿਆਦਾ ਹਨ, ਜੋ ਜਨਤਕ ਮੁੱਦਿਆਂ ਨੂੰ ਹੱਲ ਕਰਨ ਲਈ ਉਨ੍ਹਾਂ ਦੇ ਸਰਗਰਮ ਦ੍ਰਿਸ਼ਟੀਕੋਣ ਨੂੰ ਦਰਸਾਉਂਦੇ ਹਨ। ਇਸ ਤੋਂ ਇਲਾਵਾ, ਉਨ੍ਹਾਂ ਨੇ ਇੱਕ ਪ੍ਰਾਈਵੇਟ ਮੈਂਬਰ ਬਿੱਲ ਪੇਸ਼ ਕੀਤਾ, ਜੋ ਕਿ ਰਾਸ਼ਟਰੀ ਔਸਤ (0.9) ਦੇ ਅਨੁਸਾਰ ਹੈ, ਹਾਲਾਂਕਿ ਰਾਜ ਔਸਤ (1.9) ਤੋਂ ਥੋੜ੍ਹਾ ਘੱਟ ਹੈ। ਅਰੋੜਾ ਦੀ ਚੋਣ ਜਿੱਤ ਨੂੰ ਉਨ੍ਹਾਂ ਦੇ ਨਿਰੰਤਰ ਪ੍ਰਦਰਸ਼ਨ ਅਤੇ ਸਮਰਪਣ ਲਈ ਜਨਤਕ ਸਮਰਥਨ ਵਜੋਂ ਦੇਖਿਆ ਜਾ ਰਿਹਾ ਹੈ।

# ਵਿਧਾਇਕ ਸਿੱਧੂ ਵੱਲੋਂ ਗਲੀਆਂ ਦੇ ਨਿਰਮਾਣ ਕਾਰਜਾਂ ਦਾ ਉਦਘਾਟਨ



ਲੁਧਿਆਣਾ, 1 ਜੁਲਾਈ (ਵਿਸ਼ਾਲ ਸ਼ਰਮਾ/ਰਵਿੰਦਰ ਸਿੰਘ ਨਿੱਝਰ) : ਹਲਕਾ ਆਤਮ ਨਗਰ ਦੇ ਵਿਕਾਸ ਕਾਰਜਾਂ ਨੂੰ ਨਿਰੰਤਰ ਜਾਰੀ ਰੱਖਦਿਆਂ, ਵਿਧਾਇਕ ਕੁਲਵੰਤ ਸਿੰਘ ਸਿੱਧੂ ਵੱਲੋਂ ਵਾਰਡ ਨੰਬਰ 48 ਅਧੀਨ ਕਰਨੈਲ ਸਿੰਘ ਨਗਰ ਵਿਖੇ ਗਲੀਆਂ ਦੇ ਨਿਰਮਾਣ ਕਾਰਜਾਂ ਦਾ ਉਦਘਾਟਨ ਕੀਤਾ ਗਿਆ। ਵਿਧਾਇਕ ਸਿੱਧੂ ਨੇ ਦੱਸਿਆ ਕਿ ਇਸ ਪ੍ਰੋਜੈਕਟ ਤਹਿਤ ਕਰਨੈਲ ਸਿੰਘ ਨਗਰ ਦੀ ਗਲੀ ਨੰਬਰ 13, 15 ਅਤੇ 16 ਦਾ ਨਿਰਮਾਣ ਕੀਤਾ ਜਾਵੇਗਾ, ਜਿਸ 'ਤੇ ਲਗਭਗ 21 ਲੱਖ ਰੁਪਏ ਦੀ ਲਾਗਤ ਆਵੇਗੀ। ਵਿਧਾਇਕ ਸਿੱਧੂ ਨੇ ਕਿਹਾ ਕਿ ਮੈਂ ਧੰਨਵਾਦੀ ਹਾਂ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦਾ ਜਿਨ੍ਹਾਂ ਵਿਕਾਸ ਦੇ ਕੰਮਾਂ ਲਈ ਕਿਸੇ ਤਰ੍ਹਾਂ ਦੀ ਫੰਡਜ਼ ਦੀ ਕੋਈ ਕਮੀ ਨਹੀਂ ਆਉਣ ਦਿੱਤੀ। ਉਨ੍ਹਾਂ ਇਲਾਕਾ ਨਿਵਾਸੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਇਹ ਗਲੀਆਂ ਤੁਹਾਡੇ ਦਿੱਤੇ ਹੋਏ ਟੈਕਸ ਦੇ ਰੁਪਏ ਵਿੱਚੋਂ ਹੀ ਬਣਦੀਆਂ ਹਨ, ਇਸ ਲਈ ਉਹ ਆਪਣੀ ਨਿਗਰਾਨੀ ਹੇਠ ਹੀ ਇਹਨਾਂ ਸੜਕਾਂ ਦਾ ਨਿਰਮਾਣ ਕਰਵਾਉਣ ਅਤੇ ਬਾਅਦ ਵਿੱਚ ਇਹਨਾਂ ਸੜਕਾਂ ਦੀ ਸਾਂਭ ਸੰਭਾਲ ਰੱਖਣ ਦੀ ਜਿੰਮੇਵਾਰੀ ਵੀ ਨਿਭਾਉਣ। ਇਸ ਮੌਕੇ ਕੁਲਵਿੰਦਰ ਸਿੰਘ (ਸਰਪੰਚ) ਵੱਲੋਂ ਵਿਧਾਇਕ ਕੁਲਵੰਤ ਸਿੰਘ ਸਿੱਧੂ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਦੀ ਚਿਰੋਕਣੀ ਮੰਗ ਨੂੰ ਬੂਰ ਪਿਆ ਹੈ। ਕਿਉਂਕਿ ਪਿਛਲੇ 20 ਸਾਲਾਂ ਤੋਂ ਇਨ੍ਹਾਂ ਗਲੀਆਂ ਦੇ ਕਿਸੇ ਨੇ ਸਾਰ ਨਹੀਂ ਲਈ। ਉਦਘਾਟਨ ਮੌਕੇ 'ਆਪ' ਆਗੂ ਪ੍ਰਦੀਪ ਕੁਮਾਰ ਅੱਪੂ ਤੋਂ ਇਲਾਵਾ ਰਾਜਪਾਲ ਸਿੰਘ, ਠੇਕੇਦਾਰ ਮਨਜੀਤ ਸਿੰਘ, ਚਮਕੌਰ ਸਿੰਘ, ਡਾ. ਹਰਦੀਪ ਸਿੰਘ, ਰਾਮਪਾਲ ਸਿੰਘ, ਗੁਰਪ੍ਰੀਤ ਸਿੰਘ, ਮਨੂ ਢੰਡ, ਬਲਵਿੰਦਰ ਸਿੰਘ, ਗੁਰਮੀਤ ਸਿੰਘ, ਦੀਪਕ ਤੇ ਹੋਰ ਹਾਜ਼ਰ ਸਨ।

# ਭਗਵੰਤ ਮਾਨ ਦੀਆਂ ਗੱਲਾਂ ਸਨ ਉੱਚੀਆਂ ਪਰ ਸੱਚਾਈ ਕੋਈ ਨਹੀਂ ਸੀ : ਬਿੱਟੂ



ਲੁਧਿਆਣਾ/ਚੰਡੀਗੜ੍ਹ, 1 ਜੁਲਾਈ (ਵਿਸ਼ਾਲ ਸ਼ਰਮਾ) : ਕੇਂਦਰੀ ਰਾਜ ਮੰਤਰੀ (ਰੇਲਵੇ ਅਤੇ ਖਾਦ ਪ੍ਰਕਿਰਿਆ ਉਦਯੋਗ) ਸ਼੍ਰੀ ਰਵਨੀਤ ਸਿੰਘ ਨੇ ਅੱਜ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ 'ਤੇ ਤਿੱਖਾ ਹਮਲਾ ਕਰਦਿਆਂ ਕਿਹਾ ਕਿ ਆਪ ਸਰਕਾਰ ਵੱਡੇ ਵਾਅਦੇ ਕਰਕੇ ਸੱਤਾ ਵਿੱਚ ਆਈ ਸੀ। ਪਰ ਉਹਨਾਂ ਨੂੰ ਪੂਰਾ ਕਰਨ 'ਚ ਪੂਰੀ ਤਰ੍ਹਾਂ ਨਾਕਾਮ ਰਹੀ ਹੈ। ਉਨ੍ਹਾਂ ਕਿਹਾ ਇਹ ਸਰਕਾਰ ਲਗਾਤਾਰ ਪੰਜਾਬ ਦੇ ਲੋਕਾਂ ਨੂੰ ਗੁੰਮਰਾਹ ਕਰ ਰਹੀ ਹੈ ਅਤੇ ਕਿਸੇ ਦੀ ਭਲਾਈ ਲਈ ਹਕੀਕਤ 'ਚ ਕੁਝ ਵੀ ਨਹੀਂ ਕੀਤਾ।

ਦੋਰਾਹਾ ਰੇਲਵੇ ਓਵਰਬ੍ਰਿਜ (ROB) ਲਈ NOC (ਨੋ ਔਬਜੈਕਸ਼ਨ ਸਰਟੀਫਿਕੇਟ) ਦੇ ਮਾਮਲੇ 'ਚ ਪੰਜਾਬ ਸਰਕਾਰ ਦੇ ਦਾਅਵਿਆਂ ਨੂੰ ਖੰਡਨ ਕਰਦਿਆਂ ਉਨ੍ਹਾਂ ਕਿਹਾ ਇਹ ਝੂਠ ਬੋਲਣ ਦੀਆਂ ਸਾਰੀਆਂ ਹੱਦਾਂ ਪਾਰ ਕਰ ਚੁੱਕੇ ਹਨ। ਪੰਜਾਬ ਸਰਕਾਰ ਅਜੇ ਵੀ ਰਾਜਨੀਤਿਕ ਕਾਰਨਾਂ ਕਰਕੇ ਇਸ ਪ੍ਰੋਜੈਕਟ ਨੂੰ ਰੋਕ ਕੇ ਬੈਠੀ ਹੈ। ਆਪਣੇ ਦਾਅਵਿਆਂ ਨੂੰ ਸਾਬਤ ਕਰਨ ਲਈ, ਮੰਤਰੀ ਨੇ 25.06.2025 ਨੂੰ ਐਗਜ਼ਿਕਿਊਟਿਵ ਇੰਜੀਨੀਅਰ, ਕੰਸਟਰਕਸ਼ਨ, PWD ਰੂਪਨਗਰ ਵੱਲੋਂ ਲਿਖਿਆ ਪੱਤਰ ਸਾਂਝਾ ਕੀਤਾ, ਜਿਸ 'ਚ ਸਾਫ਼ ਲਿਖਿਆ ਹੈ ਕਿ ਪੰਜਾਬ ਸਰਕਾਰ ਨੇ ਦੋਰਾਹਾ ROB ਦੀ GAD (ਜਨਰਲ ਅਰੇਂਜਮੈਂਟ ਡਰਾਇੰਗ) ਨੂੰ ਸਿਰਫ਼ ਸ਼ਰਤਾਂ ਦੇ ਅਧੀਨ ਮਨਜ਼ੂਰੀ ਦਿੱਤੀ ਹੈ। ਇਸ 'ਚ ਇਹ ਸ਼ਰਤ ਹੈ ਕਿ ਰੇਲਵੇ ਨੂੰ ਕੰਮ ਸ਼ੁਰੂ ਕਰਨ ਤੋਂ ਪਹਿਲਾਂ PWD ਤੋਂ NOC ਲੈਣੀ ਪਵੇਗੀ। ਉਨ੍ਹਾਂ ਕਿਹਾ ਸੱਤਾਧਾਰੀ ਪਾਰਟੀ ਦੇ ਵਿਧਾਇਕ ਹੁਣ 11.11.2024 ਦੀ ਪੁਰਾਣੀ ਚਿੱਠੀ ਪੇਸ਼ ਕਰਕੇ ਲੋਕਾਂ ਨੂੰ ਝੂਠ ਬੋਲ ਰਹੇ ਹਨ। ਇਹ ਜਾਂ ਤਾਂ ਅਣਜਾਣਤਾ ਹੈ ਜਾਂ ਫਿਰ ਜਾਣ-ਬੁੱਝ ਕੇ ਕੀਤਾ ਗਿਆ ਪ੍ਰਚਾਰ। 2024 ਤੋਂ ਬਾਅਦ ਕਾਫੀ ਲੰਬਾ ਪੱਤਰ ਵਿਹਾਰ ਹੋਇਆ, ਜਿਸਨੂੰ ਇਹ ਲੋਕ ਛੁਪਾ ਰਹੇ ਹਨ। ਇਹ ਸਾਫ਼ ਤੌਰ 'ਤੇ ਲੋਕ-ਹਿਤ ਦੇ ਖ਼ਿਲਾਫ਼ ਘਟੀਆ ਰਾਜਨੀਤੀ ਹੈ। ਮੰਤਰੀ ਨੇ ਇਹ ਵੀ ਦੱਸਿਆ ਕਿ ਹਰ ਰੋਜ਼ 190 ਟਰੇਨਾਂ ਅਤੇ 3000 ਤੋਂ ਵੱਧ ਵਾਹਨ ਇਸ ROB ਰਾਹੀਂ ਲੰਘਦੇ ਹਨ। "ਲੋਕ ਹਰ ਰੋਜ਼ ਤਕਲੀਫ਼ ਝੱਲ ਰਹੇ ਹਨ ਤੇ ਪੰਜਾਬ ਸਰਕਾਰ ਸਿਰਫ਼ ਰਾਜਨੀਤਿਕ ਖੇਡਾਂ ਖੇਡ ਰਹੀ ਹੈ।

# ਯੂਥ ਵੈਲ.ਫੇਅਰ ਸੁਸਾਇਟੀ ਨੇ ਜੁਗਿਆਣਾ 'ਚ ਕਰਵਾਈ ਸ.ਫਾਈ



ਲੁਧਿਆਣਾ, 1 ਜੁਲਾਈ (ਵਿਸ਼ਾਲ ਸ਼ਰਮਾ) : ਯੂਥ ਵੈਲਫੇਅਰ ਸੋਸਾਇਟੀ (ਰਜਿ) ਵੱਲੋਂ ਅੱਜ ਪਿੰਡ ਜੁਗਿਆਣਾ ਦੀ ਸ਼ੁਰੂਆਤੀ ਹੱਦ ਰੋਡ ਕਿਨਾਰੇ ਪਏ ਕੂੜੇ ਨੂੰ ਯੂਥ ਵੈਲਫੇਅਰ ਸੋਸਾਇਟੀ (ਰਜਿ) ਪਿੰਡ ਜੁਗਿਆਣਾ ਦੇ ਨੌਜਵਾਨਾਂ ਨੇ ਇਕੱਠੇ ਹੋ ਕੇ ਜੇਸੀਬੀ ਮਸ਼ੀਨ ਤੇ ਟਿੱਪਰ ਮੰਗਵਾ ਕੇ ਉੱਥੇ ਸੁੱਟੇ ਗਏ ਕੂੜੇ ਨੂੰ ਸਾਫ ਕਰਵਾਇਆ ਗਿਆ। ਓਥੇ ਮੌਜੂਦ ਯੂਥ ਆਗੂ ਪ੍ਰਧਾਨ ਆਕਾਸ਼ਦੀਪ ਸਿੰਘ, ਮੀਤ ਪ੍ਰਧਾਨ ਸਿਕੰਦਰ ਸਿੰਘ, ਸੀਨੀਅਰ ਮੀਤ ਪ੍ਰਧਾਨ ਗੁਰਪ੍ਰੀਤ ਸਿੰਘ, ਕੈਸ਼ੀਅਰ ਰਮਨਦੀਪ ਸਿੰਘ, ਨਵਦੀਪ ਸਿੰਘ ਅਤੇ ਹੋਰ ਕਮੇਟੀ ਮੈਂਬਰਾਂ ਦੀ ਮੌਜੂਦਗੀ ਵਿੱਚ ਪਏ ਕੂੜੇ ਦੀ ਸਫਾਈ ਕਰਵਾਈ ਗਈ, ਯੂਥ ਵੈਲਫੇਅਰ ਸੋਸਾਇਟੀ (ਰਜਿ) ਪਿੰਡ ਜੁਗਿਆਣਾ ਵੱਲੋਂ ਇਲਾਕਾ ਨਿਵਾਸੀਆਂ ਨੂੰ ਤੇ ਬਾਹਰੋਂ ਆਏ ਪ੍ਰਵਾਸੀ ਵੀਰਾਂ ਨੂੰ ਸਵੱਛਤਾ ਅਤੇ ਆਪਣਾ ਆਲਾ ਦੁਆਲਾ ਸਵੱਛ ਰੱਖਣ ਦਾ ਇੱਕ ਚੰਗਾ ਸੁਨੇਹਾ ਦਿੱਤਾ ਗਿਆ, ਉੱਥੇ ਮੌਜੂਦ ਲੋਕਾਂ ਨੇ ਇਸ ਸਵੱਛਤਾ ਅਭਿਆਨ ਦੀ ਪੂਰੀ ਪੂਰੀ ਪ੍ਰਸ਼ੰਸਾ ਕੀਤੀ।

# ਸੱਚਖੰਡ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਦੀ ਯਾਤਰਾ ਕਰਕੇ ਵਾਪਸ ਪਰਤੇ : ਚੇਅਰਮੈਨ ਟਿੱਕਾ



ਲੁਧਿਆਣਾ, 1 ਜੁਲਾਈ (ਰਵਿੰਦਰ ਸਿੰਘ ਨਿੱਝਰ) : ਪੰਜਾਬ ਮੀਡੀਅਮ ਇੰਡਸਟਰੀਜ ਡਿਵੈਲਪਮੈਂਟ ਬੋਰਡ ਦੇ ਸਾਬਕਾ ਚੇਅਰਮੈਨ ਤੇ ਸੀਨੀਅਰ ਭਾਜਪਾ ਆਗੂ ਅਮਰਜੀਤ ਸਿੰਘ ਟਿੱਕਾ ਤਖਤ ਸ਼੍ਰੀ ਹਜ਼ੂਰ ਸਾਹਿਬ ਦੀ ਪਵਿੱਤਰ ਯਾਤਰਾ ਕਰਕੇ ਵਾਪਸ ਪਰਤ ਆਏ ਹਨ। ਉਨ੍ਹਾਂ ਦੱਸਿਆ ਕਿ ਇਸ ਦੌਰਾਨ ਉਹ ਸ੍ਰੀ ਸੱਚਖੰਡ ਗੁਰਦੁਆਰਾ ਬੋਰਡ ਦੇ ਸੁਪਰਡੈਂਟ ਗੁਰਬਚਨ ਸਿੰਘ ਨੂੰ ਵੀ ਮਿਲੇ। ਸ੍ਰ ਟਿੱਕਾ ਨੇ ਦੱਸਿਆ ਕਿ ਉਨ੍ਹਾਂ ਦੀ ਨਿਮਰਤਾ, ਸਮਰਪਣ ਅਤੇ ਇਸ ਪਵਿੱਤਰ ਤਖਤ ਗੁਰਦੁਆਰਾ ਸ੍ਰੀ ਹਜੂਰ ਸਾਹਿਬ ਜੀ ਦੀ ਵਿਰਾਸਤ ਅਤੇ ਪਵਿੱਤਰਤਾ ਨੂੰ ਸੁਰੱਖਿਅਤ ਰੱਖਣ ਲਈ ਅਟੁੱਟ ਵਚਨਬੱਧਤਾ ਕਹੀ ਜਾ ਸਕਦੀ ਹੈ। ਸ੍ਰ ਟਿੱਕਾ ਨੇ ਕਿਹਾ ਕਿ ਗੁਰਦੁਆਰਾ ਸ੍ਰੀ ਹਜ਼ੂਰ ਸਾਹਿਬ ਜੀ ਦੀ ਸ਼ਾਨ ਅਤੇ ਅਧਿਆਤਮਿਕ ਆਭਾ ਸ਼ਬਦਾਂ ਤੋਂ ਪਰ੍ਹੇ ਹੈ, ਜਿੱਥੇ ਹਰ ਇੱਟ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਬਹਾਦਰੀ, ਕੁਰਬਾਨੀ ਅਤੇ ਸਿੱਖਿਆਵਾਂ ਨੂੰ ਗੂੰਜਦੀ ਹੈ। ਉਨ੍ਹਾਂ ਦੇ ਸ਼ਬਦ ਸ਼ਰਧਾ ਅਤੇ ਪ੍ਰੇਰਨਾ ਨਾਲ ਭਰੇ ਹੋਏ ਸਨ ਜੋ ਕਿ ਸਿੱਖ ਦਰਸ਼ਨ ਦਾ ਇੱਕ ਸੱਚਾ ਰੂਪ ਹੈ। ਉਨ੍ਹਾਂ ਕਿਹਾ ਕਿ ਵਾਹਿਗੁਰੂ ਸਾਨੂੰ ਸਾਰਿਆਂ ਨੂੰ ਸੱਚ, ਸੇਵਾ ਅਤੇ ਨਾਮ ਸਿਮਰਨ ਦੇ ਮਾਰਗ 'ਤੇ ਚੱਲਣ ਦੀ ਤਾਕਤ ਬਖਸ਼ੇ।

# ਜਗਰਾਓਂ ਪੁਲਿਸ ਵੱਲੋਂ ਨਸ਼ਾ ਤਸਕਰ, ਨਾਜਾਇਜ਼ ਜਾਇਦਾਦ 'ਤੇ ਕਬਜ਼ਾ ਕਰਨ ਵਾਲੇ ਦੇ ਘਰ ਉੱਤੇ ਚੱਲਿਆ ਬੁਲਡੋਜ਼ਰ

## ਪੰਜਾਬ 'ਚ ਨਾ ਨਸ਼ਾ ਰਹੇਗਾ ਨਾ ਨਸ਼ਾ ਤਸਕਰ : ਐਸ.ਐਸ.ਪੀ.



ਜਗਰਾਓਂ, 1 ਜੁਲਾਈ (ਵਿਸ਼ਾਲ ਅੱਤਰੇ/ਆਰੀਅਨ ਅੱਤਰੇ) : ਪੁਲਿਸ ਜ਼ਿਲ੍ਹਾ ਲੁਧਿਆਣਾ ਦਿਹਾਤੀ ਦੇ ਐਸਐਸਪੀ ਡਾਕਟਰ ਅੰਕੁਰ ਗੁਪਤਾ ਅਤੇ ਨਗਰ ਕੌਂਸਲ ਜਗਰਾਓਂ ਨਾਲ ਮਿਲ ਕੇ ਇੱਕ ਸਾਂਝਾ ਆਪਰੇਸ਼ਨ ਕੀਤਾ ਗਿਆ। ਨਗਰ ਕੌਂਸਲ ਦੀ ਪ੍ਰਾਪਰਟੀ 'ਤੇ ਨਜਾਇਜ਼ ਕਬਜ਼ਾ ਕਰਨ ਵਾਲੇ ਨਸ਼ਾ ਸਮਗਲਰ ਦੇ ਘਰ 'ਤੇ ਬੁਲਡੋਜ਼ਰ ਚਲਾਇਆ ਗਿਆ। ਇਸ ਮੌਕੇ ਡੀਐਸਪੀ ਜਸਜੋਤ ਸਿੰਘ, ਥਾਣਾ ਸਿਟੀ ਦੇ ਮੁੱਖ ਅਫਸਰ ਵਰਿੰਦਰ ਪਾਲ ਸਿੰਘ, ਥਾਣਾ ਸਦਰ ਦੇ ਮੁੱਖ ਅਫਸਰ ਸੁਰਜੀਤ ਸਿੰਘ ਤੋਂ ਇਲਾਵਾ ਨਗਰ ਕੌਂਸਲ ਦੇ ਕਾਰਜ ਸਾਧਕ ਅਫਸਰ ਸੁਖਦੇਵ ਸਿੰਘ ਰੰਧਾਵਾ ਅਤੇ ਨਗਰ ਕੌਂਸਲ ਦੀ ਟੀਮ ਅਤੇ ਭਾਰੀ ਪੁਲਿਸ ਫੋਰਸ ਮੁਹੱਲਾ ਮਾਈ ਜੀਨਾ ਵਿਖੇ ਪਹੁੰਚੀ। ਐਸਐਸਪੀ ਡਾਕਟਰ ਅੰਕਰ ਗੁਪਤਾ ਨੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਦੱਸਿਆ ਕਿ ਨਜਾਇਜ਼ ਕਬਜ਼ੇ ਧਾਰਕਾਂ ਅਤੇ ਨਸ਼ਾ ਸਮਗਲਰਾਂ ਵੱਲੋਂ ਨਸ਼ਾ ਵੇਚ ਕੇ ਬਣਾਈਆਂ ਪ੍ਰੋਪਰਟੀਆਂ ਉੱਪਰ ਕਾਰਵਾਈ ਕਰਨ ਦੀ ਮੁਹਿੰਮ ਚਲਾਈ ਜਾ ਰਹੀ ਹੈ। ਉਹਨਾਂ ਦੱਸਿਆ ਕਿ ਡਿਪਟੀ ਕਮਿਸ਼ਨਰ ਵੱਲੋਂ ਇੱਕ ਪੱਤਰ ਜਾਰੀ ਹੋਇਆ ਹੈ, ਜਿਸ ਦੇ ਤਹਿਤ ਇਹ ਕਾਰਵਾਈ ਕੀਤੀ ਜਾ ਰਹੀ ਹੈ। ਉਹਨਾਂ ਕਿਹਾ ਕਿ ਨਗਰ ਕੌਂਸਲ ਦੇ ਕਾਰਜ ਸਾਧਕ ਅਫਸਰ ਵੱਲੋਂ ਬੇਨਤੀ ਕੀਤੀ ਗਈ ਸੀ ਕਿ ਜਗਰਾਓਂ ਸ਼ਹਿਰ ਅੰਦਰ ਕਈ ਨਜਾਇਜ਼ ਕਬਜ਼ੇ ਕੀਤੇ ਗਏ ਹਨ। ਉਸੇ ਲੜੀ ਦੇ ਤਹਿਤ ਸਾਡੇ ਵੱਲੋਂ ਪੁਲਿਸ ਫੋਰਸ ਮੁਹੱਈਆ ਕਰਵਾਈ ਗਈ ਹੈ। ਸਾਡੇ ਵੱਲੋਂ ਮੁਹੱਲੇ ਅੰਦਰ ਪੂਰੀ ਤਰ੍ਹਾਂ ਨਾਕਾਬੰਦੀ ਕੀਤੀ ਗਈ ਹੈ ਤਾਂ ਜੋ ਲਾਅ ਐਂਡ ਆਰਡਰ ਦੀ ਸਥਿਤੀ ਨੂੰ ਬਰਕਰਾਰ ਰੱਖਿਆ ਜਾ ਸਕੇ। ਉਹਨਾਂ ਦੱਸਿਆ ਕਿ ਇਸੇ ਲੜੀ ਦੇ ਤਹਿਤ ਨਗਰ ਕੌਂਸਲ ਨੂੰ ਕਬਜ਼ਾ ਵਾਪਸ ਦਵਾਇਆ ਗਿਆ। ਗੱਲਬਾਤ ਦੌਰਾਨ ਉਹਨਾਂ ਦੱਸਿਆ ਕਿ ਕਬਜ਼ਾਧਾਰਕ ਹਰਪ੍ਰੀਤ ਸਿੰਘ ਲੌਂਗਾ ਅਤੇ ਉਸ ਦੀ ਪਤਨੀ ਉੱਪਰ ਐਨਡੀਪੀਐਸ ਐਕਟ ਦੇ ਤਹਿਤ ਵੀ ਕਈ ਮੁਕਦਮੇ ਦਰਜ ਹਨ। ਇਸ ਮੌਕੇ ਜਗਰਾਓਂ ਨਗਰ ਕੌਂਸਲ ਦੇ ਕਾਰਜ ਸਾਧਕ ਅਫਸਰ ਨੇ ਗੱਲਬਾਤ ਦੌਰਾਨ ਦੱਸਿਆ ਕਿ ਇਸ ਕਬਜ਼ਾ ਧਾਰਕ ਨੂੰ ਕਈ ਵਾਰ ਨੋਟਿਸ ਭੇਜੇ ਗਏ ਅਤੇ ਉਹਨਾਂ ਦੇ ਘਰ ਦੇ ਬਾਹਰ ਨੋਟਿਸ ਵਿੱਚ ਚਿਪਕਾਏ ਗਏ। ਜਿਸ 'ਤੇ ਨੋਟਿਸ ਲੈਂਦਿਆਂ ਨਗਰ ਕੌਂਸਲ ਜਗਰਾਓਂ ਵੱਲੋਂ ਕਾਰਵਾਈ ਕੀਤੀ ਗਈ।

# ਨਸ਼ਾ ਤਸਕਰ ਸੁਧਰ ਜਾਣ ਨਹੀਂ ਤਾਂ ਅਗਲਾ ਨੰਬਰ ਉਨ੍ਹਾਂ ਦਾ ਵੀ ਹੋ ਸਕਦੈ : ਐਸ.ਐਸ.ਪੀ.



ਜਗਰਾਓਂ, 1 ਜੁਲਾਈ (ਵਿਸ਼ਾਲ ਅੱਤਰੇ/ਆਰੀਅਨ ਅੱਤਰੇ) : ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਐਸਐਸਪੀ ਡਾਕਟਰ ਅੰਕਰ ਗੁਪਤਾ ਨੇ ਕਿਹਾ ਕਿ ਹਰਪ੍ਰੀਤ ਸਿੰਘ ਲੌਂਗਾ ਅਤੇ ਉਸ ਦੀ ਪਤਨੀ ਖਿਲਾਫ ਵੱਖ-ਵੱਖ ਧਰਾਵਾਂ ਦੇ ਹੇਠ ਕਈ ਮੁਕੱਦਮੇ ਦਰਜ ਹਨ। ਉਹਨਾਂ ਕਿਹਾ ਕਿ ਨਗਰ ਕੌਂਸਲ ਦੀ ਪ੍ਰਾਪਰਟੀ ਉੱਪਰ ਨਸ਼ਾ ਸਮਗਲਰਾਂ ਵੱਲੋਂ ਨਜਾਇਜ਼ ਕਬਜ਼ਾ ਕੀਤਾ ਹੋਇਆ ਸੀ। ਉਹਨਾਂ ਕਿਹਾ ਕਿ ਪੁਲਿਸ ਦੀ ਮੱਦਦ ਨਾਲ ਇਸ ਪ੍ਰੋਪਰਟੀ ਨੂੰ ਛੁਡਵਾਇਆ ਗਿਆ। ਗੱਲਬਾਤ ਦੌਰਾਨ ਐਸਐਸਪੀ ਨੇ ਕਿਹਾ ਕਿ ਨਜਾਇਜ਼ ਕਬਜ਼ੇ ਧਾਰਕਾਂ ਅਤੇ ਨਸ਼ਾ ਵੇਚ ਕੇ ਬਣਾਈਆਂ ਪ੍ਰਾਪਰਟੀਆਂ ਉੱਪਰ ਕਾਰਵਾਈ ਕਰਨ ਲਈ ਚਲਾਈ ਗਈ ਮੁਹਿੰਮ ਦੇ ਤਹਿਤ ਕਾਰਵਾਈ ਕੀਤੀ ਗਈ ਹੈ। ਉਹਨਾਂ ਨਸ਼ਾ ਤਸਕਰਾਂ ਨੂੰ ਚੇਤਾਵਨੀ ਦਿੰਦੇ ਹੋਏ ਕਿਹਾ ਕਿ ਸੁਧਰ ਜਾਓ ਨਹੀਂ ਤਾਂ ਅਗਲਾ ਨੰਬਰ ਉਹਨਾਂ ਦਾ ਵੀ ਹੋ ਸਕਦਾ ਹੈ। ਉਹਨਾਂ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਪੰਜਾਬ ਵਿਚ ਨਾ ਨਸ਼ਾ ਰਹੇਗਾ ਨਾ ਨਸ਼ਾ ਤਸਕਰ।

# ਬਲੌਜ਼ਮਜ਼ ਕਾਨਵੈਂਟ ਸਕੂਲ ਦੇ ਅਧਿਆਪਕਾਂ ਨੇ ਬੱਚਿਆਂ ਦੇ ਬਹੁ-ਪੱਖੀ ਵਿਕਾਸ ਲਈ ਗਿਆਨਵਾਨ ਸਾਂਝ ਪਾਈ



ਜਗਰਾਓਂ, 1 ਜੁਲਾਈ (ਵਿਸ਼ਾਲ ਅੱਤਰੇ/ਆਰੀਅਨ ਅੱਤਰੇ) : ਬਲੌਜ਼ਮਜ਼ ਕਾਨਵੈਂਟ ਸਕੂਲ ਵਿਖੇ ਜੂਨ ਦੀਆਂ ਛੁੱਟੀਆਂ ਤੋਂ ਬਾਅਦ ਇਕ ਜੁਲਾਈ ਤੋਂ ਸਕੂਲ ਖੁੱਲ੍ਹਣ 'ਤੇ ਅਧਿਆਪਕ ਸਾਹਿਬਾਨ ਨੇ ਵਿਦਿਆਰਥੀਆਂ ਦੇ ਬਹੁ-ਪੱਖੀ ਵਿਕਾਸ ਲਈ ਅਤੇ ਆਪਣੇ ਆਪ ਨੂੰ ਹੋਰ ਸੁਥਰਾ ਬਣਾਉਣ ਲਈ ਪੂਰੇ ਸਟਾਫ਼ ਦੀ ਮੌਜੂਦਗੀ ਵਿਚ ਅਲੱਗ-ਅਲੱਗ ਵਿਸ਼ਿਆਂ ਨੂੰ ਇੱਕ ਦੂਜੇ ਨਾਲ ਸਾਂਝਾ ਕੀਤਾ ਅਤੇ ਵਿਦਿਆਰਥੀ ਵਰਗ ਨੈਤਿਕ ਕਦਰਾਂ ਕੀਮਤਾਂ ਦੇ ਵਾਧੇ ਲਈ ਵਿਚਾਰਕ ਸਾਂਝ ਪਾਈ ਇਹ ਕੈਂਪ ਪੰਜ ਦਿਨਾਂ ਦਾ ਹੋਵੇਗਾ। ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਡਾ.ਨਵਨੀਤ ਕੌਰ ਨੇ ਗੱਲਬਾਤ ਦੌਰਾਨ ਦੱਸਿਆ ਕਿ ਅੱਜ ਦੇ ਸਮੇਂ ਦਾ ਵਿਦਿਆਰਥੀ ਵਰਗ ਅਜਿਹੀ ਸਥਿਤੀ ਵਿਚ ਗੁਜ਼ਰ ਰਿਹਾ ਹੈ, ਜਿੱਥੇ ਉਹਨਾਂ ਨੂੰ ਸਕੂਲ ਤੋਂ ਅਜਿਹਾ ਗਿਆਨ ਦੇ ਕਿ ਸਰਵਪੱਖੀ ਸੰਪੂਰਨ ਬਣਾਉਣ ਲਈ ਹਮੇਸ਼ਾਂ ਤੱਤਪਰ ਰਹਿਣ ਦੀ ਲੋੜ ਹੈ ਤਾਂ ਜੋ ਉਹ ਸਮੇਂ ਦੇ ਹਾਣੀ ਬਣ ਕੇ ਸਮਾਜ ਵਿੱਚ ਆਪਣੇ ਰੁਤਬੇ ਨੂੰ ਉੱਚਾ ਅਤੇ ਸੁੱਚਾ ਬਣਾ ਸਕਣ। ਬੱਚਿਆਂ ਦੇ ਵਿਕਾਸ ਅਤੇ ਆਪਣੇ ਅੰਦਰ ਦੇ ਗਿਆਨ ਦੀ ਇਹ ਸਾਂਝ ਅਧਿਆਪਕ ਸਾਹਿਬਾਨ ਦਾ ਸ਼ਲਾਘਾਯੋਗ ਉਪਰਾਲਾ ਹੈ। ਇਸ ਮੌਕੇ ਸਕੂਲ ਦੇ ਪ੍ਰੈਜ਼ੀਡੈਂਟ ਮਨਪ੍ਰੀਤ ਸਿੰਘ ਬਰਾੜ ਨੇ ਕਿਹਾ ਕਿ ਅਸੀਂ ਵਿਦਿਆਰਥੀ ਵਰਗ ਨੂੰ ਨਵੀਂ ਦਿਸ਼ਾ ਦੇ ਰਾਹੀਂ ਬਣਾਉਣ ਦਾ ਹਰ ਸੰਭਵ ਯਤਨ ਕਰਦੇ ਹਾਂ।

# ਜੀ.ਐਸ.ਟੀ. ਟੈਕਸ ਪਾਲਣਾ ਨੂੰ ਉਤਸ਼ਾਹਿਤ ਕਰਨ ਲਈ .ਗੈਰ-ਰਜਿਸਟਰਡ ਡੀਲਰਾਂ ਦਾ ਸਰਵੇਖਣ




ਲੁਧਿਆਣਾ, 1 ਜੁਲਾਈ (ਵਿਸ਼ਾਲ ਸ਼ਰਮਾ): ਜੀ.ਐਸ.ਟੀ. ਦਿਵਸ ਮੌਕੇ ਸਹਾਇਕ ਕਮਿਸ਼ਨਰ ਰਾਜ ਟੈਕਸ, ਲੁਧਿਆਣਾ-3 ਦੇ ਦਫ਼ਤਰ ਵੱਲੋਂ ਆਪਣੇ ਅਧਿਕਾਰ ਖੇਤਰ ਵਿਚ ਗੈਰ-ਰਜਿਸਟਰਡ ਡੀਲਰਾਂ ਦਾ ਇੱਕ ਵਿਆਪਕ ਸਰਵੇਖਣ ਕੀਤਾ ਗਿਆ, ਜਿਸ ਦਾ ਉਦੇਸ਼ ਟੈਕਸ ਪਾਲਣਾ ਨੂੰ ਉਤਸ਼ਾਹਿਤ ਕਰਨਾ ਅਤੇ ਕਾਰੋਬਾਰਾਂ ਨੂੰ ਜੀ.ਐਸ.ਟੀ. ਪ੍ਰਣਾਲੀ ਅਧੀਨ ਲਿਆਉਣਾ ਸੀ।

ਏ.ਸੀ.ਐਸ.ਟੀ. ਸ਼ਾਈਨੀ ਸਿੰਘ ਦੇ ਨਿਰਦੇਸ਼ਾਂ 'ਤੇ ਟੀਮਾਂ ਵੱਲੋਂ ਘੁਮਾਰ ਮੰਡੀ, ਮਾਲ ਰੋਡ, ਅਕਾਲਗੜ੍ਹ ਮਾਰਕੀਟ, ਮੀਨਾ ਬਾਜ਼ਾਰ, ਸਾਊਥ ਸਿਟੀ, ਆਰਤੀ ਚੌਕ ਅਤੇ ਨਾਲ ਲੱਗਦੇ ਖੇਤਰਾਂ, ਫਿਰੋਜ਼ ਗਾਂਧੀ ਮਾਰਕੀਟ, ਮਾਤਾ ਰਾਣੀ ਚੌਕ, ਫਿਰੋਜ਼ਪੁਰ ਰੋਡ, ਹੈਬੋਵਾਲ ਰੋਡ, ਬਹਾਦਰਕੇ ਰੋਡ, ਨੂਰਵਾਲਾ ਰੋਡ, ਰਾਹੋਂ ਰੋਡ, ਜਲੰਧਰ ਬਾਈਪਾਸ ਖੇਤਰ ਦਾ ਸਰਵੇਖਣ ਕੀਤਾ ਗਿਆ। ਸ਼ਾਈਨੀ ਸਿੰਘ ਨੇ ਕਿਹਾ ਕਿ ਇਹ ਪਹਿਲਕਦਮੀ ਟੈਕਸ ਪਾਲਣਾ ਨੂੰ ਯਕੀਨੀ ਬਣਾਉਣ ਅਤੇ ਟੈਕਸ ਆਧਾਰ ਨੂੰ ਵਧਾਉਣ ਲਈ ਵਿਭਾਗ ਦੀ ਵਚਨਬੱਧਤਾ ਨੂੰ ਉਜਾਗਰ ਕਰਦੀ ਹੈ। ਏ.ਸੀ.ਐਸ.ਟੀ ਨੇ ਕਿਹਾ ਕਿ ਸਰਵੇਖਣ ਦਾ ਉਦੇਸ਼ ਉਨ੍ਹਾਂ ਕਾਰੋਬਾਰਾਂ ਦੀ ਪਛਾਣ ਕਰਨਾ ਅਤੇ ਟੈਕਸ ਪ੍ਰਣਾਲੀ ਵਿੱਚ ਲਿਆਉਣਾ ਹੈ, ਜੋ ਮੌਜੂਦਾ ਸਮੇਂ ਜੀ.ਐਸ.ਟੀ ਢਾਂਚੇ ਤੋਂ ਬਾਹਰ ਕੰਮ ਕਰ ਰਹੇ ਹਨ। ਏ.ਸੀ.ਐਸ.ਟੀ. ਨੇ ਵਪਾਰੀਆਂ ਨੂੰ ਜੀ.ਐਸ.ਟੀ. ਤਹਿਤ ਰਜਿਸਟਰ ਹੋਣ ਦੀ ਅਪੀਲ ਕਰਦਿਆਂ ਜੀ.ਐਸ.ਟੀ ਦਿਵਸ 'ਤੇ ਪਾਰਦਰਸ਼ੀ ਅਤੇ ਕੁਸ਼ਲ ਟੈਕਸ ਪ੍ਰਣਾਲੀ ਬਣਾਉਣ ਦੀ ਵਚਨਬੱਧਤਾ ਦੁਹਰਾਈ। ਉਨ੍ਹਾਂ ਕਿਹਾ ਕਿ ਜੀ.ਐਸ.ਟੀ. ਵਿਭਾਗ ਕਾਰੋਬਾਰਾਂ ਦਾ ਸਮਰਥਨ ਕਰਨ ਅਤੇ ਟੈਕਸ ਪਾਲਣਾ ਨੂੰ ਉਤਸ਼ਾਹਿਤ ਕਰਨ ਲਈ ਸਮਰਪਿਤ ਹੈ। ਉਨ੍ਹਾਂ ਨੇ ਕਿਹਾ ਕਿ ਜੀ.ਐਸ.ਟੀ ਐਕਟ, 2017 ਤਹਿਤ ਗੈਰ-ਰਜਿਸਟਰਡ ਡੀਲਰਾਂ ਨੂੰ ਰਜਿਸਟਰ ਕਰਨ ਲਈ ਯਤਨ ਜਾਰੀ ਹਨ, ਜਿਸ ਨਾਲ ਸਾਰੇ ਕਾਰੋਬਾਰਾਂ ਦਾ ਦੇਸ਼ ਦੇ ਵਿਕਾਸ ਵਿੱਚ ਯੋਗਦਾਨ ਯਕੀਨੀ ਬਣੇਗਾ। ਐਸ.ਟੀ.ਓ. -ਕਮ-ਨੋਡਲ ਅਫਸਰ ਹਰਦੀਪ ਸਿੰਘ ਆਹੂਜਾ ਨੇ ਕਿਹਾ ਕਿ ਵਿਭਾਗ ਵੱਲੋਂ ਸਾਰੇ ਭਾਗੀਦਾਰਾਂ ਨੂੰ ਦੇਸ਼ ਦੀ ਇਕ ਮਜ਼ਬੂਤ, ਪਾਰਦਰਸ਼ੀ ਅਤੇ ਕੁਸ਼ਲ ਟੈਕਸ ਪ੍ਰਣਾਲੀ ਬਣਾਉਣ ਲਈ ਇਕਜੁੱਟ ਹੋ ਕੇ ਕੰਮ ਕਰਨ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਵਪਾਰੀਆਂ ਦੇ ਸਹਿਯੋਗ ਨਾਲ ਅੱਗੇ ਵੀ ਅਜਿਹੀਆਂ ਸਰਗਰਮੀਆਂ ਜਾਰੀ ਰਹਿਣਗੀਆਂ।

# ਬਾਬਾ ਜਸਵੰਤ ਸਿੰਘ ਲਾਲ ਬੱਤੀ ਦਾ 71ਵਾਂ ਜਨਮ ਦਿਨ ਮਨਾਇਆ



ਲੁਧਿਆਣਾ, 1 ਜੁਲਾਈ (ਰਵਿੰਦਰ ਸਿੰਘ ਨਿੱਝਰ) : ਸਾਈਕਲ ਉੱਤੇ ਪੰਜਾਂ ਤਖਤਾਂ ਦੀ ਕਈ ਵਾਰ ਯਾਤਰਾ ਕਰ ਚੁੱਕੇ ਬਾਬਾ ਜਸਵੰਤ ਸਿੰਘ ਲਾਲ ਬੱਤੀ ਵਾਲਿਆਂ ਦਾ 71ਵਾਂ ਜਨਮਦਿਨ ਗਿੱਲ ਰੋਡ ਵਿਖੇ ਸੰਗਤ ਦੇ ਸਹਿਯੋਗ ਨਾਲ ਮਨਾਇਆ ਗਿਆ। ਇਸ ਮੌਕੇ ਕੇਕ ਕੱਟਿਆ ਗਿਆ ਅਤੇ ਆਈਆਂ ਸੰਗਤਾਂ ਨੇ ਬਾਬਾ ਜੀ ਨੂੰ ਜਨਮ ਦਿਨ ਦੀਆਂ ਵਧਾਈਆਂ ਦਿੱਤੀਆਂ। ਇਸ ਮੌਕੇ ਲਵਪ੍ਰੀਤ ਸਿੰਘ, ਗਗਨ ਪ੍ਰੀਤ ਸਿੰਘ, ਸੁੱਖਵੀਰ ਸਿੰਘ, ਖੁਸਪ੍ਰੀਤ ਸਿੰਘ, ਅੰਮ੍ਰਿਤਪਾਲ ਸਿੰਘ, ਜਸਪ੍ਰੀਤ ਸਿੰਘ ਖਾਲਸਾ, ਗਗਨਦੀਪ ਕੋਟ ਦਵਾਰ, ਮਹਿਮਾ ਸਿੰਘ ਕੋਟ ਦਵਾਰ, ਹਰਵਿੰਦਰ ਸਿੰਘ, ਸਵਰਨ ਸਿੰਘ, ਹਰਸਪ੍ਰੀਤ ਸਿੰਘ, ਸਿਮਰਪ੍ਰੀਤ ਕੌਰ, ਪਲਵੀਰ ਕੌਰ, ਲਖਵਿੰਦਰ ਕੌਰ ਅਤੇ ਬਲਵੀਰ ਸਿੰਘ ਕਾਲਾ ਆਦਿ ਵੀ ਮੌਜੂਦ ਸਨ।

# ਗਾਇਕ ਜਗਦੇਵ ਖ਼ਾਨ ਵਤਨ ਪਰਤੇ



ਲੁਧਿਆਣਾ, 1 ਜੁਲਾਈ (ਰਵਿੰਦਰ ਸਿੰਘ ਨਿੱਝਰ) : ਕਲੀਆਂ ਦੇ ਬਾਦਸ਼ਾਹ ਸਵ. ਕੁਲਦੀਪ ਮਾਣਕ ਦੇ ਭਤੀਜੇ ਪ੍ਰਸਿੱਧ ਲੋਕ ਗਾਇਕ ਜਗਦੇਵ ਖਾਨ ਤੇ ਉਹਨਾਂ ਦੀ ਸਪੁੱਤਰੀ ਕੀਰਤੀ ਖਾਨ ਇੰਗਲੈਂਡ ਦੇ ਸਫ਼ਲ ਦੌਰੇ ਉਪਰੰਤ ਵਾਪਿਸ ਵਤਨ ਪਰਤ ਆਏ ਹਨ। ਇਹ ਜਾਣਕਾਰੀ ਗੀਤਕਾਰ ਕੁਲਦੀਪ ਸਿੰਘ ਦੁੱਗਲ ਨੇ ਸਾਂਝੀ ਕੀਤੀ। ਉਨ੍ਹਾਂ ਦੱਸਿਆ ਕਿ ਜਗਦੇਵ ਖਾਨ ਨੇ ਇੰਗਲੈਂਡ ਰਹਿੰਦਿਆਂ ਵੱਖ ਵੱਖ ਸ਼ਹਿਰਾਂ ਵਿੱਚ ਕਈ ਸ਼ੋਅ ਕੀਤੇ, ਜੋ ਕਿ ਬੇਹੱਦ ਸਫਲ ਰਹੇ। ਉਨ੍ਹਾਂ ਦੱਸਿਆ ਕਿ ਜਗਦੇਵ ਖਾਨ ਦਾ ਅਗਲਾ ਗੀਤ ਜਲਦੀ ਹੀ ਰਿਕਾਰਡ ਕਰਵਾਇਆ ਜਾ ਰਿਹਾ ਹੈ ਅਤੇ ਇਸ ਸਬੰਧੀ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਗਈਆਂ ਹਨ।

# ਨਾਰੀ ਏਕਤਾ ਆਸਰਾ ਸੰਸਥਾ ਨੇ .ਗਰੀਬ ਔਰਤਾਂ ਨੂੰ ਰਾਸ਼ਨ ਵੰਡਿਆ



ਲੁਧਿਆਣਾ, 1 ਜੁਲਾਈ (ਰਵਿੰਦਰ ਸਿੰਘ ਨਿੱਝਰ) : ਨਾਰੀ ਏਕਤਾ ਆਸਰਾ ਸੰਸਥਾ ਵੱਲੋਂ ਹਰ ਮਹੀਨੇ ਵਾਂਗ ਇਸ ਵਾਰ ਵੀ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਅਕਾਲ ਸਾਹਿਬ ਪ੍ਰਤਾਪ ਨਗਰ ਵਿਖੇ ਸੰਸਥਾ ਦੇ ਮੁੱਖ ਸਲਾਹਕਾਰ ਅਤੇ ਵਾਰਡ ਨੰਬਰ 44 ਦੇ ਕੌਂਸਲਰ ਸੋਹਣ ਸਿੰਘ ਗੋਗਾ ਦੇ ਦਿਸ਼ਾ-ਨਿਰਦੇਸ਼ ਹੇਠ ਰਾਸ਼ਨ ਵੰਡ ਸਮਾਰੋਹ ਕਰਵਾਇਆ ਗਿਆ। ਇਸ ਮੌਕੇ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ ਹਰਮੀਤ ਸਿੰਘ ਭਾਟੀਆ ਤੇ ਰਣਧੀਰ ਸਿੰਘ ਮਠਾੜੂ ਨੇ ਨਿਆਸਰਿਤ ਪਰਿਵਾਰਾਂ ਨੂੰ ਰਾਸ਼ਨ ਵੰਡਣ ਉਪਰੰਤ ਕਿਹਾ ਕਿ ਸੰਸਥਾ ਵੱਲੋਂ ਮਨੁੱਖਤਾ ਦੇ ਭਲੇ ਲਈ ਕੀਤੇ ਜਾ ਰਹੇ ਕਾਰਜਾਂ ਵਿੱਚ ਹਰ ਇੱਕ ਨੂੰ ਹੱਥ ਅੱਗੇ ਵਧਾਉਣਾ ਚਾਹੀਦਾ ਹੈ। ਗੈਰੀ ਸੱਗੂ ਅਤੇ ਮਠਾੜੂ ਨੇ ਕਿਹਾ ਕਿ ਸੰਸਥਾ ਦੇ ਮੁੱਖ ਸਲਾਹਕਾਰ ਸੋਹਣ ਸਿੰਘ ਗੋਗਾ ਅਤੇ ਚੇਅਰਪਰਸਨ ਕੁਲਵਿੰਦਰ ਕੌਰ ਗੋਗਾ ਦੇ ਦਿਸਾ ਨਿਰਦੇਸ ਹੇਠ ਟੀਮ ਗੋਗਾ ਵੱਲੋਂ ਨਿਭਾਈਆਂ ਜਾ ਰਹੀਆਂ ਸੇਵਾਵਾਂ ਲਈ ਸੰਸਥਾ ਦੇ ਸਾਰੇ ਮੈਂਬਰ ਵਧਾਈ ਦੇ ਪਾਤਰ ਹਨ। ਇਸ ਮੌਕੇ ਸੰਸਥਾ ਦੀ ਐਕਟਿੰਗ ਪ੍ਰਧਾਨ ਕਮਲੇਸ ਜਾਗੜਾ ਨੇ ਆਏ ਹੋਏ ਪਤਵੰਤੇ ਸੱਜਣਾ ਅਤੇ ਸੰਸਥਾ ਦੇ ਮੈਂਬਰਾਂ ਦਾ ਧੰਨਵਾਦ ਕੀਤਾ। ਇਸ ਮੌਕੇ ਹੋਰਨਾ ਤੋਂ ਇਲਾਵਾ ਸੁਖਵਿੰਦਰ ਸਿੰਘ ਦਹੇਲਾ, ਹਰਦੀਪ ਸਿੰਘ ਗੁਰੂ, ਸਵਤਾਰ ਸਿੰਘ ਦਿਉਸੀ, ਲੱਖਾ ਸਿੰਘ, ਭਾਈ ਕੁਲਬੀਰ ਸਿੰਘ, ਪ੍ਰੇਮ ਸਿੰਘ ਪੀਐਸ, ਅੰਮ੍ਰਿਤਪਾਲ ਸਿੰਘ, ਜਤਿੰਦਰ ਸਿੰਘ ਹੁੰਝਣ, ਕੁਲਵਿੰਦਰ ਸਿੰਘ, ਜਸਵੰਤ ਸਿੰਘ, ਬਲਵਿੰਦਰ ਸਿੰਘ ਬਿੱਲੂ, ਮਨਜੀਤ ਸਿੰਘ ਰੂਪੀ, ਮਹਿੰਦਰ ਸਿੰਘ, ਕਮਲਜੀਤ ਸਿੰਘ ਲੋਟੇ, ਦੀਪਿੰਦਰ ਸਿੰਘ ਸੱਗੂ, ਜੱਗਾ ਸਿੰਘ, ਬਲਵਿੰਦਰ ਸਿੰਘ ਬਿੱਲੂ, ਸੁਰਜੀਤ ਸਿੰਘ ਸੰਤ, ਅਮਰਜੀਤ ਸਿੰਘ, ਸਤਵੰਤ ਸਿੰਘ ਮਠਾੜੂ, ਆਕਾਸ ਵਰਮਾ, ਜੱਗਾ ਸਿੰਘ, ਜਨਕ ਮਹਾਜਨ, ਹਰਜੀ ਕੌਰ, ਬਲਵਿੰਦਰ ਕੌਰ, ਹਰਮਿੰਦਰ ਕੌਰ, ਹਰਜੀਤ ਕੌਰ, ਮਨਪ੍ਰੀਤ ਕੌਰ, ਸਿਮੀ, ਸਰੀਤ, ਡਿੰਪਲ, ਅਨੂ ਸਰਮਾ, ਰਮਾ ਸਰਮਾ, ਰੁਪਿੰਦਰ ਕੌਰ, ਸੰਦੀਪ ਕੌਰ, ਬੀਰਪਾਲ ਬਿਰਦੀ, ਅਮਨਦੀਪ ਕੌਰ ਆਦਿ ਹਾਜ਼ਰ ਸਨ।

# ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਹੜ੍ਹਾਂ ਦੀ ਸਥਿਤੀ ਨਾਲ ਨਜਿੱਠਣ ਲਈ ਤਿਆਰੀਆਂ ਤੇ ਪ੍ਰਬੰਧਾਂ ਦੀ ਸਮੀਖਿਆ



ਲੁਧਿਆਣਾ, 1 ਜੁਲਾਈ (ਵਿਸ਼ਾਲ ਸ਼ਰਮਾ) : ਮੌਨਸੂਨ ਸੀਜਨ ਦੇ ਮੱਦੇਨਜ਼ਰ ਕਿਸੇ ਵੀ ਤਰ੍ਹਾਂ ਦੀ ਹੰਗਾਮੀ ਹਾਲਤ ਨਾਲ ਨਜਿੱਠਣ ਲਈ ਤਿਆਰੀਆਂ ਨੂੰ ਅੰਤਮ ਰੂਪ ਦਿੰਦਿਆਂ ਜ਼ਿਲ੍ਹਾ ਪ੍ਰਸ਼ਾਸ਼ਨ ਨੇ ਸਬੰਧਤ ਵਿਭਾਗਾਂ ਨੂੰ ਹਰ ਪੱਖੋਂ ਲੋੜੀਂਦੇ ਅਤੇ ਪੁਖਤਾ ਇੰਤਜਾਮ ਅਮਲ ਵਿੱਚ ਲਿਆਉਣ ਦੇ ਨਿਰਦੇਸ਼ ਦਿੱਤੇ। ਹੜ੍ਹਾਂ ਦੀ ਸਥਿਤੀ ਪੈਦਾ ਹੋਣ 'ਤੇ ਲੋਕਾਂ ਦੀ ਸਹੂਲਤ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਪ੍ਰਬੰਧਕੀ ਕੰਪਲੈਕਸ ਸਮੇਤ ਸਬ-ਡਵੀਜ਼ਨਾਂ ਵਿੱਚ 8 ਕੰਟਰੋਲ ਰੂਮ ਸਥਾਪਤ ਕੀਤੇ ਗਏ, ਜਿੱਥੇ 24×7 ਜਾਣਕਾਰੀ ਦਿੱਤੀ ਅਤੇ ਲਈ ਜਾ ਸਕੇਗੀ। ਇਸ ਸਬੰਧੀ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨਾਲ ਮੀਟਿੰਗ ਕਰਦਿਆਂ ਵਧੀਕ ਡਿਪਟੀ ਕਮਿਸ਼ਨਰ ਰਾਕੇਸ਼ ਕੁਮਾਰ ਨੇ ਜ਼ਿਲ੍ਹੇ ਅੰਦਰ ਹੜ੍ਹਾਂ ਦੀ ਰੋਕਥਾਮ ਲਈ ਕੀਤੇ ਜਾ ਰਹੇ ਪ੍ਰਬੰਧਾਂ ਦੀ ਸਮੀਖਿਆ ਕਰਦਿਆਂ ਕਿਹਾ ਕਿ ਢੁੱਕਵੇਂ ਪ੍ਰਬੰਧ ਸਮੇਂ ਸਿਰ ਮੁਕੰਮਲ ਕੀਤੇ ਜਾਣ ਤਾਂ ਜੋ ਲੋੜ ਪੈਣ 'ਤੇ ਕਿਸੇ ਵੀ ਤਰ੍ਹਾਂ ਦੀ ਸਥਿਤੀ ਨਾਲ ਨਜਿੱਠਿਆ ਜਾ ਸਕੇ। ਉਨ੍ਹਾਂ ਕਿਹਾ ਕਿ ਲੋਕਾਂ ਦੀ ਸਹੂਲਤ ਲਈ ਸਿਹਤ, ਪਸ਼ੂ ਪਾਲਣ ਵਿਭਾਗ, ਨਗਰ ਨਿਗਮ ਅਤੇ ਨਗਰ ਕੌਂਸਲਾਂ ਵੱਲੋਂ ਲੋੜੀਂਦੀਆਂ ਤਿਆਰੀਆਂ ਨੂੰ ਅਮਲੀ ਜਾਮਾ ਪਹਿਨਾਉਣ ਦੇ ਨਾਲ-ਨਾਲ ਲੋੜੀਂਦੀਆਂ ਦਵਾਈਆਂ ਅਤੇ ਮਸ਼ੀਨਰੀ ਦੀ ਵਿਵਸਥਾ ਵੀ ਯਕੀਨੀ ਬਣਾਈ ਜਾਵੇ। ਉਨ੍ਹਾਂ ਕਿਹਾ ਕਿ ਜ਼ਿਲ੍ਹੇ ਵਿੱਚ ਪੈਂਦੇ ਸਤਲੁਜ ਦਰਿਆ ਦੇ ਬੰਨ੍ਹ ਦੀਆਂ ਨਾਜ਼ੁਕ ਥਾਵਾਂ ਦਾ ਅਗਾਊਂ ਦੌਰਾ ਕਰਕੇ ਸਬੰਧਤ ਅਧਿਕਾਰੀ ਜਿਸ ਥਾਂ 'ਤੇ ਲੋੜ ਹੋਵੇ ਤੁਰੰਤ ਕਾਰਵਾਈ ਨੂੰ ਅਮਲ ਵਿੱਚ ਲਿਆਉਣਗੇ।

ਉਨ੍ਹਾਂ ਨੇ ਉਪ ਮੰਡਲ ਮੈਜਿਸਟਰੇਟਾਂ, ਤਹਿਸੀਲਦਾਰਾਂ ਅਤੇ ਨਾਇਬ ਤਹਿਸੀਲਦਾਰਾਂ ਨੂੰ ਵੀ ਹਦਾਇਤ ਕੀਤੀ ਕਿ ਉਹ ਆਪਣੇ-ਆਪਣੇ ਅਧਿਕਾਰ ਖੇਤਰਾਂ ਵਿੱਚ ਪੈਂਦੇ ਸਾਰੇ ਪੁਆਇੰਟਾਂ ਦਾ ਦੌਰਾ ਕਰਨਗੇ ਅਤੇ ਕਾਰਵਾਈ ਦੀ ਰਿਪੋਰਟ ਡਿਪਟੀ ਕਮਿਸ਼ਨਰ ਦਫ਼ਤਰ ਨੂੰ ਦੇਣਗੇ। ਜ਼ਿਲ੍ਹੇ ਵਿੱਚ ਸਥਾਪਿਤ ਕੰਟਰੋਲ ਰੂਮਾਂ ਬਾਰੇ ਵਧੀਕ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿੱਚ 24×7 ਫਲੱਡ ਕੰਟਰੋਲ ਰੂਮ ਸਥਾਪਿਤ ਕੀਤਾ ਗਿਆ ਹੈ, ਜਿਸਦਾ ਨੰਬਰ 161-2433100 ਹੈ। ਉਨ੍ਹਾਂ ਦੱਸਿਆ ਕਿ ਸਬ ਡਵੀਜ਼ਨ ਪੱਧਰ 'ਤੇ ਵੀ ਫਲੱਡ ਕੰਟਰੋਲ ਰੂਮ ਸਥਾਪਤ ਕੀਤੇ ਗਏ ਹਨ ਜਿਨ੍ਹਾਂ ਵਿੱਚ ਲੁਧਿਆਣਾ ਪੂਰਬੀ ਲਈ 0161-2922330, ਲੁਧਿਆਣਾ ਪੱਛਮੀ ਲਈ 061-2412555, ਜਗਰਾਓਂ ਵਿਖੇ 01624-223256, ਖੰਨਾ ਵਿਖੇ 01628-226091, ਸਮਰਾਲਾ ਵਿਖੇ 0162-8262354 ,ਪਾਇਲ ਵਿਖੇ 01628-276892 ਅਤੇ ਰਾਏਕੋਟ ਵਿਖੇ ਕੰਟਰੋਲ ਰੂਮ ਦਾ ਨੰਬਰ 01624-264350 ਹੈ।

# ਸੰਯੁਕਤ ਦਲਿਤ ਮੋਰਚਾ ਦੀ ਸੂਬਾ ਪੱਧਰੀ ਮੀਟਿੰਗ ਦੌਰਾਨ ਦਰਪੇਸ਼ ਸਮੱਸਿਆਵਾਂ ਉੱਪਰ ਵਿਚਾਰ ਚਰਚਾ



ਲੁਧਿਆਣਾ, 1 ਜੁਲਾਈ (ਕਰਨੈਲ ਸਿੰਘ ਐੱਮ.ਏ.) : ਲੁਧਿਆਣਾ ਸਥਿਤ ਸਰਕਟ ਹਾਊਸ ਵਿਖੇ ਸੰਯੁਕਤ ਦਲਿਤ ਮੋਰਚਾ (ਐੱਸ.ਡੀ. ਐਮ.) ਦੀ ਇੱਕ ਸੂਬਾ ਪੱਧਰੀ ਮੀਟਿੰਗ ਕੀਤੀ ਗਈ, ਜਿਸ ਵਿੱਚ ਤਕਰੀਬਨ 20 ਜਥੇਬੰਦੀਆਂ ਨੇ ਹਿੱਸਾ ਲਿਆ। ਮੀਟਿੰਗ ਦਾ ਆਗਾਜ਼ ਡਾ: ਕਸ਼ਮੀਰ ਸਿੰਘ ਖੁੰਡਾ ਵੱਲੋਂ ਮੋਰਚੇ ਦੇ ਟੀਚੇ, ਪੰਜਾਬ 'ਚ ਦਲਿਤਾਂ ਦੀ ਦਿਸ਼ਾ ਤੇ ਦਸ਼ਾ, ਨਸ਼ੇ ਦੀ ਦਲਦਲ 'ਚ ਧੱਸੀ ਹੋਈ ਦਲਿਤ ਜਵਾਨੀ, ਹੋ ਰਹੇ ਅੱਤਿਆਚਾਰਾਂ, ਮਜ਼ਦੂਰ ਵਰਗ ਦਾ ਹੋ ਰਿਹਾ ਸ਼ੋਸ਼ਣ ਆਦਿ ਸਮੱਸਿਆਵਾਂ' ਤੇ ਕੇਂਦਰਿਤ ਕਰਦਿਆਂ ਵਿਚਾਰ ਪ੍ਰਗਟ ਕੀਤੇ ਗਏ। ਭਗਵੰਤ ਸਮਾਓ ਨੇ ਦਲਿਤ ਮਸਲਿਆਂ 'ਤੇ ਧਿਆਨ ਦਿੰਦਿਆਂ, ਦੇ ਹੱਲ ਵੱਲ ਤੁਰਨ ਲਈ ਲੋਕ ਲਾਮਬੰਦੀ ਤੇ ਹਰੇਕ ਜਥੇਬੰਦੀ ਨੂੰ ਪਿੰਡ ਪੱਧਰ 'ਤੇ ਕੰਮ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ। ਬਲਦੇਵ ਸਿੰਘ ਕਲਿਆਣ ਅਤੇ ਕਿਰਨਜੀਤ ਸਿੰਘ ਗਹਿਰੀ ਨੇ ਭਵਿੱਖ ਦੇ ਕੀਤੇ ਜਾਣ ਵਾਲੇ ਕਾਰਜਾਂ 'ਤੇ ਵਿਸਥਾਰਤ ਜਾਣਕਾਰੀ ਦਿੱਤੀ। ਇਸੇ ਤਰ੍ਹਾਂ ਹੋਰ ਬੁਲਾਰਿਆਂ ਅਵਤਾਰ ਸਿੰਘ ਸਹੋਤਾ, ਵਿੱਕੀ ਪ੍ਰੋਚਾ, ਕੈਪਟਨ ਦਰਸ਼ਨ ਸਿੰਘ, ਸਰਪੰਚ ਮੰਗਲ ਸਿੰਘ, ਡਾ: ਰਣਜੀਤ ਸਿੰਘ, ਗੁਰਚਰਨ ਸਿੰਘ, ਰਣਜੀਤ ਸਿੰਘ ਰਾਣਾ, ਪ੍ਰਗਟ ਸਿੰਘ ਰਾਜੇਆਣਾ, ਲਖਬੀਰ ਸਿੰਘ ਬੱਬੀ, ਸਤਨਾਮ ਸਿੰਘ, ਨਿਸ਼ੂ ਘਈ, ਬਲਜਿੰਦਰ ਸਿੰਘ ਧਾਲੀਵਾਲ, ਸੁਖਦੇਵ ਸਿੰਘ, ਪ੍ਰਤਾਪ ਸਿੰਘ ਸਰਪੰਚ ਬਰਗਾੜੀ, ਕਰਤਾ ਸਿੰਘ ਮਚਾਕੀ, ਰਾਜ ਸਿੰਘ ਟੋਡਰਵਾਲ, ਗੁਰਸੇਵਕ ਸਿੰਘ ਫੂਲ, ਹਰਚੰਦ ਸਿੰਘ ਜੱਖਵਾਲੀ, ਐਡਵੋਕੇਟ ਇੰਦਰਜੀਤ ਸਿੰਘ, ਜਸਬੀਰ ਸਿੰਘ ਘਲੋਟੀ, ਜਗਸੀਰ ਸਿੰਘ, ਦਲੇਰ ਸਿੰਘ ਵਾਲਾ, ਅਜੈਬ ਸਿੰਘ ਬਿਠੋਈ, ਗੁਰਮੇਲ ਸਿੰਘ ਗੁਰਬਖਸ਼ਪੁਰਾ, ਡਾ: ਦਲਜੀਤ ਸਿੰਘ ਚੌਹਾਨ, ਰਾਜ ਕੋਟਲੀ, ਅੰਬੇਡਕਰੀ ਬਾਬਾ, ਸਤਨਾਮ ਸਿੰਘ, ਸੂਬੇਦਾਰ ਨੰਦ ਸਿੰਘ, ਰਾਜਿੰਦਰ ਸਿਆਲ ਅਤੇ ਐਡਵੋਕੇਟ ਗਗਨਦੀਪ ਕੌਰ ਆਦਿ ਨੇ ਸੰਬੋਧਨ ਮੋਰਚੇ ਨੂੰ ਮਜਬੂਤ ਕਰਨ ਲਈ ਤਨ, ਮਨ ਅਤੇ ਧਨ ਨਾਲ ਕੰਮ ਕਰਨ ਉੱਪਰ ਜ਼ੋਰ ਦਿੱਤਾ।

# ਐੱਨ.ਆਰ.ਆਈ. ਪੁੱਤਰ ਵੱਲੋਂ ਪਿਤਾ ਨਾਲ ਹੀ ਠੱਗੀ

ਲੁਧਿਆਣਾ, 1 ਜੁਲਾਈ (ਰਵਿੰਦਰ ਸਿੰਘ ਨਿੱਝਰ): ਮਿਲੀ ਜਾਣਕਾਰੀ ਅਨੁਸਾਰ ਨੇੜਲੇ ਪਿੰਡ ਮੁੰਡੀਆਂ ਕਲਾਂ ਦੇ ਪਿਛੋਕੜ ਵਾਲਾ ਗੁਰਦਿਆਲ ਸਿੰਘ ਜੋ ਕਿ ਲੰਮੇ ਅਰਸੇ ਤੋਂ ਕੈਨੇਡਾ ਦੇ ਸ਼ਹਿਰ ਐਡਮਿੰਟਨ ਵਿਖੇ ਰਹਿ ਰਿਹਾ ਹੈ। ਉਸ ਦੇ ਪੋਤਰੇ ਗੁਰਸਿਮਰਜੀਤ ਸਿੰਘ ਕੈਨੇਡਾ ਨੇ ਦੱਸਿਆ ਕਿ ਗੁਰਦਿਆਲ ਸਿੰਘ ਦੀ ਕੁਝ ਜ਼ਮੀਨ ਲੁਧਿਆਣਾ ਜ਼ਿਲ੍ਹੇ ਦੀ ਤਹਿਸੀਲ ਸਮਰਾਲਾ ਅਧੀਨ ਪਿੰਡ ਰਾਜਗੜ੍ਹ ਵਿੱਚ ਪੈਂਦੀ ਹੈ ਅਤੇ ਕੁਝ ਹੋਰ ਜ਼ਮੀਨ ਭਮਾ ਖੁਰਦ ਵਿੱਚ ਹੈ। ਉਸਨੇ ਦੱਸਿਆ ਕਿ ਗੁਰਦਿਆਲ ਸਿੰਘ ਦੇ ਛੋਟੇ ਪੁੱਤਰ ਹਰਫੂਲ ਸਿੰਘ ਮੁੰਡੀ ਜੋ ਕਿ ਅੱਜ ਕੱਲ੍ਹ ਕੈਨੇਡਾ ਦੇ ਐਡਮਿੰਟਨ ਸ਼ਹਿਰ ਵਿੱਚ ਹੀ ਆਪਣੇ ਪਿਤਾ ਤੋਂ ਵੱਖਰਾ ਰਹਿ ਰਿਹਾ ਹੈ। ਪਰੰਤੂ ਕੁਝ ਸਮਾਂ ਪਹਿਲਾਂ ਉਸ ਦੇ ਪਿਤਾ ਜੀ ਉਸ ਦੇ ਨਾਲ ਹੀ ਉਸ ਦੇ ਘਰ ਵਿੱਚ ਇੱਕ ਸਾਲ ਦੇ ਲੱਗਭੱਗ ਇਕੱਠੇ ਰਹੇ ਸਨ। ਇਸ ਦਰਮਿਆਨ ਹਰਫੂਲ ਸਿੰਘ ਨੇ ਆਪਣੇ ਬਾਪੂ ਤੋਂ ਉਸ ਦੀ ਕੁਝ ਜ਼ਮੀਨ ਦਾ ਮੁਖਤਿਆਰਨਾਮਾ ਆਪਣੇ ਨਾਂ ਕਰਵਾ ਲਿਆ ਅਤੇ ਉਸ ਤੋਂ ਕੁਝ ਸਮੇਂ ਬਾਅਦ ਆਪਣੇ ਪਿਤਾ ਨੂੰ ਕਥਿਤ ਤੌਰ 'ਤੇ ਘਰੋਂ ਕੱਢ ਦਿੱਤਾ। ਗੁਰਸਿਮਰਜੀਤ ਨੇ ਦੱਸਿਆ ਕਿ ਹੁਣ ਉਸ ਦੇ ਦਾਦਾ ਗੁਰਦਿਆਲ ਸਿੰਘ ਮੁੰਡੀ ਉਸ ਦੇ ਨਾਲ ਨਾਲ ਰਹਿ ਰਹੇ ਹਨ। ਉਸ ਨੇ ਦੱਸਿਆ ਕਿ ਜਦ ਉਸ ਦੇ ਦਾਦਾ ਨੂੰ ਇਸ ਗੱਲ ਦਾ ਪਤਾ ਚੱਲਿਆ ਕਿ ਹਰਫੂਲ ਸਿੰਘ ਨੇ ਉਸ ਦੀ ਜ਼ਮੀਨ ਦਾ ਮੁਖਤਿਆਰਨਾਮਾ ਧੋਖੇ ਨਾਲ ਅਪਣੇ ਨਾਂ ਕਰਵਾ ਲਿਆ ਹੈ, ਤਾਂ ਉਨ੍ਹਾਂ ਆਪਣੇ ਛੋਟੇ ਪੁੱਤਰ ਨੂੰ ਦਿੱਤਾ ਮੁਖਤਿਆਰਨਾਮਾ ਰੱਦ ਕਰਵਾ ਕੇ ਅਪਣੇ ਵਕੀਲ ਰਾਹੀਂ ਕਾਗਜ ਤਿਆਰ ਕਰਵਾ ਕੇ ਲੁਧਿਆਣਾ ਦੇ ਡਿਪਟੀ ਕਮਿਸ਼ਨਰ ਦਫਤਰ, ਐੱਸ ਡੀ ਐੱਮ ਦਫਤਰ ਅਤੇ ਤਹਿਸੀਲਦਾਰ ਦਫਤਰਾਂ ਨੂੰ ਭੇਜ ਦਿੱਤੀ। ਐੱਸ ਡੀ ਐੱਮ ਨੇ ਤਹਿਸੀਲਦਾਰ ਅਤੇ ਕਲਰਕਾਂ ਨੂੰ ਇਸ ਸਬੰਧੀ ਸੂਚਿਤ ਵੀ ਕੀਤਾ ਸੀ। ਪਰੰਤੂ ਤਹਿਸੀਲਦਾਰ ਨੇ ਫਿਰ ਵੀ ਰਜਿਸਟਰੀ ਕਰ ਦਿੱਤੀ। ਗੁਰਸਿਮਰਜੀਤ ਅਨੁਸਾਰ ਸਮਰਾਲਾ ਅਦਾਲਤ ਨੇ ਮੁਖਤਿਆਰਨਾਮੇ 'ਤੇ ਸਟੇਅ ਲਗਾਈ ਹੋਈ ਹੈ ਤਾਂ ਕਿ ਉਹ ਜ਼ਮੀਨ ਮੁੜ ਕਿਸੇ ਹੋਰ ਨੂੰ ਨਾ ਵੇਚੀ ਜਾ ਸਕੇ। ਪਰੰਤੂ ਇਸ ਦਰਮਿਆਨ ਹਰਫੂਲ ਸਿੰਘ ਨੇ ਆਪਣੇ ਪਿਤਾ ਦੀ ਮਰਜੀ ਤੋਂ ਬਗੈਰ ਹੀ ਉਸਦੀ ਇਹ ਜਮੀਨ ਵੇਚ ਦਿੱਤੀ, ਜਿਸ 'ਤੇ ਕਿ ਐੱਸ ਡੀ ਐੱਮ ਨੇ ਅਗਾਂਹ ਵੇਚਣ ਦੀ ਰੋਕ ਲਗਾਈ ਹੋਈ ਹੈ। ਗੁਰਸਿਮਰਜੀਤ ਅਨੁਸਾਰ ਸਬੰਧਤ ਤਹਿਸੀਲਦਾਰ ਅਤੇ ਕਲਰਕਾਂ ਦੀ ਕਥਿਤ ਮਿਲੀਭੁਗਤ ਨਾਲ ਹੀ ਅੱਠ ਕਿੱਲੇ ਜ਼ਮੀਨ ਦੀ ਰਜਿਸਟਰੀ ਕਥਿਤ ਤੌਰ 'ਤੇ ਕਿਸੇ ਹੋਰ ਦੇ ਨਾਂ ਕਰਵਾ ਦਿੱਤੀ ਗਈ ਹੈ। ਬਾਅਦ ਵਿੱਚ ਐੱਸ ਡੀ ਐੱਮ ਸਮਰਾਲਾ ਨੇ ਹਰਫੂਲ ਸਿੰਘ ਦੁਆਰਾ ਕਰਵਾਈ ਰਜਿਸਟਰੀ ਦੇ ਇੰਤਕਾਲ ਅਤੇ ਕਬਜੇ 'ਤੇ ਸਟੇਅ ਲਗਾ ਦਿੱਤੀ।

ਗੁਰਦਿਆਲ ਸਿੰਘ ਮੁੰਡੀ ਨੇ ਆਪਣੀ ਜ਼ਮੀਨ ਨੂੰ ਬਚਾਉਣ ਲਈ ਗੁਹਾਰ ਲਗਾਈ ਹੈ ਉਸ ਦਾ ਕਹਿਣਾ ਹੈ ਕਿ ਉਸਦੇ ਛੋਟੇ ਪੁੱਤਰ ਹਰਫੂਲ ਸਿੰਘ ਖਿਲਾਫ ਬਣਦੀ ਕਾਨੂੰਨੀ ਕਾਰਵਾਈ ਕਰਕੇ ਉਸ ਨੂੰ ਇਨਸਾਫ ਦਿਵਾਇਆ ਜਾਏ। ਇਸ ਸਬੰਧੀ ਹਰਫੂਲ ਸਿੰਘ ਦਾ ਪੱਖ ਜਾਣਨ ਲਈ ਉਨ੍ਹਾਂ ਨੂੰ ਫੋਨ ਕੀਤਾ ਗਿਆ। ਪਹਿਲਾਂ ਤਾਂ ਕਿਸੇ ਹੋਰ ਨੇ ਫੋਨ ਉਠਾ ਕੇ ਕਿਹਾ ਕਿ ਉਹ ਬਾਹਰ ਗਿਆ ਹੋਇਆ ਹੈ। ਉਸ ਦਾ ਫੋਨ ਇੱਥੇ ਹੈ ਉਸ ਦੇ ਆਉਣ 'ਤੇ ਗੱਲ ਕਰਵਾ ਦਿਆਂਗਾ। ਪਰੰਤੂ ਬਾਅਦ ਵਿੱਚ ਗੱਲ ਤਾਂ ਕੀ ਕਰਵਾਉਣੀ ਸੀ ਵਾਰ ਵਾਰ ਫੋਨ ਕਰਨ 'ਤੇ ਕਿਸੇ ਨੇ ਫੋਨ ਨਹੀਂ ਚੁੱਕਿਆ।

# ਡਾ. ਕੋਟਨੀਸ ਐਕਯੂਪੰਕਚਰ ਹਸਪਤਾਲ ਸਲੇਮ ਟਾਬਰੀ ਵਿਖੇ ਡਾਕਟਰ ਦਿਵਸ ਮਨਾਇਆ



ਲੁਧਿਆਣਾ, 1 ਜੁਲਾਈ (ਰਵਿੰਦਰ ਸਿੰਘ ਨਿੱਝਰ) : ਅੱਜ, ਰਾਸ਼ਟਰੀ ਡਾਕਟਰ ਦਿਵਸ-2025 ਦੇ ਮੌਕੇ 'ਤੇ, ਡਾ. ਕੋਟਨੀਸ ਐਕਯੂਪੰਕਚਰ ਹਸਪਤਾਲ, ਸਲੇਮ ਟਾਬਰੀ ਵਿਖੇ, ਸਿਵਲ ਸਰਜਨ ਦਫ਼ਤਰ, ਲੁਧਿਆਣਾ ਤੋਂ ਡਾ. ਪਲਵਿੰਦਰ ਸਿੰਘ (ਮੀਡੀਆ ਕੋਆਰਡੀਨੇਟਰ) ਅਤੇ ਡਾ. ਬਲਜਿੰਦਰ ਸਿੰਘ (ਸਮਾਜਿਕ ਅਤੇ ਰੋਕਥਾਮ ਦਵਾਈ) ਨੇ ਲੋਕਾਂ ਨੂੰ ਡੇਂਗੂ, ਮਲੇਰੀਆ, ਚਿਕਨਗੁਨੀਆ ਆਦਿ ਵਰਗੇ ਮੌਕਾਪ੍ਰਸਤ ਇਨਫੈਕਸ਼ਨਾਂ ਬਾਰੇ ਜਾਗਰੂਕ ਕੀਤਾ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਘਰਾਂ ਨੂੰ ਸਾਫ ਰੱਖਣ ਅਤੇ ਆਪਣੇ ਆਲੇ-ਦੁਆਲੇ ਪਾਣੀ ਇਕੱਠਾ ਨਾ ਹੋਣ ਦੇਣ। ਦੱਸਿਆ ਗਿਆ ਕਿ ਡੇਂਗੂ ਵਾਇਰਸ ਸਾਫ ਪਾਣੀ ਵਿੱਚ ਪੈਦਾ ਹੁੰਦਾ ਹੈ ਅਤੇ ਦਿਨ ਵੇਲੇ ਕੱਟਦਾ ਹੈ। ਇਸ ਮੌਕੇ ਡਾ. ਕੋਟਨੀਸ ਐਕਿਊਪੰਕਚਰ ਹਸਪਤਾਲ ਦੇ ਡਾਇਰੈਕਟਰ ਡਾ. ਇੰਦਰਜੀਤ ਸਿੰਘ ਨੇ ਲੋਕਾਂ ਨੂੰ ਨਸੇ ਦੇ ਮਾੜੇ ਪ੍ਰਭਾਵਾਂ ਬਾਰੇ ਦੱਸਿਆ। ਉਨ੍ਹਾਂ ਨੇ ਨਸ਼ੇੜੀਆਂ ਨੂੰ ਆਪਣੀ ਲਤ ਛੱਡਣ ਅਤੇ ਰੁਜ਼ਗਾਰ ਕਮਾਉਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਉਨ੍ਹਾਂ ਕਿਹਾ ਕਿ ਕਾਰਨ ਲੋਕ ਸਰੀਰਕ, ਮਾਨਸਿਕ ਅਤੇ ਆਰਥਿਕ ਤੌਰ 'ਤੇ ਕਮਜ਼ੋਰ ਹੋ ਰਹੇ ਹਨ। ਨਸੇ ਦੀ ਲਤ ਮਰਦਾਂ ਵਿੱਚ ਨਪੁੰਸਕਤਾ ਦਾ ਕਾਰਨ ਬਣ ਰਹੀ ਹੈ, ਜਿਸ ਕਾਰਨ ਤਲਾਕ ਦੀ ਦਰ ਲਗਾਤਾਰ ਵੱਧ ਰਹੀ ਹੈ। ਇਸ ਮੌਕੇ ਓ.ਡੀ.ਆਈ.ਸੀ ਸੈਂਟਰ ਇੰਚਾਰਜ ਮਨੀਸ਼ਾ, ਡਾ: ਰਘੁਵੀਰ ਸਿੰਘ, ਮੀਨੂੰ ਅਮਨ ਰਿਤਿਕਾ ਆਦਿ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

# ਦੋਰਾਹਾ ਨਹਿਰ ਨਾਲ ਜਾਂਦੀ ਸੜਕ ਦੀ ਮੁਰੰਮਤ ਕਰਵਾਈ ਜਾਵੇ



ਦੋਰਾਹਾ/ਪਾਇਲ, 1 ਜੁਲਾਈ (ਨਰਿੰਦਰ ਸ਼ਾਹਪੁਰ): ਬੀਤੇ ਦਿਨੀਂ ਰੇਲਵੇ 'ਤੇ ਧਰਨੇ ਤੋਂ ਬਾਅਦ ਸੋਸ਼ਲ ਮੀਡੀਆ ਵਿਚ ਇਕ ਵੱਖਰੀ ਜਿਹੀ ਚਰਚਾ ਛਿੜੀ ਕਿ ਦੋਰਾਹਾ ਇਲਾਕੇ ਦੇ ਲੋਕਾਂ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ, ਕਿ ਦੋਰਾਹਾ ਰੇਲਵੇ ਫਾਟਕਾਂ ਵਾਲਾ ਪੁਲ ਬਣਨ ਤੋਂ ਪਹਿਲਾਂ ਰੇਲਵੇ ਫਾਟਕਾਂ ਦੇ ਨਾਲ ਜਾਂਦੀ ਸੜਕ ਨੂੰ ਰਿਪੇਅਰ ਜਰੂਰ ਕਰਵਾਇਆ ਜਾਵੇ । ਲੋਕਾਂ ਨੇ ਹਲਕਾ ਵਿਧਾਇਕ ਤੋਂ ਵੀ ਇਹੋ ਮੰਗ ਕੀਤੀ ਹੈ, ਕਿ ਜਦ ਤਕ ਰੇਲਵੇ ਫਾਟਕਾਂ ਵਾਲਾ ਪੁਲ ਨਹੀਂ ਬਣਦਾ ਉਸ ਤੋਂ ਪਹਿਲਾਂ ਇਸ ਸੜਕ ਦੀ ਰਿਪੇਅਰ ਜਰੂਰ ਕਰਵਾਈ ਜਾਵੇ। ਜਦਕਿ ਸ਼ਹਿਰ ਦੇ ਸਮਾਜ ਸੇਵੀ ਜਨਦੀਪ ਕੌਸ਼ਲ ਦਾ ਕਹਿਣਾ ਹੈ ਕਿ ਜੇਕਰ ਸਰਕਾਰ ਜਾਂ ਪ੍ਰਸ਼ਾਸਨ ਨੇ ਕੁਝ ਦਿਨਾਂ ਤਕ ਇਸ ਖਸਤਾ ਹੋਈ ਸੜਕ ਦਾ ਕੋਈ ਹੱਲ ਨਾ ਕੀਤਾ, ਤਾਂ ਉਹ ਪੀਪਾ ਲੈ ਕੇ ਦੋਰਾਹੇ ਬਾਜ਼ਾਰ ਵਿਚੋਂ ਤੇ ਆਲੇ ਦੁਆਲੇ ਦੇ ਲੋਕਾਂ ਤੋਂ ਇਸ ਸੜਕ ਦੀ ਰਿਪੇਅਰ ਲਈ ਫੰਡ ਇਕੱਠਾ ਜਰੂਰ ਕਰਨਗੇ । ਓਧਰ ਦੂਜੇ ਪਾਸੇ ਕਈ ਸੂਝਵਾਨ ਲੋਕਾਂ ਦਾ ਇਹ ਵੀ ਮੰਨਣਾ ਹੈ ਕਿ ਲੋਕਾਂ ਨੂੰ ਇਸ ਸੜਕ ਦੇ ਕਾਰਨ ਹੋ ਰਹੀ ਭਾਰੀ ਪ੍ਰੇਸ਼ਾਨੀ ਦਾ ਹੱਲ ਕਰਨ ਦੀ ਬਿਜਾਏ ਰਾਜਨੀਤਕ ਪਾਰਟੀਆਂ ਦੇ ਲੀਡਰ ਇਕ ਦੂਜੇ ਖ਼ਿਲਾਫ਼ ਬਿਆਨ ਦੇ ਕੇ ਲੋਕਾਂ ਦਾ ਧਿਆਨ ਇਸ ਸੜਕ ਤੋਂ ਹੋਰ ਪਾਸੇ ਕਰ ਰਹੇ ਹਨ।

# ਪੰਜਾਬ ਦੇ ਸਕੂਲਾਂ 'ਚ ਸਿੱਖ ਬੱਚਿਆਂ ਦੀ ਗਿਣਤੀ ਘਟਣਾ ਚਿੰਤਾ ਦਾ ਵਿਸ਼ਾ

ਗੁਰੂਸਰ ਸੁਧਾਰ, 1 ਜੁਲਾਈ (ਚ.ਨ.ਸ.): ਸਿੱਖ ਨੌਜਵਾਨਾਂ ਦਾ ਵਿਦੇਸ਼ ਪ੍ਰਵਾਸ ਅਤੇ ਦੂਜੇ ਰਾਜਾਂ ਤੋਂ ਪ੍ਰਵਾਸੀਆਂ ਦੀ ਵੱਡੀ ਆਮਦ ਨੇ ਪੰਜਾਬ ਦੀ ਜਨਸੰਖਿਆ ਵਿਚ ਸਿੱਖ ਬਹੁਗਿਣਤੀ ਨੂੰ ਘੱਟ ਗਿਣਤੀ ਦੀ ਸਥਿਤੀ ਵੱਲ ਧੱਕ ਦਿੱਤਾ ਹੈ। ਯੂਨੀਫਾਈਡ ਡਿਸਟ੍ਰਿਕਟ ਇਨਫਰਮੇਸ਼ਨ ਸਿਸਟਮ ਫਾਰ ਐਜੂਕੇਸ਼ਨ ਪਲੱਸ ਦੀ ਰਿਪੋਰਟ ਮੁਤਾਬਕ ਪੰਜਾਬ ਦੇ ਸਕੂਲਾਂ ਵਿਚ ਸਿੱਖ ਬੱਚਿਆਂ ਦੀ ਗਿਣਤੀ ਘਟਣ ਨਾਲ ਸੂਬੇ ਦੀ ਸਿੱਖ ਆਬਾਦੀ ਵਿਚ ਗਿਰਾਵਟ ਸਪੱਸ਼ਟ ਤੌਰ 'ਤੇ ਦਿਸ ਰਹੀ ਹੈ। ਰਿਪੋਰਟ ਅਨੁਸਾਰ ਮੁੱਢਲੇ ਪੱਧਰ (3-8) 'ਤੇ ਸਕੂਲਾਂ ਵਿਚ ਸਿੱਖ ਬੱਚਿਆਂ ਦੀ ਪ੍ਰਤੀਸ਼ਤਤਾ 49 ਫੀਸਦੀ ਹੈ, ਜੋ ਕਿ 2011 ਦੀ ਜਨਗਣਨਾ ਦੀ 57.7 ਫੀਸਦੀ ਸਿੱਖ ਆਬਾਦੀ ਨਾਲੋਂ 8.7 ਫੀਸਦੀ ਘੱਟ ਹੈ। ਇਸ ਦੇ ਨਾਲ ਹੀ ਸਿਵਲ ਰਜਿਸਟ੍ਰੇਸ਼ਨ ਸਿਸਟਮ ਦੇ ਅੰਕੜਿਆਂ ਮੁਤਾਬਕ ਪੰਜਾਬ ਵਿਚ ਜਨਮ ਦਰ 2011 ਦੇ 5,11,058 ਤੋਂ 2020 ਵਿਚ 381200 ਤੱਕ ਘਟੀ ਹੈ। ਇਸ ਗਿਰਾਵਟ ਦਾ ਮੁੱਖ ਕਾਰਨ ਸਿੱਖ ਨੌਜਵਾਨਾਂ ਦਾ ਵਿਦੇਸ਼ ਪ੍ਰਵਾਸ ਅਤੇ ਉੱਤਰ ਪ੍ਰਦੇਸ਼, ਬਿਹਾਰ ਵਰਗੇ ਰਾਜਾਂ ਤੋਂ ਪ੍ਰਵਾਸੀਆਂ ਦੀ ਆਮਦ ਹੈ।

### ਸਕੂਲੀ ਅੰਕੜਿਆਂ 'ਚੋਂ ਮਿਲੇ ਚਿੰਤਾਜਨਕ ਰੁਝਾਨ

ਯੂਡਾਇਸ 2023-24 ਦੀ ਰਿਪੋਰਟ ਮੁਤਾਬਕ ਮੁੱਢਲੇ ਪੱਧਰ 'ਤੇ ਘੱਟ ਗਿਣਤੀ ਵਿਦਿਆਰਥੀਆਂ ਦਾ ਦਾਖਲਾ 54.3 ਫੀਸਦੀ ਹੈ, ਜਦਕਿ ਸੈਕੰਡਰੀ ਪੱਧਰ (14-18 ਸਾਲ) 'ਤੇ ਇਹ 60.3 ਫੀਸਦੀ ਹੈ। ਸਿੱਖ ਬੱਚਿਆਂ ਦੀ ਹਿੱਸੇਦਾਰੀ ਮੁੱਢਲੇ ਪੱਧਰ 'ਤੇ 49 ਪ੍ਰਤੀਸ਼ਤ ਤੱਕ ਸੀਮਿਤ ਹੋ ਗਈ ਹੈ, ਜਦਕਿ ਮੁਸਲਿਮ ਵਿਦਿਆਰਥੀਆਂ ਦੀ ਪ੍ਰਤੀਸ਼ਤਤਾ 3.4 ਫੀਸਦੀ ਹੈ, ਜੋ 2021-22 ਦੇ 2.7 ਫੀਸਦੀ ਨਾਲੋਂ ਵੱਧ ਹੈ। ਹਿੰਦੂ ਬੱਚਿਆਂ ਦੀ ਪ੍ਰਤੀਸ਼ਤਤਾ 45.7 ਫੀਸਦੀ ਹੈ, ਜੋ 2011 ਦੀ ਜਨਗਣਨਾ ਦੀ 38.48 ਫੀਸਦੀ ਹਿੰਦੂ ਆਬਾਦੀ ਨਾਲੋਂ 7.22 ਫੀਸਦੀ ਜ਼ਿਆਦਾ ਹੈ। ਇਹ ਵਾਧਾ ਮੁੱਖ ਤੌਰ 'ਤੇ ਪ੍ਰਵਾਸੀਆਂ ਦੇ ਬੱਚਿਆਂ ਕਾਰਨ ਹੈ, ਕਿਉਂਕਿ ਪੰਜਾਬੀ ਹਿੰਦੂ ਖਾਸ ਕਰਕੇ ਉੱਚ ਜਾਤੀ ਅਤੇ ਅਨੁਸੂਚਿਤ ਜਾਤੀਆਂ ਵੀ ਵਿਦੇਸ਼ ਪ੍ਰਵਾਸ ਕਰ ਰਹੇ ਹਨ। ਸਥਿਤੀ ਚੰਡੀਗੜ੍ਹ ਵਿਚ ਵੀ ਸਮਾਨ ਦਿਖਾਈ ਗਈ ਹੈ, ਜਿਥੇ ਸਿੱਖ ਬੱਚਿਆਂ ਦੀ ਪ੍ਰਤੀਸ਼ਤਤਾ ਮੁੱਢਲੇ ਪੱਧਰ 'ਤੇ ਸਿਰਫ 7.2 ਫੀਸਦੀ ਹੈ, ਜੋ 2011 ਦੀ 13.1 ਫੀਸਦੀ ਸਿੱਖ ਆਬਾਦੀ ਨਾਲੋਂ ਘੱਟ ਹੈ। 1971 ਵਿੱਚ ਇਹ 25.45 ਫੀਸਦੀ ਸੀ, ਜੋ 50 ਸਾਲਾਂ ਵਿਚ ਅੱਧੀ ਰਹਿ ਗਈ ਹੈ। ਇਸ ਦੇ ਉਲਟ ਹਿੰਦੂ ਬੱਚਿਆਂ ਦੀ ਹਿੱਸੇਦਾਰੀ 0-4 ਸਾਲ ਦੇ ਉਮਰ ਸਮੂਹ ਵਿਚ 83.6 ਫੀਸਦੀ ਹੈ, ਜਦਕਿ ਮੁਸਲਿਮ ਵਿਦਿਆਰਥੀਆਂ ਦਾ ਦਾਖਲਾ ਪ੍ਰਾਇਮਰੀ ਪੱਧਰ 'ਤੇ 6.6 ਫੀਸਦੀ ਹੈ। ਇਹ ਅੰਕੜੇ ਸਿੱਖ ਬਹੁ ਗਿਣਤੀ ਸੂਬੇ ਪੰਜਾਬ ਵਿਚ ਸਿੱਖ ਆਬਾਦੀ ਵਿਚ ਗਿਰਾਵਟ ਅਤੇ ਹਿੰਦੂ ਤੇ ਮੁਸਲਮ ਵਿਦਿਆਰਥੀਆਂ ਦੀ ਵੱਧਦੀ ਹਿੱਸੇਦਾਰੀ ਨੂੰ ਸਪੱਸ਼ਟ ਕਰਦੇ ਹਨ। ਜੇਕਰ ਇਹ ਰੁਝਾਨ ਜਾਰੀ ਰਿਹਾ ਤਾਂ ਆਉਣ ਵਾਲੇ ਦਹਾਕਿਆਂ ਵਿਚ ਪੰਜਾਬ ਵਿਚ ਸਿੱਖਾਂ ਦੀ ਬਹੁ ਗਿਣਤੀ ਹੋਰ ਘੱਟ ਸਕਦੀ ਹੈ। ਸਿੱਖ ਆਗੂਆਂ ਅਤੇ ਸਮਾਜਸੇਵੀ ਸੰਸਥਾਵਾਂ ਨੇ ਇਸ ਮੁੱਦੇ 'ਤੇ ਚਿੰਤਾ ਜਤਾਉਂਦਿਆਂ ਸਰਕਾਰ ਤੋਂ ਨੀਤੀਗਤ ਕਦਮ ਚੁੱਕਣ ਦੀ ਮੰਗ ਕੀਤੀ ਹੈ।

# ਯੂਰਪ ਨੇ ਨੈਸ਼ਨੈਲਿਟੀ ਲੈਣ ਦਾ ਸਮਾਂ 5 ਤੋਂ ਵਧਾ ਕੇ 10 ਸਾਲ ਕੀਤਾ

ਵੈਨਿਸ, ਇਟਲੀ, 1 ਜੁਲਾਈ (ਚ.ਨ.ਸ.): ਦੁਨੀਆਂ ਦੇ ਵੱਖ-ਵੱਖ ਦੇਸ਼ਾਂ ਵਿਚ ਦੂਜੇ ਦੇਸ਼ਾਂ ਤੋਂ ਆਏ ਹੋਏ ਕਾਮਿਆਂ ਨੂੰ ਲੈ ਕੇ ਵਿਰੋਧਤਾ ਹੋ ਰਹੀ ਹੈ, ਜਿਥੇ ਕਿ ਅਮਰੀਕਾ ਨੇ ਬਹੁਤ ਸਾਰੇ ਭਾਰਤੀਆਂ ਨੂੰ




ਪਿਛਲੇ ਦਿਨੀਂ ਵਾਪਸ ਭਾਰਤ ਭੇਜਿਆ ਸੀ, ਉਸ ਦਾ ਅਸਰ ਹੁਣ ਯੂਰਪ ਦੇ ਕਈ ਮੁਲਕਾਂ ਵਿਚ ਵੀ ਵੇਖਣ ਨੂੰ ਮਿਲ ਰਿਹਾ ਹੈ। ਪੁਰਤਗਾਲ ਦੇ ਗ੍ਰਹਿ ਮੰਤਰਾਲੇ ਨੇ ਨਾਗਰਿਕਤਾ ਕਾਨੂੰਨ ਵਿਚ ਵੱਡੀ ਫੇਰ ਬਦਲ ਕਰਦਿਆਂ ਹੋਇਆਂ ਐਲਾਨ ਕੀਤਾ ਕਿ ਹੁਣ ਜਿਹੜੀ ਨੈਸ਼ਨੈਲਿਟੀ ਪੰਜ ਸਾਲ ਬਾਅਦ ਮਿਲਦੀ ਸੀ, ਉਸ ਦਾ ਸਮਾਂ ਵਧਾ ਕੇ 10 ਸਾਲ ਕਰ ਦਿੱਤਾ ਗਿਆ ਹੈ, ਜਦਕਿ ਦਸ ਸਾਲ ਬਾਅਦ ਅਪਲਾਈ ਕਰਨ ਤੋਂ ਬਾਅਦ ਚਾਰ ਤੋਂ ਪੰਜ ਸਾਲ ਵਾਧੂ ਵੀ ਲੱਗਣੇ ਤੈਅ ਹਨ। ਦੱਸਣਯੋਗ ਹੈ ਕਿ ਬਹੁਤ ਸਾਰੇ ਯੂਰਪ ਵਿਚ ਰਹਿੰਦੇ ਭਾਰਤੀਆਂ ਕੋਲ ਪੁਰਤਗਾਲ ਦੀ ਨਾਗਰਿਕਤਾ ਹੈ ਪਰ ਹੁਣ ਉਹ ਦੁਨੀਆਂ ਦੇ ਦੂਜੇ ਦੇਸ਼ਾਂ ਵਿਚ ਜਾ ਕੇ ਕਾਰੋਬਾਰ ਕਰ ਰਹੇ ਹਨ। ਪੁਰਤਗਾਲ ਵਿਚ ਵਿਦੇਸ਼ੀ ਕਾਮਿਆਂ ਦੀ ਬਹੁਗਿਣਤੀ ਕਾਰਨ ਹੁਣ ਸਰਕਾਰ ਨੇ ਸਖਤ ਕਾਨੂੰਨ ਹੋਂਦ ਵਿਚ ਲਿਆਂਦੇ ਹਨ। ਪੁਰਤਗਾਲ ਨਾਗਰਿਕਤਾ ਹੁਣ ਘੱਟੋ ਘੱਟ 10 ਸਾਲ ਕਰ ਦਿੱਤਾ ਹੈ ਤੇ ਨਾਲ ਹੀ ਜਿਹੜੀਆਂ ਪਹਿਲੀਆਂ ਸਾਰੀਆਂ ਜ਼ਰੂਰੀ ਸ਼ਰਤਾਂ ਉਹ ਵੀ ਲੱਗੀਆਂ ਰਹਿਣਗੀਆਂ। ਇਥੇ ਇਹ ਵੀ ਦੱਸਣਯੋਗ ਹੈ ਇਟਲੀ ਵਿਚ ਹੋਏ ਸਰਵੇਖਣ ਵਿਚ ਇਟਲੀ ਦੀ ਨਾਗਰਿਕਤਾ 10 ਸਾਲ ਤੋਂ ਸਹਿਮਤੀ ਪ੍ਰਗਟਾਈ ਗਈ ਸੀ, ਜਦਕਿ ਮੰਗ 5 ਸਾਲ ਦੀ ਕੀਤੀ ਗਈ ਸੀ, ਜਿਸ ਤੋਂ ਸਾਫ ਪਤਾ ਲੱਗ ਰਿਹਾ ਹੈ ਕਿ ਯੂਰਪ ਦੇ ਨਾਗਰਿਕ ਬਾਹਰਲੇ ਦੇਸ਼ਾਂ ਤੋਂ ਆਏ ਕਾਮਿਆਂ ਨੂੰ ਪੱਕੇ ਵਸਨੀਕ ਬਣਾਉਣ ਦੇ ਹੱਕ ਵਿਚ ਨਹੀਂ ਹਨ। ਪੁਰਤਗਾਲ ਦੀ ਸਰਕਾਰ ਨੇ ਪਿਛਲੇ ਦਿਨੀਂ 33 ਹਜ਼ਾਰ ਤੋਂ ਵੱਧ ਉਨ੍ਹਾਂ ਵਿਦੇਸ਼ੀ ਨਾਗਰਿਕਾਂ ਨੂੰ ਦੇਸ਼ ਨਿਕਾਲਾ ਦੇ ਹੁਕਮ ਜਾਰੀ ਕੀਤੇ ਸਨ, ਜਿਨ੍ਹਾਂ ਨੇ ਕੰਮਕਾਰ ਦੇ ਤੌਰ 'ਤੇ ਵਰਕ ਪਰਮਿਟ ਲਈ ਅਪਲਾਈ ਕੀਤਾ ਹੋਇਆ ਸੀ।

# ਇੰਡੀਅਨ ਬਿਜ਼ਨੈੱਸ ਓਨਰ ਐਸੋਸੀਏਸ਼ਨ ਕਰੇਗੀ ਦਿਲਜੀਤ ਸਿੰਘ ਦੁਸਾਂਝ ਦਾ ਅਮਰੀਕਾ 'ਚ ਸੋਨ ਤਮਗ਼ੇ ਨਾਲ ਸਨਮਾਨ

## ਦਿਲਜੀਤ ਪੰਜਾਬੀ ਦੇ ਝੰਡੇ ਬੁਲੰਦ ਕਰਨ ਵਾਲਾ ਪੰਜਾਬੀਆਂ ਦਾ ਹਰਮਨ-ਪਿਆਰਾ ਸੁਪਰ ਸਟਾਰ : ਉਸਮਾਨਪੁਰ

ਸਿਆਟਲ, 1 ਜੁਲਾਈ (ਚ.ਨ.ਸ): 'ਪੰਜਾਬ, ਪੰਜਾਬੀ ਤੇ ਪੰਜਾਬੀਅਤ ਨੂੰ ਅੰਤਾਂ ਦਾ ਪਿਆਰ ਕਰਨ ਵਾਲਾ ਅਤੇ ਪੰਜਾਬੀ ਦੇ ਝੰਡੇ ਬੁਲੰਦ ਕਰਨ ਵਾਲਾ ਪੰਜਾਬੀਆਂ ਦਾ ਹਰਮਨ ਪਿਆਰਾ ਸੁਪਰ ਸਟਾਰ ਗਾਇਕ ਦਿਲਜੀਤ ਦੁਸਾਂਝ ਦਾ ਅਮਰੀਕਾ ਵਿਚ ਹੋਵੇਗਾ ਗੋਲਡ ਮੈਡਲ ਨਾਲ ਸਨਮਾਨ। ਇਹ ਪ੍ਰਗਟਾਵਾ ਇੰਡੀਅਨ ਬਿਜ਼ਨੈੱਸ ਓਨਰ ਐਸੋਸੀਏਸ਼ਨ ਸਿਆਟਲ ਦੇ ਪ੍ਰਧਾਨ ਤੇ ਪ੍ਰਮੁੱਖ ਕਾਰੋਬਾਰੀ ਬਲਬੀਰ ਸਿੰਘ ਉਸਮਾਨਪੁਰ ਨੇ ਕੀਤਾ। ਉਨ੍ਹਾਂ ਨੇ ਅਖਬਾਰ ਨਾਲ ਗੱਲਬਾਤ ਕਰਦੇ ਹੋਏ ਕਿਹਾ ਕਿ ਅੱਜ ਇਥੇ ਸਿਆਟਲ ਵਿਖੇ ਐਸੋਸੀਏਸ਼ਨ ਦੀ ਇਕ ਜ਼ਰੂਰੀ ਮੀਟਿੰਗ ਐਸੋਸੀਏਸ਼ਨ ਦੇ ਸਰਪ੍ਰਸਤ ਚੇਤ ਸਿੰਘ ਸਿੱਧੂ ਤੇ ਚੇਅਰਮੈਨ ਸੁਖਮਿੰਦਰ ਸਿੰਘ ਸੁੱਖੀ ਰੱਖੜਾ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿਚ ਸਰਬਸੰਮਤੀ ਨਾਲ ਮਤਾ ਪਾਸ ਕਰਕੇ ਪੰਜਾਬੀ ਮਾਂ ਬੋਲੀ ਨੂੰ ਉਚੀਆਂ ਬੁਲੰਦੀਆਂ 'ਤੇ ਲੈ ਕੇ ਜਾਣ ਵਾਲੇ ਅਤੇ ਆਪਣੇ ਗੀਤਾਂ ਤੇ ਫਿਲਮਾਂ ਜ਼ਰੀਏ ਪੰਜਾਬੀ ਮਾਂ ਬੋਲੀ ਦੀ ਸੇਵਾ ਕਰਨ ਬਦਲੇ ਸੁਪਰ ਸਟਾਰ ਗਾਇਕ ਦਿਲਜੀਤ ਦੁਸਾਂਝ ਦਾ ਸੋਨ ਤਮਗੇ ਨਾਲ ਸਨਮਾਨ ਕੀਤਾ ਜਾਵੇਗਾ। ਮੀਟਿੰਗ ਵਿਚ ਦਿਲਜੀਤ ਦੀ ਫਿਲਮ 'ਸਰਦਾਰ ਜੀ 3' ਨੂੰ ਲੈ ਕੇ ਖੜ੍ਹੇ ਕੀਤੇ ਬੇਲੋੜੇ ਵਿਵਾਦ ਦੀ ਵੀ ਨਿੰਦਾ ਕੀਤੀ ਗਈ। ਪ੍ਰਧਾਨ ਬਲਬੀਰ ਸਿੰਘ ਉਸਮਾਨਪੁਰ ਤੇ ਸੀਨੀ. ਮੀਤ ਪ੍ਰਧਾਨ ਜਤਿੰਦਰ ਸਿੰਘ ਸਪਰਾਏ ਨੇ ਕਿਹਾ ਕਿ ਜਿਨ੍ਹਾਂ ਗਾਇਕਾਂ ਨੂੰ ਕੋਈ ਨਹੀਂ ਪੁੱਛਦਾ, ਉਹ ਦਿਲਜੀਤ 'ਤੇ ਉਂਗਲਾਂ ਚੁੱਕ ਰਹੇ ਹਨ। ਉਨ੍ਹਾਂ ਕਿਹਾ ਕਿ ਦਿਲਜੀਤ ਨੂੰ ਦੁਨੀਆਂ ਭਰ ਵਿਚ ਬੈਠੇ ਪੰਜਾਬੀ ਬੇਹੱਦ ਪਿਆਰ ਕਰਦੇ ਹਨ। ਸੰਸਥਾ ਦੇ ਜਨਰਲ ਸਕੱਤਰ ਗੁਰਬਿੰਦਰ ਸਿੰਘ ਮੁੱਲਾਂਪੁਰ ਤੇ ਖ਼ਜ਼ਾਨਚੀ ਹਰਨੇਕ ਪਾਬਲਾ ਨੇ ਕਿਹਾ ਕਿ ਦਿਲਜੀਤ ਨੂੰ ਦੇਸ਼ ਭਗਤੀ ਦੇ ਸਰਟੀਫਿਕੇਟ ਲੈਣ ਦੀ ਜ਼ਰੂਰਤ ਨਹੀਂ। ਉਨ੍ਹਾਂ ਕਿਹਾ ਕਿ ਕੁਝ ਫਲਾਪ ਗਾਇਕਾਂ ਤੇ ਮੁੰਬਈ ਦੀਆਂ ਅਖੌਤੀ ਫਿਲਮ ਐਸੋਸੀਏਸ਼ਨਾਂ ਨੂੰ ਅਸਲ ਵਿਚ ਪੀੜ ਇਹ ਹੈ ਕਿ ਪੰਜਾਬੀ ਤੋਂ ਤਕਲੀਫ ਹੈ ਕਿਉਂਕਿ ਦਿਲਜੀਤ ਦੀ ਜਿਨੀ ਚੜ੍ਹਾਈ ਇਸ ਵੇਲੇ ਹੈ, ਉਹ ਕਿਸੇ ਹਿੰਦੀ ਫਿਲਮ ਸਟਾਰ ਦੀ ਵੀ ਨਹੀਂ ਹੈ। ਐਸੋਸੀਏਸ਼ਨ ਨੇ ਵਿਦੇਸ਼ਾਂ ਵਿਚ ਰਹਿੰਦੇ ਸਾਰੇ ਪੰਜਾਬੀਆਂ ਨੂੰ ਅਪੀਲ ਕੀਤੀ ਹੈ ਕਿ ਉਹ ਵੱਧ ਤੋਂ ਵੱਧ ਦਿਲਜੀਤ ਦੁਸਾਂਝ ਦੇ ਹੱਕ ਵਿਚ ਆਪਣਾ ਸਮਰਥਨ ਦੇਣ ਤੇ ਫਿਲਮ ਨੂੰ ਵੱਧ ਤੋਂ ਵੱਧ ਦੇਖ ਕੇ ਇਸ ਨੂੰ ਕਾਮਯਾਬ ਕੀਤਾ ਜਾਵੇ। ਇਸ ਮੌਕੇ 'ਤੇ ਵਿਜੈ ਝੰਮਟ, ਬਹਾਦਰ ਸਿੰਘ ਕਲੇਰ ਤੇ ਅਮਰਜੀਤ ਸਿੰਘ ਖੁਰਮਪੁਰ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ।



# ਮਾਂ ਵੱਲੋਂ ਪੜ੍ਹਨ ਲਈ ਕਹਿਣ 'ਤੇ ਗੁੱਸੇ 'ਚ ਆਈ ਧੀ ਨੇ ਖਾ ਲਈ ਜ਼ਹਿਰ

ਬਟਾਲਾ, 1 ਜੁਲਾਈ (ਚ.ਨ.ਸ.): ਮਾਂ ਵੱਲੋਂ ਧੀ ਨੂੰ ਪੜ੍ਹਨ ਲਈ ਕਹਿਣ 'ਤੇ ਗੁੱਸੇ ਵਿਚ ਆ ਕੇ ਧੀ ਵੱਲੋਂ ਜ਼ਹਿਰੀਲੀ ਦਵਾਈ ਖਾ ਕੇ ਆਪਣੀ ਜੀਵਨਲੀਲਾ ਸਮਾਪਤ ਕੀਤੇ ਜਾਣ ਦਾ ਅੱਤ ਦੁਖਦਾਈ ਮਾਮਲਾ ਸਾਹਮਣੇ ਆਇਆ ਹੈ। ਇਸ ਸਬੰਧੀ ਪੁਲਿਸ ਥਾਣਾ ਰੰਗੜ ਨੰਗਲ ਦੇ ਏ. ਐੱਸ. ਆਈ. ਹਰਪਿੰਦਰ ਸਿੰਘ ਨੇ ਦੱਸਿਆ ਕਿ ਪੁਲਿਸ ਨੂੰ ਦਰਜ ਕਰਵਾਏ ਬਿਆਨ ਵਿਚ ਨਾਬਾਲਿਗ ਮ੍ਰਿਤਕਾ ਦੀ ਮਾਤਾ ਪਵਨਦੀਪ ਕੌਰ ਨੇ ਲਿਖਵਾਇਆ ਕਿ ਬੀਤੀ 28 ਜੂਨ ਨੂੰ ਦੁਪਹਿਰ ਢਾਈ ਵਜੇ ਦੇ ਕਰੀਬ ਮੇਰੀ 15 ਸਾਲ ਦੀ ਕੁੜੀ ਟੈਲੀਵਿਜ਼ਨ ਦੇਖ ਰਹੀ ਸੀ, ਜਿਸ ਨੂੰ ਮੈਂ ਸਕੂਲ ਵਿਚ ਛੁੱਟੀਆਂ ਹੋਣ ਕਰ ਕੇ ਪੜ੍ਹਾਈ ਕਰਨ ਲਈ ਆਖਿਆ ਤਾਂ ਉਸ ਨੇ ਗੁੱਸੇ ਵਿਚ ਆ ਕੇ ਘਰ ਵਿਚ ਪਈ ਕੋਈ ਜ਼ਹਿਰੀਲੀ ਦਵਾਈ ਖਾ ਲਈ, ਜਿਸ ਨਾਲ ਉਸਦੀ ਸਿਹਤ ਵਿਗੜਨੀ ਸ਼ੁਰੂ ਹੋ ਗਈ। ਬਿਆਨਕਰਤਾ ਪਵਨਦੀਪ ਕੌਰ ਮੁਤਾਬਕ ਇਹ ਸਭ ਦੇਖ ਮੈਂ ਆਪਣੇ ਗੁਆਂਢੀ ਦੀ ਮਦਦ ਨਾਲ ਆਪਣੀ ਲੜਕੀ ਨੂੰ ਈ. ਐੱਮ. ਸੀ. ਹਸਪਤਾਲ ਬਟਾਲਾ ਵਿਖੇ ਇਲਾਜ ਲਈ ਲਿਜਾਇਆ, ਜਿਥੋਂ ਡਾਕਟਰਾਂ ਨੇ ਈ. ਐੱਮ. ਸੀ. ਹਸਪਤਾਲ ਅੰਮ੍ਰਿਤਸਰ ਵਿਖੇ ਰੈਫਰ ਕਰ ਦਿੱਤਾ, ਜਿਥੇ ਇਲਾਜ ਦੌਰਾਨ ਬੀਤੀ ਅੱਧੀ ਰਾਤ ਸਾਢੇ 12 ਵਜੇ ਦੇ ਕਰੀਬ ਮੇਰੀ ਕੁੜੀ ਦੀ ਮੌਤ ਹੋ ਗਈ। ਏ. ਐੱਸ. ਆਈ. ਹਰਪਿੰਦਰ ਸਿੰਘ ਨੇ ਦੱਸਿਆ ਕਿ ਮ੍ਰਿਤਕਾ ਦੀ ਮਾਤਾ ਪਵਨਦੀਪ ਕੌਰ ਦੇ ਬਿਆਨ 'ਤੇ 194 ਬੀ. ਐੱਨ. ਐੱਸ. ਐੱਸ. ਤਹਿਤ ਬਣਦੀ ਕਾਨੂੰਨੀ ਕਾਰਵਾਈ ਕਰ ਦਿੱਤੀ ਗਈ ਹੈ।

# ਰੋਟਰੀ ਕਲੱਬ ਨੇ 'ਕੌਮੀ ਡਾਕਟਰ ਦਿਵਸ' 'ਤੇ ਡਾਕਟਰਾਂ ਨੂੰ ਕੀਤਾ ਸਨਮਾਨਤ



ਫਤਹਿਗੜ੍ਹ ਸਾਹਿਬ, 1 ਜੁਲਾਈ (ਹਰਪ੍ਰੀਤ ਕੌਰ ਟਿਵਾਣਾ): ਕੌਮੀ ਡਾਕਟਰ ਦਿਵਸ 'ਤੇ ਰੋਟਰੀ ਕਲੱਬ ਫਤਹਿਗੜ੍ਹ ਸਾਹਿਬ ਵੱਲੋਂ ਸਿਵਲ ਸਰਜਨ ਫਤਹਿਗੜ੍ਹ ਸਾਹਿਬ ਡਾ.ਦਵਿੰਦਰਜੀਤ ਕੌਰ, ਸਮੂਹ ਪ੍ਰੋਗਰਾਮ ਅਫਸਰ, ਸੀਨੀਅਰ ਮੈਡੀਕਲ ਅਫਸਰ ਅਤੇ ਜ਼ਿਲ੍ਹਾ ਹਸਪਤਾਲ ਵਿੱਚ ਕੰਮ ਕਰਦੇ ਸਮੂਹ ਡਾਕਟਰਾਂ ਨੂੰ ਸਨਮਾਨਿਤ ਕੀਤਾ ਗਿਆ। ਰੋਟਰੀ ਕਲਬ ਦੇ ਅਹੁਦੇਦਾਰਾਂ ਨੇ ਸਮੂਹ ਡਾਕਟਰਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਡਾਕਟਰ ਸਾਡੀ ਜ਼ਿੰਦਗੀ ਵਿੱਚ ਇੱਕ ਅਹਿਮ ਭੂਮਿਕਾ ਨਿਭਾਉਂਦੇ ਹਨ। ਉਹ ਸਿਰਫ ਬਿਮਾਰੀਆਂ ਦਾ ਇਲਾਜ ਹੀ ਨਹੀਂ ਕਰਦੇ ਸਗੋਂ ਸਿਹਤ ਸੰਭਾਲ ਪ੍ਰਣਾਲੀ ਵਿੱਚ ਸੁਧਾਰ ਲਿਉਣ ਵਿੱਚ ਵੀ ਮਹੱਤਵਪੂਰਨ ਭੂਮਿਕਾ ਅਦਾ ਕਰਦੇ ਹਨ। ਉਨ੍ਹਾਂ ਵੱਲੋਂ ਬਿਮਾਰੀਆਂ ਦੀ ਜਾਂਚ ਕਰਕੇ ਲੋਕਾਂ ਦਾ ਸਹੀ ਇਲਾਜ ਕੀਤਾ ਜਾਂਦਾ ਹੈ। ਜਿਸ ਵਿੱਚ ਦਵਾਈਆਂ, ਸਰਜਰੀ ਤੇ ਹੋਰ ਮੈਡੀਕਲ ਪ੍ਰਕਿਰਿਆ ਸ਼ਾਮਲ ਹਨ। ਲੋਕਾਂ ਨੂੰ ਬਿਮਾਰੀਆਂ ਤੋਂ ਬਚਾਅ ਲਈ ਸਿਹਤਮੰਦ ਜੀਵਨ ਸ਼ੈਲੀ ਅਪਣਾਉਣ, ਟੀਕਾਕਰਨ ਕਰਵਾਉਣ ਅਤੇ ਸਿਹਤ ਸਬੰਧੀ ਜਾਗਰੂਕਤਾ ਫੈਲਾਉਣ ਲਈ ਵੀ ਉਤਸ਼ਾਹਿਤ ਕਰਦੇ ਹਨ। ਇਹ ਰੋਕਥਾਮ ਉਪਾਅ ਕਈ ਗੰਭੀਰ ਬਿਮਾਰੀਆਂ ਨੂੰ ਰੋਕਣ ਵਿੱਚ ਮਦਦ ਕਰਦੇ ਹਨ। ਇਸ ਮੌਕੇ 'ਤੇ ਡਾਕਟਰ ਦਵਿੰਦਰਜੀਤ ਕੌਰ ਨੇ ਕਲੱਬ ਦੇ ਸਮੂਹ ਅਹੁਦੇਦਾਰਾਂ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਡਾਕਟਰੀ ਪੇਸ਼ਾ ਜਿੰਨਾ ਸਤਿਕਾਰਯੋਗ ਹੈ ਉਨਾ ਹੀ ਚੁਣੌਤੀਪੂਰਨ ਵੀ ਹੈ। ਡਾਕਟਰ ਮਰੀਜ਼ਾਂ ਨੂੰ ਸਿਰਫ ਸਰੀਰਕ ਸਿਹਤ ਬਾਰੇ ਹੀ ਨਹੀਂ ਬਲਕਿ ਮਾਨਸਿਕ ਸਿਹਤ ਬਾਰੇ ਵੀ ਸਲਾਹ ਦਿੰਦੇ ਹਨ। ਉਨ੍ਹਾਂ ਵੱਲੋਂ ਮਰੀਜ਼ਾਂ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੂੰ ਭਰੋਸਾ ਦਿੱਤਾ ਜਾਂਦਾ ਹੈ ਅਤੇ ਔਖੇ ਸਮੇਂ ਵਿੱਚ ਉਨ੍ਹਾਂ ਦਾ ਸਾਥ ਵੀ ਦਿੱਤਾ ਜਾਂਦਾ ਹੈ।

ਇਸ ਮੌਕੇ 'ਤੇ ਜ਼ਿਲ੍ਹਾ ਟੀਕਾਕਰਨ ਅਫਸਰ ਡਾ.ਰਾਜੇਸ਼ ਕੁਮਾਰ, ਜ਼ਿਲ੍ਹਾ ਸਿਹਤ ਅਫਸਰ ਡਾ.ਅਮਨਦੀਪ ਸਿੰਘ, ਜ਼ਿਲ੍ਹਾ ਐਪੀਡਿਮਾਲੋਜਿਸਟ ਡਾ. ਪ੍ਰਭਜੋਤ ਕੌਰ, ਸੀਨੀਅਰ ਮੈਡੀਕਲ ਅਫਸਰ ਡਾ. ਕੰਵਲਦੀਪ ਸਿੰਘ, ਰੋਟਰੀ ਕਲੱਬ ਤੋਂ ਜ਼ਿਲ੍ਹਾ ਗਵਰਨਰ ਭੁਪੇਸ਼ ਮਹਿਤਾ, ਜ਼ਿਲ੍ਹਾ ਚੀਫ ਪੈਟਰਨ ਡਾ.ਸੁਭਾਸ਼ ਨਰੂਲਾ, ਜ਼ਿਲ੍ਹਾ ਮੁੱਖ ਸਲਾਹਕਾਰ ਗੁਲਬਹਾਰ ਸਿੰਘ, ਪ੍ਰਧਾਨ ਰਾਜੇਸ਼ ਥੋਰ, ਸਕੱਤਰ ਹਰਪ੍ਰੀਤ ਵਰਮਾ ਤੇ ਪ੍ਰੋਜੈਕਟ ਚੇਅਰਮੈਨ ਤੋਂ ਇਲਾਵਾ ਜ਼ਿਲ੍ਹਾ ਹਸਪਤਾਲ ਦੇ ਸਮੂਹ ਮੈਡੀਕਲ ਅਫਸਰ ਹਾਜ਼ਰ ਸਨ।

# 'ਸਰਦਾਰ ਜੀ 3' ਨੇ ਪਾਕਿਸਤਾਨ 'ਚ ਰਿਕਾਰਡ ਤੋੜ ਓਪਨਿੰਗ ਹਾਸਲ ਕੀਤੀ

ਅੰਮ੍ਰਿਤਸਰ, 1 ਜੁਲਾਈ (ਚ.ਨ.ਸ.): ਪਾਕਿਸਤਾਨੀ ਅਦਾਕਾਰਾ ਹਾਨੀਆ ਆਮਿਰ ਦੀ ਕਾਸਟਿੰਗ ਨੂੰ ਲੈ ਕੇ ਵਿਵਾਦ ਚੱਲਦਿਆਂ ਭਾਵੇਂ ਕਿ ਦਿਲਜੀਤ ਦੋਸਾਂਝ ਦੀ ਫਿਲਮ 'ਸਰਦਾਰ ਜੀ 3' ਅਜੇ ਤਕ ਭਾਰਤ 'ਚ ਰਿਲੀਜ਼ ਨਹੀਂ ਹੋਈ ਹੈ, ਹਾਲਾਂਕਿ ਪਾਕਿ 'ਚ ਇਹ ਫਿਲਮ ਬਾਕਸ ਆਫਿਸ 'ਤੇ ਬਹੁਤ ਵਧੀਆ ਪ੍ਰਦਰਸ਼ਨ ਕਰ ਰਹੀ ਹੈ। ਇਸ ਫਿਲਮ ਨੇ ਪਾਕਿਸਤਾਨ ਵਿਚ ਰਿਕਾਰਡਤੋੜ ਓਪਨਿੰਗ ਹਾਸਲ ਕੀਤੀ ਹੈ, ਜਿਸ ਨੇ ਬਾਲੀਵੁੱਡ ਫਿਲਮਾਂ ਦੁਆਰਾ ਰੱਖੇ ਗਏ ਪਿਛਲੇ ਬਾਕਸ ਆਫਿਸ ਰਿਕਾਰਡਾਂ ਨੂੰ ਪਛਾੜ ਦਿੱਤਾ ਹੈ। 27 ਜੂਨ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਰਿਲੀਜ਼ ਹੋਈ, ਫਿਲਮ ਨੇ ਆਪਣੇ ਪਹਿਲੇ ਵੀਕਐਂਡ ਵਿਚ ਪਾਕਿਸਤਾਨ ਵਿਚ ਲਗਭਗ 9 ਕਰੋੜ ਰੁਪਏ (ਲਗਭਗ 500,000 ਅਮਰੀਕੀ ਡਾਲਰ) ਦੀ ਕਮਾਈ ਕੀਤੀ, ਜਿਸ ਨਾਲ ਦੇਸ਼ ਵਿਚ ਕਿਸੇ ਭਾਰਤੀ ਫਿਲਮ ਦੁਆਰਾ ਤਿੰਨ ਦਿਨਾਂ ਵਿਚ ਸਭ ਤੋਂ ਵੱਧ ਕਮਾਈ ਕਰਨ ਦਾ ਇਕ ਨਵਾਂ ਰਿਕਾਰਡ ਕਾਇਮ ਹੋਇਆ। ਲਾਹੌਰ ਤੋਂ ਬਾਬਰ ਜਲੰਧਰੀ ਅਤੇ



ਪੰਜਾਬੀ ਪ੍ਰਚਾਰ ਸੰਸਥਾ ਦੇ ਸਦਰ ਅਹਿਮਦ ਰਜ਼ਾ 'ਪੰਜਾਬੀ' ਨੇ ਸਾਡੇ ਪੱਤਰਕਾਰ ਨਾਲ ਇਸ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ 'ਸਰਦਾਰ ਜੀ 3' ਪਾਕਿ ਦੇ 44 ਸਿਨੇਮਾ ਘਰਾਂ 'ਚ ਵਿਖਾਈ ਜਾ ਰਹੀ ਹੈ। ਜਿਨ੍ਹਾਂ 'ਚੋਂ ਬਹੁਤੇ ਸਿਨੇਮਾ ਘਰ ਹਾਊਸਫੁੱਲ ਸ਼ੋਅ ਚਲਾ ਰਹੇ ਹਨ ਅਤੇ ਇਹ ਫਿਲਮ ਪਾਕਿ 'ਚ ਇਸ ਸਮੇਂ ਨਵੇਂ ਰਿਕਾਰਡ ਬਣਾਉਣ ਵੱਲ ਵੱਧ ਚੁਕੀ ਹੈ। 'ਵਾਈਟ ਹਿੱਲ ਸਟੂਡੀਓਜ਼' ਵੱਲੋਂ ਨਿਰਮਤ ਇਸ ਸੀਕਵਲ ਫਿਲਮ ਨੂੰ 'ਵਲੀ ਇੰਟਰਪ੍ਰਾਈਜ਼ਜ਼ ਤੇ ਵਲੀ ਫਿਲਮਜ਼' ਨੇ ਪਾਕਿ 'ਚ ਡਿਸਟ੍ਰੀਬਿਊਸ਼ਨ ਕਰਨ ਦਾ ਜ਼ਿੰਮਾ ਸੰਭਾਲਿਆ। ਇਹ ਫਿਲਮ ਲਾਹੌਰ ਦੇ 12 ਸਿਨੇਮਾ ਘਰਾਂ, ਰਾਵਲ ਪਿੰਡੀ 3, ਸਰਗੋਧਾ 2, ਗੁਜਰਾਂਵਾਲਾ 4, ਫੈਸਲਾਬਾਦ 4, ਗੁਜਰਾਤ 2, ਸਿਆਲਕੋਟ 2, ਇਸਲਾਮਾਬਾਦ 3, ਕਰਾਚੀ ਦੇ 5 ਅਤੇ ਮੰਡੀ ਬਹਾਉਦੀਨ, ਮੁਲਤਾਨ, ਸਾਹੀਵਾਲ, ਜਿਹਲਮ, ਬੂਰੇਵਾਲਾ, ਹੈਦਰਾਬਾਦ (ਸਿੰਧ), ਕੋਇਟਾ (ਬਲੋਚਿਸਤਾਨ) ਦੇ ਸਿਰਫ ਇਕ ਇਕ ਸਿਨੇਮਾ ਘਰਾਂ 'ਚ 27 ਜੂਨ ਨੂੰ ਰਿਲੀਜ਼ ਕੀਤੀ ਗਈ।

# ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਪ੍ਰਕਾਸ਼ ਉਤਸਵ ਨੂੰ ਮੁੱਖ ਰੱਖ ਕੇ ਸਮਾਗਮ 4 ਤੋਂ

ਅਮਲੋਹ, 1 ਜੁਲਾਈ (ਜਸਵੰਤ ਸਿੰਘ): ਬੰਦੀ ਛੋੜ ਮੀਰੀ ਪੀਰੀ ਦੇ ਮਾਲਕ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਦਾ ਪ੍ਰਕਾਸ਼ ਪੁਰਬ ਇਤਿਹਾਸਕ ਗੁਰਦੁਆਰਾ ਪਾਤਸ਼ਾਹੀ ਛੇਵੀਂ ਸੌਂਟੀ ਵਿਚ 4 ਜੁਲਾਈ ਤੋਂ 6 ਜੁਲਾਈ ਤੱਕ ਮਨਾਇਆ ਜਾ ਰਿਹਾ ਹੈ। ਗੁਰਦੁਆਰਾ ਕਮੇਟੀ ਦੇ ਪ੍ਰਧਾਨ ਦਰਸ਼ਨ ਸਿੰਘ ਬੱਬੀ ਅਤੇ ਬਾਕੀ ਅਹੁੱਦੇਦਾਰਾਂ ਨੇ ਦੱਸਿਆ ਕਿ 4 ਜੁਲਾਈ ਨੂੰ ਸ੍ਰੀ ਅਖੰਡ ਪਾਠ ਸਾਹਿਬ ਦਾ ਅਰੰਭ ਸਵੇਰੇ 10 ਵਜੇ ਹੋਵੇਗਾ, 10 ਤੋਂ 20 ਸਾਲ ਤੱਕ ਦੇ ਬੱਚਿਆਂ ਦੇ ਦਸਤਾਰਬੰਦੀ, ਪੇਂਟਿੰਗ ਅਤੇ ਗੁਰਬਾਣੀ ਕੰਠ ਮੁਕਾਬਲੇ ਕਰਵਾਏ ਜਾਣਗੇ। ਇਸ ਮੌਕੇ ਗੁਰਦੁਆਰਾ ਫ਼ਤਹਿਗੜ੍ਹ ਸਾਹਿਬ ਦੇ ਕਥਾ ਵਾਚਕ ਭਾਈ ਕਪਿਲਦੀਪ ਸਿੰਘ ਸਾਮ 7 ਵਜੇ ਤੋਂ 8 ਵਜੇ ਤੱਕ, ਗੁਰਦੁਆਰਾ ਬਾਉਲੀ ਸਾਹਿਬ ਤੋਂ ਕਥਾ ਵਾਚਕ ਗਿਆਨੀ ਸੁਖਦੇਵ ਸਿੰਘ 8 ਵਜੇ ਤੋਂ 10 ਵਜੇ ਤੱਕ ਗੁਰੂ ਇਤਿਹਾਸ ਬਾਰੇ ਚਾਨਣਾ ਪਾਉਣਗੇ, 5 ਜੁਲਾਈ ਨੂੰ ਫ਼ਤਹਿਗੜ੍ਹ ਸਾਹਿਬ ਦੇ ਕਥਾ ਵਾਚਕ ਸੁਖਵੀਰ ਸਿੰਘ ਸ਼ਾਮ 7 ਵਜੇ ਤੋਂ 8 ਵਜੇ ਤੱਕ ਅਤੇ ਮਾਛੀਵਾੜਾ ਸਾਹਿਬ ਤੋਂ ਭਾਈ ਬਚਿੱਤਰ ਸਿੰਘ 8 ਵਜੇ ਤੋਂ 10 ਵਜੇ ਤੱਕ ਗੁਰੂ ਇਤਿਹਾਸ ਬਾਰੇ ਚਾਨਣਾ ਪਾਉਣਗੇ, 5 ਅਤੇ 6 ਜੁਲਾਈ ਨੂੰ ਹੀ ਦੇਸ਼ ਭਗਤ ਯੂਨੀਵਰਸਿਟੀ ਵਲੋਂ ਸਵੇਰੇ 9 ਵਜੇ ਤੋਂ ਸ਼ਾਮ 4 ਵਜੇ ਤੱਕ ਮੁਫ਼ਤ ਮੈਡੀਕਲ, ਅੱਖਾਂ, ਦੰਦਾਂ ਦਾ ਕੈਂਪ ਲਗਾਇਆ ਜਾਵੇਗਾ ਅਤੇ ਲੋੜਵੰਦਾਂ ਨੂੰ ਮੁਫ਼ਤ ਦਵਾਈਆਂ ਦਿੱਤੀਆਂ ਜਾਣਗੀਆਂ, ਸੁਹਾਣਾ ਹਸਪਤਾਲ ਦੀ ਬਲੱਡ ਬੈਂਕ ਦੀ ਟੀਮ ਵੱਲੋਂ ਖ਼ੂਨਦਾਨ ਕੈਂਪ ਲਗਾਇਆ ਜਾਵੇਗਾ ਜਦੋਂ ਕਿ 6 ਜੁਲਾਈ ਨੂੰ 9 ਵਜੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਫ਼ਤਹਿਗੜ੍ਹ ਸਾਹਿਬ ਦੇ ਕਥਾ ਵਾਚਕ ਸੁਖਵੀਰ ਸਿੰਘ ਸਵੇਰੇ ਸਾਢੇ 10 ਵਜੇ ਤੋਂ ਸਾਢੇ 11 ਵਜੇ ਤੱਕ, ਬਰਨਾਲਾ ਦੇ ਕਥਾ ਵਾਚਕ ਸੂਫ਼ੀ ਸੰਤ ਗੁਲਾਮ ਹੈਦਰ ਕਾਦਰੀ ਸ਼ਾਮ 7 ਵਜੇ ਤੋਂ 9 ਵਜੇ ਤੱਕ ਗੁਰੂ ਇਤਿਹਾਸ ਬਾਰੇ ਚਾਨਣਾ ਪਾਉਣਗੇ। ਸਮਾਗਮ ਉਪਰੰਤ ਜਲੇਬੀਆਂ, ਮਿੱਸੇ ਪ੍ਰਸ਼ਾਦੇ, ਲੱਸੀ ਅਤੇ ਮੱਖਣ ਦਾ ਅਤੁੱਟ ਲੰਗਰ ਵਰਤੇਗਾ। ਗੁਰਦੁਆਰਾ ਸਾਹਿਬ ਆਉਣ ਵਾਲੀਆਂ ਸੰਗਤਾਂ ਨੇ ਦੱਸਿਆ ਕਿ ਹਜ਼ਾਰਾਂ ਦੀ ਗਿਣਤੀ ਵਿਚ ਸੰਗਤਾਂ ਸਮਾਗਮਾਂ ਅਤੇ ਨਗਰ ਕੀਰਤਨ ਵਿਚ ਸ਼ਾਮਲ ਹੋਣਗੀਆਂ ਪ੍ਰੰਤੂ ਕੁਝ ਲੋਕਾਂ ਨੇ ਗੁਰਦੁਆਰਾ ਸਾਹਿਬ ਨੂੰ ਜਾਂਦੇ ਰਸਤਿਆਂ ਦੀਆਂ ਵੱਟਾਂ ਵਾਹ ਲਈਆਂ, ਜਿਸ ਨਾਲ ਰਸਤੇ ਛੋਟੇ ਹੋ ਗਏ ਅਤੇ ਹਾਦਸੇ ਵਾਪਰਨ ਦਾ ਖਤਰਾ ਹੈ। ਉਨ੍ਹਾਂ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਇਨ੍ਹਾਂ ਰਸਤਿਆਂ ਨੂੰ ਤੁਰੰਤ ਪੂਰਾ ਕਰਵਾਇਆ ਜਾਵੇ।



# ਧਾਮੀ ਵੱਲੋਂ ਜਥੇਦਾਰਾਂ ਦੀ ਨਿਯੁਕਤੀ ਤੇ ਸੇਵਾਮੁਕਤੀਆਂ ਲਈ ਬਣਾਈ ਕਮੇਟੀ 'ਚ ਬਹੁਤੇ ਚਿਹਰੇ ਹੁਕਮਰਾਨ ਪੱਖੀ: ਟਿਵਾਣਾ

ਮੰਡੀ ਗੋਬਿੰਦਗੜ੍ਹ, 1 ਜੁਲਾਈ (ਸੂਦ): ਅਕਾਲੀ ਦਲ ਅੰਮ੍ਰਿਤਸਰ ਦੇ ਮੁੱਖ ਬੁਲਾਰੇ, ਸਿਆਸੀ ਅਤੇ ਮੀਡੀਆ ਸਲਾਹਕਾਰ ਇਕਬਾਲ ਸਿੰਘ ਟਿਵਾਣਾ ਨੇ ਪ੍ਰੈਸ ਦੇ ਨਾਂ ਜਾਰੀ ਇਕ ਬਿਆਨ ਵਿਚ ਕਿਹਾ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਵਲੋਂ ਤਖ਼ਤ ਸਾਹਿਬਾਨਾਂ ਦੇ ਜਥੇਦਾਰਾਂ ਦੀ ਨਿਯੁਕਤੀ ਅਤੇ ਸੇਵਾਮੁਕਤੀ ਦੀ ਨਿਯਮਾਂਵਲੀ ਬਨਾਉਣ ਲਈ ਐਲਾਨੀ 34 ਮੈਂਬਰੀ ਕਮੇਟੀ ਦੀ ਅਲੋਚਨਾ ਕਰਦਿਆਂ ਕਿਹਾ ਕਿ ਐਡਵੋਕੇਟ ਧਾਮੀ ਕਥਿਤ ਗੈਰ ਕਾਨੂੰਨੀ ਤੌਰ 'ਤੇ ਚੱਲ ਰਹੀ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਨ, ਜਿਨ੍ਹਾਂ ਪਿਛਲੇ ਸਮੇਂ ਵਿਚ ਆਪਣੇ ਸਿਆਸੀ ਅਕਾਵਾਂ ਨੂੰ ਖੁਸ਼ ਕਰਨ ਲਈ ਦਿਸ਼ਾਹੀਣ ਫੈਸਲੇ ਲਏ ਹਨ, ਜਿਨ੍ਹਾਂ ਨੂੰ ਕੌਮ ਨੇ ਪ੍ਰਵਾਨ ਨਹੀਂ ਕੀਤਾ ਅਤੇ ਹੁਣ ਉਨ੍ਹਾਂ ਵੱਲੋਂ ਸਿੱਖ ਕੌਮ ਦੇ ਮਹਾਨ ਤਖਤਾਂ ਦੇ ਜਥੇਦਾਰਾਂ ਦੀ ਨਿਯੁਕਤੀ ਤੇ ਸੇਵਾਮੁਕਤੀ ਦੀ ਨਿਯਮਾਂਵਲੀ ਬਣਾਉਣ ਲਈ ਜੋ ਕਮੇਟੀ ਐਲਾਨੀ ਹੈ, ਇਹ ਉਨ੍ਹਾਂ ਚਿਹਰਿਆਂ ਦੀ ਹੈ ਜੋ ਅਕਸਰ ਹੀ ਹੁਕਮਰਾਨਾਂ ਦੀ ਸੋਚ ਉਤੇ ਅਮਲ ਕਰਨ ਵਾਲੇ ਹਨ ਅਤੇ ਜਦੋਂ ਸਿੱਖੀ ਸੰਸਥਾਵਾਂ ਅਤੇ ਸਿੱਖੀ ਕੋਡ ਨਿਯਮ ਬਣਾਉਣ ਲਈ ਕਿਸੇ ਕਮੇਟੀ ਵਿਚ ਅਜਿਹੇ ਆਗੂਆਂ ਨੂੰ ਥਾਂ ਦਿੱਤੀ ਜਾਵੇ ਤਾਂ ਅਜਿਹੀਆਂ ਕਮੇਟੀਆਂ ਤੋਂ ਸਿੱਖ ਕੌਮ ਕੀ ਉਮੀਦ ਕਰ ਸਕੇਗੀ। ਉਨ੍ਹਾਂ ਕਿਹਾ ਕਿ ਕਮੇਟੀ ਵਿਚ ਨਿਰਪੱਖਤਾ ਨਾਲ ਅਤੇ ਆਉਣ ਵਾਲੇ ਸਮੇ ਦੇ ਕੌਮ ਪੱਖੀ ਨਤੀਜੇ ਦੇਣ ਹਿੱਤ ਹੋਰ ਵਿਸ਼ਾਲਤਾ ਅਤੇ ਕੌਮਾਂਤਰੀ ਪੱਧਰ ਦੀਆਂ ਸ਼ਖਸੀਅਤਾਂ ਨੂੰ ਖੁਲਦਿਲੀ ਨਾਲ ਸ਼ਾਮਲ ਕਰਨਾ ਚਾਹੀਦਾ ਹੈ। ਉਨ੍ਹਾਂ 5 ਮੈਂਬਰੀ ਸੁਧਾਰ ਕਮੇਟੀ ਵੱਲੋਂ ਵਾਰਿਸ ਪੰਜਾਬ ਦੇ ਜਥੇਬੰਦੀ ਨਾਲ ਮੌਕਾਪ੍ਰਸਤੀ ਦੀ ਸੋਚ ਅਧੀਨ ਸਾਂਝ ਪਾਉਣ ਦੀ ਗੱਲ ਕਰਦਿਆਂ ਕਿਹਾ ਕਿ ਜਿਸ 5 ਮੈਂਬਰੀ ਕਮੇਟੀ ਦੇ ਆਗੂਆਂ ਤੇ ਬਾਦਲ ਦਲੀਆਂ ਨੂੰ 2 ਦਸੰਬਰ 2024 ਨੂੰ ਸ੍ਰੀ ਅਕਾਲ ਤਖਤ ਸਾਹਿਬ ਦੀ ਫ਼ਸੀਲ ਤੋਂ ਇਹ ਫੈਸਲਾ ਦਿੱਤਾ ਸੀ ਕਿ ਇਹ ਲੋਕ ਹੁਣ ਖਾਲਸਾ ਪੰਥ ਦੀ ਅਗਵਾਈ ਕਰਨ ਦਾ ਹੱਕ ਗੁਆ ਚੁੱਕੇ ਹਨ। ਉਨ੍ਹਾਂ ਕਿਹਾ ਕਿ ਕੌਮ ਦੀ ਆਜ਼ਾਦੀ ਦੇ ਮਿਸ਼ਨ ਅਤੇ ਕੌਮੀ ਮਸਲਿਆਂ ਨੂੰ ਸੁਹਿਰਦਤਾ ਨਾਲ ਹੱਲ ਕਰਨ ਵਾਲੀਆਂ ਸ਼ਖਸੀਅਤਾਂ ਅਤੇ ਧੜਿਆਂ ਨੂੰ ਸ੍ਰੀ ਅਕਾਲ ਤਖਤ ਸਾਹਿਬ ਦੀ ਅਗਵਾਈ ਹੇਠ ਇਕੱਤਰ ਕਰਕੇ ਪੰਜਾਬ ਅਤੇ ਸਿੱਖ ਵਿਰੋਧੀ ਹੁਕਮਰਾਨਾਂ ਵਿਰੁੱਧ ਗੁਰੂ ਸਿਧਾਂਤਾਂ ਅਤੇ ਸੋਚ ਅਨੁਸਾਰ ਦ੍ਰਿੜਤਾ ਨਾਲ ਲੜਾਈ ਨੂੰ ਤੇਜ਼ ਕਰਨ ਲਈ ਆਪਣੀ ਜ਼ਿੰਮੇਵਾਰੀ ਨਿਭਾਉਣੀ ਚਾਹੀਦੀ ਹੈ ਤਾਂ ਕਿ ਅਸੀ ਆਪਣੀਆਂ ਮਰਿਆਦਾਵਾਂ ਤੇ ਸੋਚ ਨੂੰ ਵੀ ਕਾਇਮ ਰੱਖ ਸਕੀਏ ਅਤੇ ਗੁਰੂ ਸਾਹਿਬਾਨ ਦੇ ਮਨੁੱਖਤਾ ਪੱਖੀ ਸੰਦੇਸ਼ ਨੂੰ ਸਾਰੇ ਮੁਲਕਾਂ ਤੱਕ ਪਹੁੰਚਾਉਣ ਦੀ ਜ਼ਿੰਮੇਵਾਰੀ ਨਿਭਾਅ ਸਕੀਏ।



# ਸ੍ਰੀ ਰਾਮ ਮੰਦਰ ਵਿਖੇ ਪਵਿੱਤਰ ਸ੍ਰੀ ਸੁੰਦਰ ਕਾਂਡ ਪਾਠ ਕਰਵਾਇਆ



ਮੰਡੀ ਗੋਬਿੰਦਗੜ੍ਹ, 1 ਜੁਲਾਈ (ਸੂਦ): ਧਾਰਮਿਕ ਸੰਸਥਾ ਸ੍ਰੀ ਸੁੰਦਰਕਾਂਡ ਸੇਵਾ ਮੰਡਲ ਵੱਲੋਂ ਪ੍ਰਧਾਨ ਸੁਰੇਸ਼ ਸਿੰਗਲਾ ਬਬਲੀ ਦੀ ਪ੍ਰਧਾਨਗੀ ਹੇਠ ਸਨਾਤਨ ਧਰਮ ਮਹਾਂਵੀਰ ਮੰਦਿਰ ਚੈਰੀਟੇਬਲ ਟਰੱਸਟ ਸ੍ਰੀ ਰਾਮ ਮੰਦਿਰ, ਜੀ.ਟੀ. ਰੋਡ, ਲੋਹਾ ਨਗਰੀ ਵਿਖੇ ਸ੍ਰੀ ਸੁੰਦਰਕਾਂਡ ਜੀ ਦਾ ਪਵਿੱਤਰ ਪਾਠ ਕਰਵਾਇਆ ਗਿਆ, ਜਿਸ ਵਿੱਚ ਮੰਦਰ ਦੇ ਪੁਜਾਰੀ ਆਚਾਰੀਆ ਪੰਡਤ ਸੱਤਿਆ ਪ੍ਰਕਾਸ਼ ਅਤੇ ਪੰਡਿਤ ਮਮਲੇਸ਼ਵਰ ਪ੍ਰਸਾਦ ਨੇ ਮੁੱਖ ਮੇਜ਼ਬਾਨ ਸ਼ਸ਼ੀ ਸਿੰਗਲਾ ਨੂੰ ਸ੍ਰੀ ਹਨੂੰਮਾਨ ਅਤੇ ਸ੍ਰੀ ਰਾਮਾਇਣ ਦੀ ਪੂਜਾ ਕਰਵਾਈ। ਇਸ ਮੌਕੇ ਸੰਕੀਰਤਨ ਕਰਦੇ ਹੋਏ ਮੰਡਲ ਦੇ ਪ੍ਰਧਾਨ ਨਰਿੰਦਰ ਭਾਟੀਆ ਓਮ ਸੈਨ ਨੇ ਸ੍ਰੀ ਹਨੂਮਾਨ ਚਾਲੀਸਾ ਤੋਂ ਬਾਅਦ ਪਵਿੱਤਰ ਸ੍ਰੀ ਸੁੰਦਰਕਾਂਡ ਪਾਠ ਸ਼ੁਰੂ ਕੀਤਾ। ਜਿਸ ਵਿੱਚ ਸ਼ਰਧਾਲੂਆਂ ਨੇ 'ਰਾਮ ਸੇ ਵੱਡਾ ਰਾਮ ਕਾ ਨਾਮ', 'ਵੀਰ ਹਨੂੰਮਾਨ ਅਤਿ ਬਲਵਾਨਾ', 'ਲਹਿਰ ਲਹਿਰਾਏ ਰੇ ਝੰਡਾ ਬਜਰੰਗ ਬਲੀ ਕਾ' ਆਦਿ ਭਜਨਾਂ ਦਾ ਗੁਣਗਾਣ ਕੀਤਾ। ਆਰਤੀ ਅਰਦਾਸ ਤੋਂ ਬਾਅਦ ਮੌਜੂਦ ਲੋਕਾਂ ਵਿੱਚ ਫ਼ਲ ਅਤੇ ਲੱਡੂ ਵੰਡੇ ਗਏ। ਇਸ ਮੌਕੇ ਮੰਡਲ ਪ੍ਰਧਾਨ ਨਰਿੰਦਰ ਭਾਟੀਆ, ਰਜਿੰਦਰ ਕਪਲਿਸ਼, ਓਮ ਸੈਨ, ਸੰਜੇ ਗਰਗ, ਡਾ: ਕ੍ਰਿਸ਼ਨਾ ਭਾਰਦਵਾਜ, ਸਿਮਰਨਜੀਤ ਸਿੰਘ ਵਿੱਕੀ, ਸ਼ਸ਼ੀ ਸਿੰਗਲਾ, ਆਸ਼ਾ ਸਿੰਗਲਾ, ਨਿਸ਼ਾ ਭਾਟੀਆ, ਸਵੀਟੀ, ਮੋਨਿਕਾ ਭਾਟੀਆ, ਪਿੰਕੀ, ਮਧੂ, ਆਸ਼ੀ, ਪੂਜਾ, ਅੰਜੂ ਦੇਵੀ, ਕਮਲਾ ਦੇਵੀ, ਅਬਤੀ ਦੇਵੀ, ਮਲੇਸ਼ੀ ਦੇਵੀ, ਮੋਨੀਕਾ ਦੇਵੀ, ਮੋਨੀਕਾ ਭਾਟੀਆ ਅਤੇ ਡਾ. ਮਾਸਟਰ ਪ੍ਰਭੂ ਮਾਹੀ ਆਦਿ ਹਾਜ਼ਰ ਸਨ।

# ਸ੍ਰੀ ਹੇਮਕੁੰਟ ਸਕੂਲ 'ਚ ਮਨਾਇਆ ਡਾਕਟਰ ਦਿਵਸ



ਕੋਟ ਈਸੇ ਖਾਂ, 1 ਜੁਲਾਈ (ਗਾਂਧੀ/ਖੁਰਾਣਾ): ਭਾਰਤ 'ਚ ਇੱਕ ਜੁਲਾਈ ਨੂੰ ਡਾਕਟਰ ਦਿਵਸ ਵਜੋਂ ਮਨਾਇਆ ਜਾਂਦਾ ਹੈ। ਇਸ ਮੌਕੇ ਹੇਮਕੁੰਟ ਸੰਸਥਾਵਾਂ ਦੇ ਚੇਅਰਮੈਨ ਕੁਲਵੰਤ ਸਿੰਘ ਸੰਧੂ ਅਤੇ ਐੱਮ.ਡੀ ਮੈਡਮ ਰਣਜੀਤ ਕੌਰ ਸੰਧੂ ਦੀ ਦੇਖ-ਰੇਖ ਵਿੱਚ ਡਾਕਟਰ ਦਿਵਸ ਮਨਾਇਆ ਗਿਆ। ਉਹਨਾਂ ਨੇ ਕਿਹਾ ਕਿ ਇਹ ਦਿਵਸ ਭਾਰਤ ਵਿੱਚ ਡਾਕਟਰ ਬਿਧਨ ਚੰਦਰਾ ਵੱਲੋਂ ਦਿੱਤੇ ਯੋਗਦਾਨ ਨੂੰ ਯਾਦ ਕਰਦੇ ਹੋਏ ਮਨਾਇਆ ਜਾਂਦਾ ਹੈ। ਡਾਕਟਰ ਨੂੰ ਰੱਬ ਦਾ ਦਰਜਾ ਦਿੱਤਾ ਗਿਆ ਹੈ ਕਿਉਂਕਿ ਡਾਕਟਰ ਲੋਕਾਂ ਨੂੰ ਜੀਵਨ ਬਚਾਉਂਦੇ ਹਨ। ਲੋਕ ਡਾਕਟਰਾਂ ਦੇ ਕੰਮਾਂ ਨੂੰ ਸਲਾਮ ਕਰਦੇ ਹਨ। ਸ੍ਰੀ ਹੇਮਕੁੰਟ ਸਕੂਲ ਦੇ ਅਧਿਆਪਕਾਂ ਵੱਲੋਂ ਡਾ: ਜਸਪਾਲ ਸਿੰਘ, ਡਾ: ਰਾਜ ਕੁਮਾਰ, ਡਾ: ਬਜਾਜ, ਡਾ: ਭੁਪਿੰਦਰ ਸਿੰਘ, ਡਾ: ਅਸ਼ੋਕ, ਡਾ: ਚਾਹਤ ਕੰਬੋਜ, ਡਾ: ਰਮਨ ਕੁਮਾਰ, ਡਾ: ਧਰਮਵੀਰ ਸਿੰਘ, ਡਾ: ਰਾਜਦਵਿੰਦਰ ਸਿੰਘ ਨੂੰ ਸਨਮਾਨਿਤ ਕੀਤਾ ਅਤੇ ਸਨਮਾਨ ਵਜੋਂ ਗੁਲਦਸਤੇ ਅਤੇ ਧੰਨਵਾਦ ਕਾਰਡ ਭੇਟ ਕੀਤੇ ਗਏ ਅਤੇ ਉਹਨਾਂ ਦੇ ਕੰਮਾਂ ਦੀ ਸ਼ਲਾਘਾ ਕਰਦੇ ਹੋਏ ਪ੍ਰਸ਼ੰਸਾ ਕੀਤੀ ਅਤੇ ਨਾਲ ਹੀ ਮਿਠਾਈ ਖਵਾ ਕੇ ਮੂੰਹ ਮਿੱਠਾ ਕੀਤਾ ਗਿਆ। ਇਸ ਸਮੇਂ ਪ੍ਰਿੰਸੀਪਲ ਮੈਡਮ ਰਮਨਜੀਤ ਕੌਰ ਨੇ ਕਿਹਾ ਕਿ ਡਾਕਟਰਾਂ ਨੂੰ ਅਸੀ ਦੂਸਰਾ ਰੱਬ ਮੰਨਦੇ ਹਾਂ ਕਿਉਂਕਿ ਮੁਸੀਬਤ ਸਮੇਂ ਕਿਸੇ ਵਿਅਕਤੀ ਦੀ ਜਾਨ ਬਚਾਉਣ ਦੀ ਜ਼ਿੰਮੇਦਾਰੀ ਡਾਕਟਰਾਂ ਦੇ ਹੱਥ ਵਿੱਚ ਹੁੰਦੀ ਹੈ, ਜੋ ਕਿ ਇਨਸਾਨ ਨੂੰ ਨਵੀਂ ਜ਼ਿੰਦਗੀ ਦੇ ਸਕਦੇ ਹਨ।

# ਜੈ ਮਲਾਪ ਲੈਬੋਰਟਰੀ ਐਸੋਸੀਏਸ਼ਨ ਨੇ ਸਿਵਲ ਹਸਪਤਾਲ ਜ਼ੀਰਾ ਵਿਖੇ ਮਨਾਇਆ ਡਾਕਟਰ ਦਿਵਸ



ਜ਼ੀਰਾ, 1 ਜੁਲਾਈ (ਦੀਪਕ ਭਾਰਗੋ): ਜੈ ਮਲਾਪ ਲੈਬੋਰਟਰੀ ਐਸੋਸੀਏਸ਼ਨ ਬਲਾਕ ਜ਼ੀਰਾ ਵੱਲੋਂ ਡਾਕਟਰ ਦਿਵਸ ਤੇ ਬਲਾਕ ਪ੍ਰਧਾਨ ਡਾ. ਵਿਸ਼ਾਲ ਚੋਪੜਾ ਦੀ ਅਗਵਾਈ ਵਿੱਚ ਸਮੂਹ ਬਲਾਕ ਜ਼ੀਰਾ ਨੇ ਸਿਵਲ ਹਸਪਤਾਲ ਜ਼ੀਰਾ ਵਿਖੇ ਮੈਡੀਕਲ ਅਫਸਰ ਡਾ. ਮਨਜੀਤ ਕੌਰ ਐਸ ਐਮ ਓ, ਡਾ. ਪ੍ਰਿਤਪਾਲ ਸਿੰਘ, ਡਾ. ਗੀਨਾ ਛਾਬੜਾ, ਡਾ. ਮੁਰਲੀ ਲਾਲ, ਡਾ. ਸਾਈਨਾ, ਡਾ. ਲਵਪ੍ਰੀਤ ਸਿੰਘ ਨੂੰ ਸਨਮਾਨ ਕੀਤਾ ਗਿਆ। ਇਸ ਸਮੇਂ ਬਲਾਕ ਪ੍ਰਧਾਨ ਜ਼ੀਰਾ ਵੱਲੋਂ ਡਾ. ਵਿਸ਼ਾਲ ਚੋਪੜਾ ਨੂੰ ਦੱਸਿਆ ਕਿ ਜੈ ਮਲਾਪ ਲੈਬੋਰਟਰੀ ਐਸੋਸੀਏਸ਼ਨ ਵੱਲੋਂ ਹਮੇਸ਼ਾ ਸਿਹਤ ਵਿਭਾਗ ਦਾ ਸਾਥ ਦਿੱਤਾ ਗਿਆ ਹੈ ਚਾਹੇ ਕੋਵਿਡ ਮਹਾਂਮਾਰੀ ਚਾਹੇ ਖੂਨ ਦਾਨ ਸਬੰਧਤ ਸਿਹਤ ਸੇਵਾਵਾਂ ਪ੍ਰਦਾਨ ਕੀਤੀਆਂ ਜਦੋਂ ਵੀ ਜਿੱਥੇ ਵੀ ਜੈ ਮਲਾਪ ਦੇ ਵਲੰਟੀਅਰਾਂ ਦੀ ਲੋੜ ਹੋਈ, ਅਸੀ 24 ਘੰਟੇ ਆਪਣੇ ਲੋਕਾਂ ਦੀ ਸੇਵਾ ਲਈ ਹਾਜ਼ਰ ਹਾਂ। ਇਸ ਤੋਂ ਇਲਾਵਾ ਉਨ੍ਹਾਂ ਕਿਹਾ ਕਿ ਜੈ ਮਲਾਪ ਵੱਲੋਂ ਅੱਗੇ ਵੀ ਸਿਹਤ ਵਿਭਾਗ ਦਾ ਪੂਰਾ ਸਾਥ ਦੇਣ ਦਾ ਭਰੋਸਾ ਦਿਵਾਇਆ। ਇਸ ਸਮੇਂ ਮੈਡੀਕਲ ਅਫਸਰ ਨੇ ਜੈ ਮਲਾਪ ਟੀਮ ਦਾ ਧੰਨਵਾਦ ਕੀਤਾ। ਇਸ ਸਮੇਂ ਸਟੇਟ ਜੁਆਇੰਟ ਕੈਸ਼ੀਅਰ ਡਾ. ਪਰਮਪ੍ਰੀਤ ਸਿੰਘ ਬਲਾਕ ਪ੍ਰਧਾਨ ਡਾ. ਵਿਸ਼ਾਲ ਚੋਪੜਾ, ਸੈਕਟਰੀ ਸੁਖਪ੍ਰੀਤ ਸਿੰਘ, ਕੈਸ਼ੀਅਰ ਗੁਰਮੁਖ ਸਿੰਘ, ਗੁਰਚਰਨ ਸ਼ਰਮਾ, ਮਨਪ੍ਰੀਤ ਸਿੰਘ, ਜਸਬੀਰ ਸਿੰਘ, ਪ੍ਰਦੀਪ ਹਾਂਡਾ, ਨਵਦੀਪ ਸਿੰਘ, ਗੁਰਵਿੰਦਰ ਸਿੰਘ, ਤਰੁਣ ਬਿੰਦਰਾ, ਡਾ. ਆਰਤੀ ਬਿੰਦਰਾ, ਬੋਹੜ ਸਿੰਘ, ਲਵਜੀਤ ਬਾਵਾ, ਲਖਵਿੰਦਰ ਸਿੰਘ, ਸੁਖਦੇਵ ਸਿੰਘ, ਗੁਰਮੀਤ ਸਿੰਘ, ਗੁਰਵਿੰਦਰ ਗੁਰੀ ਆਦਿ ਮੈਂਬਰ ਹਾਜ਼ਰ ਸਨ।

# ਤੀਬਰ ਦਸਤ ਰੋਕੂ ਪ੍ਰੋਗਰਾਮ ਦੀ ਸ਼ੁਰੂਆਤ

ਫ਼ਿਰੋਜ਼ਪੁਰ, 1 ਜੁਲਾਈ (ਤਿਵਾੜੀ): ਸਿਵਲ ਸਰਜਨ ਡਾ. ਰਾਜਵਿੰਦਰ ਕੌਰ ਦੇ ਦਿਸ਼ਾ-ਨਿਰਦੇਸ਼ਾਂ ਹੇਠ ਜ਼ਿਲ੍ਹਾ ਫਿਰੋਜ਼ਪੁਰ ਦੇ ਅਧੀਨ ਆਉਂਦੇ ਸਾਰੇ ਸਿਹਤ ਅਤੇ ਤੰਦਰੁਸਤੀ ਕੇਂਦਰਾਂ ਵਿੱਚ ਤੀਬਰ ਦਸਤ ਰੋਕੂ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ ਗਈ, ਜੋ 1 ਜੁਲਾਈ ਤੋਂ 31 ਜੁਲਾਈ ਤੱਕ ਚੱਲੇਗਾ। ਇਸ ਦਾ ਟੀਚਾ ਬਚਪਨ ਵਿੱਚ ਦਸਤ ਕਾਰਨ ਹੋਣ ਵਾਲੀਆਂ ਮੌਤਾਂ ਨੂੰ ਜ਼ੀਰੋ ਕਰਨਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਡਾ. ਰਾਜਵਿੰਦਰ ਸਿਵਲ ਸਰਜਨ ਨੇ ਦੱਸਿਆ ਕਿ ਇਸ ਮੁਹਿੰਮ ਵਿੱਚ 5 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਕਵਰ ਕੀਤਾ ਜਾਵੇਗਾ, ਜਿਨ੍ਹਾਂ ਨੂੰ ਓ.ਆਰ.ਐੱਸ. ਦੇ ਪੈਕੇਟ ਅਤੇ ਜ਼ਿੰਕ ਦੀਆਂ ਗੋਲੀਆਂ ਦਿੱਤੀਆਂ ਜਾਣਗੀਆਂ। ਦਸਤ ਕਾਰਨ ਹੋਣ ਵਾਲੀਆਂ ਲਗਭਗ ਸਾਰੀਆਂ ਮੌਤਾਂ ਨੂੰ ਓਰਲ ਰੀਹਾਈਡਰੇਸ਼ਨ ਸਾਲਟ (ਓ.ਆਰ.ਐਸ) ਦੀ ਸਹੀ ਮਾਤਰਾ ਅਤੇ ਜ਼ਿੰਕ ਦੀਆਂ ਗੋਲੀਆਂ ਦੀ ਖੁਰਾਕ ਦੇ ਨਾਲ-ਨਾਲ ਬੱਚੇ ਦੁਆਰਾ ਲੋੜੀਂਦੀ




ਪੋਸ਼ਣ ਦੇ ਸੇਵਨ ਨਾਲ ਰੋਕਿਆ ਜਾ ਸਕਦਾ ਹੈ। ਅੱਜ ਸਿਵਲ ਹਸਪਤਾਲ਼ ਫ਼ਿਰੋਜ਼ਪੁਰ ਵਿਖੇ ਮਾਸ ਮੀਡੀਆ ਬਰਾਂਚ ਵਲੋਂ ਕੀਤੇ ਜਾਗਰੂਕਤਾ ਸੈਮੀਨਾਰ ਵਿੱਚ ਸਕੂਲ਼ ਹੈਲਥ ਜ਼ਿਲ੍ਹਾ ਨੋਡਲ ਅ਼ਫ਼ਸਰ ਡਾ ਹਰਪ੍ਰੀਤ ਕੌਰ ਅਤੇ ਨੇਹਾ ਭੰਡਾਰੀ ਡਿਪਟੀ ਮਾਸ ਮੀਡੀਆ ਅ਼ਫ਼ਸਰ ਨੇ ਹਸਪਤਾਲ 'ਚ ਆਏ ਮਰੀਜ਼ਾਂ ਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ 0 ਤੋਂ 5 ਸਾਲ ਤੱਕ ਦੇ ਬੱਚਿਆਂ ਨੂੰ ਕੁੱਝ ਵੀ ਖਵਾਉਣ ਤੋਂ ਪਹਿਲਾਂ ਹੱਥਾਂ ਨੂੰ ਚੰਗੀ ਤਰ੍ਹਾਂ ਸਾਬਣ ਨਾਲ ਧੋ ਕੇ ਖਾਣਾ ਖਵਾਉਣਾ ਚਾਹੀਦਾ ਹੈ। ਇਸ ਤੋਂ ਇਲਾਵਾ ਸਾਨੂੰ ਸਾਰਿਆਂ ਨੂੰ ਸਾਫ ਪਾਣੀ ਪੀਣਾ ਚਾਹੀਦਾ ਹੈ, ਪੀਣ ਵਾਲੇ ਪਾਣੀ ਨੂੰ ਹਮੇਸ਼ਾ ਢੱਕ ਕੇ ਰੱਖੋ। ਬੱਚੇ ਨੂੰ ਘੱਟੋ-ਘੱਟ ਛੇ ਮਹੀਨੇ ਤੱਕ ਮਾਂ ਦਾ ਦੁੱਧ ਜ਼ਰੂਰ ਪਿਲਾਉਣਾ ਚਾਹੀਦਾ ਹੈ। ਇਨ੍ਹਾਂ ਸਾਰਿਆਂ ਉਪਰਾਲਿਆਂ ਨਾਲ ਅਤੇ ਉਚਿਤ ਪੋਸ਼ਣ ਨਾਲ ਦਸਤ ਨੂੰ ਰੋਕਿਆ ਜਾ ਸਕਦਾ ਹੈ। ਦਸਤ ਨੂੰ ਰੋਕਣ ਲਈ ਸਵੱਛਤਾ ਬਣਾਈ ਰੱਖਣ ਦੀ ਜ਼ਰੂਰਤ ਹੈ ਅਤੇ ਬਿਮਾਰੀ ਦੇ ਇਲਾਜ ਲਈ ਓ.ਆਰ.ਐੱਸ. ਤੇ ਜ਼ਿੰਕ ਥੈਰੇਪੀ ਕਾਰਗਰ ਹੈ।

# ਸਰਕਾਰੀ ਹਾਈ ਸਕੂਲ ਓਡੀਆਂ ਵਿਖੇ ਮਨਾਇਆ ਨੈਸ਼ਨਲ ਡਾਕਟਰ ਡੇਅ




ਫਾਜ਼ਿਲਕਾ, 1 ਜੁਲਾਈ (ਬਖਸ਼ੀਸ਼ ਸਿੰਘ/ਜਸਪ੍ਰੀਤ ਸਿੰਘ) : ਪੰਜਾਬ ਸਰਕਾਰ ਸਿੱਖਿਆ ਵਿਭਾਗ ਦੀਆਂ ਹਦਾਇਤਾਂ ਅਨੁਸਾਰ ਅੱਜ ਸਰਕਾਰੀ ਹਾਈ ਸਕੂਲ ਓਡੀਆਂ ਵਿਖੇ ਨੈਸ਼ਨਲ ਡਾਕਟਰ ਡੇਅ ਮਨਾਇਆ ਗਿਆ। ਇਸ ਮੌਕੇ ਸੀ. ਐਚ. ਸੀ. ਡਬਵਾਲਾ ਕਲਾਂ ਦੇ ਮੈਡੀਕਲ ਅ਼ਫ਼ਸਰ ਡਾ.ਆਸ਼ੀਸ਼ ਗਰੋਵਰ ਬਤੌਰ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਜਾਣਕਾਰੀ ਦਿੰਦਿਆਂ ਸਕੂਲ ਮੁੱਖ ਅਧਿਆਪਕ ਸੰਦੀਪ ਸਚਦੇਵਾ ਨੇ ਦੱਸਿਆ ਕਿ ਸਵੇਰ ਦੀ ਸਭਾ ਵਿੱਚ ਸਭ ਤੋਂ ਪਹਿਲਾਂ ਛੁੱਟੀਆਂ ਤੋਂ ਬਾਅਦ ਵਾਪਸ ਪਰਤੇ ਵਿਦਿਆਰਥੀਆਂ ਦਾ ਸੁਆਗਤ ਕੀਤਾ ਗਿਆ। ਸਾਇੰਸ ਅਧਿਆਪਕਾ ਸ੍ਰੀਮਤੀ ਸ਼ੂਚੀ ਨੇ ਡਾਕਟਰ ਡੇਅ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਨੇ ਕਿਹਾ ਕਿ ਸਾਡੀ ਜ਼ਿੰਦਗੀ ਵਿਚ ਡਾਕਟਰ ਨੂੰ ਭਗਵਾਨ ਦਰਜਾ ਦਿੱਤਾ ਗਿਆ ਹੈ। ਡਾਕਟਰ ਲੋਕ ਗਰਮੀ, ਸਰਦੀ ਦੀ ਪਰਵਾਹ ਕੀਤੇ ਬਿਨਾਂ ਮਰੀਜ਼ਾਂ ਦੀ ਸੇਵਾ ਵਿਚ ਲੱਗੇ ਰਹਿੰਦੇ ਹਨ। ਦੇਸ਼ ਵਿਚ ਕੋਈ ਵੀ ਕੁਦਰਤੀ ਆਫ਼ਤ ਆ ਜਾਵੇ, ਡਾਕਟਰ ਲੋਕ ਸਭ ਤੋਂ ਪਹਿਲਾਂ ਸੇਵਾ ਲਈ ਖੜੇ ਹੁੰਦੇ ਹਨ। ਡਾਕਟਰ ਆਸ਼ੀਸ਼ ਗਰੋਵਰ ਨੇ ਆਮ ਸਿਹਤ ਬਾਰੇ ਅਤੇ ਆਰ ਐਸ ਬੀ ਕੇ ਤਹਿਤ ਦਿੱਤੀਆਂ ਜਾਣ ਵਾਲੀਆਂ ਸੁਵਿਧਾਵਾਂ ਬਾਰੇ ਜਾਣਕਾਰੀ ਦਿੱਤੀ ਅਤੇ ਇਸ ਦਾ ਵੱਧ ਤੋਂ ਵੱਧ ਲਾਭ ਉਠਾਉਣ ਦੀ ਅਪੀਲ ਕੀਤੀ। ਇਸ ਮੌਕੇ ਸਮੂਹ ਸਟਾਫ਼ ਡਾਕਟਰ ਆਸ਼ੀਸ਼ ਗਰੋਵਰ, ਫਾਰਮਾਸਿਸਟ ਇੰਦਰਜੀਤ, ਸਟਾਫ਼ ਨਰਸ ਪੂਨਮ ਅਤੇ ਸ਼ੀਨੂੰ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ।

# ਸੀਨੀਅਰ ਪੱਤਰਕਾਰ ਕੁਲਵੀਰ ਸਿੰਘ ਕਾਹਲੋਂ ਦੀ ਅੰਤਿਮ ਅਰਦਾਸ 4 ਨੂੰ

ਭੋਗਪੁਰ, 1 ਜੁਲਾਈ (ਅਮਰਜੀਤ ਸਿੰਘ ਸੈਣੀ): ਸੀਨੀਅਰ ਪੱਤਰਕਾਰ ਸਰਦਾਰ ਕੁਲਵੀਰ ਸਿੰਘ ਕਾਹਲੋਂ ਜੋ ਕਿ ਪਿਛਲੇ ਦਿਨੀ ਆਪਣੀ ਸੰਸਾਰਕ ਯਾਤਰਾ ਨੂੰ ਪੂਰਾ ਕਰਦੇ ਹੋਏ ਸਭ ਨੂੰ ਵਿਛੋੜਾ ਦੇ ਗਏ ਸਨ, ਉਹਨਾਂ ਦਾ ਅੰਤਿਮ ਸਸਕਾਰ ਉਹਨਾਂ ਦੇ ਪਿੰਡ ਚੱਕ ਝੰਡੂ ਵਿਖੇ ਕੀਤਾ ਗਿਆ ਅਤੇ ਉਹਨਾਂ ਦੀ ਆਤਮਿਕ ਸ਼ਾਂਤੀ ਲਈ ਰੱਖੇ ਗਏ ਸ੍ਰੀ ਸਹਿਜ ਪਾਠ ਜੀ ਦੇ ਭੋਗ ਮਿਤੀ 4 ਜੁਲਾਈ ਦਿਨ ਸ਼ੁੱਕਰਵਾਰ ਗੁਰਦੁਆਰਾ ਸਿੰਘ ਸਭਾ ਉਹਨਾਂ ਦੇ ਪਿੰਡ ਚੱਕ ਝੰਡੂ ਵਿਖੇ ਪੈਣਗੇ। ਕੀਰਤਨ ਦਰਬਾਰ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਚਰਨਾਂ ਵਿੱਚ ਅਰਦਾਸ ਬੇਨਤੀ ਕੀਤੀ ਜਾਵੇਗੀ ਕਿ ਵਾਹਿਗੁਰੂ ਸੀਨੀਅਰ ਪੱਤਰਕਾਰ ਸਰਦਾਰ ਕੁਲਵੀਰ ਸਿੰਘ ਜੀ ਦੀ ਆਤਮਾ ਨੂੰ ਚਰਨਾਂ ਵਿੱਚ ਨਿਵਾਸ ਬਖਸ਼ਣ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ। ਚੜ੍ਹਦੀਕਲਾ ਟਾਈਮ ਟੀਵੀ ਟੀਮ ਭੋਗਪੁਰ ਨੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ।



# ਛੁੱਟੀਆਂ ਤੋਂ ਬਾਅਦ ਸਕੂਲ ਪਹੁੰਚੇ 'ਫੁੱਲਾਂ' ਦਾ ਫੁੱਲਾਂ ਨਾਲ ਸਵਾਗਤ

ਫਾਜ਼ਿਲਕਾ, 1 ਜੁਲਾਈ (ਬਖਸ਼ੀਸ਼ ਸਿੰਘ/ਜਸਪ੍ਰੀਤ ਸਿੰਘ) : ਗਰਮੀ ਦੀਆਂ ਛੁੱਟੀਆਂ ਤੋਂ ਬਾਅਦ ਪਹਿਲੇ ਦਿਨ ਸਕੂਲ ਖੁੱਲਣ 'ਤੇ ਸਕੂਲੀ ਵਿਦਿਆਰਥੀਆਂ ਦਾ ਸਕੂਲ ਮੁਖੀਆਂ ਅਤੇ ਅਧਿਆਪਕਾਂ ਵੱਲੋਂ ਭਰਵਾਂ ਸਵਾਗਤ ਕੀਤਾ ਗਿਆ, ਜ਼ਿਲ੍ਹੇ ਦੇ ਲਗਭਗ ਸਾਰੇ ਹੀ ਸਕੂਲਾਂ ਅੰਦਰ ਸਿੱਖਿਆ ਵਿਭਾਗ ਦੇ ਦਿਸ਼ਾ ਨਿਰਦੇਸ਼ਾਂ 'ਤੇ ਵਿਦਿਆਰਥੀਆਂ ਦਾ ਸਵਾਗਤ ਕੀਤਾ ਗਿਆ। ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਨੁਕੇਰੀਆਂ ਦੇ ਪ੍ਰਿੰਸੀਪਲ ਹੰਸ ਰਾਜ ਦੀ ਅਗਵਾਈ ਵਿੱਚ ਵਿਦਿਆਰਥੀਆਂ ਅਤੇ ਅਧਿਆਪਕਾਂ ਦੇ ਸਕੂਲ ਆਉਂਦਿਆਂ ਹੀ ਉਨ੍ਹਾਂ ਉਪਰ ਫੁੱਲਾਂ ਦੀ ਵਰਖਾ ਕੀਤੀ ਗਈ ਅਤੇ ਤਿਲਕ ਲਗਾ ਕੇ ਵਿਦਿਆਰਥੀਆਂ ਨੂੰ ਜੀ ਆਇਆਂ ਆਖਿਆ ਗਿਆ। ਸਵੇਰ ਦੀ ਸਭਾ ਵਿਚ ਪ੍ਰਿੰਸੀਪਲ ਹੰਸ ਰਾਜ ਨੇ ਸਾਰੇ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਜੀ ਆਇਆਂ ਆਖਿਆ ਅਤੇ ਤਣਾਅ ਮੁਕਤ ਹੋ ਕੇ ਪੜ੍ਹਨ ਪੜ੍ਹਾਉਣ ਦੀ ਅਪੀਲ ਕੀਤੀ। ਇਸ ਤੋਂ ਬਾਅਦ ਵਿਦਿਆਰਥੀਆਂ ਦੀਆਂ ਮਨਪਸੰਦ ਖੇਡਾਂ ਅਤੇ ਗੀਤ ਸੰਗੀਤ ਦਾ ਪ੍ਰੋਗਰਾਮ ਕਰਵਾਇਆ ਗਿਆ। ਸ.ਸ.ਸ.ਸ. ਮੰਡੀ ਅਮੀਨ ਗੰਜ ਵਿਚ ਕਾਰਜਕਾਰੀ ਪ੍ਰਿੰਸੀਪਲ ਪੂਰਨ ਦਾਸ ਅਤੇ ਧਰਮਪਾਲ ਦੀ ਅਗਵਾਈ ਵਿਚ ਬੱਚਿਆਂ ਦਾ ਨਿੱਘਾ ਸਵਾਗਤ ਕੀਤਾ ਗਿਆ, ਵਿਦਿਆਰਥੀਆਂ ਨੇ ਗਿੱਧਾ ਭੰਗੜਾ ਪਾ ਕੇ ਖੁਸ਼ੀ ਮਨਾਈ। ਸ.ਹ.ਸ. ਅਲਿਆਣਾ ਵਿਚ ਮੁੱਖ ਅਧਿਆਪਕ ਜੋਤੀ ਸੇਤੀਆ ਅਤੇ ਸਹਿਜਪਾਲ ਸਿੰਘ ਦੀ ਅਗਵਾਈ ਵਿਚ ਬਚਿਆਂ 'ਤੇ ਫੁੱਲ ਵਰਸਾਏ ਗਏ ਅਤੇ ਕਬੱਡੀ ਅਤੇ ਕ੍ਰਿਕਟ ਦਾ ਸ਼ੋਅ ਮੈਚ ਕਰਵਾ ਕੇ ਵਿਦਿਆਰਥੀਆਂ ਨੂੰ ਤਣਾਅ ਮੁਕਤ ਕੀਤਾ। ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਜੰਡਵਾਲਾ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬਾਹਮਣੀ ਵਾਲਾ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਪਾਕਾ ਦੇ ਪ੍ਰਿੰਸੀਪਲ ਸ੍ਰੀ ਜਾਂਗੜ, ਸ੍ਰੀ ਸੁਭਾਸ਼ ਸਿੰਘ ਅਤੇ ਨਰਿੰਦਰ ਪਾਲ ਦੀ ਅਗਵਾਈ ਵਿਚ ਵਿਦਿਆਰਥੀਆਂ ਦਾ ਸਵਾਗਤ ਕੀਤਾ।



# ਪਿੰਡ ਸਿਰੀਏਵਾਲਾ ਵਿਖੇ ਅੰਗਹੀਣ ਅਸੈਸਮੈਂਟ ਕੈਂਪ ਲਗਾਇਆ



ਭਗਤਾ ਭਾਈ ਕਾ, 1 ਜੁਲਾਈ (ਸਵਰਨ ਸਿੰਘ ਭਗਤਾ):ਅੰਗਹੀਣਾਂ ਲਈ ਲੋੜੀਂਦਾ ਸਮਾਨ ਮੁਹੱਈਆ ਕਰਵਾਉਣ ਦੇ ਲਈ ਨਜ਼ਦੀਕੀ ਪਿੰਡ ਸਿਰੀਏਵਾਲਾ ਵਿਖੇ ਅੰਗਹੀਣ ਅਸੈਸਮੈਂਟ ਕੈਂਪ ਲਗਾਇਆ ਗਿਆ।ਇਸ ਸਬੰਧੀ ਜਾਣਕਾਰੀ ਦਿੰਦਿਆਂ ਸਰਪੰਚ ਹਰਜਿੰਦਰ ਕੌਰ ਸੁਪਤਨੀ ਯਾਦਵਿੰਦਰ ਸਿੰਘ ਪੱਪੂ ਸਮਾਜ ਸੇਵੀ ਨੇ ਦੱਸਿਆ ਕਿ ਦੂਰ-ਦੁਰਾਡੇ ਪਿੰਡਾਂ ਦੇ ਅੰਗਹੀਣ ਵਿਅਕਤੀਆਂ ਨੂੰ ਬਠਿੰਡਾ ਸ਼ਹਿਰ ਵਿਖੇ ਆਉਣ ਜਾਣ ਲਈ ਮੁਸ਼ਕਿਲ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਦੇ ਲਈ ਗ੍ਰਾਮ ਪੰਚਾਇਤ ਦੇ ਉਪਰਾਲੇ ਸਦਕਾ ਰੁਦਰਾ ਆਸਰਾ ਸੈਂਟਰ ਬਠਿੰਡਾ ਵੱਲੋਂ ਅਲਿਮਕੋ ਦੇ ਸਹਿਯੋਗ ਦੇ ਨਾਲ ਸ਼ਹੀਦ ਸ.ਸੁਖਦੇਵ ਸਿੰਘ ਅਟਵਾਲ ਲਾਇਬ੍ਰੇਰੀ ਸਿਰੀਏਵਾਲਾ ਵਿਖੇ ਅੰਗਹੀਣ ਅਸੈਸਮੈਂਟ ਕੈਂਪ ਲਗਾਇਆ ਗਿਆ। ਇਸ ਮੌਕੇ ਰੁਦਰਾਂ ਆਸਰਾ ਸੈਂਟਰ ਬਠਿੰਡਾ ਦੀ ਟੀਮ ਵੱਲੋਂ ਸ੍ਰੀ ਰਵੀ ਸ਼ਰਮਾ, ਗੌਤਮ ਪਾਂਡੇ ਰੇਖਾ ਰਾਣੀ, ਵਿਨੇ ਭਾਰਦਵਾਜ ਅਤੇ ਦਿਵਿਆਂਗ ਗਰੁੱਪ ਭਗਤਾ ਤੋਂ ਪ੍ਰਧਾਨ ਗੋਰਾ ਸਿੰਘ,ਮੀਤ ਪ੍ਰਧਾਨ ਗੁਰਜੰਟ ਸਿੰਘ,ਸੈਕਟਰੀ ਨਰੇਸ਼ ਕੁਮਾਰ ਸਿੰਗਲਾ ਵਿਸ਼ੇਸ਼ ਤੌਰ ਤੇ ਪਹੁੰਚੇ। ਇਸ ਕੈਂਪ ਦੇ ਵਿੱਚ ਦਰਜਨ ਦੇ ਕਰੀਬ ਨੇੜਲੇ ਪਿੰਡ ਵਾਂਦਰ-ਡੋਡ, ਸੁਖਾਨੰਦ,ਬੁਰਜ ਲੱਧਾ,ਬੁਰਜ ਥਰੋੜ ਭਗਤਾ,ਕੋਠਾ ਗੁਰੂ ,ਹਮੀਰਗੜ,ਗੁਰੂਸਰ,ਆਕਲੀਆ, ਸਮਾਧ ਭਾਈ ,ਥਰਾਜ,ਕੇਸਰ ਸਿੰਘ ਵਾਲਾ,ਜਲਾਲ, ਆਦਿ ਪਿੰਡਾਂ ਦੇ 110 ਦੇ ਕਰੀਬ ਲਾਭਪਾਤਰੀਆਂ ਨੇ ਹਿੱਸਾ ਲਿਆ।ਇਸ ਮੌਕੇ ਲੋੜਵੰਦ ਅੰਗਹੀਣ ਵਿਅਕਤੀਆਂ ਲਈ ਵੱਖ-ਵੱਖ ਸਮਾਨ ਜਿਵੇਂ ਕੰਨਾਂ ਵਾਲੀ ਮਸ਼ੀਨ ,ਖੂੰਡੀਆਂ,ਵੀਲ ਚੇਅਰ ,ਟਰਾਈ ਸਾਈਕਲ, ਬੈਟਰੀ ਵਾਲਾ ਸਾਈਕਲ ਆਦਿ ਲਈ ਅਸੈਸਮੈਂਟ ਕੀਤੀ ਗਈ।ਇਸ ਮੌਕੇ ਸਰਪੰਚ ਹਰਜਿੰਦਰ ਕੌਰ ਜੀ ਵੱਲੋਂ ਬਠਿੰਡਾ ਤੋਂ ਪਹੁੰਚੀ ਸਮੁੱਚੀ ਟੀਮ ਦਾ ਵਿਸ਼ੇਸ਼ ਸਨਮਾਨ ਵੀ ਕੀਤਾ ਗਿਆ ਅਤੇ ਇਸ ਕੈਂਪ ਵਿੱਚ ਲੋੜਵੰਦਾਂ ਦੀ ਅਗਵਾਈ,ਜਾਣਕਾਰੀ ਅਤੇ ਸਹਿਯੋਗ ਲਈ ਸਮੂਹ ਆਂਗਣਵਾੜੀ ਵਰਕਰਾਂ ਦਾ ਵੀ ਵਿਸ਼ੇਸ਼ ਧੰਨਵਾਦ ਕੀਤਾ ਗਿਆ।ਇਸ ਕੈਂਪ ਨੂੰ ਸਫਲ ਬਣਾਉਣ ਦੇ ਲਈ ਤੇਜਿੰਦਰ ਸਿੰਘ ਪਟਵਾਰੀ ,ਪਰਵੀਨ ਸਿੰਘ,ਸੁਰਜੀਤ ਸਿੰਘ ਸਾਬਕਾ ਮੈਂਬਰ ,ਦੇਵ ਸਿੰਘ, ਅਜੇਪਾਲ ਸਿੰਘ ਹਰਿੰਦਰ ਸਿੰਘ ,ਹੈਪੀ ,ਅੰਮ੍ਰਿਤ ,ਬੰਟੀ ਅਤੇ ਸਮਹ ਗ੍ਰਾਮ ਪੰਚਾਇਤ ਮੈਂਬਰ ਮੌਜੂਦ ਸਨ।

# ਨਸ਼ੇ ਦੇ ਤਸਕਰਾਂ ਨੂੰ ਕਿਸੇ ਵੀ ਕੀਮਤ 'ਤੇ ਬਖਸ਼ਿਆ ਨਹੀਂ ਜਾਵੇਗਾ : ਡੀ.ਐਸ.ਪੀ



ਭਦੌੜ, 1 ਜੁਲਾਈ (ਸੁਖਵਿੰਦਰ ਪਲਾਹਾ): ਪੰਜਾਬ ਸਰਕਾਰ ਵੱਲੋਂ ਪੁਲਿਸ ਦੇ ਸਹਿਯੋਗ ਨਾਲ ਚਲਾਈ ਜਾ ਰਹੀ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਨੂੰ ਅੱਗੇ ਤੋਰਦਿਆਂ ਪੰਜਾਬ ਪੁਲਿਸ ਲਗਾਤਾਰ ਯਤਨਸ਼ੀਲ ਹੈ। ਥਾਣਾ ਭਦੌੜ ਵਿਖੇ ਅੱਜ ਡੀਐਸ ਪੀ ਤਪਾ ਗੁਰਬਿੰਦਰ ਸਿੰਘ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਨਸ਼ੇ ਦੇ ਤਸਕਰਾਂ ਕਿਸੇ ਵੀ ਕੀਮਤ ਤੇ ਬਖਸ਼ਿਆਂ ਨਹੀਂ ਜਾਵੇਗਾ । ਉਹਨਾਂ ਕਿਹਾ ਕਿ ਨਸ਼ੇ ਨਾ ਸਿਰਫ ਵਿਅਕਤੀ ਨੂੰ ਸਗੋਂ ਸਮਾਜ ਨੂੰ ਖੋਖਲਾ ਕਰ ਦਿੰਦੇ ਹਨ,ਜਿਸ ਨਾਲ ਕੋਈ ਵੀ ਵਿਅਕਤੀ ਕਿਸੇ ਵਧੀਆ ਪ੍ਰਾਪਤੀ ਦੇ ਯੋਗ ਨਹੀਂ ਰਹਿੰਦਾ । ਇਸ ਮੌਕੇ ਉਨ੍ਹਾਂ ਕਿਹਾ ਕਿ ਨਸ਼ਿਆਂ ਦੇ ਖਾਤਮੇ ਲਈ ਪੱਤਰਕਾਰਾਂ, ਸਮਾਜ ਸੇਵੀਆਂ ਅਤੇ ਉਦਮੀ ਲੋਕਾਂ ਦਾ ਸਹਿਯੋਗ ਅਤਿ ਜਰੂਰੀ ਹੈ ਤਾਂ ਕਿ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਤੋਂ ਮੁਕਤ ਕਰਕੇ ਉਨ੍ਹਾਂ ਨੂੰ ਸਮਾਜ ਸੇਵੀ ਕੰਮਾਂ ਵੱਲ ਪ੍ਰੇਰਿਤ ਕੀਤਾ ਜਾ ਸਕੇ। ਉਨ੍ਹਾਂ ਕਿਹਾ ਕਿ ਜੇਕਰ ਕਿਸੇ ਨੂੰ ਕੋਈ ਨਸ਼ਾ ਵੇਚਦਾ ਜਾਂ ਕਰਦਾ ਮਿਲਦਾ ਹੈ, ਤਾਂ ਤੁਰੰਤ ਇਸ ਦੀ ਸੂਚਨਾ ਪੁਲਿਸ ਨੂੰ ਦਿੱਤੀ ਜਾਵੇ।

# ਮੰਡੀ ਵਾਸੀਆਂ ਨੇ ਗਊਸ਼ਾਲਾ ਦੀ ਪੁਰਾਣੀ ਕਮੇਟੀ ਨੂੰ ਕੀਤੇ ਤਿੱਖੇ ਸਵਾਲ, ਨਵੀ ਕਮੇਟੀ ਦੇ ਕੰਮਾਂ ਤੋਂ ਪ੍ਰਗਟਾਈ ਸੰਤੁਸ਼ਟੀ



ਮੌੜ ਮੰਡੀ, 1 ਜੁਲਾਈ (ਭੋਲਾ ਸਿੰਘ ਮਾਨ): ਪੰਚਾਇਤੀ ਗਊਸ਼ਾਲਾ ਵਿਖੇ ਮੰਡੀ ਵਾਸੀਆਂ ਦੀ ਸੱਦੀ ਗਈ ਇੱਕ ਮੀਟਿੰਗ ਦੌਰਾਨ ਗਊਸ਼ਾਲਾ ਦੀ ਪੁਰਾਣੀ ਕਮੇਟੀ ਨੂੰ ਉਸ ਸਮੇਂ ਭਾਰੀ ਨਮੋਸ਼ੀ ਦਾ ਸਾਹਮਣਾ ਕਰਨਾ ਪਿਆ ਜਦੋਂ ਮੰਡੀ ਵਾਸੀਆਂ ਨੇ ਉਨ੍ਹਾਂ ਦੇ ਕਾਰਜਕਾਲ ਦੌਰਾਨ ਗਊਸ਼ਾਲਾ 'ਚ ਹੋਈਆਂ ਧਾਂਦਲੀਆ, ਗਊਸ਼ਾਲਾ 'ਚ ਮਿਲੇ ਨਸ਼ੇ ਅਤੇ ਇਤਰਾਜ਼ਯੋਗ ਸਮੱਗਰੀ ਸਬੰਧੀ ਤਿੱਖੇ ਸਵਾਲ ਕੀਤੇ । ਪ੍ਰੰਤੂ ਇਨ੍ਹਾਂ ਸਵਾਲਾਂ ਦਾ ਪੁਰਾਣੀ ਕਮੇਟੀ ਕੋਈ ਠੋਸ ਜਵਾਬ ਨਹੀ ਦੇ ਸਕੀ । ਇਸ ਦੇ ਉਲਟ ਮੰਡੀ ਵਾਸੀਆਂ ਵੱਲੋਂ ਪਿਛਲੇ ਲੱਗਭਗ ਦੋ ਸਾਲਾਂ ਤੋਂ ਗਊਸ਼ਾਲਾ ਦਾ ਪ੍ਰਬੰਧ ਦੇਖ ਰਹੀ ਗਊ ਸੇਵਾਦਾਰਾਂ ਦੀ ਕਮੇਟੀ ਭਾਵ ਨਵੀਂ ਕਮੇਟੀ ਦੇ ਕੰਮਕਾਜ 'ਤੇ ਪੂਰਨ ਸੰਤੁਸ਼ਟੀ ਪ੍ਰਗਟ ਕੀਤੀ ।

ਦੱਸਣਾ ਬਣਦਾ ਹੈ ਕਿ ਪੰਚਾਇਤੀ ਗਊਸ਼ਾਲਾ ਬਹੁਤ ਹੀ ਪੁਰਾਣੀ ਗਊਸ਼ਾਲਾ ਹੈ, ਜਿਸ ਕੋਲ ਆਮਦਨ ਦੇ ਕਾਫ਼ੀ ਸਰੋਤ ਹਨ ਅਤੇ ਮੰਡੀ ਵਾਸੀਆਂ ਵੱਲੋਂ ਇਸ ਗਊਸ਼ਾਲਾ 'ਚ ਵੱਡੇ ਪੱਧਰ 'ਤੇ ਦਾਨ ਵੀ ਦਿੱਤਾ ਜਾਂਦਾ ਹੈ ਪ੍ਰੰਤੂ ਇੰਨੀ ਆਮਦਨ ਹੋਣ ਦੇ ਬਾਵਜੂਦ ਪੁਰਾਣੀ ਕਮੇਟੀ ਦੇ ਸਮੇਂ ਗਊਆਂ ਦੀ ਸੇਵਾ ਸੰਭਾਲ ਦਾ ਬੁਰਾ ਹਾਲ ਸੀ ਅਤੇ ਮਿਤੀ 17 ਸਤੰਬਰ 2023 ਨੂੰ ਮੰਡੀ ਵਾਸੀਆਂ ਨੇ ਪੁਰਾਣੀ ਕਮੇਟੀ ਦੇ ਪ੍ਰਬੰਧਾਂ ਦੇ ਵਿਰੁੱਧ ਅਵਾਜ਼ ਉਠਾਉਂਦੇ ਹੋਏ ਇੱਕ ਭਰਵੀਂ ਮੀਟਿੰਗ ਕੀਤੀ ਅਤੇ ਗਊ ਸੇਵਾਦਾਰਾਂ ਦੀ ਇੱਕ ਨਵੀਂ ਕਮੇਟੀ ਦਾ ਗਠਨ ਕੀਤਾ । ਹੁਣ ਨਵੀਂ ਕਮੇਟੀ ਹੀ ਪਿਛਲੇ ਲੱਗਭਗ ਦੋ ਸਾਲਾਂ ਤੋਂ ਪੰਚਾਇਤੀ ਗਊਸ਼ਾਲਾ ਦਾ ਪ੍ਰਬੰਧ ਚਲਾ ਰਹੀ ਹੈ ਪ੍ਰੰਤੂ ਅੱਜ ਵੀ ਗਊਸ਼ਾਲਾ ਦੇ ਆਮਦਨ ਵਾਲੇ ਸਾਧਨਾਂ ਤੋਂ ਪੁਰਾਣੀ ਕਮੇਟੀ ਹੀ ਪੈਸੇ ਇਕੱਠੇ ਕਰ ਰਹੀ ਹੈ, ਜਿਸ ਨੇ ਨਵੀਂ ਕਮੇਟੀ ਨੂੰ ਆਰਥਿਕ ਸਹਿਯੋਗ ਦੇਣ ਤੋਂ ਸਾਫ਼ ਇਨਕਾਰ ਕਰ ਦਿੱਤਾ ਸੀ । ਇਸ ਉਪਰੰਤ ਗਊ ਸੇਵਾਦਾਰਾਂ ਦੀ ਬਣੀ ਨਵੀਂ ਕਮੇਟੀ ਨੇ ਮਿਹਨਤ ਜਾਰੀ ਰੱਖੀ ਅਤੇ ਦਿਨ ਰਾਤ ਮਿਹਨਤ ਕਰਦੇ ਹੋਏ ਹਰੇ, ਦੁੱਧ ਅਤੇ ਦਾਨ ਦੀ ਆਮਦਨ ਨਾਲ ਗਊਆਂ ਦੀ ਖੂਬ ਸੇਵਾ ਕੀਤੀ ਜਿਸ ਕਾਰਨ ਅੱਜ ਗਊਵੰਸ਼ ਪੂਰੀ ਤਰ੍ਹਾਂ ਸਿਹਤਮੰਦ ਹੈ, ਜਿਸਦੇ ਚਲਦੇ ਗਊਆਂ ਦੀ ਮੌਤ ਦਰ 'ਚ ਭਾਰੀ ਗਿਰਾਵਟ ਆਈ ਹੈ ਅਤੇ ਹੁਣ ਫਿਰ ਪਿਛਲੇ ਦੋ ਸਾਲਾਂ ਤੋਂ ਗਊਸ਼ਾਲਾ 'ਚ ਗਊਆਂ ਦੀ ਗਿਣਤੀ ਵਧਣੀ ਸ਼ੁਰੂ ਹੋ ਗਈ ਹੈ ।

ਮੀਟਿੰਗ ਦੌਰਾਨ ਮੰਡੀ ਵਾਸੀਆਂ ਵੱਲੋਂ ਕਮੇਟੀ ਨੂੰ ਸਵਾਲ ਕਰਦੇ ਹੋਏ ਕਿਹਾ ਕਿ ਗਊਸ਼ਾਲਾ ਦੀ ਕਰੋੜਾਂ ਰੁਪਏ ਦੀ ਜਾਇਦਾਦ ਕੌਡੀਆਂ ਦੇ ਭਾਅ ਵੇਚਣ ਦਾ ਅਧਿਕਾਰ ਤੁਹਾਨੂੰ ਕਿਸ ਨੇ ਦਿੱਤਾ ਸੀ ਅਤੇ ਅੱਜ ਉਹ ਪੈਸਾ ਕਿੱਥੇ ਹੈ । ਇੰਨ੍ਹਾਂ ਕਰੋੜਾਂ ਰੁਪਈਆਂ ਦੀ ਜ਼ਮੀਨ ਜਾਇਦਾਦ ਦਾ ਪੁਰਾਣੀ ਕਮੇਟੀ ਅੱਜ ਤੱਕ ਮੰਡੀ ਵਾਸੀਆਂ ਨੂੰ ਕੋਈ ਹਿਸਾਬ ਕਿਉਂ ਨਹੀ ਦੇ ਸਕੀ । ਜਿਕਰਯੋਗ ਹੈ ਕਿ ਗਊਸ਼ਾਲਾ ਦੀ ਪੁਰਾਣੀ ਕਮੇਟੀ ਨੇ ਗਊਸ਼ਾਲਾ ਦੀ ਕਰੋੜਾਂ ਰੁਪਏ ਦੀ ਜੋ ਜਾਇਦਾਦ ਕੌਡੀਆਂ ਦੇ ਭਾਅ ਵੇਚੀ ਸੀ ਅੱਜ ਉਸ ਜਗ੍ਹਾ 'ਤੇ 500 ਗਜ਼ ਦੇ ਪਲਾਟ ਦੀ ਕੀਮਤ ਹੀ ਕਰੋੜਾਂ ਰੁਪਏ ਹੈ । ਇਸ ਜਗ੍ਹਾ ਨੂੰ ਵੇਚਣ ਦੇ ਮਾਮਲੇ ਚ ਕੈਲਾਸ਼ ਚੰਦ ਵੱਲੋਂ ਕਰਵਾਈ ਗਈ ਇੱਕ ਜਾਂਚ ਤੋਂ ਬਾਅਦ ਪੁਰਾਣੀ ਕਮੇਟੀ ਦੇ ਮੈਂਬਰਾਂ ਪ੍ਰਮੇਸ਼ਵਰ ਦਾਸ, ਸ਼ਿਵਜੀ ਰਾਮ, ਕੁਲਵੰਤ ਰਾਏ, ਲੱਖਾ ਰਾਮ, ਸਰਸਵਤੀ, ਤਰਸੇਮ ਚੰਦ, ਦਰਸ਼ਨ ਲਾਲ, ਰਾਜ ਕੁਮਾਰ, ਅਸ਼ੋਕ ਕੁਮਾਰ, ਰੇਵਤੀ ਨੰਦਨ, ਸੰਦੀਪ ਕੁਮਾਰ ਤੇ ਐਫ.ਆਈ.ਆਰ. ਨੰਬਰ 58 /2008 ਦਰਜ਼ ਹੈ । ਜੋ ਵਿਚਾਰ ਅਧੀਨ ਹੈ ਅਤੇ ਆਉਣ ਵਾਲੇ ਦਿਨਾਂ ਚ ਜੇਕਰ ਇਹ ਮਾਮਲਾ ਦੁਬਾਰਾ ਖੁੱਲ੍ਹਦਾ ਹੈ ਤਾਂ ਪੁਰਾਣੀ ਕਮੇਟੀ ਦੇ ਜੀਵਤ ਕਈ ਮੈਂਬਰਾਂ ਨੂੰ ਵੱਡੀ ਮੁਸੀਬਤ ਦਾ ਸਾਹਮਣਾ ਕਰਨਾ ਪੈ ਸਕਦਾ ਹੈ । ਮੰਡੀ ਵਾਸੀਆਂ ਨੇ ਕਿਹਾ ਕਿ ਪੁਰਾਣੀ ਕਮੇਟੀ ਦੇ ਸਮੇਂ ਰਾਤ ਨੂੰ 8 ਵਜੇ ਤੋਂ ਪਹਿਲਾਂ ਗਊਸ਼ਾਲਾ ਬੰਦ ਹੋ ਜਾਂਦੀ ਸੀ। ਮੰਡੀ ਵਾਸੀਆਂ ਨੇ ਪੁੱਛਿਆ ਕਿ ਇਲਾਜ਼ ਬਿਨਾਂ ਰੋਜ਼ਾਨਾਂ ਤਿੰਨ ਤਿੰਨ ਗਊਆਂ ਦੀ ਮੌਤ ਹੋ ਜਾਂਦੀ ਸੀ ਅਤੇ ਗਊਵੰਸ਼ 1200 ਤੋਂ ਘੱਟ ਕੇ 350 ਰਹਿ ਗਿਆ ਸੀ, ਉਨ੍ਹਾਂ ਦੀ ਮੌਤ ਦਾ ਜਿੰਮੇਵਾਰ ਕੌਣ ਹੈ । ਇੱਕ ਮੰਡੀ ਵਾਸੀ ਨੇ ਤਾਂ ਇਹ ਵੀ ਦਾਅਵਾ ਕੀਤਾ ਕਿ ਜੇਕਰ ਗਊਸ਼ਾਲਾ ਦੀ ਖੁਦਾਈ ਜੇ.ਬੀ.ਸੀ. ਨਾਲ ਕਰਵਾਈ ਜਾਵੇ ਤਾਂ ਨੀਚੇ ਤੋਂ ਸੈਂਕੜੇ ਗਊਆਂ ਦੇ ਕੰਕਾਲ ਮਿਲਣਗੇ । ਉਹਨਾਂ ਅੱਗੇ ਕਿਹਾ ਕਿ ਧਰਮਾਦੇ ਦੀਆਂ ਹੁਣ ਤੱਕ ਛਪੀਆਂ ਟਿਕਟਾਂ, ਉਨ੍ਹਾਂ ਤੋਂ ਹੋਈ ਆਮਦਨ ਅਤੇ ਬਾਕੀ ਰਹਿੰਦੀਆਂ ਟਿਕਟਾਂ ਦੀ ਜਾਣਕਾਰੀ ਦਿੱਤੀ ਜਾਵੇ ।

ਇਸ ਸੰਬੰਧੀ ਜਦ ਪੁਰਾਣੀ ਕਮੇਟੀ ਅਹੁਦੇਦਾਰਾਂ ਨਾਲ ਗੱਲ ਕਰਨੀ ਚਾਹੀ ਤਾਂ ਉਨ੍ਹਾਂ ਨੇ ਫੋਨ ਨਹੀਂ ਚੁੱਕਿਆ ।

# ਡਾਕਟਰ ਦਿਵਸ 'ਤੇ ਜੈ ਵਾਟਿਕਾ ਪਬਲਿਕ ਸਕੂਲ ਵਿੱਚ ਡਾਕਟਰਾਂ ਨੂੰ ਸਨਮਾਨਿਤ ਕੀਤਾ



ਬਰਨਾਲਾ, 1 ਜੁਲਾਈ (ਹਿਮਾਂਸ਼ੂ ਗਰਗ) : ਜੈ ਵਾਟਿਕਾ ਪਬਲਿਕ ਸਕੂਲ, ਬਰਨਾਲਾ ਨੇ ਡਾਕਟਰ ਦਿਵਸ ਦੇ ਮੌਕੇ 'ਤੇ ਇੱਕ ਵਿਸ਼ੇਸ਼ ਪ੍ਰੋਗਰਾਮ ਦਾ ਆਯੋਜਨ ਕੀਤਾ। ਇਹ ਦਿਨ ਮੈਡੀਕਲ ਖੇਤਰ ਵਿੱਚ ਕੰਮ ਕਰਨ ਵਾਲੇ ਵੱਖ-ਵੱਖ ਡਾਕਟਰਾਂ ਨੂੰ ਉਨ੍ਹਾਂ ਦੀ ਨਿਰਸਵਾਰਥ ਸੇਵਾ ਲਈ ਸਨਮਾਨਿਤ ਕਰਨ ਲਈ ਮਨਾਇਆ ਗਿਆ। ਸਕੂਲ ਦੇ ਵਿਦਿਆਰਥੀਆਂ ਅਤੇ ਅਧਿਆਪਕਾਂ ਨੇ ਵੱਖ-ਵੱਖ ਸਥਾਨਕ ਹਸਪਤਾਲਾਂ ਦਾ ਦੌਰਾ ਕੀਤਾ ਅਤੇ ਸਕੂਲ ਦੇ ਚੇਅਰਮੈਨ ਡਾ. ਭੂਸ਼ਣ ਬਾਂਸਲ, ਡਾ. ਕਮਲੇਸ਼ ਬਾਂਸਲ, ਡਾ. ਅਭਿਸ਼ੇਕ ਬਾਂਸਲ ਅਤੇ ਡਾ. ਮੇਘਾ ਬਾਂਸਲ ਨੂੰ 'ਧੰਨਵਾਦ ਕਾਰਡ' ਭੇਟ ਕਰਕੇ ਆਪਣਾ ਧੰਨਵਾਦ ਪ੍ਰਗਟ ਕੀਤਾ। ਵਿਦਿਆਰਥੀਆਂ ਨੇ ਡਾਕਟਰਾਂ ਨੂੰ ਉਨ੍ਹਾਂ ਦੀ ਨਿਰਸਵਾਰਥ ਸੇਵਾ, ਸਮਰਪਣ ਅਤੇ ਮਨੁੱਖਤਾ ਪ੍ਰਤੀ ਯੋਗਦਾਨ ਦੀ ਸ਼ਲਾਘਾ ਕਰਦੇ ਹੋਏ ਸਨਮਾਨਿਤ ਕੀਤਾ। ਇਸ ਮੌਕੇ ਸਕੂਲ ਪ੍ਰਿੰਸੀਪਲ ਡਾ. ਪਰਵਿੰਦਰ ਕੌਰ ਜੀ ਨੇ ਆਪਣੇ ਪ੍ਰੇਰਨਾਦਾਇਕ ਸ਼ਬਦਾਂ ਵਿੱਚ ਕਿਹਾ, ÷ਡਾਕਟਰ ਸਿਰਫ਼ ਇੱਕ ਪੇਸ਼ਾ ਹੀ ਨਹੀਂ ਹੈ ਬਲਕਿ ਇਹ ਸੇਵਾ, ਸਮਰਪਣ ਅਤੇ ਹਮਦਰਦੀ ਦਾ ਪ੍ਰਤੀਕ ਹੈ। ਇਹ ਸਾਡਾ ਸਾਰਿਆਂ ਦਾ ਫਰਜ਼ ਹੈ ਕਿ ਅਸੀਂ ਡਾਕਟਰਾਂ ਨੂੰ ਸਹੀ ਸਤਿਕਾਰ ਦੇਈਏ ਅਤੇ ਉਨ੍ਹਾਂ ਵਰਗੇ ਬਣਨ ਦੀ ਕੋਸ਼ਿਸ਼ ਕਰੀਏ। ਅਜਿਹੇ ਪ੍ਰੋਗਰਾਮ ਬੱਚਿਆਂ ਵਿੱਚ ਸਮਾਜਿਕ ਜਾਗਰੂਕਤਾ ਅਤੇ ਨੈਤਿਕ ਕਦਰਾਂ-ਕੀਮਤਾਂ ਦਾ ਵਿਕਾਸ ਕਰਦੇ ਹਨ।

# ਸਿਵਲ ਸਰਜਨ ਦਫ਼ਤਰ ਬਰਨਾਲਾ ਵਿਖੇ ਮਨਾਇਆ ਰਾਸ਼ਟਰੀ ਡਾਕਟਰ ਦਿਵਸ



ਬਰਨਾਲਾ, 1 ਜੁਲਾਈ (ਸੁਖਵਿੰਦਰ ਸਿੰਘ ਭੰਡਾਰੀ)- ਪ੍ਰੋਗਰੈਸਿਵ ਸੀਨੀਅਰ ਸਿਟੀਜ਼ਨ ਸੋਸਾਇਟੀ ਰਜਿ ਵੱਲੋਂ ਸਿਵਲ ਸਰਜ਼ਨ ਬਰਨਾਲਾ ਦੇ ਦਫ਼ਤਰ ਵਿਖੇ ਰਾਸ਼ਟਰੀ ਡਾਕਟਰੀ ਦਿਵਸ ਮੁੱਖ ਸਰਪ੍ਰਸਤ ਪਿਆਰਾ ਲਾਲ ਰਾਏਸਰ ਵਾਲੇ ਅਤੇ ਨੀਰਜ ਬਾਲਾ ਦਾਨੀਆ ਦੀ ਸਰਪ੍ਰਸਤੀ ਹੇਠ ਮਨਾਇਆ ਗਿਆ । ਇਸ ਮੌਕੇ ਸਿਵਲ ਸਰਜਨ ਬਰਨਾਲਾ ਡਾਕਟਰ ਬਲਜੀਤ ਸਿੰਘ, ਐਸ ਐਮ ਓ ਡਾਕਟਰ ਤਪਿੰਦਰਜੋਤ ਕੌਸ਼ਲ ਸੀਨੀਅਰ ਮੈਡੀਕਲ ਅਫ਼ਸਰ ਅਤੇ ਬੱਚਿਆਂ ਦੇ ਮਾਹਿਰ ਡਾਕਟਰ ਅੰਕੁਸ਼ ਜਿੰਦਲ ਨੂੰ ਪ੍ਰੋਗਰੈਸਿਵ ਸੀਨੀਅਰ ਸਿਟੀਜ਼ਨ ਸੋਸਾਇਟੀ ਨੇ ਟਰਾਫ਼ੀਆਂ, ਮੈਡਲ ਅਤੇ ਸਿਰੋਪੇ ਭੇਂਟ ਕਰਕੇ ਸਨਮਾਨਿਤ ਕੀਤਾ। ਸੋਸਾਇਟੀ ਦੇ ਪ੍ਰਧਾਨ ਸੁਖਵਿੰਦਰ ਸਿੰਘ ਭੰਡਾਰੀ ਨੇ ਇਸ ਮੌਕੇ ਡਾਕਟਰ ਸਾਹਿਬਾਨ ਪ੍ਰਤੀ ਸਤਿਕਾਰ ਪ੍ਰਗਟ ਕਰਦਿਆਂ ਕਿਹਾ ਕਿ ਡਾਕਟਰਾਂ ਨੂੰ ਲੋਕ ਰੱਬ ਦਾ ਰੂਪ ਮੰਨਦੇ ਹਨ, ਕਿਉਂਕਿ ਉਸ ਕੋਲ ਮਰੀਜ਼ ਰੋਂਦੇ ਆਉਂਦੇ ਹਨ ਤੇ ਹੱਸਦੇ ਵਾਪਸ ਘਰ ਜਾਂਦੇ ਹਨ। ਭਾਰਤ ਰਤਨ ਡਾਕਟਰ ਬੀ ਸੀ ਰਾਏ ਵੱਲੋਂ ਸਿੱਖਿਆ ਖੇਤਰ ਚ ਪਾਏ ਯੋਗਦਾਨ ਨੂੰ ਯਾਦ ਕਰਨ ਲਈ 1 ਜੁਲਾਈ ਨੂੰ ਡਾਕਟਰ ਬੀ ਸੀ ਰਾਏ ਦੇ ਜਨਮ ਦਿਨ ਅਤੇ ਬਰਸੀ ਮੌਕੇ (ਦੋਨੋਂ ਇਕ ਜੁਲਾਈ ਨੂੰ) ਇਹ ਦਿਨ ਮਨਾਇਆ ਜਾਂਦਾ ਹੈ ਕਿਉਂਕਿ ਪੱਛਮੀ ਬੰਗਾਲ ਚ ਡਾਕਟਰ ਵਿਧਾਨ ਚੰਦਰ ਰਾਏ ਨੇ ਆਪਣਾ ਸਾਰਾ ਜੀਵਨ ਲੋਕਾਂ ਦੇ ਇਲਾਜ ਲਈ ਲਾ ਦਿੱਤਾ। ਇਸ ਮੌਕੇ ਵਾਤਾਵਰਨ ਪ੍ਰੇਮੀ ਰਜੇਸ਼ ਭੁਟਾਨੀ ਨੇ ਕਿਹਾ ਕਿ ਡਾਕਟਰ ਆਪਣੀ ਜਾਨ ਨੂੰ ਜੋਖਮ ਚ ਪਾ ਕੇ ਲੋਕਾਂ ਦਾ ਇਲਾਜ ਕਰਦੇ ਹਨ, ਜਿਵੇਂ ਕਿ ਕਰੋਨਾ ਸਮੇਂ ਹੋਇਆ ਸੀ। ਜਦੋਂ ਅਸੀਂ ਡਾਕਟਰ ਸਾਹਿਬਾਨ ਦਾ ਸਨਮਾਨ ਕਰਦੇ ਹਾਂ ਅਤੇ ਉਨ੍ਹਾਂ ਪ੍ਰਤੀ ਸਤਿਕਾਰ ਪ੍ਰਗਟ ਕਰਦੇ ਹਾਂ ਤਾਂ ਉਹ ਮੁੜ ਉਤਸਾਹਿਤ ਹੋ ਕੇ ਹੋਰ ਵੀ ਵਧੇਰੇ ਲਗਨ ਅਤੇ ਚੜ੍ਹਦੀ ਕਲਾ ਨਾਲ ਆਪਣੇ ਕਿੱਤੇ ਨੂੰ ਸਮਰਪਿਤ ਹੋ ਕੇ ਲੋਕਾਂ ਦੀ ਸੇਵਾ ਕਰਦੇ ਹਨ। ਇਸ ਮੌਕੇ ਸਿਵਲ ਸਰਜਨ ਡਾਕਟਰ ਬਲਜੀਤ ਸਿੰਘ ਨੇ ਪ੍ਰੋਗਰੈਸਿਵ ਸੀਨੀਅਰ ਸਿਟੀਜ਼ਨ ਸੋਸਾਇਟੀ ਦੇ ਸਮੂਹ ਮੈਂਬਰਾਂ ਦਾ ਡਾਕਟਰਾਂ ਨੂੰ ਸਨਮਾਨ ਅਤੇ ਸਤਿਕਾਰ ਦੇਣ ਲਈ ਧੰਨਵਾਦ ਕੀਤਾ। ਇਸ ਮੌਕੇ ਡਾਕਟਰ ਤਪਿੰਦਰਜੋਤ ਕੌਸ਼ਲ ਐਸ ਐਮ ਓ ਅਤੇ ਪ੍ਰਿੰਸੀਪਲ ਰਾਕੇਸ਼ ਗਰਗ ਨੇ ਵੀ ਵਿਚਾਰ ਪ੍ਰਗਟ ਕੀਤੇ। ਸਮਾਗਮ ਦੌਰਾਨ ਅਸ਼ੋਕ ਭਾਰਦਵਾਜ, ਹਰਮਨਜੀਤ ਸਿੰਘ ਰੁਪਾਲ, ਜੋਰਾ ਸਿੰਘ ਕਾਨੂੰਗੋ, ਪੀ ਡੀ ਸ਼ਰਮਾ, ਰਾਕੇਸ਼ ਜਿੰਦਲ, ਪ੍ਰਿੰਸੀਪਲ ਰਾਕੇਸ਼ ਗਰਗ, ਕੁਲਦੀਪ ਸਿੰਘ ਸੰਧੂ ਗੁੱਗ, ਡਾਕਟਰ ਰਾਜੀਵ ਸ਼ਰਮਾ, ਦੀਪ ਚੰਦ ਬਾਂਸਲ ਆਦਿ ਹੋਰ ਵੀ ਮੈਂਬਰ ਹਾਜ਼ਰ ਸਨ

# ਪ੍ਰਾਪਰਟੀ ਡੀਲਰ ਪੈਸੇ ਦੇ ਲੈਣ-ਦੇਣ ਨੂੰ ਲੈ ਕੇ ਆਪਸ 'ਚ ਡਾਂਗੋ- ਡਾਂਗੀ, ਇੱਕ ਗੰਭੀਰ ਜ਼ਖ਼ਮੀ



ਭਦੌੜ, 1 ਜੁਲਾਈ (ਸੁਖਵਿੰਦਰ ਪਲਾਹਾ): ਕਸਬਾ ਭਦੌੜ ਦੇ ਪੁਰੀ ਬਾਜ਼ਾਰ ਚ ਅੱਜ ਪ੍ਰਾਪਰਟੀ ਡੀਲਰ ਪੈਸੇ ਦੇ ਲੈਣ ਦੇਣ ਨੂੰ ਲੈ ਕੇ ਆਪਸ ਚ ਡਾਂਗੋ ਡਾਂਗੀ ਹੋ ਗਏ ,ਜਿਸ ਚ ਇੱਕ ਵਿਅਕਤੀ ਗੰਭੀਰ ਰੂਪ ਵਿੱਚ ਜਖਮੀ ਹੋ ਗਿਆ ਅਤੇ ਉਸਦੀ ਉਂਗਲ ਵੀ ਕੱਟੀ ਗਈ, ਜਿਸ ਨੂੰ ਸਰਕਾਰੀ ਹਸਪਤਾਲ ਭਦੌੜ ਵਿਖੇ ਦਾਖਲ ਕਰਵਾਇਆ ਗਿਆ ਹੈ। ਥਾਣਾ ਭਦੌੜ ਦੇ ਸਬ ਇੰਸਪੈਕਟਰ ਕਮਲਜੀਤ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਨਰਿੰਦਰ ਕੁਮਾਰ ਟੋਨੀ ਜੋ ਕਿ ਸਰਕਾਰੀ ਹਸਪਤਾਲ ਭਦੌੜ ਵਿਖੇ ਜੇਰੇ ਇਲਾਜ ਹੈ ਨੇ ਆਪਣੇ ਬਿਆਨ ਦਰਜ ਕਰਵਾਉਂਦਿਆਂ ਦੱਸਿਆ ਕਿ ਪ੍ਰੋਪਰਟੀ ਡੀਲਰ ਜਗਸੀਰ ਕੁਮਾਰ ਗੱਗੀ, ਰੋਬਿਨ ਜੈਨ ਅਤੇ ਰਮਨ ਜੈਨ ਨੇ ਲਗਭਗ ਡੇਢ ਸਾਲ ਪਹਿਲਾਂ ਜਮੀਨ ਦਾ ਸੌਦਾ ਕਰਵਾਇਆ ਸੀ, ਜਿਸ ਦਾ 30 ਲੱਖ ਰੁਪਏ ਬਿਆਨਾ ਮੈਂ ਇਹਨਾਂ ਦੇ ਜਰੀਏ ਦਿੱਤਾ ਸੀ ਪ੍ਰੰਤੂ ਲੰਬਾ ਸਮਾਂ ਬੀਤ ਜਾਣ ਦੇ ਬਾਵਜੂਦ ਨਾ ਤਾਂ ਮੈਨੂੰ ਰਜਿਸਟਰੀ ਕਰਵਾ ਕੇ ਦਿੱਤੀ ਗਈ ਅਤੇ ਨਾ ਹੀ ਮੇਰਾ ਬਿਆਨਾਂ ਵਾਪਸ ਕੀਤਾ ਗਿਆ। ਜਦੋਂ ਮੈਂ ਬਿਆਨੇ ਦੀ ਰਕਮ ਵਾਪਸ ਮੰਗਦਾ ਸੀ ਤਾਂ ਮੈਨੂੰ ਆਨਾ ਕਾਨੀ ਕੀਤੀ ਜਾਂਦੀ ਸੀ। ਸਬ ਇੰਸਪੈਕਟਰ ਕਮਲਜੀਤ ਸਿੰਘ ਨੇ ਦੱਸਿਆ ਕਿ ਪੀੜਤ ਨਰਿੰਦਰ ਟੋਨੀ ਨੇ ਆਪਣੇ ਬਿਆਨਾਂ ਚ ਦੱਸਿਆ ਕਿ ਅੱਜ ਮੈਂ ਆਪਣੀ ਦੁਕਾਨ ਦੀ ਸਫਾਈ ਕਰ ਰਿਹਾ ਸੀ ਤਾਂ ਇਹ ਉਕਤ ਤਿੰਨੋ ਮੇਰੇ ਕੋਲ ਡਾਂਗਾਂ ਅਤੇ ਕਿਰਪਾਨ ਲੈ ਕੇ ਆ ਗਏ ਅਤੇ ਕਹਿੰਦੇ ਕਿ ਤੈਨੂੰ ਅਸੀਂ ਤੈਨੂੰ ਅੱਜ ਪੈਸੇ ਦਿੰਦੇ ਹਾਂ ਅਤੇ ਮੇਰੀ ਕੁੱਟਮਾਰ ਕਰਨੀ ਸ਼ੁਰੂ ਕਰ ਦਿੱਤੀ ਜਿਸ 'ਚ ਮੇਰੀ ਇੱਕ ਉਂਗਲ ਕੱਟੀ ਗਈ ਅਤੇ ਮੇਰੇ ਗੰਭੀਰ ਸੱਟਾਂ ਲੱਗੀਆਂ। ਨਰਿੰਦਰ ਟੋਨੀ ਨੇ ਕਥਿਤ ਦੋਸ਼ੀਆਂ ਖਿਲਾਫ ਕਾਨੂੰਨੀ ਕਾਰਵਾਈ ਦੀ ਮੰਗ ਕੀਤੀ ਹੈ। ਦੂਜੇ ਪਾਸੇ ਦੂਸਰੀ ਧਿਰ ਦੇ ਰੋਬਿਨ ਜੈਨ ਦੇ ਪਿਤਾ ਰਘੂਨਾਥ ਜੈਨ ਨੇ ਗੱਲਬਾਤ ਕਰਦਿਆਂ ਦੱਸਿਆ ਕਿ ਇਹਨਾਂ ਦਾ ਪਿਛਲੇ ਸਮੇਂ ਚ ਸਾਢੇ ਤਿੰਨ ਲੱਖ ਰੁਪਏ ਨੂੰ ਲੈ ਕੇ ਤਣਾਅ ਚੱਲ ਰਿਹਾ ਸੀ, ਜਿਸ ਦਾ ਕੁਝ ਵਿਅਕਤੀਆਂ ਨੇ ਵਿੱਚ ਪੈ ਕੇ ਫੈਸਲਾ ਵੀ ਕਰਵਾ ਦਿੱਤਾ ਸੀ ਪਰੰਤੂ ਅੱਜ ਜਦੋਂ ਸਾਡੇ ਬੱਚੇ ਕਾਰ 'ਤੇ ਕਿਤੇ ਬਾਹਰ ਜਾ ਰਹੇ ਸਨ ਤਾਂ ਨਰਿੰਦਰ ਟੋਨੀ ਨੇ ਆਪਣੀ ਕਾਰ ਤੇ ਉਹਨਾਂ ਦਾ ਪਿੱਛਾ ਕਰਦਿਆਂ ਕਾਰ ਅੱਗੇ ਲਗਾ ਲਈ ਅਤੇ ਉਹਨਾਂ ਨੂੰ ਧਮਕੀ ਦਿੱਤੀ ਕਿ ਅੱਜ ਮੈਂ ਤੁਹਾਡੇ ਨਾਲ ਦੇਖਾਂਗਾ ਜਦੋਂ ਸਾਡੇ ਬੱਚੇ ਵਾਪਸ ਆਏ ਤਾਂ ਨਰਿੰਦਰ ਟੋਨੀ ਦੀ ਦੁਕਾਨ ਅੱਗੇ ਦੀ ਲੰਘਣ ਲੱਗੇ ਤਾਂ ਉਸਨੇ ਲਲਕਾਰਾ ਮਾਰ ਦਿੱਤਾ, ਜਿਸ ਕਾਰਨ ਇਹਨਾਂ ਦਾ ਟਕਰਾ ਹੋ ਗਿਆ। ਸਬ ਇੰਸਪੈਕਟਰ ਕਮਲਜੀਤ ਸਿੰਘ ਨੇ ਕਿਹਾ ਕਿ ਪੀੜਤ ਦੇ ਬਿਆਨ ਲਿਖ ਲਏ ਗਏ ਹਨ ਅਤੇ ਅਗਲੇਰੀ ਕਾਰਵਾਈ ਕਰਦਿਆਂ ਕੇਸ ਦੀ ਬਰੀਕੀ ਨਾਲ ਜਾਂਚ ਕੀਤੀ ਜਾ ਰਹੀ ਹੈ।

# ਵਾਈ.ਐੱਸ. ਪਬਲਿਕ ਸਕੂਲ ਵਿੱਚ ਵੈਲਕਮ ਅਸੈਂਬਲੀ ਨਾਲ ਨਵਾਂ ਸੈਸ਼ਨ ਸ਼ੁਰੂ,



ਬਰਨਾਲਾ, 1 ਜੁਲਾਈ (ਅਮਨਦੀਪ ਸਿੰਘ) : ਮੁਹੱਬਤ, ਦੇਖਭਾਲ ਅਤੇ ਸਿੱਖਣ ਦੀ ਭਾਵਨਾ ਨਾਲ ਵਾਈ.ਐੱਸ. ਪਬਲਿਕ ਸਕੂਲ ਨੇ 1 ਜੁਲਾਈ ਨੂੰ ਆਪਣੇ ਦਰਵਾਜ਼ੇ ਦੁਬਾਰਾ ਖੋਲ੍ਹੇ ਤੇ ਇੱਕ ਪਿਆਰ ਭਰੀ ਵੈਲਕਮ ਅਸੈਂਬਲੀ ਰਾਹੀਂ ਬੱਚਿਆਂ ਦਾ ਗਰਮਜੋਸ਼ੀ ਨਾਲ ਸਵਾਗਤ ਕੀਤਾ। ਇਹ ਸਮਾਗਮ ਖੁਸ਼ੀ, ਰਿਸ਼ਤੇ ਅਤੇ ਪ੍ਰੇਰਣਾ ਦਾ ਸੁੰਦਰ ਮੇਲ ਸੀ। ਸਕੂਲ ਨੇ ਆਪਣਾ ਉਦੇਸ਼ ਪੂਰਾ ਕੀਤਾ, ਹਰ ਬੱਚੇ ਨੂੰ ਸੁਰੱਖਿਅਤ, ਖੁਸ਼ ਅਤੇ ਆਪਣੇ ਘਰ ਵਰਗਾ ਅਹਿਸਾਸ ਕਰਵਾਉਣਾ। ਬੱਚਿਆਂ ਦੀਆਂ ਮੁਸਕਾਨਾਂ, ਚਮਕਦੀਆਂ ਅੱਖਾਂ ਅਤੇ ਉਤਸ਼ਾਹ ਨੇ ਦੱਸਿਆ ਕਿ ਉਹ ਸਕੂਲ ਨੂੰ ਕਿੰਨਾ ਯਾਦ ਕਰ ਰਹੇ ਸਨ। ਵਾਈ.ਐੱਸ. ਪਬਲਿਕ ਸਕੂਲ ਸਿਰਫ ਇੱਕ ਸਿੱਖਿਆ ਦਾ ਕੇਂਦਰ ਨਹੀਂ, ਇਹ ਉਹ ਥਾਂ ਹੈ ਜਿੱਥੇ ਬੱਚਿਆਂ ਨੂੰ ਆਉਣਾ ਚੰਗਾ ਲੱਗਦਾ ਹੈ, ਜਿੱਥੇ ਉਹ ਆਪਣੇ ਅਧਿਆਪਕਾਂ ਨੂੰ ਪਿਆਰ ਕਰਦੇ ਹਨ, ਤੇ ਜਿੱਥੇ ਐਤਵਾਰ ਵੀ ਸਕੂਲ ਦੀ ਯਾਦ ਦਿਲਾਉਂਦਾ ਹੈ। ਉਤਸ਼ਾਹਪੂਰਨ ਐਕਟਿਵਿਟੀਜ਼, ਹਾਸੇ ਦੀ ਥੈਰੇਪੀ, ਰੂਹਾਨੀ ਮਿਊਜ਼ਿਕ ਪੇਸ਼ਕਸ਼, ਹਿੰਦੀ ਵਿੱਚ ਸੁਆਗਤ ਕਵਿਤਾ ਅਤੇ ਭਾਵੁਕ ਰੋਲ-ਪਲੇ ਨੇ ਅਸੈਂਬਲੀ ਨੂੰ ਖੁਸ਼ੀਆਂ ਅਤੇ ਪਿਆਰ ਨਾਲ ਭਰ ਦਿੱਤਾ। ਆਈਸ-ਬ੍ਰੇਕਿੰਗ ਵਾਲੀਆਂ ਐਕਟਿਵਿਟੀਜ਼ ਨੇ ਬੱਚਿਆਂ ਨੂੰ ਇੱਕ-ਦੂਜੇ ਨਾਲ ਦੁਬਾਰਾ ਜੋੜਨ ਵਿੱਚ ਮਦਦ ਕੀਤੀ ਅਤੇ ਕਲਾਸਾਂ ਵਿਚ ਆਸਾਨੀ ਨਾਲ ਸ਼ੁਰੂਆਤ ਕਰਵਾਈ। ਪ੍ਰਿੰਸੀਪਲ ਮੋਹਿਤ ਜਿੰਦਲ ਨੇ ਆਪਣੇ ਵਿਜ਼ਨ ਭਰਪੂਰ ਭਾਸ਼ਣ ਵਿਚ ਕਿਹਾ, "ਅਸਲ ਸਿੱਖਿਆ ਉਦੋਂ ਹੀ ਸ਼ੁਰੂ ਹੁੰਦੀ ਹੈ ਜਦੋਂ ਬੱਚਾ ਖੁਸ਼ ਅਤੇ ਸੁਰੱਖਿਅਤ ਮਹਿਸੂਸ ਕਰਦਾ ਹੈ। ਸਾਡਾ ਮਕਸਦ ਸਿਰਫ ਪਾਠ ਨਹੀਂ, ਸਗੋਂ ਭਾਵਨਾਤਮਕ ਮਜ਼ਬੂਤੀ, ਆਤਮ ਵਿਸ਼ਵਾਸ ਅਤੇ ਸਿੱਖਣ ਵਿਚ ਖੁਸ਼ੀ ਲੈ ਆਉਣਾ ਹੈ।" ਉਨ੍ਹਾਂ ਕਿਹਾ ਕਿ "ਵਾਈ.ਐੱਸ. ਪਬਲਿਕ ਸਕੂਲ ਉਤਮਤਾ ਨੂੰ ਸਹਿਣਸ਼ੀਲਤਾ ਨਾਲ ਮਿਲਾਉਂਦਾ ਹੈ। ਜਿੱਥੇ ਹਰ ਬੱਚੇ ਨੂੰ ਸੁਣਿਆ ਤੇ ਸਮਝਿਆ ਜਾਂਦਾ ਹੈ। ਜਦ ਬੱਚਾ ਆਪਣੇ ਸਕੂਲ ਨੂੰ ਪਿਆਰ ਕਰਦਾ ਹੈ, ਤਦ ਹੀ ਵਿਦਿਆ ਦਾ ਜਾਦੂ ਸ਼ੁਰੂ ਹੁੰਦਾ ਹੈ।"ਵਾਈਸ ਪ੍ਰਿੰਸੀਪਲ ਸਚਿਨ ਗੁਪਤਾ ਨੇ ਵਿਦਿਆਰਥੀਆਂ ਦੇ ਉਤਸ਼ਾਹ ਦੀ ਸਾਰਾਹਨਾ ਕੀਤੀ ਤੇ ਨਵੇਂ ਸੈਸ਼ਨ ਨੂੰ ਖੁਸ਼ੀ, ਸਕਾਰਾਤਮਕਤਾ ਅਤੇ ਮਕਸਦ ਨਾਲ ਸ਼ੁਰੂ ਕਰਨ ਦੀ ਅਪੀਲ ਕੀਤੀ। ਇਹ ਸੁੰਦਰ ਸ਼ੁਰੂਆਤ ਇਹ ਸਾਬਤ ਕਰਦੀ ਹੈ ਕਿ ਵਾਈ.ਐੱਸ.ਪਬਲਿਕ ਸਕੂਲ ਸਿਰਫ ਇਕ ਸਕੂਲ ਨਹੀਂ, ਸਗੋਂ ਇਕ ਪਰਿਵਾਰ ਹੈ, ਖੁਸ਼ੀਆਂ ਦਾ ਘਰ, ਜਿੱਥੇ ਹਰ ਵਿਦਿਆਰਥੀ ਆਪਣੇ ਘਰ ਵਰਗਾ ਅਹਿਸਾਸ ਕਰਦਾ ਹੈ।

# ਸਰਕਾਰੀ ਮਿਡਲ ਸਕੂਲ ਪੱਤੀ ਸੇਖਵਾਂ ਵਿਖੇ ਤੇਲਗੂ ਭਾਸ਼ਾ ਸੰਬੰਧੀ ਸਮਰ ਕੈਂਪ ਦੇ ਵੰਡੇ ਗਏ ਸਰਟੀਫ਼ਿਕੇਟ



ਬਰਨਾਲਾ, 1 ਜੁਲਾਈ (ਸੁਖਵਿੰਦਰ ਸਿੰਘ ਭੰਡਾਰੀ) : ਡਾਇਰੈਕਟਰ ਐਸ.ਸੀ.ਈ.ਆਰ.ਟੀ. ਪੰਜਾਬ ਦੀਆਂ ਹਦਾਇਤਾਂ ਅਤੇ ਜ਼ਿਲ੍ਹਾ ਸਿੱਖਿਆ ਅਫ਼ਸਰ (ਸ) ਬਰਨਾਲਾ ਸੁਨੀਤਇੰਦਰ ਸਿੰਘ ਅਤੇ ਉਪ ਜ਼ਿਲ੍ਹਾ ਸਿੱਖਿਆ ਅਫ਼ਸਰ (ਸ) ਬਰਜਿੰਦਰਪਾਲ ਸਿੰਘ ਦੇ ਦਿਸ਼ਾ ਨਿਰਦੇਸ਼ਾ ਅਨੁਸਾਰ ਸਕੂਲ ਮੁੱਖੀ ਗੀਤੂ ਜੈਨ ਦੀ ਅਗਵਾਈ ਵਿੱਚ ਸਰਕਾਰੀ ਮਿਡਲ ਸਕੂਲ ਪੱਤੀ ਸੇਖਵਾਂ ਵਿਖੇ ਵਿਦਿਆਰਥੀਆਂ ਨੂੰ ਤੇਲਗੂ ਭਾਸ਼ਾ ਸਬੰਧੀ ਲਗਾਏ ਗਏ ਸਮਰ ਕੈਂਪ ਦੇ ਸਰਟੀਫ਼ਿਕੇਟ ਵੰਡੇ ਗਏ। ਇਸ ਸਬੰਧੀ ਜਾਣਕਾਰੀ ਦਿੰਦਿਆਂ ਮਹਿੰਦਰ ਪਾਲ ਕੰਪਿਊਟਰ ਅਧਿਆਪਕ ਨੇ ਦੱਸਿਆ ਕਿ ਇਸ ਸਮਰ ਕੈਂਪ ਦਾ ਮਕਸਦ ਵਿਦਿਆਰਥੀਆਂ ਨੂੰ ਤੇਲਗੂ ਭਾਸ਼ਾ ਦਾ ਗਿਆਨ ਦੇਣਾ ਹੈ। ਇਹ ਕੈਂਪ ਸੱਤ ਦਿਨ ਚੱਲਿਆ, ਜਿਸ ਵਿੱਚ ਤੇਲਗੂ ਭਾਸ਼ਾ ਸਬੰਧੀ ਭਾਸ਼ਾ ਅਧਿਆਪਕਾਂ ਵੱਲੋਂ ਐਕਟੀਵਿਟੀਜ਼ ਕਰਵਾਈਆਂ ਗਈਆਂ।

ਇਸ ਸਮਰ ਕੈਂਪ ਵਿੱਚ ਪਰਵਿੰਦਰ ਕੌਰ ਸਸ ਮਿਸਟਰੈਸ, ਯੋਗੇਸ਼ ਗੋਇਲ ਹਿੰਦੀ ਮਾਸਟਰ ਅਤੇ ਨੀਨਾ ਬਾਂਸਲ ਸਾਇੰਸ ਮਿਸਟਰੈਸ ਦੁਆਰਾ ਗਤੀਵਿਧੀਆਂ ਕਰਵਾਈਆਂ ਗਈਆਂ।

# ਰੈਗੂਲਰ ਸੇਵਾਵਾਂ ਦੇ 14 ਸਾਲ ਬੀਤ ਜਾਣ ਦੇ ਬਾਵਜੂਦ ਵੀ ਕੰਪਿਊਟਰ ਅਧਿਆਪਕ ਆਪਣੇ ਮੁੱਢਲੇ ਹੱਕਾਂ ਤੋਂ ਵਾਂਝੇ

ਸੰਗਰੂਰ, 1 ਜੁਲਾਈ (ਹਰਕੰਵਲ ਸਿੰਘ ਹੈਪੀ): ਪੰਜਾਬ ਦੇ ਸਰਕਾਰੀ ਸਕੂਲਾਂ ਵਿੱਚ ਪਿਛਲੇ 20 ਸਾਲਾਂ ਤੋਂ ਸੇਵਾਵਾਂ ਨਿਭਾ ਰਹੇ 6640 ਕੰਪਿਊਟਰ ਅਧਿਆਪਕ ਅੱਜ ਤੋਂ 14 ਸਾਲ ਪਹਿਲਾਂ 1 ਜੁਲਾਈ 2011 ਨੂੰ ਮਾਨਯੋਗ ਰਾਜਪਾਲ ਅਤੇ ਪੰਜਾਬ ਕੈਬਨਿਟ ਦੀ ਪ੍ਰਵਾਨਗੀ ਨਾਲ ਵਿਭਾਗ ਵੱਲੋਂ ਜਾਰੀ ਕੀਤੇ ਗਏ ਰੈਗੂਲਰ ਨਿਯੁਕਤੀ ਪੱਤਰਾਂ ਨੂੰ ਇਨ ਬਿਨ ਲਾਗੂ ਕਰਵਾਉਣ ਲਈ ਅੱਜ ਵੀ ਸੰਘਰਸ਼ ਕਰਨ ਲਈ ਮਜਬੂਰ ਹਨ। ਪਿਛਲੀਆਂ ਸਰਕਾਰਾਂ ਵਾਂਗ ਮੌਜੂਦਾ ਸਰਕਾਰ ਨੇ ਵੀ ਕੰਪਿਊਟਰ ਅਧਿਆਪਕਾਂ ਦੀ ਕੋਈ ਸਾਰ ਨਹੀਂ ਲਈ ਹੈ। ਚੋਣ ਮੈਨੀਫੈਸਟੋ ਵਿੱਚ ਲਿਖਤੀ ਰੂਪ ਵਿੱਚ ਵਾਅਦਾ ਕਰਨ ਅਤੇ 15 ਸਤੰਬਰ 2022 ਨੂੰ ਦੀਵਾਲੀ ਮੌਕੇ ਮੌਜੂਦਾ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਵੱਲੋਂ ਕੰਪਿਊਟਰ ਅਧਿਆਪਕਾਂ ਉੱਤੇ 6ਵਾਂ ਪੇਅ ਕਮਿਸ਼ਨ ਅਤੇ ਪੰਜਾਬ ਸੀ.ਐਸ.ਆਰ ਰੂਲਜ ਲਾਗੂ ਕਰਨ ਦੇ ਅਧਿਕਾਰਤ ਐਲਾਨ ਦੇ ਬਾਵਜੂਦ ਵੀ ਕੰਪਿਊਟਰ ਅਧਿਆਪਕ ਆਪਣੇ ਲਿਖਤੀ ਤੇ ਜਾਇਜ ਹੱਕਾਂ ਤੋ ਵਾਂਝੇ ਹਨ। ਇਸ ਦੇ ਨਾਲ ਹੀ ਮਾਣਯੋਗ ਹਾਈਕੋਰਟ ਦੇ ਡਬਲ ਬੈਂਚ ਨੇ 25 ਫਰਵਰੀ 2025 ਨੂੰ ਕੰਪਿਊਟਰ ਅਧਿਆਪਕਾਂ ਦੇ ਹੱਕ ਵਿੱਚ ਇਤਿਹਾਸਕ ਫੈਸਲਾ ਦਿੰਦੇ ਹੋਇਆ ਕੰਪਿਊਟਰ ਅਧਿਆਪਕਾਂ ਨੂੰ ਸਰਕਾਰੀ ਮੁਲਾਜ਼ਮ ਮੰਨ ਲਿਆ ਹੈ ਅਤੇ ਉਨ੍ਹਾਂ 'ਤੇ ਪੂਰੇ ਪੰਜਾਬ ਸਿਵਲ ਸਰਵਿਸ ਨਿਯਮ ਅਤੇ 6ਵਾਂ ਪੇਅ ਕਮਿਸ਼ਨ ਲਾਗੂ ਕਰਨਾ ਬਣਦਾ ਪ੍ਰੰਤੂ ਅੱਜ 4 ਮਹੀਨੇ ਬੀਤ ਜਾਣ ਦੇ ਬਾਵਜੂਦ ਵੀ ਪੰਜਾਬ ਸਰਕਾਰ ਅਤੇ ਅਫ਼ਸਰ ਸ਼ਾਹੀ ਉਸਨੂੰ ਲਾਗੂ ਕਰਨ ਤੋਂ ਭੱਜ ਰਹੀ ਹੈ। ਇਸ ਸੰਸਾਰ ਨੂੰ ਅਲਵਿਦਾ ਕਹਿ ਚੁੱਕੇ 107 ਕੰਪਿਊਟਰ ਅਧਿਆਪਕ ਸਾਥੀਆਂ ਦੇ ਪਰਿਵਾਰਾਂ ਨੂੰ ਸਰਕਾਰ ਅਜੇ ਤੱਕ ਕੋਈ ਰਾਹਤ ਦੇਣ ਵਿੱਚ ਨਾ ਕਾਮਯਾਬ ਰਹੀ ਹੈ। ਮੀਟਿੰਗਾਂ ਵਿੱਚ ਟੇਬਲ ਤੇ ਜੋ ਸਹਿਮਤੀ ਬਣ ਜਾਂਦੀ ਹੈ, ਬਾਅਦ ਵਿੱਚ ਸਰਕਾਰ ਅਫਸਰਸ਼ਾਹੀ ਦੇ ਦਬਾਅ ਵਿੱਚ ਉਸਨੂੰ ਲਾਗੂ ਕਰਨ ਤੋਂ ਮੁੱਕਰ ਜਾਂਦੀ ਹੈ। ਕੰਪਿਊਟਰ ਅਧਿਆਪਕ ਵਿੱਤ ਵਿਭਾਗ ਅਤੇ ਸਿੱਖਿਆ ਵਿਭਾਗ ਦੀਆਂ ਨੀਤੀਆਂ ਵਿੱਚ ਪਿਸ ਕੇ ਰਹਿ ਗਏ ਹਨ ਅਤੇ ਦੋਨੋ ਹੀ ਵਿਭਾਗ ਉਨਾਂ ਦੀਆਂ ਜਾਇਜ ਮੰਗਾਂ ਨੂੰ ਹੱਲ ਕਰਨ ਤੋਂ ਭੱਜ ਰਹੇ ਹਨ ਅਤੇ ਇਸ ਕਰਕੇ ਹਜਾਰਾਂ ਕੰਪਿਊਟਰ ਅਧਿਆਪਕ ਮਾਨਸਿਕ ਪ੍ਰੇਸ਼ਾਨੀ ਦੇ ਦੌਰ ਵਿੱਚੋ ਗੁਜ਼ਰ ਰਹੇ ਹਨ ਇਸ ਦੇ ਰੋਸ ਵਜੋ ਅੱਜ ਪੰਜਾਬ ਦੇ ਹਰ ਜ਼ਿਲ੍ਹੇ ਵਿੱਚ ਕੰਪਿਊਟਰ ਅਧਿਆਪਕਾਂ ਵੱਲੋ ਰੋਸ ਪ੍ਰਦਰਸ਼ਨ ਕੀਤੇ ਜਾ ਰਹੇ ਹਨ। ਇਸੇ ਲੜੀ ਤਹਿਤ ਅੱਜ ਜ਼ਿਲ੍ਹਾ ਸੰਗਰੂਰ ਦੇ ਡੀ.ਸੀ ਦੇ ਬਾਹਰ ਰੋਸ਼ ਪ੍ਰਦਰਸ਼ਨ ਕੀਤਾ ਗਿਆ ਤੇ ਉੱਚ ਅਧਿਕਾਰੀਆਂ ਦੇ ਰਾਹੀਂ ਮਾਨਯੋਗ ਮੁੱਖ ਮੰਤਰੀ ਪੰਜਾਬ ਦੇ ਨਾਮ ਮੰਗ ਪੱਤਰ ਸੌਂਪਿਆ।

ਇਸ ਮੌਕੇ ਜਿਲ੍ਹਾ ਆਗੂਆਂ ਨਰਦੀਪ ਸ਼ਰਮਾ, ਕੁਲਵਿੰਦਰ ਸਿੰਘ, ਜਸਬੀਰ ਸਿੰਘ, ਵਰਿੰਦਰ ਹੰਸ, ਪੁਸ਼ਪਿੰਦਰ ਰਤਨ, ਅੰਜੂ ਜੈਨ, ਹਰਵਿੰਦਰ ਸਿੰਘ ਨੇ ਕਿਹਾ ਕਿ ਸਰਕਾਰ ਵੱਲੋਂ ਉਨਾਂ ਦੇ ਨਾਲ ਮਤਰੇਈ ਮਾਂ ਵਾਲਾ ਸਲੂਕ ਕੀਤਾ ਜਾ ਰਿਹਾ ਹੈ ਜਿਸਨੂੰ ਹੁਣ ਉਹ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕਰਨਗੇ। ਆਗੂਆਂ ਵੱਲੋ ਆਪਣੀਆਂ ਮੰਗਾਂ ਸਬੰਧੀ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਉਹਨਾਂ ਦੀ ਕੋਈ ਵੀ ਨਵੀਂ ਮੰਗ ਨਹੀਂ ਹੈ ਬਲਕਿ ਸਰਕਾਰ ਉਨਾਂ ਦੇ ਰੈਗੂਲਰ ਆਰਡਰਾਂ ਵਿੱਚ ਦਰਜ ਸਾਰੇ ਲਾਭ ਦਿੰਦੇ ਹੋਏ ਉਹਨਾਂ ਨੂੰ ਸਿੱਖਿਆ ਵਿਭਾਗ ਵਿੱਚ ਮਰਜ ਕਰਕੇ ਉਹਨਾਂ ਦੀ ਸਮੱਸਿਆ ਨੂੰ ਵਿਰਾਮ ਲਗਾ ਸਕਦੀ ਹੈ। ਇਸ ਦੌਰਾਨ ਕੰਪਿਊਟਰ ਅਧਿਆਪਕ ਆਗੂਆਂ ਨੇ ਸਰਕਾਰ ਨੂੰ ਚੇਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਜਲਦੀ ਹੀ ਉਨਾਂ ਨੂੰ ਬਣਦੇ ਹੱਕ ਬਹਾਲ ਨਹੀਂ ਕੀਤੇ ਗਏ ਅਤੇ ਡੈਥ ਕੇਸਾਂ ਸਬੰਧੀ ਕੋਈ ਯੋਗ ਪਾਲਿਸੀ ਨਹੀਂ ਬਣਾਈ ਗਈ ਤਾਂ ਉਹ ਆਉਣ ਵਾਲੀ 3 ਅਗਸਤ ਨੂੰ ਸੀ.ਐਮ ਦੀ ਸੰਗਰੂਰ ਰਿਹਾਇਸ਼ ਅਤੇ 5 ਸਤੰਬਰ ਨੂੰ ਸੀ.ਐਮ ਦੀ ਚੰਡੀਗੜ੍ਹ ਰਿਹਾਇਸ ਦਾ ਨਾ ਕੇਵਲ ਘਿਰਾਓ ਕਰਨਗੇ ਬਲਕਿ ਲੋੜ ਪੈਣ ਤੇ ਗੁਪਤ ਐਕਸ਼ਨ ਵੀ ਉਲੀਕਣਗੇ ਇਸ ਦੀ ਪੂਰਨ ਜੁੰਮੇਵਾਰੀ ਪੰਜਾਬ ਸਰਕਾਰ ਦੀ ਹੋਵੇਗੀ।

# ਪਿੰਡ ਹਰੀਗੜ ਵਿਖੇ ਵਿਆਹੁਤਾ ਔਰਤ ਦੀ ਸ਼ੱਕੀ ਹਾਲਤ ਵਿੱਚ ਮੌਤ



ਧਨੌਲਾ, 1 ਜੁਲਾਈ (ਚਮਕੌਰ ਸਿੰਘ ਗੱਗੀ): ਥਾਣਾ ਧਨੌਲਾ ਅਧੀਨ ਪੈਂਦੇ ਪਿੰਡ ਹਰੀਗੜ੍ਹ ਵਿਖੇ ਇੱਕ ਵਿਆਹੁਤਾ ਔਰਤ ਦੀ ਸ਼ੱਕੀ ਹਾਲਤਾਂ ਵਿੱਚ ਮੌਤ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਇਕੱਤਰ ਕੀਤੀ ਜਾਣਕਾਰੀ ਅਨੁਸਾਰ ਪਿੰਡ ਹਰੀਗੜ੍ਹ ਵਿਖੇ ਵਿਆਹੀ ਔਰਤ ਸੁਖਜਿੰਦਰ ਕੌਰ (32) ਪਤਨੀ ਬੱਬੂ ਸਿੰਘ ਪੁੱਤਰ ਤਰਸੇਮ ਸਿੰਘ ਵਾਸੀ ਹਰੀਗੜ੍ਹ ਨੇ ਘਰੇਲੂ ਲੜਾਈ ਕਾਰਨ ਜ਼ਹਿਰੀਲਾ ਪਦਾਰਥ ਨਿਗਲ ਲਿਆ ਜਿਸ ਦੀ ਹਾਲਤ ਗੰਭੀਰ ਹੁੰਦੀ ਦੇਖਦਿਆ ਉਸ ਨੂੰ ਨੇੜਲੇ ਨਗਰ ਲੌਂਗਵਾਲ ਦੇ ਨਿੱਜੀ ਹਸਪਤਾਲ ਵਿੱਚ ਭਰਤੀ ਕਰਵਾਇਆ ਗਿਆ, ਜਿੱਥੇ ਇਲਾਜ ਦੌਰਾਨ ਉਸ ਦੀ ਮੌਤ ਹੋ ਗਈ, ਜਿਸ ਤੋਂ ਬਾਅਦ ਮਿਰਤਕ ਦੇ ਪੇਕੇ ਪਰਿਵਾਰ ਨੂੰ ਇਤਲਾਹ ਦਿੱਤੀ ਗਈ, ਲੜਕੀ ਦੇ ਸਹੁਰੇ ਪਰਿਵਾਰ ਵਲੋਂ ਲੜਕੀ ਦੇ ਸਸਕਾਰ ਦੀ ਤਿਆਰੀ ਕਰ ਦਿੱਤੀ, ਇਸ ਦੌਰਾਨ ਜਦੋਂ ਮ੍ਰਿਤਕਾ ਦਾ ਪੇਕਾ ਪਰਿਵਾਰ ਅਤੇ ਰਿਸ਼ਤੇਦਾਰ ਆਏ ਤਾਂ ਓਹਨਾ ਵੱਲੋਂ ਲਾਸ ਦੇਖ ਕੇ ਕਤਲ ਦਾ ਸ਼ੱਕ ਪ੍ਰਗਟ ਕੀਤਾ, ਅਤੇ ਧਨੌਲਾ ਪੁਲਿਸ ਨੂੰ ਸੂਚਿਤ ਕੀਤਾ ਜਿੱਥੇ ਥਾਣਾ ਮੁਖੀ ਇੰਸਪੇਕਟਰ ਜਗਜੀਤ ਸਿੰਘ ਸਮੇਤ ਪੁਲਿਸ ਪਾਰਟੀ ਨੇ ਮੌਕੇ 'ਤੇ ਪਹੁੰਚ ਕੇ ਲਾਸ਼ ਨੂੰ ਆਪਣੇ ਕਬਜ਼ੇ ਵਿੱਚ ਲਿਆ ,ਅਤੇ ਪੋਸਟਮਾਰਟਮ ਲਈ ਬਰਨਾਲਾ ਦੇ ਸਿਵਲ ਹਸਪਤਾਲ ਦੀ ਮੋਰਚਰੀ ਵਿੱਚ ਜਮਾ ਕਰਵਾਇਆ, ਅਤੇ ਆਪਣੀ ਤਫਤੀਸ ਆਰੰਭ ਦਿੱਤੀ, ਕਤਲ ਹੈ ਜਾਂ ਮੌਤ ਇਸ ਦਾ ਤਾਂ ਜਾਂਚ ਤੋਂ ਬਾਅਦ ਹੀ ਪਤਾ ਲੱਗੇਗਾ ਪਰ ਦੋ ਛੋਟੇ ਬੱਚਿਆਂ ਦੇ ਸਿਰ ਤੋਂ ਮਾਂ ਦਾ ਛਾਇਆ ਚਲਾ ਗਿਆ। ਮੁੱਖ ਅਫਸਰ ਥਾਣਾ ਧਨੌਲਾ ਇੰਸਪੇਕਟਰ ਜਗਜੀਤ ਸਿੰਘ ਨਾਲ ਗੱਲਬਾਤ ਕੀਤੀ ਤਾਂ ਉਹਨਾਂ ਕਿਹਾ ਕਿ ਮਿਰਤਕ ਦੇ ਪੇਕੇ ਪਰਿਵਾਰ ਵਲੋਂ ਮੌਤ ਤੇ ਸ਼ੱਕ ਪ੍ਰਗਟ ਕੀਤਾ ਸੀ ਜਿਸ ਦੀ ਜਾਂਚ ਕੀਤੀ ਜਾ ਰਹੀ ਹੈ, ਜੋ ਵੀ ਬਿਆਨ ਦਰਜ ਕਰਵਾਉਣਗੇ ਉਸ ਮੁਤਾਬਿਕ ਪੜਤਾਲ ਕਰਕੇ ਕਾਰਵਾਈ ਕੀਤੀ ਜਾਵੇਗੀ।

# ਬਰਸਾਤੀ ਨਾਲਿਆਂ ਦੀ ਸਫਾਈ ਨਾ ਹੋਣ ਕਰਕੇ ਬਰਸਾਤਾਂ ਵਿਚ ਲੋਕਾਂ ਅਤੇ ਫ਼ਸਲਾਂ ਦਾ ਹੋ ਸਕਦੈ ਨੁਕਸਾਨ



ਤਪਾ ਮੰਡੀ, 1 ਜੁਲਾਈ (ਭੂਸ਼ਨ ਘੜੈਲਾ) : ਤਪਾ ਖੇਤਰ ਅੰਦਰ ਬਰਸਾਤਾਂ ਪੈਣੀਆਂ ਸ਼ੁਰੂ ਹੋ ਚੁੱਕੀਆਂ ਹਨ ਪਰ ਤਪਾ ਦੇ ਨਾਲ ਲੱਗਦੀਆਂ ਡਰੇਨਾਂ ਦੀ ਸਫਾਈ ਦੇ ਨਾ ਹੋਣ ਕਾਰਨ ਕਿਸੇ ਵੇਲੇ ਵੀ ਵੱਡਾ ਨੁਕਸਾਨ ਹੋ ਸਕਦਾ ਹੈ ਦੱਸਣਯੋਗ ਹੈ ਕਿ ਕੁਝ ਵਰ੍ਹੇ ਪਹਿਲਾਂ ਡਰੇਨਾਂ ਦੀ ਸਫਾਈ ਦੇ ਹੋਣ ਕਾਰਨ ਹੜਾਂ ਵਰਗੀ ਸਥਿਤੀ ਪੈਦਾ ਹੋ ਗਈ ਸੀ ਅਤੇ ਬਰਸਾਤਾਂ ਦਾ ਪਾਣੀ ਡਰੇਨਾਂ ਵਿੱਚੋਂ ਓਵਰਫਲੋ ਹੋ ਕੇ ਨਾਲ ਲੱਗਦੇ ਸੈਂਕੜੇ ਏਕੜ ਖੇਤਾਂ ਵਿੱਚ ਬਰਸਾਤ ਅਤੇ ਬਰਸਾਤੀ ਨਾਲਿਆਂ ਦਾ ਪਾਣੀ ਚਲਾ ਗਿਆ ਸੀ, ਜਿਸ ਕਾਰਨ ਖੇਤਾਂ ਵਿੱਚ ਖੜੀਆਂ ਫਸਲਾਂ ਦਾ ਕਾਫੀ ਨੁਕਸਾਨ ਹੋ ਗਿਆ ਸੀ ਪਰ ਪ੍ਰਸ਼ਾਸਨ ਨੇ ਉਸ ਤੋਂ ਕੋਈ ਵੀ ਸਬਕ ਨਹੀਂ ਲਿਆ ਜਿਸ ਕਰਕੇ ਡਰੇਨਾਂ ਵਿੱਚ ਘਾਹ ਫੂਸ ਅਤੇ ਹੋਰ ਗੰਦਗੀ ਵੱਡੀ ਪੱਧਰ ਤੇ ਖੜੀ ਹੈ ਕਿਉਂਕਿ ਸ਼ਹਿਰ ਦੇ ਨੇੜੇ ਦੇ ਬਰਸਾਤੀ ਡਰੇਨਾਂ ਦੀ ਅਜੇ ਤੱਕ ਸਫਾਈ ਪ੍ਰਸ਼ਾਸਨ ਵੱਲੋਂ ਨਹੀਂ ਕਰਵਾਈ ਗਈ, ਜਿਸ ਕਰਕੇ ਪ੍ਰਸ਼ਾਸਨ ਕੋਈ ਵੱਡੇ ਨੁਕਸਾਨ ਦੇ ਹੋਣ ਦੀ ਉਡੀਕ ਵਿਚ ਹੈ। ਜੇਕਰ ਛੇਤੀ ਇਨ੍ਹਾਂ ਡਰੇਨਾ ਦੀ ਸਫਾਈ ਦਾ ਕੰਮ ਮੁਕੰਮਲ ਨਾ ਕੀਤਾ ਗਿਆ ਤਾਂ ਕਿਸਾਨਾਂ ਦੀਆਂ ਫਸਲਾਂ ਦੀ ਬਰਬਾਦੀ ਦੇ ਨਾਲ ਅਤੇ ਇਲਾਕੇ ਵਿਚ ਵੀ ਪਾਣੀ ਦੀ ਮਾਰ ਨਾਲ ਲੱਗਦੇ ਘਰਾਂ ਨੂੰ ਝੱਲਣੀ ਪੈ ਸਕਦੀ ਹੈ। ਸ਼ਹਿਰ ਤਪਾ ਤੋਂ ਕੁਝ ਦੂਰੀ ਤੇ ਤਪਾ ਤੋਂ ਢਿੱਲਵਾਂ ਸੜਕ ਤੇ ਸਥਿਤ ਡਰੇਨ , ਤਪਾ ਤੋਂ ਆਲੀਕੇ ਰੋਡ ਤੇ ਸਥਿਤ ਡਰੇਨ ਦੇ ਹਾਲਾਤ ਬੇਹੱਦ ਬਦਤਰ ਬਣੇ ਹੋਏ ਹਨ, ਜਿੱਥੇ ਡਰੇਨਾਂ ਵਿਚ ਕਾਫ਼ੀ ਦੂਰੀ ਤੱਕ ਜਲ ਬੂਟੀ ਤੇ ਘਾਹ ਫੂਸ ਉੱਗਿਆ ਹੋਇਆ ਹੈ। ਡਰੇਨ ਵਿਚ ਡਿੱਗੇ ਦਰਖਤ ਵੀ ਪਾਣੀ ਨੂੰ ਰੋਕ ਰਹੇ ਹਨ ਅਤੇ ਡਰੇਨ ਵਿੱਚੋਂ ਪਾਣੀ ਦੀ ਬੜੀ ਮੁਸ਼ਕਿਲ ਨਾਲ ਅੱਗੇ ਵੱਲ ਵੱਧ ਰਿਹਾ ਹੈ। ਇਸ ਸਬੰਧੀ ਜਦੋਂ ਡਰੇਨਾਂ ਦੇ ਆਲੇ ਦੁਆਲੇ ਦੇ ਖੇਤਾਂ ਵਾਲੇ ਕਿਸਾਨਾਂ ਨਾਲ ਗੱਲ ਕੀਤੀ ਤਾਂ ਉਹਨਾਂ ਕਿਹਾ ਕਿ ਕਿਸੇ ਵੀ ਡਰੇਨ ਦੀ ਸਫਾਈ ਅਜੇ ਤੱਕ ਸਬੰਧਤ ਮਹਿਕਮੇ ਵੱਲੋਂ ਨਹੀਂ ਕਰਵਾਈ ਗਈ ਹੈ। ਡਰੇਨ ਵਿਚ ਉੱਗੀ ਬੂਟੀ, ਡਿੱਗੇ ਹੋਏ ਦਰਖਤ, ਘਾਹ ਫੂਸ ਪਾਣੀ ਦੀ ਨਿਕਾਸੀ ਨੂੰ ਰੋਕ ਰਹੇ ਹਨ, ਪ੍ਰੰਤੂ ਕਿਸੇ ਵੀ ਅਧਿਕਾਰੀ ਵੱਲੋਂ ਅਜੇ ਤੱਕ ਡਰੇਨਾਂ ਦੀ ਸਾਰ ਨਹੀਂ ਲਈ ਹੈ। ਉਨ੍ਹਾਂ ਕਿਹਾ ਮੀਂਹ ਦਾ ਅਲਰਟ ਜਾਰੀ ਹੋ ਚੁੱਕਾ ਹੈ, ਪ੍ਰੰਤੂ ਹਾਲੇ ਤੱਕ ਵਿਭਾਗ ਨੇ ਡਰੇਨਾਂ ਦੀ ਸਫਾਈ ਵੱਲ ਭੋਰਾ ਵੀ ਧਿਆਨ ਨਹੀ ਦਿੱਤਾ ਹੈ। ਉਹਨਾਂ ਦੱਸਿਆ ਕਿ ਤੇਜ਼ ਬਰਸਾਤਾਂ ਦੇ ਪੈਣ ਕਾਰਨ ਆਲੇ ਦੁਆਲੇ ਦੇ ਖੇਤਾਂ ਨੂੰ ਪਾਣੀ ਦੀ ਮਾਰ ਦਾ ਸਾਹਮਣਾ ਕਰਨਾ ਪਵੇਗਾ ਅਗਰ ਸਬੰਧਤ ਮਹਿਕਮੇ ਵੱਲੋਂ ਡਰੇਨਾਂ ਦੀ ਸਫਾਈ ਕੁਝ ਦਿਨਾਂ ਤੱਕ ਨਾ ਕਰਵਾਈ ਤਾਂ ਇਸ ਦਾ ਖਮਿਆਜਾ ਆਉਣ ਵਾਲੇ ਦਿਨਾਂ ਵਿਚ ਕਿਸਾਨਾਂ ਅਤੇ ਨਾਲ ਲਗਦੇ ਘਰਾਂ ਵਾਲਿਆਂ ਨੂੰ ਭੁਗਤਣਾ ਪੈ ਸਕਦਾ ਹੈ। ਇਸ ਲਈ ਬਰਸਾਤਾਂ ਸ਼ੁਰੂ ਹੋਣ ਤੋਂ ਪਹਿਲਾਂ ਡਰੇਨਾਂ ਦੀ ਸਫਾਈ ਕਰਵਾਈ ਜਾਣੀ ਚਾਹੀਦੀ ਹੈ, ਤਾਂ ਜੋ ਬਰਸਾਤੀ ਨਾਲੇ ਓਵਰਫਲੋ ਹੋਣ ਤੋਂ ਬਚ ਸਕਣ। ਕਿਉਂਕਿ ਲਗਾਤਾਰ ਬਰਸਾਤਾਂ ਪੈਣੀਆਂ ਸ਼ੁਰੂ ਹੋ ਰਹੀਆਂ ਹਨ,ਪਰ ਬਰਸਾਤਾਂ ਨੂੰ ਲੈ ਕੇ ਪ੍ਰਸ਼ਾਸਨ ਵੱਲੋਂ ਡਰੇਨਾਂ ਦੀ ਸਫਾਈ ਨਾ ਕਰਨਾ ਕਿਸੇ ਵੇਲੇ ਵੀ ਲੋਕਾਂ ਦਾ ਨੁਕਸਾਨ ਹੋ ਸਕਦਾ ਹੈ ਇਸ ਲਈ ਸਬ ਡਿਵੀਜ਼ਨ ਅੰਦਰ ਡਰੇਨਾਂ ਦੀ ਸਫਾਈ ਕੀਤੀ ਜਾਵੇ ਅਤੇ ਲੋਕਾਂ ਅੰਦਰ ਪਏ ਹੋਏ ਡਰ ਨੂੰ ਬਾਹਰ ਕੱਢਿਆ ਜਾਵੇ। ਇਸ ਸਬੰਧੀ ਜਦੋਂ ਡਿਪਟੀ ਕਮਿਸ਼ਨਰ ਬਰਨਾਲਾ ਨਾਲ ਗੱਲ ਕਰਨੀ ਚਾਹੀ ਤਾਂ ਉਹਨਾਂ ਮੈਸੇਜ ਭੇਜਿਆ ਕਿ ਮੈਂ ਮੀਟਿੰਗ ਵਿੱਚ ਹਾਂ। ਉਸ ਤੋਂ ਬਾਅਦ ਸਬ ਡਿਵੀਜ਼ਨ ਤਪਾ ਦੇ ਐਸਡੀਐਮ ਸਿਮਰਪ੍ਰੀਤ ਕੌਰ ਨਾਲ ਗੱਲ ਕਰਨੀ ਚਾਹੀ ਤਾਂ ਉਹਨਾਂ ਨੇ ਫੋਨ ਹੀ ਨਹੀਂ ਚੁੱਕਿਆ। ਬਾਅਦ ਵਿੱਚ ਜਦੋਂ ਨਾਇਬ ਤਹਸੀਲਦਾਰ ਉਂਕਾਰ ਸਿੰਘ ਨਾਲ ਗੱਲ ਕਰਨੀ ਚਾਹੀ ਤਾਂ ਉਹਨਾਂ ਨੇ ਵੀ ਫੋਨ ਨਹੀਂ ਚੁੱਕਿਆ।

# ਐਡਵੋਕੇਟ ਈਸ਼ਵਰ ਬਾਂਸਲ ਰੋਟਰੀ ਕਲੱਬ ਭਵਾਨੀਗੜ੍ਹ ਦੇ ਪ੍ਰਧਾਨ ਨਿਯੁਕਤ



ਭਵਾਨੀਗੜ੍ਹ, 1 ਜੁਲਾਈ (ਅਮਨਦੀਪ ਸਿੰਘ ਮਾਝਾ): ਸਮਾਜ ਸੇਵੀ ਸੰਸਥਾ ਰੋਟਰੀ ਕੱਲਬ ਭਵਾਨੀਗੜ੍ਹ ਸਿਟੀ ਵੱਲੋਂ ਸਾਲ 2025-26 ਲਈ ਨਵੀਂ ਟੀਮ ਦਾ ਐਲਾਨ ਕੀਤਾ ਗਿਆ। ਐਡਵੋਕੇਟ ਈਸ਼ਵਰ ਬਾਂਸਲ ਪ੍ਰਧਾਨ, ਅਮਿਤ ਗੋਇਲ ਸੈਕਟਰੀ, ਨਵੀਨ ਵਰਮਾ ਕੈਸ਼ੀਅਰ ਨੇ ਆਪਣਾ ਕਾਰਜਕਾਰ ਸੰਭਾਲਿਆ। ਇੱਥੇ ਇਹ ਵਰਣਨਯੋਗ ਹੈ ਕਿ ਰੋਟਰੀ ਕਲੱਬ ਪਿਛਲੇ 25 ਸਾਲ ਤੋਂ ਸ਼ਹਿਰ ਵਿੱਚ ਬਹੁਤ ਸਮਾਜ ਸੇਵਾ ਦੇ ਕੰਮ ਕਰ ਰਿਹਾ ਹੈ, ਜਿਸ ਵਿੱਚ ਖ਼ੂਨਦਾਨ ਕੈਂਪ, ਅੱਖਾਂ ਦੇ ਅਪਰੇਸ਼ਨਾਂ ਦਾ ਕੈਂਪ, ਗਰੀਬ ਵਿਦਿਆਰਥੀਆਂ ਦੀ ਮੱਦਦ ਕਰਨਾ, ਵਾਤਾਵਰਣ ਦੀ ਸੰਭਾਲ ਕੰਮ ਕਰਨਾ, ਅੰਗਹੀਣ ਵਿਅਕਤੀਆਂ ਦੀ ਮਦਦ ਕਰਨਾ ਆਦਿ। ਇਸ ਮੌਕੇ 'ਤੇ ਕਲੱਬ ਦੇ ਸਾਬਕਾ ਗਵਰਨਰ ਧਰਮਵੀਰ ਗਰਗ ਨੇ ਨਵੀਂ ਟੀਮ ਨੂੰ ਸ਼ੁਭਕਾਮਨਾਵਾਂ ਦਿੱਤੀਆਂ ਅਤੇ ਉਮੀਦ ਪ੍ਰਗਟਾਈ ਕਿ ਨਵੀਂ ਟੀਮ ਕੱਲਬ ਦੇ ਉਦੇਸ਼ਾਂ ਨੂੰ ਪੂਰਾ ਕਰੇਗੀ। ਕਲੱਬ ਦੇ ਸਾਰੇ ਵਰਤਮਾਨ ਮੈਂਬਰਾਂ ਅਨਿਲ ਕਾਂਸਲ, ਵਰਿੰਦਰ ਮਿੱਤਲ, ਰਜਿੰਦਰ ਸੁਖੀਜਾ, ਸਤੀਸ਼ ਗਰਗ, ਪਰਦੀਪ ਮਿੱਤਲ, ਸਤਪਾਲ ਸ਼ਰਮਾ, ਭਗਵੰਤ ਸਿੰਘ ਖਾਰੇ, ਰੰਜਨ ਗਰਗ, ਮਿੰਟੂ ਤੂਰ, ਨਵੀ ਵਰਮਾ, ਸੰਜੀਵ ਗੋਇਲ, ਸੁਸ਼ੀਲ ਪੋਪਲੀ, ਸੰਜੀਵ ਕੁਮਾਰ ਸੰਜੇ, ਵਿਕਾਸ ਸਚਦੇਵਾ, ਸੋਨੂੰ ਗੋਇਲ ਅਤੇ ਸ਼ਹਿਰ ਦੇ ਪ੍ਰਸਿੱਧ ਵਿਅਕਤੀਆਂ ਨੇ ਨਵੀਂ ਟੀਮ ਨੂੰ ਸ਼ੁਭਕਾਮਨਾਵਾਂ ਅਤੇ ਸ਼ੁੱਭ ਇੱਛਾਵਾਂ ਦਿੱਤੀਆਂ।

# ਸਕਰੌਦੀ ਦੇ ਸਰਪੰਚ ਵੱਲੋਂ ਨੌਜਵਾਨਾਂ ਨੂੰ ਖੇਡਾਂ ਦਾ ਸਮਾਨ ਅਤੇ ਪੱਖਾ ਦਾਨ



ਭਵਾਨੀਗੜ੍ਹ, 1 ਜੁਲਾਈ (ਅਮਨਦੀਪ ਸਿੰਘ ਮਾਝਾ) : ਪੰਜਾਬ ਦੀ ਆਪ ਸਰਕਾਰ ਵੱਲੋਂ ਚਲਾਏ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਨੂੰ ਮੁੱਖ ਰੱਖਦਿਆਂ ਪਿੰਡ ਸਕਰੌਦੀ ਦੇ ਸਰਪੰਚ ਜਗਰਾਜ ਸਿੰਘ ਨੇ ਸ਼ਹੀਦ ਊਧਮ ਸਿੰਘ ਸਪੋਰਟਸ ਐਂਡ ਵੈਲਫੇਅਰ ਕਲੱਬ ਨੂੰ ਖੇਡਾਂ ਦਾ ਸਮਾਨ ਅਤੇ ਪੱਖਾ ਦਾਨ ਵਿਚ ਦਿੱਤਾ। ਜਗਰਾਜ ਸਿੰਘ ਸਕਰੌਦੀ ਨੇ ਦੱਸਿਆ ਕਿ ਖੇਡਾਂ ਦਾ ਸਮਾਨ ਦੇਣ ਦਾ ਮਕਸਦ ਨੌਜਵਾਨਾਂ ਨੂੰ ਨਸ਼ਿਆਂ ਤੋਂ ਬਚਾਉਣਾ ਹੈ। ਜੇਕਰ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਿਆ ਜਾਵੇਗਾ ਤਾਂ ਹੀ ਬੱਚੇ ਨਸ਼ਿਆਂ ਤੋਂ ਦੂਰ ਰਹਿਣਗੇ ਅਤੇ ਖੇਡਾਂ ਨਾਲ ਜੁੜਨਗੇ। ਕਲੱਬ ਦੇ ਪ੍ਰਧਾਨ ਜਸਕਰਨ ਸਿੰਘ ਅਤੇ ਖਜ਼ਾਨਚੀ ਬੰਟੀ ਸਿੱਧੂ ਨੇ ਜਾਣਕਾਰੀ ਦਿੰਦੇ ਦੱਸਿਆ ਕਿ ਸਰਪੰਚ ਜਗਰਾਜ ਸਿੰਘ ਹਰ ਸਮੇਂ ਕਲੱਬ ਨਾਲ ਸਹਿਯੋਗ ਦਿੰਦੇ ਹਨ, ਜਿਸ ਕਾਰਨ ਸਕੂਲੀ ਬੱਚੇ ਵੱਡੀਆਂ ਮੱਲਾਂ ਮਾਰ ਰਹੇ ਹਨ। ਉਹਨਾਂ ਨੇ ਸਾਰੇ ਕਲੱਬ ਵਲੋਂ ਸਰਪੰਚ ਦਾ ਧੰਨਵਾਦ ਕੀਤਾ। ਇਸ ਮੌਕੇ ਪੰਚਾਇਤ ਮੈਂਬਰ ਚਮਕੌਰ ਸਿੰਘ, ਗੁਰਸ਼ਰਨ ਸਿੰਘ ਪਟਵਾਰੀ ਰਮਨਦੀਪ, ਸ਼ਿੰਦਾ, ਗੁਰਲਾਲ, ਜੋਤੀ, ਗੁਰਪ੍ਰੀਤ, ਰਰਿੰਕੂ ਸਿੰਘ, ਰੇਸ਼ਮ ਸਿੰਘ, ਅਰਸ਼ਦੀਪ ਸਿੰਘ, ਅਮਰੀਕ ਸਿੰਘ ਹਾਜ਼ਰ ਰਹੇ।

# ਸਿਹਤ ਯੋਜਨਾਵਾਂ ਦਾ ਲਾਭ ਹਰੇਕ ਲਾਭਪਾਤਰੀ ਨੂੰ ਮਿਲਣਾ ਯਕੀਨੀ ਬਣਾਇਆ ਜਾਵੇ : ਡਾ. ਅਨਿਲ ਗੋਇਲ



ਬਠਿੰਡਾ, 1 ਜੁਲਾਈ (ਦੀਪਕ ਸ਼ਰਮਾ): ਸੋਮਵਾਰ ਨੂੰ ਨਿਰਦੇਸ਼ਕ ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਡਾ. ਅਨਿਲ ਗੋਇਲ ਵੱਲੋਂ ਸਿਵਲ ਹਸਪਤਾਲ ਬਠਿੰਡਾ ਅਤੇ ਜੱਚਾ ਬੱਚਾ ਹਸਪਤਾਲ ਦਾ ਦੌਰਾ ਕੀਤਾ ਗਿਆ ਅਤੇ ਬਾਅਦ ਵਿੱਚ ਸਿਹਤ ਵਿਭਾਗ ਦੇ ਅਧਿਕਾਰੀਆਂ ਨਾਲ ਮੀਟਿੰਗ ਵੀ ਕੀਤੀ ਗਈ। ਮੀਟਿੰਗ ਵਿੱਚ ਵੱਖ-ਵੱਖ ਸਿਹਤ ਸਕੀਮਾਂ ਸਬੰਧੀ ਵਿਚਾਰ ਚਰਚਾ ਕੀਤੀ। ਦੌਰੇ ਦੌਰਾਨ ਉਹਨਾਂ ਵੱਲੋਂ ਮਰੀਜ਼ਾਂ ਲਈ ਲਗਾਏ ਬੈਡਾਂ, ਮਰੀਜ਼ਾਂ ਦੇ ਬੈਠਣ ਲਈ ਲਗਾਈਆਂ ਕੁਰਸੀਆਂ, ਆਮ ਲੋਕਾਂ ਲਈ ਪੀਣ ਵਾਲਾ ਪਾਣੀ ਦੇ ਪ੍ਰਬੰਧ ਦਾ ਜਾਇਜ਼ਾ ਲਿਆ ਗਿਆ, ਤਾਂ ਜੋ ਹਸਪਤਾਲਾਂ ਵਿਚ ਆਉਣ ਵਾਲੇ ਮਰੀਜ਼ਾਂ ਨੂੰ ਕੋਈ ਮੁਸ਼ਕਲ ਪੇਸ਼ ਨਾ ਆਵੇ। ਉਨ੍ਹਾਂ ਕਿਹਾ ਕਿ ਸਾਰੀਆਂ ਐਂਬੂਲੈਂਸਾਂ ਸਮੇਤ 108 ਐਂਬੂਲੈਂਸ ਵਿਚ ਸਾਰੇ ਇਕਿਊਪਮੈਂਟ ਚਾਲੂ ਹਾਲਤ ਵਿਚ ਹੋਣੇ ਚਾਹੀਦੇ ਹਨ। ਸਾਰੀਆਂ ਵੀਲ ਚੇਅਰਾਂ ਅਤੇ ਸਟਰੇਚਰ ਸਾਫ ਸੁਥਰੇ ਹੋਣੇ ਚਾਹੀਦੇ ਹਨ ਅਤੇ ਉਨ੍ਹਾਂ ਉਤੇ ਗੱਦੀਆਂ ਲੱਗੀਆਂ ਹੋਣ ਅਤੇ ਸਾਫ ਚਾਦਰਾਂ ਵਿਛੀਆਂ ਹੋਣ। ਇਸ ਦੌਰਾਨ ਸਿਹਤ ਅਧਿਕਾਰੀਆਂ ਨਾਲ ਕੀਤੀ ਗਈ ਮੀਟਿੰਗ ਵਿੱਚ ਵੱਖ ਵੱਖ ਨੈਸ਼ਨਲ ਪ੍ਰੋਗਰਾਮਾਂ ਦੀ ਸਮੀਖਿਆ ਕੀਤੀ ਗਈ। ਸਮੂਹ ਅਧਿਕਾਰੀਆਂ ਨੂੰ 100 ਪ੍ਰਤੀਸ਼ਤ ਟੀਚੇ ਪ੍ਰਾਪਤ ਕਰਨ ਦੀ ਹਦਾਇਤਾਂ ਦਿੱਤੀਆਂ ਗਈਆਂ ਅਤੇ ਸਮੂਹ ਅਫਸਰ ਸਾਹਿਬਾਨਾਂ ਨੂੰ ਕਿਹਾ ਗਿਆ ਕਿ ਸਿਹਤ ਵਿਭਾਗ ਦੁਆਰਾ ਚਲਾਈਆਂ ਜਾ ਰਹੀਆਂ ਸਿਹਤ ਸਕੀਮਾਂ ਦਾ ਲਾਭ ਹਰੇਕ ਲਾਭਪਾਤਰੀ ਨੂੰ ਮਿਲਣਾ ਯਕੀਨੀ ਬਣਾਇਆ ਜਾਵੇ

# ਪੰਜਾਬ ਵਿੱਚ ਕਮਿਊਨਿਸਟ ਲਹਿਰ ਦੀ ਉਤਪਤੀ, ਵਿਕਾਸ ਅਤੇ ਉਤਰਾਵਾਂ-ਚੜ੍ਹਾਵਾਂ ਦਾ ਸੰਖੇਪ ਇਤਿਹਾਸ' ਵਿਸ਼ੇ 'ਤੇ ਗੋਸ਼ਟੀ 5 ਨੂੰ

ਧੂਰੀ, 1 ਜੁਲਾਈ (ਰਾਜੇਸ਼ਵਰ ਪਿੰਟੂ, ਅਮਨ ਗਰਗ): ਕੇਂਦਰੀ ਪੰਜਾਬੀ ਲੇਖਕ ਸਭਾ (ਸੇਖੋਂ) ਰਜਿ: ਦੇ ਪ੍ਰਧਾਨ ਪਵਨ ਹਰਚੰਦਪੁਰੀ ਨੇ ਅੱਜ ਇਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਉੱਘੇ ਚਿੰਤਕ, ਬੁੱਧੀਜੀਵੀ ਅਤੇ ਰਾਜਸੀ ਆਗੂ ਲਹਿਬਰ ਸਿੰਘ ਤੱਗੜ ਦੁਆਰਾ ਲਿਖੀ ਪੁਸਤਕ 'ਪੰਜਾਬ ਵਿੱਚ ਕਮਿਊਨਿਸਟ ਲਹਿਰ ਦੀ ਉਤਪਤੀ, ਵਿਕਾਸ ਅਤੇ ਉਤਰਾਵਾਂ ਚੜ੍ਹਾਵਾਂ ਦਾ ਸੰਖੇਪ ਇਤਿਹਾਸ' ਉੱਪਰ ਵਿਸਥਾਰਿਤ ਗੋਸ਼ਟੀ 5 ਜੁਲਾਈ ਸ਼ਨੀਵਾਰ ਨੂੰ ਸਵੇਰੇ 10:00 ਵਜੇ ਭਾਸ਼ਾ ਵਿਭਾਗ ਪਟਿਆਲਾ ਦੇ ਆਡੀਟੋਰੀਅਮ ਵਿੱਚ ਵੱਖ ਵੱਖ ਸਾਹਿਤ ਸਭਾਵਾਂ ਦੇ ਸਹਿਯੋਗ ਨਾਲ ਕਰਵਾਈ ਜਾ ਰਹੀ ਹੈ। ਇਸ ਪੁਸਤਕ ਉੱਪਰ ਡਾ. ਭੀਮਇੰਦਰ ਸਿੰਘ, ਡਾ. ਜੋਗਾ ਸਿੰਘ ਅਤੇ ਡਾ. ਗੁਰਨਾਇਬ ਸਿੰਘ ਪੇਪਰ ਪੜ੍ਹਨਗੇ। ਇਸ ਸਮਾਗਮ ਦੇ ਮੁੱਖ ਮਹਿਮਾਨ ਕਾਮਰੇਡ ਸੁਖਵਿੰਦਰ ਸਿੰਘ ਸੇਖੋਂ, ਵਿਸ਼ੇਸ਼ ਹਿਮਾਨ ਸਾਹਿਤ ਰਤਨ ਪੰਜਾਬ ਡਾ. ਤੇਜਵੰਤ ਮਾਨ ਅਤੇ ਵਿਸ਼ਵ ਚਿੰਤਕ ਡਾ. ਸਵਰਾਜ ਸਿੰਘ ਹੋਣਗੇ। ਇਸ ਸਮਾਗਮ ਦੀ ਪ੍ਰਧਾਨਗੀ ਪ੍ਰਧਾਨ ਪਵਨ ਹਰਚੰਦਪੁਰੀ ਤੋਂ ਇਲਾਵਾ ਉੱਘੇ ਚਿੰਤਕ ਡਾ. ਸੁਰਜੀਤ ਸਿੰਘ ਭੱਟੀ, ਉੱਘੇ ਆਲੋਚਕ ਡਾ. ਰਾਜਿੰਦਰਪਾਲ ਸਿੰਘ ਬਰਾੜ, ਚਿੰਤਨਸ਼ੀਲ ਅਤੇ ਸੰਜੀਦਾ ਲੇਖਕ ਬੀ.ਐੱਸ. ਰਤਨ, ਡਾ. ਬਲਦੇਵ ਸਿੰਘ ਬੱਧਨ ਸਾਬਕਾ ਨਿਰਦੇਸ਼ਕ ਐਨ. ਐੱਸ. ਬੀ.ਟੀ, ਡਾ. ਜੋਗਿੰਦਰ ਸਿੰਘ ਨਿਰਾਲਾ ਅਤੇ ਡਾ. ਗੁਰਚਰਨ ਕੌਰ ਕੋਚਰ ਦੋਵੇਂ ਸੀਨੀਅਰ ਮੀਤ ਪ੍ਰਧਾਨ ਕੇਂਦਰੀ ਸਭਾ ਹੋਣਗੇ।



# ਸ਼ਾਦੀਹਰੀ 'ਚ ਚੋਰਾਂ ਨੇ ਹੁਣ ਮੋਬਾਇਲਾਂ ਦੀ ਦੁਕਾਨ ਨੂੰ ਬਣਾਇਆ ਨਿਸ਼ਾਨਾ, ਨਵੇਂ ਅਤੇ ਪੁਰਾਣੇ ਮੋਬਾਈਲਾਂ 'ਤੇ ਕੀਤਾ ਹੱਥ ਸਾਫ਼



ਕੌਹਰੀਆਂ, 1 ਜੁਲਾਈ (ਅਵਤਾਰ ਸਿੰਘ ਜਟਾਣਾ ): ਬੀਤੇ ਕੱਲ ਚੋਰਾਂ ਵੱਲੋਂ ਪਿੰਡ ਸ਼ਾਦੀਹਰੀ ਵਿਖੇ ਦੋ ਘਰਾਂ ਵਿੱਚ ਚੋਰੀ ਦੀ ਘਟਨਾ ਨੂੰ ਅੰਜਾਮ ਦਿੱਤਾ ਸੀ, ਜਿਸ ਵਿਚ ਲੱਖਾਂ ਰੁਪਏ ਸੋਨਾ ਅਤੇ ਨਕਦੀ ਚੋਰੀ ਕੀਤੀ ਸੀ, ਸੋਮਵਾਰ ਦੀ ਰਾਤ ਨੂੰ ਚੋਰਾਂ ਵੱਲੋਂ ਮੋਬਾਈਲ ਦੀ ਦੁਕਾਨ ਨੂੰ ਨਿਸ਼ਾਨਾ ਬਣਾਇਆ ਗਿਆ ਦੁਕਾਨ ਦੇ ਮਾਲਕ ਵਿੱਕੀ ਸਿੰਘ ਪੁੱਤਰ ਹਰਪਾਲ ਸਿੰਘ ਨੇ ਦੱਸਿਆ ਕਿ ਬੀਤੀ ਰਾਤ ਚੋਰਾਂ ਵੱਲੋਂ ਦੁਕਾਨ 'ਤੇ ਚੋਰੀ ਕੀਤੀ ਗਈ, ਜਿਸ ਦੀ ਸੂਚਨਾ ਸਵੇਰੇ 6 ਵਜੇ ਦੇ ਕਰੀਬ ਉਹਨਾਂ ਨੂੰ ਮਿਲੀ ਤਾਂ ਉਹਨਾਂ ਨੇ ਦੁਕਾਨ 'ਤੇ ਆ ਕੇ ਦੇਖਿਆ ਤਾਂ ਕੁਝ ਨਵੇਂ ਤੇ ਕੁਝ ਰਿਪੇਅਰ ਲਈ ਆਏ ਫੋਨ ਗਾਇਬ ਸਨ , ਜਿਸ ਦੀ ਸੂਚਨਾ ਪੁਲਿਸ ਚੌਂਕੀ ਕੌਹਰੀਆਂ ਨੂੰ ਦਿੱਤੀ ਗਈ ਅਤੇ ਪੁਲਿਸ ਨੇ ਘਟਨਾ ਸਥਾਨ 'ਤੇ ਪਹੁੰਚ ਕੇ ਸਥਿਤੀ ਦਾ ਜਾਇਜ਼ਾ ਲਿਆ ਗਿਆ। ਇਸ ਸਬੰਧੀ ਡੀਐਸਪੀ ਡਾ. ਰੁਪਿੰਦਰ ਕੌਰ ਬਾਜਵਾ ਨਾਲ ਗੱਲਬਾਤ ਕੀਤੀ ਗਈ ਤਾਂ ਉਹਨਾਂ ਕਿਹਾ ਕਿ ਪਹਿਲਾਂ ਹੋਈਆਂ ਦੋ ਚੋਰੀਆਂ ਸੰਬੰਧੀ ਐਫ ਆਈ ਆਰ ਦਰਜ ਕਰ ਲਈ ਗਈ ਹੈ ਅਤੇ ਮੋਬਾਇਲਾਂ ਦੀ ਦੁਕਾਨ 'ਤੇ ਹੋਈ ਚੋਰੀ ਦੀ ਘਟਨਾ ਦੀ ਜਾਂਚ ਕੀਤੀ ਜਾ ਰਹੀ ਹੈ। ਜਾਂਚ ਉਪਰੰਤ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

# ਈ.ਟੀ.ਟੀ. 5994 ਅਧਿਆਪਕ ਭਰਤੀ ਨੂੰ ਪਹਿਲ ਦੇ ਆਧਾਰ 'ਤੇ ਪੂਰੀ ਕਰੇ ਪੰਜਾਬ ਸਰਕਾਰ



ਖਨੌਰੀ, 1 ਜੁਲਾਈ (ਓਮਪ੍ਰਕਾਸ਼ ਮੁਆਲ): ਈ.ਟੀ.ਟੀ. 5994 ਅਧਿਆਪਕ ਭਰਤੀ ਪ੍ਰਕਿਰਿਆ ਨੂੰ ਪੰਜਾਬ ਸਰਕਾਰ ਵੱਲੋਂ ਪਹਿਲ ਦੇ ਆਧਾਰ 'ਤੇ ਪੂਰਾ ਕਰਨਾ ਚਾਹੀਦਾ ਹੈ। ਇਸ ਬਾਰੇ ਜਾਣਕਾਰੀ ਦਿੰਦਿਆਂ ਅਧਿਆਪਕ ਆਗੂ ਰੋਹਤਾਸ ਗੁਲਾੜੀ ਨੇ ਦੱਸਿਆ ਕਿ ਇਸ ਭਰਤੀ ਪ੍ਰਕਿਰਿਆ ਨੂੰ ਪੂਰਾ ਕਰਦਿਆਂ ਪੰਜਾਬ ਸਰਕਾਰ ਨੇ 2600 ਅਧਿਆਪਕਾਂ ਨੂੰ ਜੁਆਇੰਨ ਕਰਵਾ ਦਿੱਤਾ ਸੀ। ਜਦੋਂ ਕਿ ਉਨ੍ਹਾਂ ਇਨ੍ਹਾਂ ਵਿਚੋਂ ਕਰੀਬ 3500 ਦੇ ਲੱਗਭਗ ਅਧਿਆਪਕਾਂ ਦੀ ਲਿਸਟ ਬਾਕੀ ਰਹਿੰਦੀ ਹੈ। ਇਨ੍ਹਾਂ ਬਾਕੀ ਰਹਿੰਦੇ ਅਧਿਆਪਕਾਂ ਨੂੰ ਜੁਆਇੰਨ ਕਰਵਾਉਣ ਵਿੱਚ ਪੰਜਾਬ ਸਰਕਾਰ ਵੱਲੋਂ ਟਾਲ ਮਟੋਲ ਦੀ ਨੀਤੀ ਅਪਣਾਈ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਇਸ ਰਹਿੰਦੀ ਭਰਤੀ ਨੂੰ ਪੂਰਾ ਕਰਵਾਉਣ ਲਈ ਸਰਕਾਰ ਵੱਲੋਂ ਕੋਈ ਢੁੱਕਵੀਂ ਕਾਰਵਾਈ ਨਾ ਕਰਨ 'ਤੇ ਯੂਨੀਅਨ ਆਗੂਆਂ ਵੱਲੋਂ ਰੋਸ ਪ੍ਰਦਰਸ਼ਨ ਕਰਦੇ ਹੋਏ ਸੰਗਰੂਰ ਮੁੱਖ ਮੰਤਰੀ ਦੀ ਕੋਠੀ ਦਾ ਘਿਰਾਓ ਕਰਨ ਲਈ ਪਿਛਲੇ ਦਿਨੀਂ ਪ੍ਰੋਗਰਾਮ ਬਣਾਇਆ ਗਿਆ ਸੀ। ਜਿਸ ਵਿੱਚ ਕਿਸੇ ਮੰਤਰੀ ਜਾਂ ਅਧਿਕਾਰੀਆਂ ਨੇ ਕੋਈ ਸੁਣਵਾਈ ਨਹੀਂ ਕੀਤੀ। ਸਗੋਂ ਪੁਲਿਸ ਵੱਲੋਂ ਬੇਰੋਜ਼ਗਾਰ ਅਧਿਆਪਕ ਸਾਥੀਆਂ 'ਤੇ ਲਾਠੀਚਾਰਜ ਕੀਤਾ ਗਿਆ, ਜਿਸ ਵਿੱਚ ਕਾਫੀ ਮੁੰਡੇ, ਕੁੜੀਆਂ ਜ਼ਖ਼ਮੀ ਹੋਏ, ਜਿਨ੍ਹਾਂ ਨੂੰ ਬਾਅਦ ਵਿੱਚ ਵੱਖ ਥਾਣਿਆਂ ਵਿੱਚ ਬੰਦ ਕੀਤਾ ਗਿਆ। ਕਾਫ਼ੀ ਨੂੰ ਦੋ-ਦਿਨ ਜੇਲ੍ਹਾਂ ਵਿਚ ਵੀ ਰਖਿਆ ਗਿਆ। ਜਿਨ੍ਹਾਂ ਨੂੰ ਟੀਚਰ ਯੂਨੀਅਨ ਵੱਲੋਂ ਰਿਹਾਅ ਕਰਵਾਇਆ ਗਿਆ। ਉਨ੍ਹਾਂ ਦੱਸਿਆ ਕਿ 3 ਜੁਲਾਈ ਨੂੰ ਮੁੱਖ ਮੰਤਰੀ ਪੰਜਾਬ ਨਾਲ ਅਧਿਆਪਕ ਯੂਨੀਅਨ ਵੱਲੋਂ ਮੀਟਿੰਗ ਰੱਖੀ ਗਈ ਹੈ।

ਜੇਕਰ ਇਸ ਵਿੱਚ ਸਾਨੂੰ ਤੱਸਲੀ ਬਖ਼ਸ਼ ਕੋਈ ਜਵਾਬ ਨਹੀਂ ਮਿਲਿਆ ਤਾਂ ਸੰਘਰਸ਼ ਨੂੰ ਹੋਰ ਤੇਜ਼ ਕੀਤਾ ਜਾਵੇਗਾ। ਇਸ ਮੌਕੇ ਉਨ੍ਹਾਂ ਨਾਲ ਵੀਰਭਾਨ ਗੁਲਾੜੀ, ਲਵਲੀ ਭੁੱਲਣ ਆਦਿ ਸ਼ਾਮਲ ਸਨ।

# 'ਹੈਰੀਟੇਜ਼ ਵਾਕ' ਦੇ ਰੂਪ 'ਚ ਸ੍ਰੀ ਮੁਕਤਸਰ ਸਾਹਿਬ ਵਾਸੀਆਂ ਨੂੰ ਸ਼ਾਨਦਾਰ ਤੋਹਫ਼ਾ ਦੇਣ ਦੀ ਤਿਆਰੀ ਕਰ ਰਿਹੈ ਜ਼ਿਲ੍ਹਾ ਪ੍ਰਸ਼ਾਸਨ



ਸ੍ਰੀ ਮੁਕਤਸਰ ਸਾਹਿਬ, 1 ਜੁਲਾਈ (ਐਚ ਐਸ ਕਪੂਰ): ਸ੍ਰੀ ਮੁਕਤਸਰ ਸਾਹਿਬ ਵਾਸੀਆਂ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ 'ਹੈਰੀਟੇਜ਼ ਵਾਕ' ਦੇ ਰੂਪ ਵਿੱਚ ਸ਼ਾਨਦਾਰ ਤੋਹਫ਼ਾ ਦੇਣ ਦੀ ਤਿਆਰੀ ਕੀਤੀ ਜਾ ਰਹੀ ਹੈ ਅਤੇ ਡਿਪਟੀ ਕਮਿਸ਼ਨਰ ਅਭਿਜੀਤ ਕਪਲਿਸ਼ ਖੁਦ ਇਸ ਪ੍ਰੋਜੈਕਟ ਦੀ ਨਿਰੰਤਰ ਨਿਗਰਾਨੀ ਕਰ ਰਹੇ ਹਨ। ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਅਭਿਜੀਤ ਕਪਲਿਸ਼ ਨੇ ਕਿਹਾ ਕਿ ਜੌੜੀਆਂ ਨਹਿਰਾਂ ਵਿਚਲੀ ਪੱਟੜੀ ਦਾ ਸੁੰਦਰੀਕਰਨ ਕਰਕੇ ਇੱਕ ਵਧੀਆ ਪਿਕਨਿਕ ਸਪਾਟ ਬਣਾਉਣ ਦੀ ਯੋਜਨਾ ਉਲੀਕੀ ਜਾ ਰਹੀ ਹੈ ਅਤੇ ਸੈਰਗਾਹ ਦੇ ਨਾਲ-ਨਾਲ ਸਾਈਕਲਿੰਗ ਟਰੈਕ ਵੀ ਬਣੇਗਾ। ਉਨ੍ਹਾਂ ਕਿਹਾ ਕਿ ਪਿਛਲੇ ਸਮੇਂ ਤੋਂ ਉਨ੍ਹਾਂ ਦੇ ਮਨ ਵਿੱਚ ਇਹ ਵਿਚਾਰ ਸੀ ਕਿ ਨਹਿਰਾਂ ਦੇ ਆਲੇ ਦੁਆਲੇ ਕੋਈ ਅਜਿਹਾ ਪ੍ਰੋਜੈਕਟ ਬਣਾਇਆ ਜਾਵੇ ਜਿਥੇ ਲੋਕ ਬੇਫ਼ਿਕਰ ਹੋ ਕੇ ਖੁਸ਼ਗਵਾਰ ਮਾਹੌਲ ਵਿੱਚ ਸੈਰ ਦਾ ਆਨੰਦ ਮਾਣ ਸਕਣ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਮੁੱਢਲੇ ਪ੍ਰੋਜੈਕਟ ਤਹਿਤ ਇਸ ਵਾਕਿੰਗ ਟਰੈਕ ਦੀ ਲੰਬਾਈ ਸੱਤ ਕਿਲੋਮੀਟਰ ਹੋਵੇਗੀ, ਜਿਸ ਵਿੱਚ ਆਉਣ ਵਾਲੇ ਸਮੇਂ ਦੌਰਾਨ ਲੋਕਾਂ ਦੀ ਸੁਵਿਧਾ ਲਈ ਹੋਰ ਸਹੂਲਤਾਂ ਵੀ ਯਕੀਨੀ ਬਣਾਈਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਵਾਕਿੰਗ ਟਰੈਕ ਦਾ ਲਾਭ ਲੈਣ ਵਾਲੇ ਲੋਕਾਂ ਦੀ ਸੁਵਿਧਾ ਲਈ ਇੱਥੇ ਬੈਠਣ ਦੇ ਪ੍ਰਬੰਧ ਵੀ ਕੀਤੇ ਗਏ ਹਨ ਅਤੇ ਹਰਿਆਲੀ ਭਰਪੂਰ ਵਾਤਾਵਰਣ ਸਿਰਜਣ ਲਈ ਬੂਟੇ ਲਗਾਏ ਜਾ ਰਹੇ ਹਨ ਤਾਂ ਜੋ ਸੈਰ ਕਰਨ ਵਾਲੇ ਕੁਦਰਤ ਨਾਲ ਵੀ ਸਾਂਝ ਪਾ ਸਕਣ। ਡੀ.ਸੀ. ਅਭਿਜੀਤ ਕਪਲਿਸ਼ ਨੇ ਕਿਹਾ ਕਿ ਇਸ ਕੰਮ ਨੂੰ ਪੂਰਾ ਕਰਨ ਲਈ ਪੜਾਅਵਾਰ ਢੰਗ ਨਾਲ ਉਪਰਾਲੇ ਕੀਤੇ ਜਾ ਰਹੇ ਹਨ ਅਤੇ ਇਸ ਲੜੀ ਤਹਿਤ ਘੱਟ ਤੋਂ ਘੱਟ ਪੈਸੇ ਦੀ ਲਾਗਤ ਇਸ ਲੋਕ ਪੱਖੀ ਪ੍ਰੋਜੈਕਟ ਨੂੰ ਮੁਕੰਮਲ ਕਰਕੇ ਲੋਕਾਂ ਨੂੰ ਸਮਰਪਿਤ ਕੀਤਾ ਜਾਵੇਗਾ। ਉਨ੍ਹਾਂ ਵੱਲੋਂ ਸ੍ਰੀ ਮੁਕਤਸਰ ਸਾਹਿਬ ਜ਼ਿਲ੍ਹੇ ਦੇ ਵਾਸੀਆਂ ਤੇ ਐਨ. ਜੀ.ਓਜ਼. ਨੂੰ 'ਹੈਰੀਟੇਜ਼ ਵਾਕ' ਪ੍ਰੋਜੈਕਟ ਦੇ ਨਿਰਮਾਣ 'ਚ ਸਰਗਰਮੀ ਨਾਲ ਯੋਗਦਾਨ ਪਾਉਣ ਦੀ ਅਪੀਲ ਵੀ ਕੀਤੀ। ਉਨ੍ਹਾਂ ਕਿਹਾ ਕਿ ਜੇਕਰ ਇਸਦੀ ਵਰਤੋਂ ਵਾਲੇ ਲੋਕ ਇਸ ਟਰੈਕ ਦੇ ਨਿਰਮਾਣ ਵਿੱਚ ਸਹਿਯੋਗ ਦੇਣਗੇ ਤਾਂ ਹੀ ਉਹ ਇਸਦੀ ਸੁਚੱਜੀ ਵਰਤੋਂ ਕਰਨਗੇ।

ਉਨ੍ਹਾਂ ਕਿਹਾ ਕਿ ਸ੍ਰੀ ਮੁਕਤਸਰ ਸਾਹਿਬ ਨੂੰ ਵਧੀਆ ਬਣਾਉਣ ਲਈ ਹਰ ਇੱਕ ਨਾਗਰਿਕ ਨੂੰ ਆਪਣਾ ਬਣਦਾ ਸਹਿਯੋਗ ਦੇਣਾ ਚਾਹੀਦਾ ਹੈ ਤਾਂ ਇਸ ਇਤਿਹਾਸਕ ਜ਼ਿਲ੍ਹੇ ਨੂੰ ਦੁਨੀਆਂ ਸਾਹਮਣੇ ਇੱਕ ਨਮੂਨੇ ਦਾ ਜ਼ਿਲ੍ਹਾ ਬਣਾ ਕੇ ਪੇਸ਼ ਕੀਤਾ ਜਾ ਸਕੇ।

# ਸ਼ਰਾਬ ਨੇ ਮਰਵਾ ਦਿੱਤਾ ਮਾਂ, ਪਿਓ ਦਾ ਇਕਲੌਤਾ ਪੁੱਤਰ, ਦੋਸਤਾਂ ਨੇ ਕਰ ਦਿੱਤਾ ਕਤਲ, ਤਿੰਨ ਜਣੇ ਗ੍ਰਿਫ਼ਤਾਰ

ਬਠਿੰਡਾ, 1 ਜੁਲਾਈ (ਦੀਪਕ ਸ਼ਰਮਾ): ਦੋਸਤੀ ਦੇ ਰਿਸ਼ਤੇ ਨੂੰ ਸ਼ਰਮਸਾਰ ਕਰਦੀ ਇੱਕ ਦਰਦਨਾਕ ਘਟਨਾ ਸਥਾਨਕ ਸ਼ਹਿਰ ਵਿੱਚ ਸਾਹਮਣੇ ਆਈ ਹੈ, ਜਿੱਥੇ ਸ਼ਰਾਬ ਪੀਣ ਦੌਰਾਨ ਹੋਈ ਮਾਮੂਲੀ ਕਹਾਸੁਣੀ ਨੇ ਇੱਕ ਨੌਜਵਾਨ ਦੀ ਜਾਨ ਲੈ ਲਈ। ਕਤਲ ਕਰਨ ਵਾਲੇ ਕੋਈ ਹੋਰ ਨਹੀਂ ਮ੍ਰਿਤਕ ਦੇ ਦੋਸਤ ਹੀ ਸਨ।

ਪੁਲਿਸ ਨੇ ਇਸ ਮਾਮਲੇ 'ਚ ਤਿੰਨ ਦੋਸਤਾਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ, ਜਦਕਿ ਚੌਥੇ ਦੀ ਭਾਲ ਜਾਰੀ ਹੈ।

ਇਸ ਮਾਮਲੇ ਦਾ ਦੁਖਦ ਪਹਿਲੂ ਇਹ ਹੈ ਕਿ ਪੀੜਤ ਨੌਜਵਾਨ ਅਮਰੋਜ ਵਿਦੇਸ਼ ਰਹਿੰਦੀ ਆਪਣੀ ਭੈਣ ਕੋਲ ਜਾਣ ਦੀ ਤਿਆਰੀ ਕਰ ਰਿਹਾ ਸੀ। ਜਦ ਕਿ ਉਸ ਦਾ ਕਤਲ ਕਰਨ ਵਾਲੇ ਨੌਜਵਾਨ ਵੀ ਆਈਲੈਟਸ ਦੇ ਵਿਦਿਆਰਥੀ ਸਨ ਅਤੇ ਵਿਦੇਸ਼ ਜਾਣ ਦੀ ਤਿਆਰੀ ਕਰ ਰਹੇ ਸਨ, ਪਰ ਸ਼ਰਾਬ ਦੇ ਨਸ਼ੇ ਵਿੱਚ ਕੀਤੀ ਵਾਰਦਾਤ ਨੇ ਉਹਨਾਂ ਨੂੰ ਅਪਰਾਧੀ ਬਣਾ ਦਿੱਤਾ ਅਤੇ ਜੇਲ੍ਹ ਦੀ ਰਾਹ ਦਿਖਾ ਦਿੱਤੀ। ਕਥਿਤ ਦੋਸ਼ੀਆਂ ਨੇ ਮਾਂ ਪਿਓ ਦਾ ਇਕਲੌਤਾ ਪੁੱਤਰ ਮਾਰ ਮੁਕਾਇਆ। ਦੂਜੇ ਪਾਸੇ ਐਤਵਾਰ ਰਾਤ ਨੂੰ ਆਪਣੇ ਹੀ ਦੋਸਤ ਦਾ ਕਤਲ ਕਰਨ ਵਾਲੇ ਤਿੰਨ ਨੌਜਵਾਨਾਂ ਨੂੰ ਪੁਲਿਸ ਨੇ ਗ੍ਰਿਫ਼ਤਾਰ ਕਰ ਲਿਆ ਹੈ। ਇਸ ਸਬੰਧੀ ਸਥਾਨਕ ਸੈਕਟਰੀਏਟ ਵਿੱਚ ਕੀਤੀ ਗਈ ਪ੍ਰੈਸ ਵਾਰਤਾ ਦੌਰਾਨ ਡੀਐਸਪੀ ਸਰਬਜੀਤ ਸਿੰਘ ਨੇ ਦੱਸਿਆ ਕਿ ਥਾਣਾ ਸਿਵਲ ਲਾਈਨ ਪੁਲਿਸ ਕੋਲ ਬਲਜਿੰਦਰ ਸਿੰਘ ਵਾਸੀ ਲਾਲਬਾਈ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਨੇ ਬਿਆਨ ਦਰਜ ਕਰਵਾਉਂਦਿਆਂ ਦੱਸਿਆ ਸੀ ਕਿ 29 ਜੂਨ ਨੂੰ ਉਸਦਾ ਲੜਕਾ ਅਮਰੋਜ਼ ਸਿੰਘ ਉਰਫ ਰਿੰਕੀ (21 ਸਾਲ) ਦੁਪਹਿਰ ਸਮੇਂ ਆਪਣੇ ਦੋਸਤਾਂ ਨਾਲ ਬਠਿੰਡਾ ਵਿਖੇ ਆਇਆ ਸੀ। ਅਮਰੋਜ਼ ਸਿੰਘ ਅਤੇ ਉਸਦੇ ਤਿੰਨ ਸਾਥੀ ਪਹਿਲਾਂ ਆਪਣੇ ਦੋਸਤਾਂ ਸ਼ਾਹਬਾਜ਼ ਸਿੰਘ ਅਤੇ ਸ਼ਵੀ ਕੋਲ ਅਜੀਤ ਰੋਡ 'ਤੇ ਸਥਿਤ ਪੀਜੀ ਵਿਚ ਗਏ ਅਤੇ ਦੇਰ ਸ਼ਾਮ ਨੂੰ ਕਰੀਬ 10 ਵਜੇ ਉਹ ਕੁਝ ਖਾਣ ਪੀਣ ਲਈ ਮਾਡਲ ਟਾਊਨ ਫੇਸ 3 ਦੀ ਮਾਰਕੀਟ ਵਿਚ ਪੁੱਜ ਗਏ। ਇਸ ਦੌਰਾਨ ਸ਼ਾਹਬਾਜ ਸਿੰਘ ਅਤੇ ਸ਼ਵੀ ਵਾਸੀਆਨ ਜੰਗੀਰਾਣਾ, ਅੰਮ੍ਰਿਤਪਾਲ ਸਿੰਘ ਉਰਫ ਬੱਬੂ ਵਾਸੀ ਪਿੰਡ ਕਰਤਾਰਪੁਰ ਥਾਂਦੇ ਨੇੜੇ ਭੁੱਚੋ ਮੰਡੀ, ਖੁਸ਼ਪ੍ਰੀਤ ਸਿੰਘ ਵਾਸੀ ਧੰਨ ਸਿੰਘ ਖਾਨਾ ਨੇ ਆਪਣੇ ਇਕ ਹੋਰ ਸਾਥੀ ਨਾਲ ਅਮਰੋਜ਼ ਸਿੰਘ ਉੱਪਰ ਤੇਜ਼ਧਾਰ ਹਥਿਆਰਾਂ ਨਾਲ ਹਮਲਾ ਕਰ ਦਿੱਤਾ। ਉਨ੍ਹਾਂ ਦੱਸਿਆ ਕਿ ਉਕਤ ਨੌਜਵਾਨਾਂ ਨੇ ਮਿਲ ਕੇ ਅਮਰੋਜ਼ ਸਿੰਘ ਦੀ ਸੱਜੀ ਬਾਂਹ ਅਤੇ ਛਾਤੀ ਦੇ ਖੱਬੇ ਪਾਸੇ ਤੇਜ਼ ਧਾਰ ਹਥਿਆਰ ਨਾਲ ਗੰਭੀਰ ਵਾਰ ਕਰਕੇ ਉਸ ਦਾ ਕਤਲ ਕਰ ਦਿੱਤਾ ਅਤੇ ਮੌਕੇ ਤੋਂ ਫਰਾਰ ਹੋ ਗਏ। ਉਨ੍ਹਾਂ ਦੱਸਿਆ ਕਿ ਇਸ ਕੇਸ ਨੂੰ ਸੁਲਝਾਉਣ ਲਈ ਸੀਆਈਏ ਸਟਾਫ ਇਕ ਦੀ ਟੀਮ ਦਾ ਗਠਨ ਕੀਤਾ ਗਿਆ ਸੀ, ਜਿਸ ਤੋਂ ਬਾਅਦ ਵਾਰਦਾਤ ਵਿੱਚ ਸ਼ਾਮਲ ਮੁਲਜ਼ਮਾਂ ਦੀ ਪਛਾਣ ਕਰਨ ਤੋਂ ਬਾਅਦ ਸ਼ਾਹਬਾਜ਼ ਸਿੰਘ, ਅੰਮ੍ਰਿਤਪਾਲ ਸਿੰਘ ਅਤੇ ਖੁਸ਼ਪ੍ਰੀਤ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਉਨ੍ਹਾਂ ਦੱਸਿਆ ਕਿ ਇਨ੍ਹਾਂ ਮੁਲਜ਼ਮਾਂ ਦੇ ਚੌਥੇ ਸਾਥੀ ਦੀ ਗ੍ਰਿਫਤਾਰੀ ਲਈ ਛਾਪੇਮਾਰੀ ਕੀਤੀ ਜਾ ਰਹੀ ਹੈ। ਜ਼ਿਕਰਯੋਗ ਹੈ ਕਿ ਅਮਰੋਜ਼ ਸਿੰਘ ਉਰਫ ਰਿੰਕੀ ਨੇ ਆਪਣੇ ਸਾਥੀਆਂ ਸਮੇਤ ਪਹਿਲਾਂ ਮਨਾਲੀ ਘੁੰਮਣ ਜਾਣਾ ਸੀ ਪਰ ਗੱਡੀ ਖ਼ਰਾਬ ਹੋਣ ਕਾਰਨ ਉਨ੍ਹਾਂ ਆਪਣਾ ਇਹ ਟੂਰ ਰੱਦ ਕਰ ਦਿੱਤਾ। ਇਸ ਤੋਂ ਬਾਅਦ ਉਹ ਆਪਣੇ ਤਿੰਨ ਸਾਥੀਆਂ ਨਾਲ ਬਠਿੰਡਾ ਦੇ ਪੀਜੀ ਵਿਚ ਰਹਿ ਰਹੇ ਆਪਣੇ ਦੋਸਤਾਂ ਕੋਲ ਪੁੱਜ ਗਿਆ। ਇਸ ਦੌਰਾਨ ਸਾਰੇ ਦੋਸਤ ਜਦੋਂ ਸ਼ਰਾਬ ਪੀ ਰਹੇ ਸਨ ਤਾਂ ਥੋੜੀ ਬਹੁਤੀ ਕਹਾਸੁਣੀ ਹੋਣ ਤੋਂ ਬਾਅਦ ਨੌਜਵਾਨਾਂ ਨੇ ਅਮਰੋਜ਼ ਸਿੰਘ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਜ਼ਿਕਰਯੋਗ ਹੈ ਕਿ ਅਮਰੋਜ਼ ਸਿੰਘ ਆਪਣੇ ਮਾਪਿਆਂ ਦਾ ਇਕਲੌਤਾ ਪੁੱਤਰ ਸੀ ਅਤੇ ਉਸਦੀ ਭੈਣ ਵਿਦੇਸ਼ ਵਿਚ ਰਹਿ ਰਹੀ ਹੈ। ਉਕਤ ਸਾਰੇ ਨੌਜਵਾਨ ਆਈਲੈਟਸ ਦੀ ਤਿਆਰੀ ਕਰ ਰਹੇ ਸਨ ਜਦੋਂਕਿ ਅਮਰੋਜ਼ ਨੇ ਵੀ ਵਿਦੇਸ਼ ਜਾਣਾ ਸੀ। ਡੀਐਸਪੀ ਸਰਬਜੀਤ ਸਿੰਘ ਨੇ ਦੱਸਿਆ ਕਿ ਤਿੰਨੇ ਮੁਲਜ਼ਮਾਂ ਨੂੰ ਅਦਾਲਤ ਵਿਚ ਪੇਸ਼ ਕਰਕੇ ਰਿਮਾਂਡ ਹਾਸਲ ਕੀਤਾ ਜਾ ਰਿਹਾ ਹੈ ਤਾਂ ਜੋ ਇਸ ਮਾਮਲੇ ਵਿਚ ਹੋਰ ਪੁੱਛਗਿੱਛ ਕੀਤੀ ਜਾ ਸਕੇ।



# ਰਿਸ਼ਵਤ ਦੀ ਪਹਿਲੀ ਕਿਸ਼ਤ ਲੈਂਦਾ ਦਬੋਚਿਆ ਡੀ.ਐਸ.ਪੀ. ਦਾ ਗੰਨਮੈਨ



ਬਠਿੰਡਾ, 1 ਜੁਲਾਈ (ਦੀਪਕ ਸ਼ਰਮਾ): ਭ੍ਰਿਸ਼ਟਾਚਾਰ ਖ਼ਿਲਾਫ਼ ਵਿਜੀਲੈਂਸ ਬਿਊਰੋ ਨੇ ਅੱਜ ਇੱਕ ਵੱਡੀ ਕਾਰਵਾਈ ਕਰਦਿਆਂ ਬਠਿੰਡਾ ਜ਼ਿਲ੍ਹੇ ਦੀ ਸਬ-ਡਵੀਜ਼ਨ ਭੁੱਚੋ ਮੰਡੀ ਦੇ ਡੀਐਸਪੀ ਰਵਿੰਦਰ ਸਿੰਘ ਦੇ ਗੰਨਮੈਨ ਕਮ ਰੀਡਰ, ਰਾਜ ਕੁਮਾਰ, ਨੂੰ ਇੱਕ ਲੱਖ ਰੁਪਏ ਦੀ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕਰ ਲਿਆ। ਇਹ ਰਿਸ਼ਵਤ ਦੀ ਰਕਮ ਡੀਐਸਪੀ ਦੀ ਸਰਕਾਰੀ ਗੱਡੀ ਵਿੱਚੋਂ ਬਰਾਮਦ ਹੋਈ, ਜਿਸ ਵੇਲੇ ਡੀਐਸਪੀ ਆਪਣੇ ਦਫ਼ਤਰ ਵਿੱਚ ਹੀ ਮੌਜੂਦ ਸਨ। ਇਸ ਘਟਨਾ ਨੇ ਡੀਐਸਪੀ ਦੀ ਭੂਮਿਕਾ 'ਤੇ ਵੀ ਸਵਾਲ ਖੜ੍ਹੇ ਕਰ ਦਿੱਤੇ ਹਨ, ਜਿਸ ਕਾਰਨ ਵਿਜੀਲੈਂਸ ਇਸ ਮਾਮਲੇ ਦੀ ਗੰਭੀਰਤਾ ਨਾਲ ਜਾਂਚ ਕਰ ਰਹੀ ਹੈ। ਮਿਲੀ ਜਾਣਕਾਰੀ ਅਨੁਸਾਰ ਇਸ ਸਬੰਧ ਵਿੱਚ ਸ਼ਿਕਾਇਤਕਰਤਾ ਪਰਮਜੀਤ ਕੌਰ ਵਾਸੀ ਕਲਿਆਨ ਸੁੱਖਾ ਨੇ ਵਿਜੀਲੈਂਸ ਨੂੰ ਦੱਸਿਆ ਸੀ ਕਿ ਉਸਦੇ ਪਤੀ ਅਤੇ ਪੁੱਤਰਾਂ ਖ਼ਿਲਾਫ਼ ਥਾਣਾ ਨਥਾਣਾ ਵਿੱਚ ਕੁੱਝ ਸਮਾਂ ਪਹਿਲਾਂ ਲੜਾਈ-ਝਗੜੇ ਦਾ ਇੱਕ ਕੇਸ ਦਰਜ ਹੋਇਆ ਸੀ। ਪਰਮਜੀਤ ਕੌਰ ਦਾ ਕਹਿਣਾ ਸੀ ਕਿ ਇਹ ਕੇਸ ਝੂਠਾ ਦਰਜ ਕੀਤਾ ਗਿਆ ਸੀ। ਇਸ ਲਈ ਉਨ੍ਹਾਂ ਨੇ ਐਸਐਸਪੀ ਨੂੰ ਦਰਖਾਸਤ ਦੇ ਕੇ ਇਸ ਕੇਸ ਦੀ ਇਨਕੁਆਰੀ ਲਗਵਾਈ ਸੀ, ਜੋ ਕਿ ਡੀਐਸਪੀ ਭੁੱਚੋ, ਰਵਿੰਦਰ ਸਿੰਘ ਕੋਲ ਲੱਗੀ ਹੋਈ ਸੀ। ਇਸ ਦੌਰਾਨ, ਆਪਣੇ ਆਪ ਨੂੰ ਡੀਐਸਪੀ ਦਾ ਰੀਡਰ ਅਤੇ ਪ੍ਰਮੁੱਖ ਸੁਰੱਖਿਆ ਅਫ਼ਸਰ ਦੱਸਣ ਵਾਲੇ ਰਾਜ ਕੁਮਾਰ ਨੇ ਕੇਸ ਵਿੱਚ ਬੇਗੁਨਾਹੀ ਦਿਵਾਉਣ ਦੇ ਬਦਲੇ ਡੀਐਸਪੀ ਦੇ ਨਾਂ ਤੇ 5 ਲੱਖ ਰੁਪਏ ਦੀ ਮੰਗ ਕੀਤੀ। ਬਾਅਦ ਵਿੱਚ, ਸੌਦਾ 2 ਲੱਖ ਰੁਪਏ ਵਿੱਚ ਤੈਅ ਹੋ ਗਿਆ। ਅੱਜ, ਜਦੋਂ ਪਰਮਜੀਤ ਕੌਰ ਪਹਿਲੀ ਕਿਸ਼ਤ ਵਜੋਂ 1 ਲੱਖ ਰੁਪਏ ਦੇਣ ਪਹੁੰਚੀ, ਤਾਂ ਵਿਜੀਲੈਂਸ ਨੇ ਰਾਜ ਕੁਮਾਰ ਨੂੰ ਦਬੋਚ ਲਿਆ।

ਵਿਜੀਲੈਂਸ ਬਿਊਰੋ ਇਸ ਮਾਮਲੇ ਦੀ ਬਾਰੀਕੀ ਨਾਲ ਜਾਂਚ ਕਰ ਰਹੀ ਹੈ ਅਤੇ ਇਸ ਵਿੱਚ ਸ਼ਾਮਲ ਹੋਰ ਅਧਿਕਾਰੀਆਂ ਦੀ ਭੂਮਿਕਾ ਵੀ ਪਰਖੀ ਜਾਵੇਗੀ। ਇਸ ਘਟਨਾ ਨੇ ਪੁਲਿਸ ਵਿਭਾਗ ਵਿੱਚ ਭ੍ਰਿਸ਼ਟਾਚਾਰ ਦੇ ਨੈੱਟਵਰਕ ਨੂੰ ਇੱਕ ਵਾਰ ਫਿਰ ਤੋਂ ਉਜਾਗਰ ਕਰ ਦਿੱਤਾ ਹੈ।

# ਖਾਲੀ ਪਲਾਟਾਂ 'ਚ ਕੂੜੇ ਕਰਕਟ, ਗੰਦਗੀ ਅਤੇ ਗੰਦੇ ਪਾਣੀ ਦੇ ਇਕੱਠੇ ਹੋਣ 'ਤੇ ਮਾਲਕ ਨੂੰ ਹੋਵੇਗਾ ਜੁਰਮਾਨਾ

ਮਾਨਸਾ, 1 ਜੁਲਾਈ: (ਵਿਰੇਂਦਰਪਾਲ ਮੰਤਰੋ): ਜ਼ਿਲ੍ਹਾ ਮੈਜਿਸਟਰੇਟ-ਕਮ-ਡਿਪਟੀ ਕਮਿਸ਼ਨਰ ਸ੍ਰ. ਕੁਲਵੰਤ ਸਿੰਘ, ਆਈ.ਏ.ਐਸ. ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ ਦੀ ਧਾਰਾ 163 ਅਧੀਨ ਪ੍ਰਾਪਤ ਅਧਿਕਾਰਾਂ ਦੀ ਵਰਤੋਂ ਕਰਦਿਆਂ ਜ਼ਿਲ੍ਹਾ ਮਾਨਸਾ ਦੀ ਹਦੂਦ ਅੰਦਰ ਨਿੱਜੀ ਕਬਜ਼ੇ/ਮਾਲਕੀ ਵਾਲੇ ਖਾਲੀ ਪਏ ਪਲਾਟਾਂ 'ਚ ਕੂੜੇ ਕਰਕਟ, ਗੰਦਗੀ ਅਤੇ ਗੰਦੇ ਪਾਣੀ ਦੇ ਇਕੱਠੇ ਹੋਣ ਕਾਰਨ ਹੋਣ ਵਾਲੀਆਂ ਬਿਮਾਰੀਆਂ ਦੇ ਬਚਾਅ ਲਈ ਅਗਾਊ ਢੁਕਵੇਂ ਪ੍ਰਬੰਧ ਯਕੀਨੀ ਬਣਾਉਣ ਲਈ ਵਿਸ਼ੇਸ਼ ਹੁਕਮ ਜਾਰੀ ਕੀਤੇ ਹਨ।

ਹੁਕਮ ਵਿੱਚ ਕਿਹਾ ਗਿਆ ਹੈ ਕਿ ਸ਼ਹਿਰ ਵਿਚ ਖਾਲੀ ਪਏ ਪਲਾਟਾਂ ਦੇ ਮਾਲਕ/ਕਾਬਜ਼ ਆਪਣੇ ਖਾਲੀ ਪਲਾਟਾਂ ਵਿਚ ਲੱਗੇ ਕੂੜੇ ਕਰਕਟ ਦੇ ਢੇਰ, ਗੰਦਗੀ ਅਤੇ ਮੀਂਹ ਦੇ ਰੁਕੇ ਹੋਏ ਗੰਦੇ ਪਾਣੀ ਦੀ ਤੁਰੰਤ ਸਾਫ ਸਫਾਈ ਆਪਣੇ ਪੱਧਰ 'ਤੇ ਕਰਵਾਉਣੀ ਯਕੀਨੀ ਬਣਾਉਣਗੇ। ਆਪਣੀ ਮਾਲਕੀ/ਕਬਜ਼ੇ ਵਾਲੇ ਖਾਲੀ ਪਲਾਟ ਦੇ ਆਲੇ ਦੁਆਲੇ ਪੱਕੀ ਚਾਰਦੀਵਾਰੀ ਜਾਂ ਫੈਂਸਿੰਗ ਕਰਵਾਉਣੀ ਯਕੀਨੀ ਬਣਾਈ ਜਾਵੇ ਜਾਂ ਪਲਾਟ ਵਿਚ ਕੂੜਾ ਕਰਕਟ ਇਕੱਠਾ ਹੋਣ ਤੋਂ ਰੋਕਿਆ ਜਾਵੇ।



ਹੁਕਮ ਵਿਚ ਕਿਹਾ ਗਿਆ ਹੈ ਕਿ ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ) ਮਾਨਸਾ, ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ ਦੀ ਧਾਰਾ 163 ਰਾਹੀਂ ਜਾਰੀ ਇਨ੍ਹਾਂ ਹੁਕਮਾਂ ਦੀ ਪਾਲਣਾ ਪੰਜਾਬ ਮਿਊਂਸਪਲ ਕਾਰਪੋਰੇਸ਼ਨ ਐਕਟ, 1976, ਵਾਤਾਵਰਣ (ਸੁਰੱਖਿਆ) ਐਕਟ, 1986 ਅਤੇ ਮਿਊਂਸਪਲ ਸੋਲਿਡ ਵੇਸਟ (ਮੈਨੇਜਮੈਂਟ ਅਤੇ ਹੈਂਡਲਿੰਗ) ਨਿਯਮ, 2016 ਅਧੀਨ ਕਰਵਾਉਣੀ ਯਕੀਨੀ ਬਣਾਉਣਗੇ।

ਜ਼ਿਲ੍ਹਾ ਮੈਜਿਸਟਰੇਟ ਨੇ ਕਿਹਾ ਕਿ ਇਨ੍ਹਾਂ ਹੁਕਮਾਂ ਦੀ ਉਲੰਘਣਾ ਕਰਨ ਵਾਲੇ ਵਿਅਕਤੀਆਂ/ਅਦਾਰਿਆਂ ਵਿਰੁੱਧ ਜਨਤਕ ਸਿਹਤ ਨੂੰ ਨੁਕਸਾਨ ਪਹੁੰਚਾਉਣ ਦੇ ਸਿੱਟੇ ਵਜੋਂ ਉਕਤ ਨਿਯਮਾਂ ਤਹਿਤ ਜੁਰਮਾਨੇ ਅਤੇ ਕਾਨੂੰਨੀ ਕਾਰਵਾਈ ਕਰਦੇ ਹੋਏ ਮਾਮਲੇ ਦਰਜ ਕੀਤੇ ਜਾਣ। ਇਸ ਤੋਂ ਇਲਾਵਾ ਜੇਕਰ ਪਲਾਟ ਦੀ ਸਾਫ ਸਫਾਈ ਦਾ ਕੰਮ ਨਗਰ ਕੌਂਸਲ/ਪੰਚਾਇਤ ਵੱਲੋਂ ਕਰਵਾਇਆ ਜਾਂਦਾ ਹੈ ਤਾਂ ਸਾਫ ਸਫਾਈ 'ਤੇ ਹੋਣ ਵਾਲੇ ਖਰਚ ਦੀ ਰਿਕਵਰੀ ਪਲਾਟ ਦੇ ਕਾਬਜ਼/ਮਾਲਕ ਪਾਸੋਂ ਕੀਤੀ ਜਾਵੇ।

ਜ਼ਿਲ੍ਹਾ ਮੈਜਿਸਟਰੇਟ ਨੇ ਕਿਹਾ ਕਿ ਉਨ੍ਹਾਂ ਦੇ ਧਿਆਨ ਵਿਚ ਆਇਆ ਹੈ ਕਿ ਸ਼ਹਿਰ ਵਿਚ ਜਗ੍ਹਾ ਜਗ੍ਹਾ 'ਤੇ ਵੱਖ ਵੱਖ ਵਿਅਕਤੀਆਂ ਦੀ ਮਾਲਕੀ/ਕਬਜ਼ੇ ਅਧੀਨ ਖਾਲੀ ਪਏ ਪਲਾਟਾਂ ਵਿਚ ਕੂੜਾ ਕਰਕਟ, ਗੰਦਗੀ ਅਤੇ ਗੰਦਾ ਪਾਣੀ ਇਕੱਠਾ ਹੁੰਦਾ ਰਹਿੰਦਾ ਹੈ, ਜਿਸ ਨਾਲ ਕਈ ਤਰ੍ਹਾਂ ਦੇ ਨੁਕਸਾਨਦਾਇਕ ਜੀਵ ਜੰਤੂ ਪੈਦਾ ਹੁੰਦੇ ਹਨ, ਜੋ ਵੱਖ ਵੱਖ ਪ੍ਰਕਾਰ ਦੀਆਂ ਬਿਮਾਰੀਆਂ (ਜਿਵੇਂ ਡੇਂਗੂ, ਮਲੇਰੀਆ, ਚਿਕਨਗੁਨੀਆ ਆਦਿ) ਫੈਲਾਉਂਦੇ ਹਨ। ਇਸ ਤਰ੍ਹਾਂ ਇਹ ਬਿਮਾਰੀਆਂ ਸ਼ਹਿਰ ਵਾਸੀਆਂ ਦੀ ਸਿਹਤ ਲਈ ਇਕ ਗੰਭੀਰ ਅਤੇ ਜਾਨਲੇਵਾ ਖ਼ਤਰਾ ਹਨ। ਅਜਿਹੀ ਸਥਿਤੀ ਵਿਚ ਇਨ੍ਹਾਂ ਬਿਮਾਰੀਆਂ ਨੂੰ ਫੈਲਣ ਤੋਂ ਰੋਕਣ ਲਈ ਇਨ੍ਹਾਂ ਖਾਲੀ ਪਏ ਪਲਾਟਾਂ ਦੀ ਸਾਫ ਸਫਾਈ ਹੋਣੀ ਜ਼ਰੂਰੀ ਹੈ।

# ਐਸ.ਡੀ.ਐਮ. ਵੱਲੋਂ ਤਹਿਸੀਲ ਦਫ਼ਤਰ ਦੀ ਅਚਨਚੇਤ ਚੈਕਿੰਗ, ਦਫ਼ਤਰ ਦੇ ਕੰਮ 'ਤੇ ਤਸੱਲੀ ਦਾ ਪ੍ਰਗਟਾਵਾ



ਸੁਨਾਮ, 1 ਜੁਲਾਈ (ਮੋਹਣ ਸ਼ਰਮਾ/ ਰਾਊਵਰਿੰਦਰ ਮਠਾੜੂ): ਪੰਜਾਬ ਸਰਕਾਰ ਵੱਲੋਂ ਜਾਰੀ ਹਦਾਇਤਾਂ ਅਤੇ ਡਿਪਟੀ ਕਮਿਸ਼ਨਰ ਸ਼੍ਰੀ ਸੰਦੀਪ ਰਿਸ਼ੀ ਦੇ ਦਿਸ਼ਾ ਨਿਰਦੇਸ਼ਾਂ ਮੁਤਾਬਕ ਐਸ.ਡੀ.ਐਮ., ਸੁਨਾਮ ਸ਼੍ਰੀ ਪ੍ਰਮੋਦ ਸਿੰਗਲਾ ਵੱਲੋਂ ਤਹਿਸੀਲ ਦਫਤਰ ਸੁਨਾਮ ਦੀ ਅਚਨਚੇਤ ਚੈਕਿੰਗ ਕੀਤੀ ਗਈ ਅਤੇ ਕੀਤੀਆਂ ਜਾ ਰਹੀਆਂ ਰਜਿਸਟਰੀਆਂ ਦੇ ਕੰਮ ਦਾ ਜਾਇਜ਼ਾ ਲਿਆ ਗਿਆ।

ਇਸ ਸਬੰਧੀ ਗੱਲਬਾਤ ਕਰਦਿਆਂ ਐਸ.ਡੀ.ਐਮ. ਨੇ ਦੱਸਿਆ ਕਿ ਤਹਿਸੀਲ ਵਿੱਚ ਰਜਿਸਟਰੀਆਂ ਕਰਨ ਦਾ ਕੰਮ ਬਹੁਤ ਹੀ ਸੁਚੱਜੇ ਢੰਗ ਨਾਲ ਚੱਲ ਰਿਹਾ ਹੈ ਅਤੇ ਕਿਸੇ ਕਿਸਮ ਦਾ ਕੋਈ ਵੀ ਕੰਮ ਬਕਾਇਆ ਨਹੀਂ ਹੈ।

ਉਹਨਾਂ ਕਿਹਾ ਕਿ ਤਹਿਸੀਲ ਦਫਤਰਾਂ ਵਿਖੇ ਲੋਕਾਂ ਨੂੰ ਕਿਸੇ ਕਿਸਮ ਦੀ ਦਿੱਕਤ ਨਹੀਂ ਆਉਣ ਦਿੱਤੀ ਜਾ ਰਹੀ।

ਐਸ.ਡੀ.ਐਮ. ਨੇ ਕਿਹਾ ਕਿ ਤਹਿਸੀਲ ਦਫਤਰਾਂ ਵਿਖੇ ਲੋਕਾਂ ਨੂੰ ਲੋੜੀਂਦੀਆਂ ਸਾਰੀਆਂ ਸਹੂਲਤਾਂ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ। ਜੇਕਰ ਫਿਰ ਵੀ ਕਿਸੇ ਨੂੰ ਕੋਈ ਦਿੱਕਤ ਆਉਂਦੀ ਹੈ ਤਾਂ ਉਹ ਦਫਤਰੀ ਸਮੇਂ ਦੌਰਾਨ ਉਹਨਾਂ ਨਾਲ ਰਾਬਤਾ ਕਰ ਕੇ ਆਪਣੀਆਂ ਮੁਸ਼ਕਲਾਂ ਦੱਸ ਸਕਦੇ ਹਨ।

ਲੋਕਾਂ ਦੀਆਂ ਮੁਸ਼ਕਲਾਂ ਦਾ ਪਹਿਲ ਦੇ ਆਧਾਰ 'ਤੇ ਹੱਲ ਕੀਤਾ ਜਾਵੇਗਾ ਅਤੇ ਸਰਕਾਰ ਦੀਆਂ ਹਦਾਇਤਾਂ ਮੁਤਾਬਕ ਕਿਸੇ ਨੂੰ ਕੋਈ ਦਿੱਕਤ ਨਹੀਂ ਆਉਣ ਦਿੱਤੀ ਜਾਵੇਗੀ।

ਇਸ ਮੌਕੇ ਉਹਨਾਂ ਨੇ ਦਫ਼ਤਰ ਵਿੱਚ ਆਪਣੇ ਕੰਮਾਂ ਲਈ ਪੁੱਜੇ ਲੋਕਾਂ ਨਾਲ ਗੱਲਬਾਤ ਕੀਤੀ ਤੇ ਲੋਕਾਂ ਨੇ ਕੀਤੇ ਜਾ ਰਹੇ ਕੰਮਾਂ ਸਬੰਧੀ ਤਸੱਲੀ ਦਾ ਪ੍ਰਗਟਾਵਾ ਕੀਤਾ।

# ਅਕਾਲ ਗਤਕਾ ਗਰੁੱਪ ਮਸਤੂਆਣਾ ਸਾਹਿਬ ਦੀ ਬ੍ਰਾਂਚ: ਭੂੱਲਣ, ਠਸਕਾ ਦੀ ਟੀਮ ਨੇ ਰਿਆਲਿਟੀ ਸ਼ੋਅ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਕੇ ਪਹਿਲਾ ਸਥਾਨ ਪ੍ਰਾਪਤ ਕੀਤਾ




ਖਨੌਰੀ, 1 ਜੁਲਾਈ (ਓਮਪ੍ਰਕਾਸ਼ ਮੁਆਲ): 30 ਜੂਨ ਨੂੰ ਧੂਰੀ ਵਿਖੇ ਪ੍ਰਿੰਸ ?ਵੀਲਾ ਮੈਰਿਜ ਪੈਲਸ ਵਿੱਚ ਕੇ.ਕੇ.ਐਚ.ਡੀ.ਟੀ.ਵੀ.ਸ਼ੋਅ ਦਾ 13ਵੇਂ ਆਖਰੀ ਦਿਨ ਦਾ ਫਾਈਨਲ ਰਾਊਂਡ ਹੋਇਆ। ਜਿਸ ਵਿੱਚ ਵੱਖ-ਵੱਖ ਕੈਟਾਗਰੀ ਡਾਂਸ, ਭੰਗੜਾ, ਗਤਕਾ ਤੇ ਮਮਿਕਰੀ ਆਦਿ ਦੇ ਮੁਕਾਬਲੇ ਹੋਏ ਜਿਸ ਵਿੱਚ ਵੱਖ-ਵੱਖ ਸਟੇਟਾਂ ਹਰਿਆਣਾ, ਪੰਜਾਬ, ਹਿਮਾਚਲ, ਉੱਤਰਾਖੰਡ, ਜੰਮੂ ਕਸ਼ਮੀਰ ਤੇ ਯੂਪੀ ਦੀਆਂ ਟੀਮਾਂ ਨੇ ਭਾਗ ਲਿਆ। ਜਿਸ ਵਿੱਚ ਗੱਤਕਾ ਦੀਆਂ ਲਗਭਗ 10 ਟੀਮਾਂ ਨੇ ਭਾਗ ਲਿਆ, ਜਿਸ ਵਿੱਚੋਂ (ਅਕਾਲ ਗਤਕਾ ਗਰੁੱਪ ਮਸਤੂਆਣਾ ਸਾਹਿਬ) ਬ੍ਰਾਂਚ: ਭੂੱਲਣ, ਠਸਕਾ ਦੀ ਟੀਮ ਨੇ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਪਹਿਲਾ ਸਥਾਨ ਪ੍ਰਾਪਤ ਕੀਤਾ। ਜਿਸ ਵਿੱਚ ਭੂੱਲਣ ਦੇ ਤਿੰਨ ਬੱਚੇ ਹਿੰਮਤ ਸਿੰਘ, ਮੋਹਕਮ ਸਿੰਘ ਤੇ ਅਮਨਪ੍ਰੀਤ ਸਿੰਘ ਨੇ ਭਾਗ ਲਿਆ। ਲਹਿਲ ਖੁਰਦ ਦੇ ਰਸ਼ਵਿੰਦਰ ਸਿੰਘ ਅਤੇ ਢੀਂਡਸਾ ਦੇ ਦਲਜੀਤ ਸਿੰਘ ਨੇ ਭਾਗ ਲਿਆ। ਉਸਤਾਦ ਮਨਬੀਰ ਸਿੰਘ ਕੁਹਾੜਕਾ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਅਕਾਲ (ਗਤਕਾ ਗਰੁੱਪ ਮਸਤੂਆਣਾ ਸਾਹਿਬ) ਸੰਗਰੂਰ ਦੀ ਟੀਮ ਕੇ.ਕੇ. ਐਚ.ਡੀ.ਟੀ.ਵੀ. ਰਿਆਲਿਟੀ ਸ਼ੋਅ ਦਾ ( ਸੱਤਵਾਂ ਸੀਜ਼ਨ ) ਉਸਤਾਦ: ਮਨਵੀਰ ਸਿੰਘ ਕੁਹਾੜਕਾ ਨੇ, ( ਨੌਵਾਂ ਸੀਜ਼ਨ ) ਲਵਪ੍ਰੀਤ ਸਿੰਘ (ਟੂਟੀ) ਬ੍ਰਾਂਚ: ਲਹਿਲ ਕਲਾਂ ਤੇ ( ਗਿਆਰਵਾਂ ਸੀਜ਼ਨ ) ਅਕਾਲ ਗਤਕਾ ਗਰੁੱਪ ਭੂੱਲਣ, ਠਸਕਾ ਦੀ ਬ੍ਰਾਂਚ ਨੇ ਜਿੱਤ ਕੇ ਹੈਟ੍ਰਿਕ ਮਾਰੀ ਹੈ। ਸਾਰੇ ਖਿਡਾਰੀਆਂ ਨੂੰ ਮੁਬਾਰਕਬਾਦ ਦਿੱਤੀ। ਉਸਤਾਦ ਜਤਿੰਦਰ ਸਿੰਘ ਨੇ ਦੱਸਿਆ ਕਿ ਸਾਨੂੰ ਬਹੁਤ ਹੀ ਖੁਸ਼ੀ ਤੇ ਮਾਣ ਮਹਿਸੂਸ ਹੋ ਰਿਹਾ ਹੈ ਕਿ ਬੱਚਿਆਂ ਨੇ ਕੇ.ਕੇ.ਐਚ.ਡੀ.ਟੀ.ਵੀ. ਰਿਅਲਿਟੀ ਸ਼ੋਅ ਜਿੱਤਿਆ ਹੈ ਤੇ ਬੱਚਿਆਂ ਦੇ ਮਾਪਿਆਂ ਨੂੰ ਮੁਬਾਰਕਬਾਦ ਦਿੰਦੇ ਹੋਏ ਆਉਣ ਵਾਲੇ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ। ਬਾਬਾ ਚਮਕੌਰ ਸਿੰਘ ਜੀ ਹੈਡ ਗ੍ਰੰਥੀ ਗੁਰਦੁਆਰਾ ਸਾਹਿਬ ਠਸਕਾ ਨੇ ਪਿੰਡ: ਭੂੱਲਣ ਤੇ ਠਸਕਾ ਦੀ ਸਮੁੱਚੀ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀਆਂ ਅਤੇ ਦੋਨਾਂ ਪਿੰਡਾਂ ਦੀਆਂ ਗ੍ਰਾਮ ਪੰਚਾਇਤਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ। ਉਸਤਾਦ ਮਨਵੀਰ ਸਿੰਘ ਜੀ (ਕੁਹਾੜਕਾ) ਅਤੇ ਉਸਤਾਦ ਜਤਿੰਦਰ ਸਿੰਘ ਜੀ (ਲੌਂਗੋਵਾਲ) ਦਾ ਸ਼ੋਅ ਜਿੱਤਣ 'ਤੇ ਧੰਨਵਾਦ ਕੀਤਾ। ਇਸ ਸਮੇਂ ਬਾਬਾ ਕ੍ਰਿਸ਼ਨ ਸਿੰਘ, ਈਸ਼ਵਰ ਸਿੰਘ ਭੁੱਲਣ ਅਤੇ ਠਸਕਾ ਦੇ ਕਮੇਟੀ ਮੈਂਬਰ ਹਾਜ਼ਰ ਸਨ। ਇਸ ਮੌਕੇ ਸਮਾਜ ਮਹਾਂਵੀਰ ਸੈਣੀ ਭੁੱਲਣ ਨੇ ਦੋਨੋਂ ਪਿੰਡਾਂ ਦੀਆਂ ਟੀਮਾਂ ਦੇ ਖਿਡਾਰੀਆਂ ਦੀ ਹੌਂਸਲਾ ਅਫਜ਼ਾਈ ਕਰਦਿਆਂ ਉਸਤਾਦ: ਜਤਿੰਦਰ ਸਿੰਘ ਜੀ ਅਤੇ ਬਾਬਾ ਚਮਕੌਰ ਸਿੰਘ ਜੀ ਨੂੰ ਵਧਾਈ ਦਿੰਦਿਆਂ ਦੱਸਿਆ ਕਿ ਇਨ੍ਹਾਂ ਦੀਆਂ ਮਿਹਨਤਾਂ ਸੱਦਕੇ ਬੱਚੇ ਗੱਤਕਾ ਖੇਡ ਮੁਕਾਬਲਿਆਂ ਵਿੱਚ ਇਲਾਕੇ ਦਾ ਨਾਂ ਰੌਸ਼ਨ ਕਰ ਰਹੇ ਹਨ।

# ਟੋਲ ਪਲਾਜ਼ਾ ਦੇ ਮੁਲਾਜ਼ਮ ਗੁੰਡਾਗਰਦੀ ਬੰਦ ਕਰਨ ਨਹੀਂ ਤਾਂ ਟੋਲ ਪਲਾਜ਼ੇ ਕੀਤੇ ਜਾਣਗੇ ਫਰੀ : ਖੋਸਾ

ਅਰਨੋ,1 ਜੁਲਾਈ ( ਕਰਮਵੀਰ ਸਿੰਘ ) —ਪਿਛਲੇ ਕਈ ਦਿਨਾਂ ਤੋਂ ਪੰਜਾਬ ਵਿਚਲੇ ਟੋਲ ਪਲਾਜ਼ਿਆਂ ਦੇ ਮੁਲਾਜ਼ਮ ਤੇ ਠੇਕੇਦਾਰ ਟੋਲ ਪਲਾਜ਼ਾ ਤੋਂ ਲੰਘਣ ਵਾਲਿਆਂ ਲੋਕਾਂ ਨਾਲ ਘਟੀਆ ਵਿਵਹਾਰ ਕਰਦੇ ਆ ਰਹੇ ਹਨ। ਜਿੰਨਾ ਦਾ ਅਸੀ ਪੰਜਾਬ ਵਾਲਿਆਂ ਨਾਲ ਇਸ ਤਰ੍ਹਾਂ ਦਾ ਵਿਵਹਾਰ ਬਰਦਾਸ਼ਤ ਨਹੀ ਕਰਾਂਗੇ। ਇਸ ਗੱਲ ਦਾ ਪ੍ਰਗਟਾਵਾ ਬੀ ਕੇ ਖੋਸਾ ਦੇ ਸੂਬਾ ਪ੍ਰਧਾਨ ਸੁਖਜਿੰਦਰ ਸਿੰਘ ਖੋਸਾ ਨੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕੀਤਾ। ਉਨਾਂ ਕਿਹਾ ਕਿ ਹੁਣ ਉਹ ਤਾਂ ਟੋਲ ਪਲਾਜ਼ਾ ਵਾਲਿਆਂ ਨੇ ਮੂਲੋਂ ਹੀ ਹੱਦਾਂ ਪਾਰ ਕਰ ਦਿੱਤੀਆ ਕਿ ਕਿਸੇ ਕਾਰ ਵਿੱਚ ਕਿਸਾਨ ਵੀਰਾਂ ਦੇ ਨਾਲ ਉਨ੍ਹਾਂ ਦੇ ਪਰਿਵਾਰਕ ਮੈਂਬਰ ਵੀ ਸਫਰ ਕਰ ਰਹੇ ਹੁੰਦੇ ਹਨ ਤਾਂ ਇਹ ਮੁਲਾਜ਼ਮ ਬੀਬੀਆਂ ਦੇ ਸਾਹਮਣੇ ਵੀ ਗਲਤ ਸ਼ਬਦਾਵਲੀ ਬੋਲਦੇ ਹਨ। ਉਨ੍ਹਾਂ ਕਿਹਾ ਕਿ ਮੈਂ ਟੋਲ ਪਲਾਜ਼ਿਆਂ ਵਾਲਿਆਂ ਨੂੰ ਦੱਸਣਾ ਚਾਹੁੰਦਾ ਹਾ ਕਿ ਇਸ ਤਰ੍ਹਾਂ ਦਾ ਘਟੀਆ ਵਿਵਹਾਰ ਬੰਦ ਕਰ ਦੇਣ ਨਹੀਂ ਤਾਂ ਜਿਹੜਾ ਅਸੀਂ ਟੋਲ ਪਲਾਜ਼ਾ ਰੋਕ ਲਿਆ ਅਸੀ ਉਸ ਨੂੰ ਇੱਕ ਮਹੀਨੇ ਲਈ ਬੰਦ ਰੱਖਾਂਗੇ।



# ਪਟਿਆਲਾ-ਆਸ/ਪਾਸ



## ਸ਼ਾਹੀ ਸ਼ਹਿਰ ਦੀਆਂ ਸੜਕਾਂ 'ਚ ਪਏ ਖੱਡੇ ਅਤੇ ਫੈਲੀ ਗੰਦਗੀ ਦੇ ਢੇਰਾਂ ਨੂੰ ਲੈ ਕੇ ਪ੍ਰਗਟਾਇਆ ਰੋਸ



ਪਟਿਆਲਾ, 1 ਜੁਲਾਈ (ਰੁਪਾਣਾ) : ਸ਼ਾਹੀ ਸ਼ਹਿਰ ਪਟਿਆਲਾ ਦੀਆਂ ਸੜਕਾਂ 'ਤੇ ਪਏ ਛੋਟੇ ਵੱਡੇ ਖੱਡੇ ਟੋਏ ਅਤੇ ਫੈਲੀ ਕੂੜਾ ਕਰਕਟ ਦੀ ਗੰਦਗੀ ਨੂੰ ਲੈ ਕੇ ਨਿਊ ਪਟਿਆਲਾ ਵੈਲਫੇਅਰ ਕਲੱਬ ਵੱਲੋਂ ਪ੍ਰਧਾਨ ਅਰਵਿੰਦਰ ਕੁਮਾਰ ਕਾਕਾ ਦੀ ਅਗਵਾਈ ਹੇਠ ਨਗਰ ਨਿਗਮ ਪ੍ਰਸ਼ਾਸ਼ਨ ਖਿਲਾਫ਼ ਨਾਅਰੇਬਾਜ਼ੀ ਕਰ ਪ੍ਰਦਰਸ਼ਨ ਕੀਤਾ। ਇਸ ਦੌਰਾਨ ਪ੍ਰਧਾਨ ਨੇ ਅਰਵਿੰਦਰ ਕੁਮਾਰ ਕਾਕਾ ਨੇ ਰੋਸ ਜਾਹਿਰ ਕਰਦਿਆਂ ਕਿਹਾ ਕਿ ਸ਼ਹਿਰ ਦੀਆਂ ਸੜਕਾਂ 'ਤੇ ਫੈਲੀ ਗੰਦਗੀ ਦੀ ਮੂੰਹ ਬੋਲਦੀ ਤਸਵੀਰ ਦੱਸ ਰਹੀ ਹੈ ਹੁਣ ਇਹ ਸ਼ਹਿਰ ਵਿਕਾਸ ਕਾਰਜਾਂ ਦੇ ਮਾਮਲੇ ਵਿੱਚ ਪੱਛੜ ਚੁੱਕਾ ਹੈ ਤੇ ਟੁੱਟੀਆਂ ਸੜਕਾਂ 'ਤੇ ਫੈਲੀ ਗੰਦਗੀ ਦੇ ਮਾਮਲੇ ਵਿੱਚ ਨੰਬਰ ਇੱਕ 'ਤੇ ਆ ਗਿਆ ਹੈ। ਸੜਕਾਂ ਦੀ ਖਸਤਾ ਹਾਲਤ ਤੇ ਰਿਹਾਇਸ਼ੀ ਇਲਾਕਿਆਂ ਬਜ਼ਾਰਾਂ ਵਿੱਚ ਹਸਪਤਾਲਾਂ ਅਤੇ ਸਕੂਲਾਂ ਕਾਲਜਾਂ ਦੇ ਨੇੜੇ ਲੱਗੇ ਗੰਦਗੀ ਦੇ ਢੇਰਾਂ ਕਾਰਨ ਬਿਮਾਰੀਆਂ ਫੈਲ ਰਹੀਆਂ ਹਨ। ਨਗਰ ਨਿਗਮ ਪ੍ਰਸ਼ਾਸਨ ਵੀ ਸ਼ਹਿਰ ਨੂੰ ਗੰਦਗੀ ਮੁਕਤ ਬਣਾਉਣ ਲਈ ਸੁਸਤ ਹੀ ਵਿਖਾਈ ਦੇ ਰਿਹਾ ਹੈ। ਇਨ੍ਹਾਂ ਦੀ ਸੁਸਤੀ ਕਾਰਨ ਸੜਕੀ ਖੱਡੇ ਕਈ ਵਾਰ ਹਾਦਸਿਆਂ ਦੇ ਕਾਰਨ ਬਣਦੇ ਹਨ ਜੇਕਰ ਬਾਹਰੋਂ ਕੋਈ ਵਿਅਕਤੀ ਸ਼ਹਿਰ ਵਿੱਚ ਆਉਂਦਾ ਹੈ ਗੰਦਗੀ ਕਾਰਨ ਸ਼ਰਮਿੰਦਗੀ ਮਹਿਸੂਸ ਹੁੰਦੀ ਹੈ। ਸਰਕਾਰ ਨੇ ਸ਼ਾਹੀ ਸ਼ਹਿਰ ਨੂੰ ਕੈਲੋਫੋਰਨੀਆ ਬਣਾਉਣ ਦੇ ਸੁਪਨੇ ਵਿਖਾਵੇ ਤੇ ਕਿਸੀ ਨੇ ਪੈਰਿਸ ਤੇ ਕਿਸੀ ਨੇ ਸਮਾਰਟ ਸਿਟੀ ਵਗੈਰਾ ਪਰ ਇਹ ਸਰਕਾਰਾਂ ਸ਼ਾਹੀ ਸ਼ਹਿਰ ਪਟਿਆਲਾ ਨੂੰ ਅੱਜ ਤੱਕ ਗੰਦਗੀ ਅਤੇ ਖੱਡੇ ਟੋਇਆਂ ਤੋਂ ਮੁਕਤ ਨਹੀਂ ਕਰ ਸਕੀਆਂ। ਪ੍ਰਧਾਨ ਅਰਵਿੰਦਰ ਕੁਮਾਰ ਕਾਕਾ ਨੇ ਕਿਹਾ ਕਿ ਡਿਪਟੀ ਕਮਿਸ਼ਨਰ ਅਤੇ ਨਗਰ ਨਿਗਮ ਕਮਿਸ਼ਨਰ ਦੀ ਜਿੰਮੇਵਾਰੀ ਬਣਦੀ ਸੀ ਕਿ ਉਹ ਇਸ ਵੱਲੋਂ ਧਿਆਨ ਦਿੰਦੇ ਤੇ ਲੋਕਾਂ ਨੂੰ ਬਿਮਾਰੀਆਂ ਤੋਂ ਨਿਜਾਤ ਦਿਵਾਉਂਦੇ ਹੁਣ ਸ਼ਾਹੀ ਸ਼ਹਿਰ ਪਟਿਆਲਾ ਨਹੀਂ ਰਿਹਾ। ਇਹ ਗੰਦਗੀ ਖੱਡੇ ਟੋਇਆਂ ਵਾਲਾ ਸ਼ਹਿਰ ਬਣ ਕੇ ਰਹਿ ਗਿਆ ਹੈ। ਪ੍ਰਧਾਨ ਅਰਵਿੰਦਰ ਕੁਮਾਰ ਕਾਕਾ ਨੇ ਮੰਗ ਕੀਤੀ ਕਿ ਸ਼ਾਹੀ ਸ਼ਹਿਰ ਦੀਆਂ ਸੜਕਾਂ ਨੂੰ ਪੱਕੀਆਂ ਤੇ ਮਜ਼ਬੂਤ ਬਣਾਕੇ ਇਨ੍ਹਾਂ ਵਿੱਚ ਪਏ ਜਾਨਲੇਵਾ ਖੱਡਿਆਂ ਟੋਇਆਂ ਤੋਂ ਅਤੇ ਸਿਹਤ ਦੀ ਦੁਸ਼ਮਣ ਤੇ ਸੁੰਦਰਤਾ ਨੂੰ ਖੋਰਾ ਲਾਉਣ ਵਾਲੀ ਗੰਦਗੀ ਦੇ ਢੇਰਾਂ ਨੂੰ ਚੁੱਕ ਕੇ ਪਟਿਆਲਾ ਸ਼ਹਿਰੀਆਂ ਨੂੰ ਮੁਕਤੀ ਦਿਵਾਈ ਜਾਵੇ। ਇਸ ਮੌਕੇ ਹਰਪ੍ਰੀਤ ਸਿੰਘ, ਗੁਰਪ੍ਰੀਤ ਸਿੰਘ, ਬਲਕਾਰ ਸਿੰਘ, ਦਰਬਾਰਾ ਸਿੰਘ, ਮਿੱਠੂ ਸਿੰਘ, ਗੁਰਮੀਤ ਸਿੰਘ, ਗੁਰਦੇਵ ਸਿੰਘ ਖੁਹਟੀ ਆਦਿ ਹਾਜ਼ਰ ਸਨ।

## ਗੁਰਦੁਆਰਾ ਬਹਾਦਰਗੜ੍ਹ ਸਾਹਿਬ ਵਿਖੇ ਆਗਮਨ ਪੁਰਬ ਨੂੰ ਸਮਰਪਿਤ ਧਾਰਮਿਕ ਸਮਾਗਮ

- ਗੁਰੂ ਸਾਹਿਬ ਨੇ ਜਾਤ, ਧਰਮ ਅਤੇ ਨਸਲ ਤੋਂ ਉਪਰ ਉੱਠ ਕੇ ਮਹਾਨ ਕਾਰਜ ਕੀਤੇ : ਜਥੇਦਾਰ ਗੜ੍ਹੀ
- ਦੇਰ ਰਾਤੀ ਸੰਗਤਾਂ ਨੇ ਕੀਤੀ ਆਤਿਸ਼ਬਾਜ਼ੀ ਅਤੇ ਗੱਤਕਾ ਪਾਰਟੀਆਂ ਨੇ ਵਿਖਾਏ ਜੌਹਰ
- ਗੁਰਦੁਆਰਾ ਪ੍ਰਬੰਧਕਾਂ ਨੇ ਸਿੱਖ ਸਭਾਵਾਂ, ਸੁਸਾਇਟੀਆਂ ਦੇ ਨੁਮਾਇੰਦਿਆਂ ਨੂੰ ਕੀਤਾ ਸਨਮਾਨਤ



ਬਹਾਦਰਗੜ੍ਹ/ਪਟਿਆਲਾ, 1 ਜੁਲਾਈ (ਰੁਪਾਣਾ/ਅਮਰਜੀਤ) : ਗੁਰਦੁਆਰਾ ਪਾਤਸ਼ਾਹੀ ਨੌਵੀਂ ਬਹਾਦਰਗੜ੍ਹ ਸਾਹਿਬ ਵਿਖੇ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਆਗਮਨ ਪੁਰਬ ਨੂੰ ਸਮਰਪਿਤ ਗੁਰਦੁਆਰਾ ਸਾਹਿਬ ਦੇ ਦੀਵਾਨ ਹਾਲ ਵਿਖੇ ਚੱਲ ਰਹੇ ਨਿਰੰਤਰ ਸਮਾਗਮ ਦੇਰ ਰਾਤ ਕੀਰਤਨ ਦਰਬਾਰ ਨਾਲ ਸਮਾਪਤ ਹੋਏ। ਦੇਰ ਰਾਤ ਕਰਵਾਏ ਗਏ ਧਾਰਮਿਕ ਸਮਾਗਮ ਦੌਰਾਨ ਪੁੱਜੀਆਂ ਸ਼ਖ਼ਸੀਅਤਾਂ 'ਚ ਅੰਤਰਿੰਗ ਕਮੇਟੀ ਮੈਂਬਰ ਜਥੇਦਾਰ ਸੁਰਜੀਤ ਸਿੰਘ ਗੜ੍ਹੀ, ਸ਼੍ਰੋਮਣੀ ਕਮੇਟੀ ਮੈਂਬਰ ਜਥੇਦਾਰ ਜਰਨੈਲ ਸਿੰਘ ਕਰਤਾਰਪੁਰ, ਬੀਬੀ ਕੁਲਦੀਪ ਕੌਰ ਟੌਹੜਾ ਆਦਿ ਤੋਂ ਇਲਾਵਾ ਇਲਾਕੇ ਦੀਆਂ ਸਿੱਖ ਸਭਾਵਾਂ, ਸੁਸਾਇਟੀਆਂ ਦੀਆਂ ਪ੍ਰਮੁੱਖ ਸ਼ਖ਼ਸੀਅਤਾਂ ਆਦਿ ਪੁੱਜੀਆਂ। ਧਾਰਮਿਕ ਸਮਾਗਮ ਦੌਰਾਨ ਢਾਡੀ ਕਵੀਸ਼ਰੀ ਜਥਿਆਂ ਅਤੇ ਹਜ਼ੂਰੀ ਰਾਗੀ ਕੀਰਤਨੀ ਜਥਿਆਂ ਸਮੇਤ ਸੱਚਖੰਡ ਸ੍ਰੀ ਦਰਬਾਰ ਦੇ ਹਜ਼ੂਰੀ ਰਾਗੀ ਕੀਰਤਨੀ ਜਥਿਆਂ ਨੇ ਸੰਗਤਾਂ ਨੂੰ ਗੁਰਬਾਣੀ ਕੀਰਤਨ ਰਾਹੀਂ ਨਿਹਾਲ ਕੀਤਾ। ਇਸ ਦੌਰਾਨ ਗੁਰਦੁਆਰਾ ਸਾਹਿਬ ਵਿਖੇ ਜਿੱਥੇ ਨਿਰੰਤਰ ਗੁਰੂ ਦਾ ਲੰਗਰ ਚਲਾਇਆ ਗਿਆ, ਉੱਥੇ ਹੀ ਵੱਖ ਵੱਖ ਸਿੱਖ ਸੁਸਾਇਟੀਆਂ ਵੱਲੋਂ ਠੰਡੇ ਮਿੱਠੇ ਜਲ ਦੀਆਂ ਛਬੀਲਾਂ ਲਗਾਈਆਂ ਅਤੇ ਗੁਰੂ ਸਾਹਿਬ ਦੀ ਆਮਦ ਦੀ ਖੁਸ਼ੀ ਵਿਚ ਦੀਪਮਾਲਾ ਅਤੇ ਆਤਿਸ਼ਬਾਜ਼ੀ ਵੀ ਕੀਤੀ ਗਈ। ਇਸ ਮੌਕੇ ਸੰਗਤਾਂ ਦੇ ਵੱਡੇ ਇਕੱਠ ਨੂੰ ਸੰਬੋਧਨ ਕਰਦਿਆਂ ਅੰਤਰਿੰਗ ਕਮੇਟੀ ਮੈਂਬਰ ਜਥੇਦਾਰ ਸੁਰਜੀਤ ਸਿੰਘ ਗੜ੍ਹੀ ਨੇ ਕਿਹਾ ਕਿ ਗੁਰੂ ਸਾਹਿਬ ਨੇ ਆਪਣੇ ਜੀਵਨ ਵਿਚ ਜਾਤ, ਧਰਮ ਅਤੇ ਨਸਲ ਤੋਂ ਉਪਰ ਉੱਠ ਕੇ ਮਹਾਨ ਕਾਰਜ ਕੀਤੇ, ਉਨ੍ਹਾਂ ਦੀ ਬਾਣੀ ਜਿੱਥੇ ਸਮੁੱਚੀ ਮਾਨਵਤਾ ਦਾ ਮਾਰਗ ਦਰਸ਼ਨ ਕਰਦੀ, ਉੱਥੇ ਹੀ ਇਤਿਹਾਸ ਅੰਦਰ ਉਨ੍ਹਾਂ ਵੱਲੋਂ ਦਿੱਤਾ ਗਿਆ ਬਲੀਦਾਨ ਹਰ ਇਕ ਨੂੰ ਧਰਮ ਵਿਚ ਦ੍ਰਿੜ੍ਹ ਰਹਿਣ ਦੀ ਪ੍ਰੇਰਨਾ ਦਿੰਦੀ। ਇਸ ਮੌਕੇ ਜਥੇਦਾਰ ਗੜ੍ਹੀ ਨੇ ਸਮੁੱਚੀ ਸੰਗਤ ਨੂੰ ਗੁਰੂ ਸਾਹਿਬ ਦਾ 350 ਸਾਲਾ ਸ਼ਹੀਦੀ ਦਿਹਾੜਾ ਦੇ ਮੁੱਖ ਸਮਾਗਮ ਜੋ ਗੁਰਦੁਆਰਾ ਮੋਤੀ ਬਾਗ ਸਾਹਿਬ ਵਿਖੇ ਹੋਣ ਜਾ ਰਿਹਾ। ਉਸ ਵਿਚ ਪੁਹੰਚਣ ਦੀ ਅਪੀਲ ਕੀਤੀ। ਇਸ ਦੌਰਾਨ ਸ਼੍ਰੋਮਣੀ ਕਮੇਟੀ ਮੈਂਬਰ ਜਥੇਦਾਰ ਜਰਨੈਲ ਸਿੰਘ ਕਰਤਾਰਪੁਰ ਅਤੇ ਬੀਬੀ ਕੁਲਦੀਪ ਕੌਰ ਟੌਹੜਾ ਨੇ ਵੀ ਸੰਗਤਾਂ ਦਾ ਧੰਨਵਾਦ ਕੀਤਾ। ਸਮਾਗਮ ਦੇ ਅੰਤ ਵਿਚ ਪ੍ਰਮੁੱਖ ਸ਼ਖ਼ਸੀਅਤਾਂ ਅਤੇ ਸ਼ਹਿਰ ਦੀਆਂ ਸਿੱਖ ਸਭਾਵਾਂ ਅਤੇ ਸੁਸਾਇਟੀਆਂ ਆਦਿ ਦੇ ਨੁਮਾਇੰਦਿਆਂ ਨੂੰ ਗੁਰੂ ਸਾਹਿਬ ਦੀ ਯਾਦਗਾਰੀ ਤਸਵੀਰ ਦੇ ਕੇ ਸਨਮਾਨਤ ਵੀ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਹੈੱਡ ਗ੍ਰੰਥੀ ਭਾਈ ਅਵਤਾਰ ਸਿੰਘ, ਮੈਨੇਜਰ ਮਨਜੀਤ ਸਿੰਘ ਕੌਲੀ, ਬਾਬਾ ਸੋਹਣ ਸਿੰਘ ਕਾਰ ਸੇਵਾ ਵਾਲੇ, ਚੜ੍ਹਦੀਕਲਾ ਗਰੁੱਪ ਦੇ ਚੇਅਰਮੈਨ ਜਗਜੀਤ ਸਿੰਘ ਦਰਦੀ, ਭਾਈ ਜਸਵੀਰ ਸਿੰਘ ਯੂਨੀਵਰਸਿਟੀ ਵਾਲੇ, ਬਲਵਿੰਦਰ ਸਿੰਘ ਦੌਣ ਕਲਾਂ, ਲਖਵੀਰ ਸਿੰਘ ਲੌਟ, ਜੋਗਿੰਦਰ ਸਿੰਘ ਪੰਛੀ, ਪ੍ਰਚਾਰਕ ਪਰਵਿੰਦਰ ਸਿੰਘ ਰਿਉਂਦ, ਜਥੇਦਾਰ ਕੁਲਦੀਪ ਸਿੰਘ, ਸੁਖਜੀਤ ਸਿੰਘ ਬਘੌਰਾ, ਤਰਲੋਕ ਸਿੰਘ ਤੌਰਾ, ਅਰਜਨ ਸਿੰਘ ਆਦਿ ਸੰਗਤਾਂ ਵੱਡੀ ਗਿਣਤੀ ਵਿਚ ਹਾਜ਼ਰ ਸਨ।

## 15 ਬੋਤਲਾਂ ਸ਼ਰਾਬ ਬ੍ਰਾਮਦ

ਪਟਿਆਲਾ, 1 ਜੁਲਾਈ (ਵਿਨੋਦ ਸ਼ਰਮਾ) : ਥਾਣਾ ਭਾਦਸੋਂ ਪੁਲਿਸ ਨੇ ਕਥਿਤ ਦੋਸ਼ੀ ਮਹਿਲਾ ਸ਼ਰਨਜੀਤ ਕੌਰ ਵਾਸੀ ਵਾਰਡ ਨੰ. 08 ਭਾਦਸੋਂ ਵਿਰੁੱਧ ਮਾਮਲਾ ਦਰਜ ਕੀਤਾ ਹੈ। ਏ.ਐਸ.ਆਈ. ਪ੍ਰਵਿੰਦਰ ਸਿੰਘ ਸਮੇਤ ਪੁਲਿਸ ਪਾਰਟੀ ਗਸ਼ਤ ਵਾ ਤਲਾਸ਼ ਸ਼ੱਕੀ ਤੇ ਭੈੜੇ ਪੁਰਸ਼ਾਂ ਦੇ ਸਬੰਧ ਵਿੱਚ ਬੱਸ ਅੱਡਾ ਚਾਸਵਾਲ ਮੌਜੂਦ ਸੀ, ਜੋ ਮੁਖਬਰ ਦੀ ਇਤਲਾਹ ਪਰ ਦੋਸ਼ਣ ਦੇ ਘਰ ਰੇਡ ਕਰਨ ਪਰ 15 ਬੋਤਲਾਂ ਸ਼ਰਾਬ ਕਲੱਬ ਹਰਿਆਣਾ ਦੀਆਂ ਬ੍ਰਾਮਦ ਹੋਈਆਂ।



ਇੰਸਪੈਕਟਰ ਕਿਰਪਾਲ ਸਿੰਘ ਦੀ ਸੇਵਾ ਮੁਕਤੀ 'ਤੇ ਵਿਦਾਇਗੀ ਪਾਰਟੀ ਮੌਕੇ ਕੌਂਸਲਰ ਅੰਮ੍ਰਿਤਪਾਲ ਸਿੰਘ ਪਾਲੀ, ਇੰਸਪੈਕਟਰ ਕੋਤਵਾਲੀ ਜਸਪ੍ਰੀਤ ਸਿੰਘ ਕਾਹਲੋਂ ਅਤੇ ਸਮੁੱਚਾ ਸਟਾਫ ਮੌਜੂਦ ਰਿਹਾ। (ਫੋਟੋ ਤੇ ਵੇਰਵਾ : ਰੁਪਾਣਾ)

## ਮੇਅਰ ਗੋਗੀਆ ਵੱਲੋਂ ਕੱਪੜੇ ਜਾਂ ਜੂਟ ਦੇ ਥੈਲੇ ਵਰਤਣ ਦੀ ਅਪੀਲ



ਪਟਿਆਲਾ, 1 ਜੁਲਾਈ (ਚ.ਨ.ਸ.) : ਸ਼ਹਿਰ ਪਟਿਆਲਾ ਅਤੇ ਸਟੇਟ ਪੰਜਾਬ ਨੂੰ ਪ੍ਰਦੂਸ਼ਣ ਰਹਿਤ ਬਣਾਉਣਾ ਸਾਡਾ ਸਭ ਦਾ ਫਰਜ ਹੈ। ਪਟਿਆਲਾ ਸੋਸ਼ਲ ਵੈਲਫੇਅਰ ਸੋਸਾਇਟੀ ਲਗਭਗ 20 ਸਾਲਾਂ ਤੋਂ ਪ੍ਰਦੂਸ਼ਣ ਮੁਕਤ ਬਣਾਉਣ ਲਈ ਕਾਰਜ ਕਰ ਰਹੀ ਹੈ ਜੋ ਸ਼ਲਾਘਾਯੋਗ ਹੈ। ਡਾਕਟਰਾਂ ਦੇ ਮੁਤਾਬਿਕ ਇਹ ਦੱਸਿਆ ਗਿਆ ਹੈ ਕਿ ਸਿੰਗਲ ਵਰਤੋਂ ਪਲਾਸਟਿਕ ਦੀ ਵਰਤੋਂ ਨਾ ਕੀਤੀ ਜਾਵੇ, ਸਗੋਂ ਕੱਪੜੇ ਜਾਂ ਜੂਟ ਦੇ ਥੈਲੇ ਵਰਤੇ ਜਾਣ ਪਲਾਸਟਿਕ ਦੇ ਲਿਫਾਫਿਆਂ ਦੀ ਵਰਤੋਂ ਨਾਲ ਬਿਮਾਰੀਆਂ ਫੈਲਦੀਆਂ ਹਨ। ਇਹ ਵਿਚਾਰ ਨਗਰ ਨਿਗਮ ਦੇ ਮੇਅਰ ਕੁੰਦਨ ਗੋਗੀਆ ਪ੍ਰਗਟਾਏ। ਉਨ੍ਹਾਂ ਨੇ ਪਟਿਆਲਾ ਸੋਸ਼ਲ ਵੈਲਫੇਅਰ ਸੋਸਾਇਟੀ ਦੇ ਪ੍ਰਧਾਨ ਵਿਜੈ ਕੁਮਾਰ ਗੋਇਲ ਦੀ ਇਸ ਲਈ ਸ਼ਲਾਘਾ ਕੀਤੀ ਅਤੇ ਮੋਹਨ ਗੋਇਲ ਦੀ ਇਸ ਦਾਨ ਦੇਣ ਦੀ ਪ੍ਰਸ਼ੰਸਾ ਕੀਤੀ। ਇਹ ਸੰਦੇਸ਼ ਪਟਿਆਲਾ ਵਿੱਚ ਹੀ ਨਹੀਂ ਸਗੋਂ ਸਾਰੇ ਸਟੇਟ ਵਿੱਚ ਜਾਵੇਗਾ। ਇਸ ਲਈ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਵੀ ਵਧੀਆ ਕਾਰਜ ਕਰ ਰਹੀ ਹੈ। ਇਹ ਸਾਡਾ ਸਭ ਦਾ ਫਰਜ ਹੈ। ਇਸ ਅਵਸਰ ਤੇ ਸ੍ਰ. ਗੁਰਬਖਸ਼ ਸਿੰਘ ਉਬਰਾਏ ਅਤੇ ਉਹਨਾਂ ਦੀ ਪਤਨੀ ਗੁਰਮੀਤ ਕੌਰ ਉਬਰਾਏ ਵੀ ਹਾਜਰ ਸਨ।

## ਵਿਧਾਇਕ ਪਠਾਣਮਾਜਰਾ ਵੱਲੋਂ ਯੂਨੀਵਰਸਿਟੀ ਕਾਲਜ ਮੀਰਾਂਪੁਰ ਨੂੰ 12 ਏ.ਸੀ. ਭੇਟ



ਦੇਵੀਗੜ੍ਹ, 1 ਜੁਲਾਈ (ਗੁਰਜੀਤ ਸਿੰਘ ਢੌਟ) : ਹਲਕਾ ਸਨੌਰ ਦੇ ਵਿਧਾਇਕ ਪਠਾਣਮਾਜਰਾ ਸ. ਹਰਮੀਤ ਸਿੰਘ ਵੱਲੋਂ ਯੂਨੀਵਰਸਿਟੀ ਕਾਲਜ ਮੀਰਾਂਪੁਰ ਨੂੰ 12 ਏਅਰ ਕੰਡੀਸ਼ਨਰ ਦੀ ਕੀਤੀ ਗਈ ਭੇਟ ਕਾਲਜ ਦੇ ਵਿਦਿਆਰਥੀਆਂ ਅਤੇ ਅਧਿਆਪਕਾਂ ਲਈ ਇਕ ਵਰਦਾਨ ਸਾਬਿਤ ਹੋਵੇਗਾ। ਇਸ ਉਪਲੱਬਧੀ ਸਬੰਧੀ ਕਾਲਜ ਇੰਚਾਰਜ ਡਾ. ਮਨਪ੍ਰੀਤ ਕੌਰ ਸੋਢੀ ਵੱਲੋਂ ਪਠਾਣਮਾਜਰਾ ਜੀ ਦਾ ਧੰਨਵਾਦ ਕਰਦਿਆਂ ਕਿਹਾ ਗਿਆ ਕਿ ਇਹ ਏ.ਸੀ. ਕਲਾਸਰੂਮਾਂ ਅਤੇ ਲਾਇਬ੍ਰੇਰੀ ਵਿੱਚ ਲਗਾਏ ਜਾਣਗੇ, ਜਿਸ ਨਾਲ ਪੜ੍ਹਾਈ ਦਾ ਮਾਹੌਲ ਹੋਰ ਸੁਖਦਾਇਕ ਅਤੇ ਆਧੁਨਿਕ ਬਣੇਗਾ। ਉਨ੍ਹਾਂ ਦੱਸਿਆ ਕਿ ਐਨ.ਆਰ.ਆਈਜ਼. ਦੇ ਸਹਿਯੋਗ ਨਾਲ ਹਲਕਾ ਸਨੌਰ ਦੇ ਸਰਕਾਰੀ ਸਕੂਲਾਂ ਅਤੇ ਕਾਲਜ ਵਿੱਚ ਏ.ਸੀ. ਲਗਵਾਏ ਜਾ ਰਹੇ ਹਨ। ਉਸ ਤਹਿਤ ਯੂਨੀਵਰਸਿਟੀ ਕਾਲਜ ਮੀਰਾਂਪੁਰ ਵਿਖੇ ਵੀ ਏ.ਸੀ. ਲਗਵਾ ਕੇ ਦੇਣ ਦਾ ਜੋ ਐਲਾਨ ਵਿਧਾਇਕ ਨੇ ਕੀਤਾ ਸੀ, ਉਸ ਨੂੰ ਪੂਰਾ ਕਰਦਿਆਂ ਅੱਜ ਉਨ੍ਹਾਂ ਨੇ ਹਰਦੇਵ ਸਿੰਘ ਘੜਾਮ ਪ੍ਰਧਾਨ ਟਰੱਕ ਯੂਨੀਅਨ ਦੇਵੀਗੜ੍ਹ ਰਾਹੀਂ 12 ਏ.ਸੀ. ਭੇਟ ਕਰਵਾਏ। ਇਸ ਮੌਕੇ ਪ੍ਰਧਾਨ ਹਰਦੇਵ ਸਿੰਘ ਘੜਾਮ ਨੇ ਕਿਹਾ ਕਿ ਵਿਧਾਇਕ ਪਠਾਣਮਾਜਰਾ ਵੱਲੋਂ ਚੋਣਾਂ ਦੌਰਾਨ ਜੋ ਵਾਅਦੇ ਕੀਤੇ ਸਨ ਉਨ੍ਹਾਂ ਨੂੰ ਇੱਕ ਇੱਕ ਕਰਕੇ ਪੂਰਾ ਕੀਤਾ ਜਾ ਰਿਹਾ ਹੈ। ਇਸ ਮੌਕੇ ਇੰਚਾਰਜ ਨਾਲ ਫੋਨ ਉਤੇ ਗੱਲਬਾਤ ਕਰਦਿਆਂ ਵਿਧਾਇਕ ਨੇ ਕਿਹਾ ਕਿ, ਸਿੱਖਿਆ ਸੰਸਥਾਵਾਂ ਨੂੰ ਸਮਰਥ ਬਣਾਉਣਾ ਮੇਰਾ ਫਰਜ਼ ਵੀ ਹੈ ਤੇ ਸੰਕਲਪ ਵੀ। ਮੀਰਾਂਪੁਰ ਦੇ ਵਿਦਿਆਰਥੀਆਂ ਨੂੰ ਗੁਣਵੱਤਾਪੂਰਨ ਸਿੱਖਿਆ ਦੇਣ ਲਈ ਸੰਸਥਾ ਜੋ ਯਤਨ ਕਰ ਰਹੀ ਹੈ, ਉਸ ਵਿੱਚ ਮੈਂ ਆਪਣਾ ਯੋਗਦਾਨ ਪਾਉਂਦਿਆਂ ਖੁਸ਼ ਹਾਂ। ਇਸ ਮੌਕੇ ਕਾਲਜ ਦੇ ਅਸਿਸਟੈਂਟ ਪ੍ਰੋਫੈਸਰ ਅਤੇ ਧਰਮ ਅਧਿਐਨ ਮੰਚ ਦੇ ਕਨਵੀਨਰ ਡਾ. ਤੇਜਿੰਦਰ ਪਾਲ ਸਿੰਘ ਨੇ ਕਿਹਾ ਕਿ ਇਹ ਏ.ਸੀ. ਨਾ ਸਿਰਫ਼ ਗਰਮੀਆਂ ਦੌਰਾਨ ਵਿਦਿਆਰਥੀਆਂ ਲਈ ਆਰਾਮਦਾਇਕ ਮਾਹੌਲ ਬਣਾਉਣਗੇ, ਬਲਕਿ ਉਹਨਾਂ ਦੀ ਕਲਾਸਾਂ ਵਿੱਚ ਦਿਲਚਸਪੀ ਤੇ ਧਿਆਨ ਵਿੱਚ ਵੀ ਵਾਧਾ ਕਰਨਗੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਡਾ. ਤੇਜਿੰਦਰ ਪਾਲ ਸਿੰਘ, ਰੁਪਿੰਦਰ ਕੌਰ, ਭੋਲਾ ਰਾਮ ਆਦਿ ਕਾਲਜ ਸਟਾਫ ਮੈਂਬਰ ਹਾਜ਼ਰ ਸਨ।

## ਨਗਰ ਨਿਗਮ ਦੇ ਮੇਅਰ ਆਫਿਸ ਦੇ ਸੁਪਰਡੈਂਟ ਗੁਰਪ੍ਰੀਤ ਸਿੰਘ ਚਾਵਲਾ ਦੀ ਸੇਵਾ ਮੁਕਤੀ 'ਤੇ ਵਿਦਾਇਗੀ

- ਰਿਟਾਇਰ ਹੋਣ ਮਗਰੋਂ ਵੀ ਚਾਵਲਾ ਸਾਡੇ ਨਗਰ ਨਿਗਮ ਪਰਿਵਾਰ ਦਾ ਹਿੱਸਾ ਹੀ ਰਹਿਣਗੇ: ਮੇਅਰ ਗੋਗੀਆ



ਪਟਿਆਲਾ, 1 ਜੁਲਾਈ (ਰੁਪਾਣਾ) : ਨਗਰ ਨਿਗਮ ਪਟਿਆਲਾ ਵਿੱਚ ਮੇਅਰ ਆਫਿਸ ਦੇ ਸੁਪਰਡੈਂਟ ਗੁਰਪ੍ਰੀਤ ਸਿੰਘ ਚਾਵਲਾ ਦੀ ਰਿਟਾਇਰਮੈਂਟ ਮੌਕੇ ਮੇਅਰ ਕੁੰਦਨ ਗੋਗੀਆ ਨੇ ਵਿਦਾਇਗੀ ਦਿੰਦਿਆਂ ਉਨ੍ਹਾਂ ਦੇ ਪਰਿਵਾਰ ਨਾਲ ਗੱਲ ਕਰਦਿਆਂ ਕਿਹਾ ਕਿ ਰਿਟਾਇਰ ਹੋਣ ਮਗਰੋਂ ਵੀ ਚਾਵਲਾ ਸਾਡੇ ਨਗਰ ਨਿਗਮ ਪਰਿਵਾਰ ਦਾ ਹਿੱਸਾ ਹੀ ਰਹਿਣਗੇ। ਸੀਨੀਅਰ ਡਿਪਟੀ ਮੇਅਰ ਹਰਿੰਦਰ ਕੋਹਲੀ ਨੇ ਵਧਾਈ ਦੇਣ ਮਗਰੋਂ ਵਿਸ਼ੇਸ਼ ਤੌਰ 'ਤੇ ਕਿਹਾ ਕਿ ਅਸੀਂ ਰਿਟਾਇਰਮੈਂਟ ਤੋਂ ਬਾਅਦ ਵੀ ਇਹਨਾਂ ਨੂੰ ਆਪਣੇ ਨਾਲ ਹੀ ਰੱਖਾਂਗੇ। ਇਸ ਮੌਕੇ ਮੇਅਰ ਸਾਹਿਬ ਦੀ ਸਮੁੱਚੀ ਟੀਮ, ਹਰਬੰਸ ਸਿੰਘ ਸਹਾਇਕ ਕਮਿਸ਼ਨਰ, ਕ੍ਰਿਸ਼ਨ ਕੁਮਾਰ ਅਤੇ ਭੁਪਿੰਦਰ ਸਿੰਘ ਪੀਏ ਟੂ ਕਮਿਸ਼ਨਰ, ਸੰਜੀਵ ਗਰਗ ਅਤੇ ਵਿਸ਼ਾਲ ਸਿਆਲ ਸੁਪਰਡੈਂਟ, ਸੁਨੀਲ ਕੁਮਾਰ ਗੁਲਾਟੀ ਅਤੇ ਵਿਸ਼ਾਲ ਵਰਮਾ ਇੰਸਪੈਕਟਰ ਅਤੇ ਮੇਅਰ ਆਫਿਸ ਦੇ ਸਮੁੱਚੇ ਸਟਾਫ ਤੋਂ ਇਲਾਵਾ ਉਚੇਚੇ ਤੌਰ 'ਤੇ ਪ੍ਰੋਪਰਟੀ ਟੈਕਸ ਅਤੇ ਵਾਟਰ ਸਪਲਾਈ ਸ਼ਾਖਾ ਦੇ ਸ਼ਾਖਾ ਦੇ ਕਰਮਚਾਰੀ ਵੀ ਹਾਜ਼ਰ ਹੋਏ। ਇਸ ਮੌਕੇ ਮੇਅਰ ਆਫਿਸ ਦੇ ਸੁਪਰਡੈਂਟ ਗੁਰਪ੍ਰੀਤ ਸਿੰਘ ਚਾਵਲਾ ਨੇ ਆਪਣੀ ਜਿੰਦਗੀ ਦੇ ਸਫਰ ਦੀ ਗੱਲਬਾਤ ਸਾਂਝੀ ਕੀਤੀ। ਚਾਵਲਾ ਨੇ ਦੱਸਿਆ ਕਿ ਉਹ ਪਟਿਆਲੇ ਨਾਲ ਸੰਬੰਧ ਰੱਖਦੇ ਸੀ। ਨਗਰ ਨਿਗਮ ਅੰਮ੍ਰਿਤਸਰ ਤੋਂ ਨਗਰ ਕੌਂਸਲ ਪਟਿਆਲਾ ਵਿਖੇ ਬਦਲੀ ਕਰਵਾਈ ਜਿਸ 'ਤੇ ਮੈਨੂੰ ਆਪਣੇ ਛੇ ਸਾਲ ਦੀ ਸਨਿਓਰਟੀ ਛੱਡ ਕੇ 14 ਮਈ 1993 ਨੂੰ ਪਟਿਆਲਾ ਵਿਖੇ ਬਤੌਰ ਕਲਰਕ ਜੁਆਇਨ ਕੀਤਾ ਤੇ ਨਗਰ ਕੌਂਸਲ ਦੀਆਂ ਵੱਖ ਵੱਖ ਬਰਾਂਚਾਂ ਵਿੱਚ ਕੰਮ ਕੀਤਾ। ਇਸ ਉਪਰੰਤ ਸਾਲ 2024 ਵਿੱਚ ਬਤੌਰ ਸੁਪਰਡੈਂਟ ਪ੍ਰਮੋਟ ਹੋਇਆ ਤੇ ਮੇਅਰ ਆਫਿਸ ਦੇ ਨਾਲ ਨਾਲ ਏਜੰਡਾ ਬਰਾਂਚ ਅਤੇ ਵਾਟਰ ਸਪਲਾਈ ਸ਼ਾਖਾ ਵਿੱਚ ਵੀ ਕੰਮ ਕਰਦਿਆਂ ਰਿਟਾਇਰਮੈਂਟ ਹੋਈ। 38 ਸਾਲ ਛੇ ਮਹੀਨੇ ਦੀ ਨੌਕਰੀ ਉਪਰੰਤ 30 ਜੂਨ 2025 ਨੂੰ ਰਿਟਾਇਰਮੈਂਟ ਪ੍ਰਾਪਤ ਕੀਤੀ। ਉਨ੍ਹਾਂ ਇਸ ਸਫਰ ਦੌਰਾਨ ਪੁਰਾਣੇ ਸਾਥੀਆਂ ਨੂੰ ਯਾਦ ਕੀਤਾ ਅਤੇ ਮੌਜੂਦਾ ਮੇਅਰ ਅਤੇ ਕਮਿਸ਼ਨਰ ਪਰਮਵੀਰ ਸਿੰਘ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ।

## ਸੀਨੀਅਰ ਸਿਟੀਜ਼ਨ ਕੌਂਸਲ (ਹੋਮ) ਵੱਲੋਂ 13 ਬਜ਼ੁਰਗਾਂ ਦਾ ਸਨਮਾਨ



ਸਮਾਣਾ, 1 ਜੁਲਾਈ (ਵਿਜੇ ਕੁਮਾਰ) : ਸੀਨੀਅਰ ਸਿਟੀਜ਼ਨ ਕੋਸਲ (ਹੋਮ) ਸਮਾਣਾ ਦੀ ਮਹੀਨਾਵਾਰ ਮੀਟਿੰਗ ਆਸਾ ਨੰਦ ਟੁਲਾਨੀ ਦੀ ਪ੍ਰਧਾਨਗੀ ਵਿਚ ਸੀਨੀ: ਸਿਟੀਜਨ ਹੋਮ ਵਿਚ ਹੋਈ। ਜਿਸ ਵਿਚ 13 ਬਜ਼ੁਰਗਾਂ ਨਛੱਤਰ ਸਿੰਘ, ਰਜਿੰਦਰ ਪ੍ਰਸਾਦ, ਸ਼ੁਭਾਸ਼ ਪੰਜਰੱਥ, ਸੁਰਿੰਦਰ ਕੁਮਾਰ ਗਰਗ, ਰਕੇਸ਼ ਕੁਮਾਰ ਗੋਇਲ, ਅਵਤਾਰ ਸਿੰਘ, ਬਲਵਿੰਦਰ ਕੁਮਾਰ ਵਰਮਾ, ਅਸ਼ੋਕ ਕੁਮਾਰ ਧੀਮਾਨ, ਨਰਸੀ ਰਾਮ, ਸ਼ਾਮ ਬਿਹਾਰੀ ਜਿੰਦਲ, ਸੁਰਿੰਦਰ ਮਿੱਤਲ ਉਨ੍ਹਾਂ ਦੇ ਜਨਮ ਦਿਨ ਦੀ ਵਧਾਈ ਦਿੰਦਿਆ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸੰਸਥਾ ਦੇ ਸਰਪ੍ਰਸਤ ਸੋਮ ਪ੍ਰਕਾਸ਼, ਪ੍ਰਧਾਨ ਆਸਾ ਨੰਦ ਟੁਲਾਨੀ, ਸੀਨੀ: ਵਾਇਸ ਪ੍ਰਧਾਨ ਸੁਭਾਸ਼ ਪੰਜਰਥ ਸਣੇ ਹੋਰ ਬੁਲਾਰਿਆਂ ਨੇ ਕਿਹਾ ਕਿ ਅਹਿਮਦਾਬਾਦ ਵਿੱਚ ਹੋਏ ਪਲੇਨ ਹਾਦਸੇ ਦੀ ਘਟਨਾ ਬੜੀ ਦੁਖਦਾਇਕ ਸੀ ਜਿਸ ਵਿੱਚ ਕਈ ਪਰਿਵਾਰ ਹੀ ਖਤਮ ਹੋ ਗਏ। ਉਨਾਂ ਕਿਹਾ ਕਿ ਮਾਰੇ ਗਏ ਲੋਕਾਂ ਅਤੇ ਪੀੜਤ ਪ੍ਰੀਵਾਰਾਂ ਦੇ ਦੁੱਖ ਨੇ ਹਰ ਦੇਸ਼ ਵਾਸੀ ਨੂੰ ਝੰਜੋੜ ਕੇ ਰੱਖ ਦਿੱਤਾ ਹੈ ਅਤੇ ਹਰ ਅੱਖ ਨਮ ਹੋਈ ਹੈ। ਉਨਾਂ ਦੀ ਆਤਮਾ ਦੀ ਸ਼ਾਂਤੀ ਲਈ ਦੋ ਮਿੰਟ ਦਾ ਮੋਨ ਧਾਰ ਕੇ ਸ਼ਰਧਾਂਜਲੀ ਭੇਟ ਕੀਤੀ ਗਈ। ਇਸ ਮੌਕੇ ਰਾਜਿੰਦਰ ਪਾਲ, ਰਾਮ ਗੋਪਾਲ ਗਰਗ, ਰਮੇਸ਼ ਕੁਮਾਰ, ਰਾਧਾ ਕ੍ਰਿਸ਼ਨ , ਨਰਾਇਣ ਦਾਸ , ਬਲਵੀਰ ਵੜੈਚ ,ਪ੍ਰਗਟ ਸਿੰਘ, ਲੇਖ ਰਾਜ, ਗੁਰਨਾਮ ਸਿੰਘ, ਰਾਮ ਕਸ਼ਪ, ਸੋਹਨ ਲਾਲ, ਖੇਮ ਚੰਦ, ਰਾਮ ਕਿਸ਼ਨ ਨਿਰੰਕਾਰੀ, ਚਮਨ ਲਾਲ ਧਨੇਠਾ, ਲੇਖ ਰਾਜ ਚੁੱਗ, ਕੇਵਲ ਕ੍ਰਿਸ਼ਨ , ਸੁਖਦੇਵ ਰਾਮ, ਸ਼ਿਵ ਰਾਮ, ਜਨਕ ਦੁਲਾਰੀ , ਮਹਿੰਦਰ ਪਾਲ, ਸੀਤਾ ਰਾਮ ਮਾਨ, ਗਿਰਦਾ ਹਰੀ ਸਿੰਘ, ਅਦਿ ਵੀ ਮੌਜੂਦ ਸਨ।

## 10 ਕਿੱਲੋ ਭੁੱਕੀ ਸਮੇਤ ਔਰਤ ਕਾਬੂ

ਸਮਾਣਾ, 1 ਜੁਲਾਈ (ਵਿਜੇ ਕੁਮਾਰ) : ਸਦਰ ਪੁਲਿਸ ਨੇ ਪਿੰਡ ਬਿਜਲਪੁਰ ਦੇ ਸ਼ਮਸ਼ਾਨਘਾਟ ਨੇੜੇ ਗਾਹਕਾਂ ਦੀ ਉਡੀਕ ਕਰ ਰਹੀ ਇੱਕ ਔਰਤ ਨੂੰ 10 ਕਿੱਲੋ ਭੁੱਕੀ (ਪੋਸਤ ਚੂਰਾ) ਸਮੇਤ ਕਾਬੂ ਕਰਕੇ ਉਸਦੇ ਖਿਲਾਫ ਐਨ.ਡੀ.ਪੀ.ਐਸ. ਐਕਟ ਦੀਆਂ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਹੈ। ਔਰਤ ਦੀ ਪਛਾਣ ਲੱਛੋ ਪਤਨੀ ਨਿਰਮਲ ਸਿੰਘ ਵਾਸੀ ਪਿੰਡ ਬਿਜਲਪੁਰ ਵਜੋਂ ਹੋਈ ਹੈ। ਸਦਰ ਪੁਲਿਸ ਮੁਖੀ ਇੰਸਪੈਕਟਰ ਅਜੈ ਕੁਮਾਰ ਪਰੋਚਾ ਵੱਲੋਂ ਦਿੱਤੀ ਜਾਣਕਾਰੀ ਅਨੁਸਾਰ, ਏ.ਐਸ.ਆਈ. ਸਰਬਜੀਤ ਸਿੰਘ ਨੇ ਪੁਲਿਸ ਪਾਰਟੀ ਸਮੇਤ ਪਿੰਡ ਢੈਂਠਲ ਬੱਸ ਅੱਡਾ ਵਿੱਚ ਗਸ਼ਤ ਦੌਰਾਨ ਮਿਲੀ ਜਾਣਕਾਰੀ 'ਤੇ ਰੇਡ ਕਰਕੇ ਪਿੰਡ ਬਿਜਲਪੁਰ ਦੇ ਸ਼ਮਸ਼ਾਨ ਘਾਟ ਨੂੰ ਜਾਣ ਵਾਲੇ ਰਸਤੇ ਵਿੱਚ ਭੁੱਕੀ ਵੇਚਣ ਲਈ ਗਾਹਕਾਂ ਦੀ ਉਡੀਕ ਕਰ ਰਹੀ ਔਰਤ ਨੂੰ 10 ਕਿੱਲੋ ਭੁੱਕੀ ਸਮੇਤ ਹਿਰਾਸਤ ਵਿੱਚ ਲੈ ਲਿਆ। ਅਧਿਕਾਰੀ ਅਨੁਸਾਰ ਸ਼ੁਰੂਆਤੀ ਪੁੱਛਗਿੱਛ ਦੌਰਾਨ ਔਰਤ ਨੇ ਦੱਸਿਆ ਕਿ ਉਸਦਾ ਪਤੀ ਭੁੱਕੀ ਲਿਆਉਂਦਾ ਸੀ ਅਤੇ ਉਹ ਇਸਨੂੰ ਵੇਚਣ ਦਾ ਕੰਮ ਕਰਦੀ ਹੈ। ਮੁਲਜ਼ਮ ਔਰਤ ਦੇ ਪਤੀ ਦੀ ਭਾਲ ਕੀਤੀ ਜਾ ਰਹੀ ਹੈ। ਅਧਿਕਾਰੀ ਅਨੁਸਾਰ ਮੁਲਜ਼ਮ ਔਰਤ ਨੂੰ ਮਾਨਯੋਗ ਅਦਾਲਤ ਤੋਂ ਮਿਲੇ ਹੁਕਮਾਂ 'ਤੇ ਜੇਲ੍ਹ ਭੇਜ ਦਿੱਤਾ ਗਿਆ ਹੈ।

## ਲਾਇਨਜ਼ ਕਲੱਬ ਸਮਾਣਾ ਰੋਇਲ ਨੇ ਪਿੰਗਲਾ ਆਸ਼ਰਮ ਵਿੱਚ ਫਲ ਵੰਡ ਕੇ ਨਵੇਂ ਸੈਸ਼ਨ ਦੀ ਕੀਤੀ ਸ਼ੁਰੂਆਤ




ਸਮਾਣਾ, 1 ਜੁਲਾਈ (ਵਿਜੇ ਕੁਮਾਰ/ਅਮਿਤ ਸ਼ਰਮਾ/ਜਵੰਦਾ) : ਲਾਇਨਜ਼ ਕਲੱਬ ਸਮਾਣਾ ਰੋਇਲ ਵੱਲੋਂ ਜੀਵਨ ਗਰਗ ਦੀ ਪ੍ਰਧਾਨਗੀ ਹੇਠ ਨਵੇਂ ਸੈਸ਼ਨ ਦੀ ਸੁਰੂਆਤ ਪਿੰਗਲਾ ਆਸਰਮ ਵਿੱਚ ਰਹਿੰਦੇ ਬੇਸਹਾਰਾ ਲੋਕਾਂ ਨੂੰ ਫਲ-ਫਰੂੱਟ ਅਤੇ ਜੂਸ ਦੀ ਸੇਵਾ ਕਰਦਿਆਂ ਪਹਿਲ਼ਾ ਪ੍ਰੋਜੈਕਟ ਲ਼ਗਾ ਕੇ ਕੀਤੀ ਗਈ। ਇਸ ਮੌਕੇ ਪ੍ਰਧਾਨ ਜੀਵਨ ਗਰਗ ਨੇ ਦੱਸਿਆ ਕਿ ਲਾਇਨਜ਼ ਕਲੱਬ ਦਾ ਨਵਾਂ ਸੈਸ਼ਨ ਹਰ ਸਾਲ ਇੱਕ ਜੁਲਾਈ ਤੋਂ ਸ਼ੁਰੂ ਹੁੰਦਾ ਹੈ ਅਤੇ ਲਾਇਨ ਕਲੱਬ ਸਮਾਣਾ ਰੋਇਲ ਵੱਲੋਂ ਹਰ ਸਾਲ ਇਸ ਦੀ ਸ਼ੁਰੂਆਤ ਪਿੰਗਲਾ ਆਸ਼ਰਮ 'ਚ ਸੇਵਾ ਕਰਕੇ ਕੀਤੀ ਜਾਂਦੀ ਹੈ। ਉਹਨਾਂ ਨੇ ਕਿਹਾ ਕਿ ਹਰ ਇਨਸਾਨ ਨੂੰ ਮਾਨਵਤਾ ਅਤੇ ਸਮਾਜ ਲਈ ਕੋਈ ਨਾ ਕੋਈ ਭਲਾਈ ਦਾ ਕੰਮ ਜ਼ਰੂਰ ਕਰਨਾ ਚਾਹੀਦਾ ਹੈ। ਲਾਇਨਜ਼ ਕਲੱਬ ਰਾਹੀਂ ਸਮਾਜ ਸੇਵ ਕਰਨ ਲਈ ਇੱਕ ਬਹੁਤ ਵਧੀਆ ਆਧਾਰ ਹੈ। ਉਨ੍ਹਾਂ ਨੇ ਵੱਧ ਤੋਂ ਵੱਧ ਲੋਕਾਂ ਨੂੰ ਲਾਇਨਜ਼ ਕਲੱਬ ਨਾਲ ਜੁੜਨ ਲਈ ਕਿਹਾ। ਇਸ ਮੌਕੇ 'ਤੇ ਕਲੱਬ ਦੇ ਸੈਕਟਰੀ ਲ਼ਲਿਤ ਸਿੰਗਲ਼ਾ, ਕੈਸ਼ੀਅਰ ਮਨੂ ਅਗਰਵਾਲ, ਜਤਿੰਦਰ ਧੀਮਾਨ,ਪ੍ਰੋਜੈਕਟ ਚੇਅਰਮੈਨ ਰੋਹਿਤ ਗਰਗ, ਮੈਂਬਰ ਸੰਜੇ ਧਨੇਠਾ, ਅਜੇ ਮਿੱਤਲ ਹੈਪੀ, ਰੋਹਿਤ ਗਰਗ, ਅਸ਼ਵਨੀ ਗਰਗ. ਮੋਹਿਤ ਗੋਇਲ, ਕੇਵਲ ਗਰਗ, ਰਾਜੇਸ਼ ਬਾਂਸਲ ਵੀ ਮੌਜੂਦ ਸਨ।

## ਪ੍ਰੀਤਮ ਸਿੰਘ ਨਾਗੀ ਜਰਨਲਿਸਟ ਪ੍ਰੈੱਸ ਕਲੱਬ ਸਮਾਣਾ ਦੇ ਨਵੇਂ ਪ੍ਰਧਾਨ ਚੁਣੇ



ਸਮਾਣਾ, 1 ਜੁਲਾਈ (ਅਮਿਤ ਸ਼ਰਮਾ/ਜਵੰਦਾ): ਜਰਨਲਿਸਟ ਪ੍ਰੈੱਸ ਕਲੱਬ ਸਮਾਣਾ ਦੀ ਸਾਲਾਨਾ ਚੋਣ ਦੌਰਾਨ ਸੀਨੀਅਰ ਪੱਤਰਕਾਰ ਪ੍ਰੀਤਮ ਸਿੰਘ ਨਾਗੀ ਨੂੰ ਸਰਬਸੰਮਤੀ ਨਾਲ ਨਵਾਂ ਪ੍ਰਧਾਨ ਚੁਣਿਆ ਗਿਆ। ਇਹ ਚੋਣ ਅਗਰਵਾਲ ਧਰਮਸ਼ਾਲਾ ਵਿਖੇ ਹੋਈ ਇਕ ਮਹੱਤਵਪੂਰਨ ਬੈਠਕ ਦੌਰਾਨ ਕੀਤੀ ਗਈ। ਬੈਠਕ ਦੀ ਸ਼ੁਰੂਆਤ ਵਿਚ ਮੌਜੂਦਾ ਪ੍ਰਧਾਨ ਚਮਕੌਰ ਸਿੰਘ ਮੋਤੀਫਾਰਮ ਵੱਲੋਂ ਕਲੱਬ ਦੀ ਪ੍ਰਧਾਨਗੀ ਤੋਂ ਅਸਤੀਫ਼ਾ ਦਿੱਤਾ ਗਿਆ, ਜਿਸ ਨੂੰ ਕਲੱਬ ਦੇ ਸਾਰੇ ਮੈਂਬਰਾਂ ਨੇ ਸਰਬਸੰਮਤੀ ਨਾਲ ਪ੍ਰਵਾਨ ਕਰ ਲਿਆ। ਮੀਟਿੰਗ ਵਿੱਚ ਇਹ ਫੈਸਲਾ ਲਿਆ ਗਿਆ ਕਿ ਚੋਣ ਸਰਬਸੰਮਤੀ ਨਾਲ ਕਰਵਾਈ ਜਾਵੇ। ਸਰਬ ਸੰਮਤੀ ਨਾਲ ਹੋਈ ਚੋਣ ਪ੍ਰਕਿਰਿਆ ਦੌਰਾਨ ਪ੍ਰਧਾਨਗੀ ਪਦ ਲਈ ਪ੍ਰੀਤਮ ਸਿੰਘ ਨਾਗੀ ਦਾ ਨਾਮ ਸਾਹਮਣੇ ਆਇਆ ਜਿਸ ਨੂੰ ਸਾਰੇ ਮੈਂਬਰਾਂ ਨੇ ਮਨਜ਼ੂਰ ਕਰ ਲਿਆ ਅਤੇ ਪ੍ਰੀਤਮ ਸਿੰਘ ਨਾਗੀ ਨੂੰ ਜਰਨਲਿਸਟ ਪ੍ਰੈੱਸ ਕਲੱਬ ਦਾ ਸਰਬਸੰਮਤੀ ਨਾਲ ਪ੍ਰਧਾਨ ਚੁਣ ਲਿਆ ਗਿਆ । ਇਸੇ ਤਰ੍ਹਾਂ ਹੋਰ ਅਹੁਦੇਦਾਰਾਂ ਦੀ ਚੋਣ ਵੀ ਸਰਬਸੰਮਤੀ ਨਾਲ ਹੋਈ, ਜਿਸ ਵਿੱਚ ਚਮਕੌਰ ਸਿੰਘ ਮੋਤੀ ਫਾਰਮ ਸਰਪ੍ਰਸਤ, ਸਾਹਿਬ ਸਿੰਘ ਐਡਵੋਕੇਟ ਚੇਅਰਮੈਨ, ਰਮੇਸ਼ ਅਨੇਜਾ ਉਪ ਚੇਅਰਮੈਨ, ਇਕਬਾਲ ਸਿੰਘ ਬੱਲ ਜਰਨਲ ਸਕੱਤਰ ,ਕੁਲਵਿੰਦਰ ਸਿੰਘ ਪੁਰੀ ਸੀਨੀਅਰ ਮੀਤ ਪ੍ਰਧਾਨ, ਸੁਭਾਸ਼ ਪਾਠਕ ਸੀਨੀਅਰ ਮੀਤ ਪ੍ਰਧਾਨ, ਅਮਿਤ ਸ਼ਰਮਾ ਸੰਯੁਕਤ ਸਕੱਤਰ, ਪ੍ਰਿੰਸ ਵਧਵਾ ਮੀਤ ਪ੍ਰਧਾਨ , ਦੀਪਕ ਸ਼ਰਮਾ ਖ਼ਜ਼ਾਨਚੀ ਚੁਣਿਆ ਗਿਆ। ਨਵੇਂ ਚੁਣੇ ਪ੍ਰਧਾਨ ਪ੍ਰੀਤਮ ਸਿੰਘ ਨਾਗੀ ਨੇ ਆਪਣੀ ਜ਼ਿੰਮੇਵਾਰੀ ਸੰਭਾਲਦੇ ਹੋਏ ਕਿਹਾ ਕਿ ਉਹ ਪੱਤਰਕਾਰ ਭਾਈਚਾਰੇ ਨੂੰ ਦਰਪੇਸ਼ ਸਮੱਸਿਆਵਾਂ ਦੇ ਨਿਪਟਾਰੇ ਲਈ ਪੂਰੀ ਤਨਦੇਹੀ ਨਾਲ ਕੰਮ ਕਰਨਗੇ। ਇਸ ਮੌਕੇ 'ਤੇ ਦੀਵਾਨ ਥਰੇਜਾ, ਹੀਰਾ ਸਿੰਘ ਕੋਮਲ ਅਤੇ ਗੁਰਪਿਆਰ ਸਿੰਘ ਨੂੰ ਨਵੇਂ ਮੈਂਬਰ ਵਜੋਂ ਕਲੱਬ ਵਿੱਚ ਸ਼ਾਮਲ ਕੀਤਾ ਗਿਆ। ਬੈਠਕ ਵਿੱਚ ਸੰਜੇ ਬਾਂਸਲ, ਗੁਰਬਾਜ਼ ਸਿੰਘ ਸਮੇਤ ਕਈ ਹੋਰ ਮੈਂਬਰ ਵੀ ਹਾਜ਼ਰ ਸਨ।

## ਨਸ਼ੀਲਾ ਪਾਊਡਰ ਬ੍ਰਾਮਦ

ਪਟਿਆਲਾ, 1 ਜੁਲਾਈ (ਵਿਨੋਦ ਸ਼ਰਮਾ) : ਥਾਣਾ ਲਾਹੋਰੀ ਗੇਟ ਪਟਿਆਲਾ ਪੁਲਿਸ ਨੇ ਕਥਿਤ ਦੋਸ਼ੀ ਟੋਨੀ ਵਾਸੀ ਢੇਹਾ ਬਸਤੀ ਭੀਮ ਨਗਰ ਸਫਾਬਾਦੀ ਗੇਟ ਪਟਿਆਲਾ ਵਿਰੁੱਧ ਧਾਰਾ 22, 61, 85 ਦੇ ਤਹਿਤ ਮਾਮਲਾ ਦਰਜ ਕਰ ਲਿਆ ਹੈ। ਐਸ.ਆਈ ਚੈਨਸੁੱਖ ਸਿੰਘ ਸਮੇਤ ਪੁਲਿਸ ਪਾਰਟੀ ਬਿਜਲੀ ਬੋਰਡ ਗਰਿੱਡ ਪਟਿਆਲਾ ਕੋਲ ਮੌਜੂਦ ਸੀ, ਜੋ ਦੋਸ਼ੀ ਨੂੰ ਸ਼ੱਕ ਦੇ ਅਧਾਰ ਪਰ ਰੋਕ ਕੇ ਚੈਕ ਕਰਨ ਪਰ 7 ਗ੍ਰਾਮ ਨਸ਼ੀਲਾ ਪਾਊਡਰ ਬ੍ਰਾਮਦ ਹੋਇਆ।

## ਸੋਲਰ ਪਲੇਟਾਂ ਚੋਰੀ

ਘਨੌਰ, 1 ਜੁਲਾਈ (ਮਦਨ ਲਾਲ) : ਥਾਣਾ ਸਦਰ ਰਾਜਪੁਰਾ ਪੁਲਿਸ ਕੋਲ ਮੁਹੰਮਦ ਆਕਿਬ ਪੁੱਤਰ ਮੁਹੰਮਦ ਜਾਵੇਦ ਵਾਸੀ ਪਿੰਡ ਮਹੇਲਾ ਗੰਜ ਜ਼ਿਲ੍ਹਾ ਦਰਵੰਗਾ ਬਿਹਾਰ ਨੇ ਅਣਪਛਾਤੇ ਵਿਅਕਤੀਆਂ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ ਕਿ ਉਹ ਗਰੀਨ ਐਨਰਜੀ ਪ੍ਰਾਈਵੇਟ ਲਿਮ. ਗੁੜਗਾਉ ਹਰਿਆਣਾ ਵਿਖੇ ਨੌਕਰੀ ਕਰਦਾ ਹੈ, ਜੋ ਕੰਪਨੀ ਦਾ ਇੱਕ ਪ੍ਰੋਜੈਕਟ ਥਰਮਲ ਪਲਾਂਟ ਨਲਾਸ ਰਾਜਪੁਰਾ ਵਿਖੇ ਲਗਾਇਆ ਜਾ ਰਿਹਾ ਹੈ, ਜਿਸ ਵਿੱਚ ਉਹ ਬਤੌਰ ਸੀਨੀਅਰ ਸੈਫਟੀ ਅਜੈਕਟਿਵ ਪੋਸਟ ਪਰ ਡਿਊਟੀ ਨਿਭਾਅ ਰਿਹਾ ਹੈ, ਰਾਤ ਨੂੰ ਕਿਸੇ ਅਣਪਛਾਤੇ ਵਿਅਕਤੀਆਂ ਨੇ ਮੋਡਲ ਬੋਕਸ ਵਿੱਚੋਂ 19 ਸੋਲਰ ਪਲੇਟਾ ਚੋਰੀ ਕਰ ਲਈਆਂ। ਪੁਲਿਸ ਨੇ ਮਾਮਲਾ ਦਰਜ ਕਰ ਲਿਆ ਹੈ।

## ਸੜਕ ਸੁਰੱਖਿਆ ਫੋਰਸ ਨਾਲ ਬਚ ਰਹੀਆਂ ਨੇ ਕੀਮਤੀ ਜਾਨਾਂ



ਮਲੇਰਕੋਟਲਾ, 1 ਜੁਲਾਈ (ਚ.ਨ.ਸ.) : ਜ਼ਿਲ੍ਹਾ ਮਾਲੇਰਕੋਟਲਾ ਪੁਲਿਸ ਦੀ ਸੜਕ ਸੁਰੱਖਿਆ ਫੋਰਸ ਵੱਲੋਂ ਸਾਲ 2025 ਦੌਰਾਨ ਹੁਣ ਤੱਕ ਵੱਖ-ਵੱਖ ਸੜਕ ਹਾਦਸਿਆਂ ਵਿੱਚ ਤੇਜ਼, ਪ੍ਰਭਾਵਸ਼ਾਲੀ ਅਤੇ ਮਨੁੱਖਤਾ-ਅਧਾਰਤ ਕਾਰਵਾਈ ਕਰਕੇ ਬੇਮਿਸਾਲ ਸੇਵਾ ਪ੍ਰਦਾਨ ਕੀਤੀ ਗਈ ਹੈ। ਸੜਕ ਸੁਰੱਖਿਆ ਫੋਰਸ ਦੇ ਤੁਰੰਤ ਦੁਰਘਟਨਾ ਸਥਾਨ 'ਤੇ ਪਹੁੰਚ ਕੇ ਮਦਦ ਕਰਨ ਨਾਲ ਅਨੇਕਾਂ ਰਾਹਗੀਰਾਂ ਦੀਆਂ ਅਨਮੋਲ ਜ਼ਿੰਦਗੀਆਂ ਬਚ ਰਹੀਆਂ ਹਨ। ਇਸ ਸਾਲ ਦੌਰਾਨ ਅਜੇ ਤੱਕ ਕੁੱਲ 121 ਸੜਕ ਹਾਦਸਿਆਂ ਵਿੱਚ ਮੌਕੇ ਉੱਤੇ ਪੁੱਜ ਕੇ ਤੁਰੰਤ ਸਹਾਇਤਾ ਪ੍ਰਦਾਨ ਕੀਤੀ ਗਈ ਹੈ ਅਤੇ 67 ਜ਼ਖ਼ਮੀਆਂ ਨੂੰ ਮੌਕੇ 'ਤੇ ਮੁੱਢਲੀ ਮੈਡੀਕਲ ਸਹਾਇਤਾ ਦੇ ਕੇ ਹਸਪਤਾਲ ਵਿੱਚ ਦਾਖਲ ਕਰਵਾਇਆ ਜਾ ਚੁੱਕਿਆ ਹੈ। ਸੜਕ ਸੁਰੱਖਿਆ ਫੋਰਸ ਦੀ ਟੀਮ ਵੱਲੋਂ ਹੈਲਪਲਾਈਨ ਨੰਬਰ 112 ਰਾਹੀਂ ਮਿਲੀ ਸੂਚਨਾ ਦੇ ਆਧਾਰ 'ਤੇ ਦਿਨ ਅਤੇ ਰਾਤ ਸਮੇਂ ਕੇਵਲ 3 ਤੋਂ 7 ਮਿੰਟਾਂ ਵਿੱਚ ਮੌਕੇ 'ਤੇ ਪਹੁੰਚ ਕੇ ਮਦਦ ਪਹੁੰਚਾਈ ਜਾਂਦੀ ਹੈ। ਦੁਰਘਟਨਾ ਦੌਰਾਨ ਜੇਕਰ ਜ਼ਖ਼ਮੀ ਦੀ ਹਾਲਤ ਗੰਭੀਰ ਹੋਵੇ, ਤਾਂ ਤੁਰੰਤ ਸਿਵਲ ਹਸਪਤਾਲ ਮਾਲੇਰਕੋਟਲਾ ਵਿੱਚ ਦਾਖਲ ਕਰਵਾਉਣ ਦੀ ਕਾਰਵਾਈ ਕੀਤੀ ਜਾਂਦੀ ਹੈ। ਇਸ ਪ੍ਰਣਾਲੀ ਤਹਿਤ ਅਤੇ ਤੁਰੰਤ ਕਾਰਵਾਈ ਸੜਕ ਹਾਦਸਿਆਂ ਦੌਰਾਨ ਕਈ ਕੀਮਤੀ ਜ਼ਿੰਦਗੀਆਂ ਬਚਾਉਣ ਵਿੱਚ ਮਦਦਗਾਰ ਸਾਬਤ ਹੋਈ ਹੈ। ਮਾਲੇਰਕੋਟਲਾ ਪੁਲਿਸ ਵੱਲੋਂ ਜਨਤਾ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਕਿਸੇ ਵੀ ਸੜਕ ਹਾਦਸੇ ਦੀ ਸੂਚਨਾ ਤੁਰੰਤ 112 'ਤੇ ਦੇਣ, ਤਾਂ ਜੋ ਸੜਕ ਸੁਰੱਖਿਆ ਫੋਰਸ ਦੀ ਗੱਡੀ 5 ਮਿੰਟਾਂ ਵਿੱਚ ਮੌਕੇ 'ਤੇ ਪਹੁੰਚ ਕੇ ਸਹਾਇਤਾ ਕਰ ਸਕੇ। ਸੜਕ ਸੁਰੱਖਿਆ ਫੋਰਸ ਦੀ ਟੀਮ ਇੰਚਾਰਜ ਗੁਰਮੀਤ ਸਿੰਘ, ਇੰਚਾਰਜ ਦਲਜੀਤ ਸਿੰਘ ਅਤੇ ਇੰਚਾਰਜ ਜਸਵੀਰ ਸਿੰਘ ਦੀ ਅਗਵਾਈ ਹੇਠ 24 ਘੰਟੇ ਕਾਰਜਸ਼ੀਲ ਹੈ।

## ਪੱਤਰਕਾਰ ਚਰਨਜੀਵ ਜੋਸ਼ੀ ਦੀ ਮਾਤਾ ਨੂੰ ਸ਼ਰਧਾਂਜਲੀਆਂ ਭੇਟ



ਪਟਿਆਲਾ, 1 ਜੁਲਾਈ (ਰੁਪਾਣਾ) : ਪੱਤਰਕਾਰ ਚਰਨਜੀਵ ਜੋਸ਼ੀ ਦੇ ਪੂਜਨੀਕ ਮਾਤਾ ਸ੍ਰੀਮਤੀ ਕਵਿਤਾ ਜੋਸ਼ੀ ਪਤਨੀ ਸਵ: ਸ੍ਰੀ ਜਗਮੋਹਨ ਜੋਸ਼ੀ ਆਪਣੀ ਸੰਸਾਰਿਕ ਯਾਤਰਾ ਪੂਰੀ ਕਰਦੇ 20 ਜੂਨ ਨੂੰ ਗੁਰੂ ਚਰਨਾਂ 'ਚ ਜਾ ਬਿਰਾਜੇ ਹਨ। ਉਨ੍ਹਾਂ ਦੀ ਆਤਮਿਕ ਸ਼ਾਂਤੀ ਲਈ ਰੱਖੇ ਗਏ ਸ੍ਰੀ ਗਰੁੜ ਪੁਰਾਣ ਜੀ ਦੇ ਪਾਠ ਦਾ ਭੋਗ ਬੀਤੇ ਦਿਨੀਂ ਹਨੂੰਮਾਨ ਮੰਦਰ ਰਾਜਪੁਰਾ ਰੋਡ ਨੇੜੇ ਸਰਹੰਦੀ ਗੇਟ ਪਟਿਆਲਾ ਵਿਖੇ ਪਾਇਆ ਗਿਆ। ਇਸ ਮੌਕੇ ਉੱਘੀਆਂ ਸ਼ਖ਼ਸੀਅਤਾਂ, ਪ੍ਰਸ਼ਾਸਨਿਕ ਅਧਿਕਾਰੀ ਤੇ ਪੱਤਰਕਾਰ ਭਾਈਚਾਰੇ ਨੇ ਸ੍ਰੀਮਤੀ ਕਵਿਤਾ ਜੋਸ਼ੀ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਇਸ ਮੌਕੇ ਚੜ੍ਹਦੀਕਲਾ ਟਾਈਮ ਟੀ. ਵੀ ਦੇ ਚੇਅਰਮੈਨ ਪਦਮਸ਼੍ਰੀ ਡਾ. ਜਗਜੀਤ ਸਿੰਘ ਦਰਦੀ, ਡੀ.ਆਈ.ਜੀ. ਪਟਿਆਲਾ ਰੇਂਜ ਡਾ. ਨਾਨਕ ਸਿੰਘ, ਵਿਧਾਇਕ ਸ. ਅਜੀਤਪਾਲ ਸਿੰਘ ਕੋਹਲੀ, ਸੀਨੀਅਰ ਡਿਪਟੀ ਮੇਅਰ ਹਰਿੰਦਰ ਕੋਹਲੀ, ਸਾਬਕਾ ਡੀ.ਪੀ.ਆਰ.ਓ. ਉਜਾਗਰ ਸਿੰਘ, ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ, ਹਰਿੰਦਰਪਾਲ ਸਿੰਘ ਚੰਦੂਮਾਜਰਾ, ਪਵਨ ਕੁਮਾਰ ਗੁਪਤਾ ਸ਼ਿਵ ਸੈਨਾ ਹਿੰਦੁਸਤਾਨ, ਭਗਵਾਨ ਦਾਸ ਜੁਨੇਜਾ, ਹਰਪਾਲ ਜੁਨੇਜਾ, ਰਣਬੀਰ ਸਿੰਘ ਚੰਢੋਕ ਐਮ.ਸੀ., ਅੰਮ੍ਰਿਤਪਾਲ ਪਾਲੀ, ਸੰਦੀਪ ਮਲਹੋਤਰਾ, ਸਾਬਕਾ ਮੇਅਰ ਸੰਜੀਵ ਕੁਮਾਰ ਬਿੱਟੂ, ਕ੍ਰਿਸ਼ਨ ਚੰਦ ਬੁੱਧੂ, ਨਖਿਲ ਬਾਤਿਸ਼ ਕੌਂਸਲਰ, ਜਸਵਿੰਦਰ ਸਿੰਘ ਟਿਵਾਣਾ ਡੀ.ਐਸ.ਪੀ., ਜਸਪ੍ਰੀਤ ਕਾਹਲੋਂ ਇੰਸਪੈਕਟਰ, ਪਦਮਸ਼੍ਰੀ ਪ੍ਰਾਣ ਸੱਭਰਵਾਲ, ਅਨਿਲ ਬਜਾਜ ਤੋਂ ਇਲਾਵਾ ਹੋਰ ਸ਼ਹਿਰ ਦੇ ਪਤਵੰਤੇ ਸੱਜਣ ਤੇ ਰਿਸ਼ਤੇਦਾਰ ਮੌਜੂਦ ਸਨ।



# ਪਟਿਆਲਾ-ਆਸ/ਪਾਸ



## ਵਿਧਾਇਕ ਗੁਰਲਾਲ ਘਨੌਰ ਨੇ ਹਲਕਾ ਵਾਸੀਆਂ ਦੀਆਂ ਸੁਣੀਆਂ ਸਮੱਸਿਆਵਾਂ

### ਸਬੰਧਤ ਅਧਿਕਾਰੀਆਂ ਨੂੰ ਸਥਾਈ ਹੱਲ ਦੇ ਦਿੱਤੇ ਆਦੇਸ਼



ਘਨੌਰ, 1 ਜੁਲਾਈ (ਮਦਨ ਲਾਲ): ਹਲਕਾ ਘਨੌਰ ਦੀ ਤਰੱਕੀ ਅਤੇ ਨੌਜਵਾਨ ਪੀੜ੍ਹੀ ਦੇ ਚਮਕਦੇ ਭਵਿੱਖ ਨੂੰ ਧਿਆਨ ਵਿੱਚ ਰੱਖਦੇ ਹੋਏ ਘਨੌਰ ਨੂੰ ਖੇਡਾਂ ਅਤੇ ਸੱਭਿਆਚਾਰਕ ਸਰਗਰਮੀਆਂ ਵਿਚ ਉਭਾਰਨ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾ ਰਹੇ ਹਨ। ਉਪਰੋਕਤ ਵਿਚਾਰਾਂ ਦਾ ਪ੍ਰਗਟਾਵਾ ਕਬੱਡੀ ਐਸੋਸੀਏਸ਼ਨ ਪੰਜਾਬ ਦੇ ਪ੍ਰਧਾਨ ਵਿਧਾਇਕ ਗੁਰਲਾਲ ਘਨੌਰ ਨੇ ਹਲਕਾ ਵਾਸੀਆਂ ਦੀਆਂ ਸਮੱਸਿਆਂਵਾਂ ਸੁਣਨ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕੀਤਾ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦੀ ਰਹਿਨੁਮਾਈ ਹੇਠ ਹਲਕੇ ਵਿੱਚ ਵਿਕਾਸਕਾਰੀ ਯਤਨਾਂ ਨੂੰ ਤੇਜ਼ੀ ਨਾਲ ਅਮਲ ਵਿੱਚ ਲਿਆਂਦਾ ਜਾ ਰਿਹਾ ਹੈ। ਖ਼ਾਸ ਕਰਕੇ ਨੌਜਵਾਨ ਪੀੜ੍ਹੀ ਲਈ ਖੇਡ ਸਟੇਡੀਅਮ, ਵਾਲੀਬਾਲ ਕੋਰਟਾਂ, ਅਤੇ ਹੋਰ ਸਹੂਲਤਾਂ ਦੇ ਨਿਰਮਾਣ ਰਾਹੀਂ ਉਨ੍ਹਾਂ ਨੂੰ ਨਸ਼ਿਆਂ ਤੋਂ ਦੂਰ ਰੱਖ ਕੇ ਸਿਹਤਮੰਦ ਜੀਵਨ ਵੱਲ ਪ੍ਰੇਰਿਤ ਕੀਤਾ ਜਾ ਰਿਹਾ ਹੈ,ਜਦਕਿ ਘਨੌਰ ਹਲਕੇ ਦੇ ਸ਼ਹਿਰੀ ਅਤੇ ਪੇਂਡੂ ਇਲਾਕਿਆਂ ਵਿਚ ਵਿਕਾਸ ਕਾਰਜਾਂ ਪੱਖੋਂ ਨੁਹਾਰ ਬਦਲਣ 'ਚ ਕੋਈ ਕਸਰ ਨਹੀਂ ਛੱਡੀ ਜਾਵੇਗੀ। ਵਿਧਾਇਕ ਗੁਰਲਾਲ ਘਨੌਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਹਲਕੇ ਦੇ ਕਈ ਪਿੰਡਾਂ ਵਿੱਚ ਖੇਡਾਂ ਸੰਬੰਧੀ ਢਾਂਚਾਗਤ ਵਿਵਸਥਾਵਾਂ ਜਿਵੇਂ ਕਿ ਖੇਡ ਸਟੇਡੀਅਮ,ਕਬੱਡੀ ਅਖਾੜੇ, ਵਾਲੀਬਾਲ ਕੋਰਟਾਂ ਦਾ ਕੰਮ ਜੰਗੀ ਪੱਧਰ 'ਤੇ ਚੱਲ ਰਿਹਾ ਹੈ। ਇਹਨਾਂ ਉਪਰਾਲਿਆਂ ਨਾਲ ਨੌਜਵਾਨਾਂ ਨੂੰ ਆਪਣੀ ਲੁਕਵੀਂ ਕਾਬਲੀਅਤ ਦਿਖਾਉਣ ਦਾ ਮੌਕਾ ਮਿਲੇਗਾ ਅਤੇ ਉਹ ਸੂਬਾ, ਦੇਸ਼ ਅਤੇ ਵਿਦੇਸ਼ ਤੱਕ ਪਹੁੰਚ ਕਰਨ ਵਿੱਚ ਯੋਗ ਹੋ ਸਕਣਗੇ। ਵਿਧਾਇਕ ਗੁਰਲਾਲ ਘਨੌਰ ਨੇ ਇਹ ਵੀ ਦੱਸਿਆ ਕਿ ਘਨੌਰ ਸ਼ਹਿਰ ਨੂੰ ਸਾਫ਼-ਸੁਥਰਾ ਅਤੇ ਹਰਾ-ਭਰਾ ਬਣਾਉਣ ਦੀ ਯੋਜਨਾ ਵੀ ਤਿਆਰ ਕੀਤੀ ਗਈ ਹੈ। ਨਗਰ ਪੰਚਾਇਤ ਨਾਲ ਮਿਲਕੇ ਨਿਕਾਸੀ ਨਾਲਿਆਂ ਦੀ ਸਫਾਈ, ਰੋਡ ਲਾਈਟਾਂ, ਪਾਰਕਾਂ ਦੀ ਸੰਭਾਲ, ਕੂੜਾ ਪ੍ਰਬੰਧਨ ਅਤੇ ਜਨਤਕ ਸੁਵਿਧਾਵਾਂ ਵਿੱਚ ਸੁਧਾਰ ਦੀ ਲਗਾਤਾਰ ਨਿਗਰਾਨੀ ਕੀਤੀ ਜਾ ਰਹੀ ਹੈ। ਗੁਰਲਾਲ ਘਨੌਰ ਨੇ ਕਿਹਾ ਕਿ ਸਾਡੇ ਉਪਰਾਲਿਆਂ ਦਾ ਉਦੇਸ਼ ਕੇਵਲ ਢਾਂਚਾਗਤ ਵਿਕਾਸ ਤੱਕ ਸੀਮਤ ਨਹੀਂ ਹੈ, ਸਗੋਂ ਹਲਕੇ ਵਿੱਚ ਰਹਿ ਰਹੇ ਹਰ ਵਿਅਕਤੀ ਦੀ ਜ਼ਿੰਦਗੀ ਦੇ ਪੱਧਰ ਨੂੰ ਉੱਚਾ ਚੁੱਕਣਾ ਹੈ। ਵਿਧਾਇਕ ਗੁਰਲਾਲ ਘਨੌਰ ਨੇ ਹਲਕਾ ਵਾਸੀਆਂ ਨੂੰ ਭਰੋਸਾ ਦਿਵਾਇਆ ਕਿ ਹਲਕੇ ਦੀ ਹਰ ਇਕ ਸਮੱਸਿਆ ਦਾ ਤੁਰੰਤ ਹੱਲ ਕੱਢਿਆ ਜਾਵੇਗਾ। ਉਨ੍ਹਾਂ ਲੋਕਾਂ ਨੂੰ ਆਪਣੇ ਸੁਝਾਓ ਦੇਣ ਅਤੇ ਸਰਕਾਰੀ ਯੋਜਨਾਵਾਂ ਦੀ ਲਾਭ ਪ੍ਰਾਪਤੀ ਵਿੱਚ ਭਾਗੀਦਾਰੀ ਨਿਭਾਉਣ ਦੀ ਅਪੀਲ ਵੀ ਕੀਤੀ। ਇਸ ਮੌਕੇ ਵੱਖ-ਵੱਖ ਪਿੰਡਾਂ ਤੋਂ ਪੰਚਾਂ ਸਰਪੰਚਾਂ, ਪਾਰਟੀ ਵਲੰਟੀਅਰ ਅਤੇ ਹਲਕੇ ਦੇ ਆਮ ਵਿਅਕਤੀ ਵੱਡੀ ਗਿਣਤੀ ਵਿਚ ਮੌਜੂਦ ਸਨ।

## ਐਸ.ਡੀ.ਐਮ. ਦੁਧਨਸਾਧਾਂ ਵੱਲੋਂ ਸਕੂਲ ਵਾਹਨਾਂ ਦੀ ਅਚਨਚੇਤ ਚੈਕਿੰਗ



ਦੁਧਨਸਾਧਾਂ, 1 ਜੁਲਾਈ (ਗੁਰਜੀਤ ਸਿੰਘ ਢੋਟ): ਉਪ ਮੰਡਲ ਮੈਜਿਸਟਰੇਟ ਦੁਧਨਸਾਧਾਂ ਕ੍ਰਿਪਾਲਵੀਰ ਸਿੰਘ ਵੱਲੋਂ ਅੱਜ ਸਕੂਲ ਵਾਹਨਾਂ ਦੀ ਅਚਨਚੇਤ ਚੈਕਿੰਗ ਕੀਤੀ ਗਈ ਤੇ ਸਕੂਲ ਵਾਹਨ ਚਾਲਕਾਂ ਨੂੰ ਸੇਫ਼ ਸਕੂਲ ਵਾਹਨ ਪਾਲਿਸੀ ਦੀ ਸਖ਼ਤੀ ਨਾਲ ਪਾਲਣਾ ਕਰਨ ਦੀ ਹਦਾਇਤ ਕਰਦਿਆਂ ਉਨ੍ਹਾਂ ਕਿਹਾ ਕਿ ਇਸ ਸਬੰਧੀ ਕਿਸੇ ਵੀ ਤਰ੍ਹਾਂ ਦੀ ਕੁਤਾਹੀ ਹੋਣ 'ਤੇ ਬਣਦੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਇਸ ਤੋਂ ਪਹਿਲਾਂ ਉਨ੍ਹਾਂ ਸਬ ਡਵੀਜ਼ਨ ਦੁਧਨਸਾਧਾਂ ਅੰਦਰ ਪੈਂਦੇ ਸਾਰੇ ਪ੍ਰਾਈਵੇਟ ਸਕੂਲਾਂ ਦੇ ਪ੍ਰਿੰਸੀਪਲਾਂ ਨਾਲ ਬੈਠਕ ਕੀਤੀ। ਬੈਠਕ ਦੌਰਾਨ ਐਸ.ਡੀ.ਐਮ ਕ੍ਰਿਪਾਲਵੀਰ ਸਿੰਘ ਨੇ ਸਮੂਹ ਸਕੂਲ ਮੁਖੀਆਂ ਨੂੰ ਸੇਫ਼ ਸਕੂਲ ਵਾਹਨ ਸਕੀਮ ਤਹਿਤ ਹਦਾਇਤਾਂ ਦੀਆਂ ਕਾਪੀਆਂ ਸੌਂਪਦੇ ਹੋਏ ਸਖ਼ਤ ਹਦਾਇਤ ਕੀਤੀ ਕਿ ਸਕੂਲ ਜਾਂਦੇ ਬੱਚਿਆਂ ਦੀ ਸੁਰੱਖਿਆ ਦਾ ਧਿਆਨ ਰੱਖਿਆ ਜਾਵੇ ਅਤੇ ਬੱਚਿਆਂ ਨੂੰ ਘਰ ਤੋਂ ਸਕੂਲ ਅਤੇ ਸਕੂਲ ਤੋਂ ਘਰ ਸੇਫ਼ ਵਾਹਨ ਰਾਹੀਂ ਲਿਜਾਇਆ ਜਾਵੇ। ਜ਼ਿਕਰਯੋਗ ਹੈ ਕਿ ਐਸ.ਡੀ.ਐਮ ਕ੍ਰਿਪਾਲਵੀਰ ਸਿੰਘ ਵੱਲੋਂ ਸੇਫ਼ ਸਕੂਲ ਵਾਹਨ ਪਾਲਿਸੀ ਨੂੰ ਸਖ਼ਤੀ ਨਾਲ ਲਾਗੂ ਕਰਵਾਉਣ ਹਿੱਤ ਮਿਤੀ 19 ਜੂਨ, 26 ਜੂਨ, 27 ਜੂਨ, 30 ਜੂਨ ਤੇ 1 ਜੁਲਾਈ ਨੂੰ ਲਗਾਤਾਰ ਸਕੂਲ ਪ੍ਰਬੰਧਕਾਂ ਨਾਲ ਬੈਠਕਾਂ ਕਰਕੇ ਪਾਲਿਸੀ ਅਨੁਸਾਰ ਕੰਮ ਕਰਨ ਦੀ ਹਦਾਇਤ ਕੀਤੀ ਗਈ ਹੈ। ਹਾਜ਼ਰ ਪ੍ਰਿੰਸੀਪਲਾਂ ਨੂੰ ਹਦਾਇਤ ਕੀਤੀ ਗਈ ਕਿ ਉਹ ਆਪਣੇ ਸਕੂਲਾਂ ਵਿੱਚ ਇਹ ਵੀ ਧਿਆਨ ਵਿੱਚ ਰੱਖਣ ਕਿ ਕੋਈ ਵੀ ਨਾਬਾਲਗ ਬੱਚਾ ਬਿਨਾਂ ਲਾਇਸੰਸ ਤੋਂ ਮੋਟਰ ਵਹੀਕਲ ਜਾਂ ਕੋਈ ਹੋਰ ਸਾਧਨ ਸਕੂਲ ਵਿੱਚ ਲੈ ਕੇ ਆਉਂਦਾ ਹੈ ਤਾਂ ਉਸ ਦੇ ਅਤੇ ਉਸ ਦੇ ਮਾਤਾ ਪਿਤਾ ਵਿਰੁੱਧ ਸਖ਼ਤ ਕਾਰਵਾਈ ਕਰਨ ਲਈ ਸਬੰਧਿਤ ਟਰੈਫਿਕ ਇੰਚਾਰਜ ਨੂੰ ਤੁਰੰਤ ਲਿਖਿਆ ਜਾਵੇ। ਉਨ੍ਹਾਂ ਕਿਹਾ ਕਿ ਸੇਫ਼ ਸਕੂਲ ਵਾਹਨ ਪਾਲਿਸੀ ਨੂੰ ਲਾਗੂ ਕਰਨ ਵਿੱਚ ਜੇਕਰ ਕਿਸੇ ਸਕੂਲ ਵੱਲੋਂ ਕੋਈ ਅਣਗਹਿਲੀ ਕੀਤੀ ਗਈ, ਤਾਂ ਉਸ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ।

## ਸਰਾਲਾ ਹੈਡ ਵਿਖੇ ਘੱਗਰ ਨਦੀ ਦਾ ਡੀ.ਸੀ. ਨੇ ਲਿਆ ਜਾਇਜ਼ਾ

### ਨਦੀਆਂ 'ਚ ਪਾਣੀ ਖ਼ਤਰੇ ਦੇ ਨਿਸ਼ਾਨ ਤੋਂ ਹੇਠਾਂ, ਪ੍ਰਸ਼ਾਸਨ ਪੂਰੀ ਤਰ੍ਹਾਂ ਚੌਕਸ : ਡਾ. ਪ੍ਰੀਤੀ ਯਾਦਵ



ਘਨੌਰ, 1 ਜੁਲਾਈ (ਮਦਨ ਲਾਲ): ਪਟਿਆਲਾ ਦੇ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਅੱਜ ਬਾਅਦ ਦੁਪਹਿਰ ਘਨੌਰ ਨੇੜੇ ਸਰਾਲਾ ਹੈਡ ਵਿਖੇ ਘੱਗਰ ਦਰਿਆ ਦਾ ਦੌਰਾ ਕਰਕੇ ਡਰੇਨੇਜ ਵਿਭਾਗ ਵੱਲੋਂ ਕੀਤੇ ਜਾ ਰਹੇ ਹੜ੍ਹ ਰੋਕੂ ਕਾਰਜਾਂ ਦਾ ਨਿਰੀਖਣ ਕੀਤਾ। ਉਨ੍ਹਾਂ ਦੇ ਨਾਲ ਰਾਜਪੁਰਾ ਦੇ ਐਸ.ਡੀ.ਐਮ. ਅਵਿਕੇਸ਼ ਗੁਪਤਾ ਅਤੇ ਡਰੇਨੇਜ ਵਿਭਾਗ ਦੇ ਕਾਰਜਕਾਰੀ ਇੰਜੀਨੀਅਰ ਪ੍ਰਥਮ ਗੰਭੀਰ ਵੀ ਮੌਜੂਦ ਸਨ। ਡਿਪਟੀ ਕਮਿਸ਼ਨਰ ਨੇ ਸਰਾਲਾ ਹੈਡ ਵਿਖੇ ਗੁਰਦੁਆਰਾ ਭਗਤ ਧੰਨਾ ਜੀ ਵਿਖੇ ਮੱਥਾ ਟੇਕਿਆ ਅਤੇ ਨੇੜੇ ਹੀ ਮਗਨਰੇਗਾ ਵਰਕਰਾਂ ਵੱਲੋਂ ਮਿੱਟੀ ਦੇ ਭਰੇ ਜਾ ਰਹੇ ਥੈਲਿਆਂ ਦੇ ਕੰਮ ਦਾ ਜਾਇਜ਼ਾ ਲੈਂਦਿਆਂ ਮਹਿਲਾਵਾਂ ਨਾਲ ਗੱਲਬਾਤ ਵੀ ਕੀਤੀ। ਡਿਪਟੀ ਕਮਿਸ਼ਨਰ ਨੂੰ ਐਕਸੀਐਨ ਪ੍ਰਥਮ ਗੰਭੀਰ ਨੇ ਦੱਸਿਆ ਕਿ ਇਸ ਵੇਲੇ ਘੱਗਰ ਦਰਿਆ 'ਚ ਭਾਂਖਰਪੁਰ ਵਿਖੇ 1.6 ਫੁੱਟ ਗੇਜ 'ਤੇ 3272 ਕਿਊਸਿਕ ਅਤੇ ਸਰਾਲਾ ਹੈਡ 'ਤੇ 4 ਫੁੱਟ ਗੇਜ 'ਤੇ ਪਾਣੀ ਵਹਿ ਰਿਹਾ ਹੈ। ਟਾਂਗਰੀ ਨਦੀ 'ਚ ਪਿਹੋਵਾ ਰੋਡ ਵਿਖੇ 23599 ਕਿਊਸਕ ਅਤੇ ਮਾਰਕੰਡਾ ਨਦੀ 'ਚ 21592 ਕਿਊਸਿਕ ਪਾਣੀ ਵਹਿ ਰਿਹਾ ਹੈ ਅਤੇ ਖਤਰੇ ਦੀ ਕੋਈ ਗੱਲ ਨਹੀਂ ਫਿਰ ਵੀ ਡਰੇਨੇਜ ਵਿਭਾਗ ਪੂਰੀ ਤਰ੍ਹਾਂ ਚੌਕਸ ਹੈ। ਇਸ ਦੌਰਾਨ ਸਥਾਨਕ ਵਸਨੀਕਾਂ ਨਾਲ ਗੱਲਬਾਤ ਕਰਦਿਆਂ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਜ਼ਿਲ੍ਹਾ ਪ੍ਰਸ਼ਾਸਨ, ਆਮ ਲੋਕਾਂ ਨੂੰ ਦਰਪੇਸ਼ ਮੁਸ਼ਕਿਲਾਂ ਦੇ ਨਿਪਟਾਰੇ ਲਈ ਹਰ ਵੇਲੇ ਤਤਪਰ ਹੈ। ਇਸ ਤੋਂ ਇਲਾਵਾ ਜ਼ਿਲ੍ਹੇ ਦੀਆਂ ਸਾਰੀਆਂ ਨਦੀਆਂ 'ਚ ਪਾਣੀ ਦੇ ਵਹਿਣ 'ਤੇ ਪੂਰੀ ਨਜ਼ਰ ਰੱਖੀ ਜਾ ਰਹੀ ਹੈ, ਜਿਸ ਲਈ ਲੋਕਾਂ ਨੂੰ ਡਰਨ ਦੀ ਕੋਈ ਲੋੜ ਨਹੀਂ ਅਤੇ ਨਾ ਹੀ ਕਿਸੇ ਕਿਸਮ ਦੀਆਂ ਅਫ਼ਵਾਹਾਂ 'ਤੇ ਯਕੀਨ ਕਰਨਾ ਚਾਹੀਦਾ ਹੈ। ਡਾ. ਪ੍ਰੀਤੀ ਯਾਦਵ ਨੇ ਕਿਹਾ ਕਿ ਘੱਗਰ, ਟਾਂਗਰੀ ਤੇ ਮਾਰਕੰਡਾ ਆਦਿ ਦਰਿਆਵਾਂ ਦੇ ਕੈਚਮੈਂਟ ਖੇਤਰ 'ਚ ਪਈ ਬਰਸਾਤ ਕਰਕੇ ਇਨ੍ਹਾਂ ਨਦੀਆਂ 'ਚ ਪਾਣੀ ਦੀ ਮਾਤਰਾ ਵਧੀ ਸੀ ਜੋ ਹੁਣ ਲਗਾਤਾਰ ਘੱਟ ਰਿਹਾ ਹੈ ਪਰੰਤੂ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਪੂਰੀ ਚੌਕਸੀ ਨਾਲ ਇਨ੍ਹਾਂ ਨਦੀਆਂ 'ਚ ਪਾਣੀ ਦੇ ਵਹਾਅ 'ਤੇ ਪੂਰੀ ਨਜ਼ਰ ਰੱਖੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਫਿਲਹਾਲ ਇਹ ਨਦੀਆਂ ਖ਼ਤਰੇ ਦੇ ਨਿਸ਼ਾਨ ਤੋਂ ਹੇਠਾਂ ਵਹਿ ਰਹੀਆਂ ਹਨ ਪਰੰਤੂ ਇਨ੍ਹਾਂ 'ਚ ਪਾਣੀ ਵਧਣ ਦੀ ਕਿਸੇ ਤਰ੍ਹਾਂ ਦੀ ਵੀ ਸੰਭਾਵਨਾ ਦੇ ਮੱਦੇਨਜ਼ਰ ਜਲ ਨਿਕਾਸ ਵਿਭਾਗ ਤੇ ਸਮੁੱਚਾ ਜ਼ਿਲ੍ਹਾ ਪ੍ਰਸ਼ਾਸਨ ਪੂਰੀ ਤਰ੍ਹਾਂ ਚੌਕਸ ਹੈ। ਡਾ. ਪ੍ਰੀਤੀ ਯਾਦਵ ਨੇ ਜਲ ਨਿਕਾਸ ਵਿਭਾਗ ਨੂੰ ਆਦੇਸ਼ ਦਿੱਤੇ ਕਿ ਆਮ ਨਾਗਰਿਕਾਂ ਦੀ ਜਾਨ ਤੇ ਮਾਲ ਦੀ ਸੁਰੱਖਿਆ ਲਈ ਪ੍ਰਬੰਧਾਂ 'ਚ ਕੋਈ ਢਿੱਲ ਜਾਂ ਅਣਗਹਿਲੀ ਤੇ ਲਾਪਰਵਾਹੀ ਨਾ ਵਰਤੀ ਜਾਵੇ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਹੜ੍ਹਾਂ ਬਾਰੇ ਕਿਸੇ ਵੀ ਤਰ੍ਹਾਂ ਦੀਆਂ ਅਫ਼ਵਾਹਾਂ ਤੋਂ ਸੁਚੇਤ ਰਹਿਣ ਅਤੇ ਪਾਣੀ ਬਾਰੇ ਹੜ੍ਹ ਕੰਟਰੋਲ ਰੂਮ ਦੇ ਨੰਬਰ 0175-2350550 'ਤੇ ਜਾਣਕਾਰੀ ਦਿੱਤੀ ਜਾ ਸਕਦੀ ਹੈ।

## ਪੀ.ਯੂ. ਵਿਖੇ ਉਚੇਰੀ ਸਿੱਖਿਆ ਨਾਲ਼ ਜੁੜੇ ਅਧਿਆਪਕਾਂ ਦੀ ਸਿਖਲਾਈ ਸਬੰਧੀ ਦੋ ਕੋਰਸ ਸਫਲਤਾਪੂਰਵਕ ਸੰਪੰਨ

### ➢ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ ਦੇ ਉਪ-ਕੁਲਪਤੀ ਡਾ. ਰਤਨ ਸਿੰਘ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ



ਪਟਿਆਲਾ, 1 ਜੁਲਾਈ (ਰੁਪਾਣਾ) : ਪੰਜਾਬੀ ਯੂਨੀਵਰਸਿਟੀ ਦੇ ਯੂ. ਜੀ. ਸੀ. ਮਾਲਵੀਆ ਮਿਸ਼ਨ ਟੀਚਰ ਟਰੇਨਿੰਗ ਸੈਂਟਰ ਵਿਖੇ ਉਚੇਰੀ ਸਿੱਖਿਆ ਨਾਲ਼ ਜੁੜੇ ਅਧਿਆਪਕਾਂ ਦੀ ਸਿਖਲਾਈ ਸਬੰਧੀ ਦੋ ਕੋਰਸ ਸਫਲਤਾਪੂਰਵਕ ਸੰਪੰਨ ਹੋ ਗਏ ਹਨ। ਸੈਂਟਰ ਦੇ ਡਾਇਰੈਕਟਰ ਪ੍ਰੋ. ਰਮਨ ਮੈਣੀ ਨੇ ਦੱਸਿਆ ਕਿ ਇਨ੍ਹਾਂ ਵਿੱਚੋਂ ਇੱਕ ਕੋਰਸ 'ਗੁਰੂ ਦਕਸ਼ਤਾ ਫ਼ੈਕਲਟੀ ਇੰਡਕਸ਼ਨ ਪ੍ਰੋਗਰਾਮ' ਸੀ ਅਤੇ ਦੂਜਾ 'ਜਲਵਾਯੂ ਤਬਦੀਲੀ ਅਤੇ ਆਫ਼ਤ ਪ੍ਰਬੰਧਨ' ਦੇ ਵਿਸ਼ੇ ਉੱਤੇ ਸ਼ਾਰਟ ਟਰਮ ਕੋਰਸ ਸੀ। ਦੋਹਾਂ ਕੋਰਸਾਂ ਦੇ ਸਾਂਝੇ ਵਿਦਾਇਗੀ ਸੈਸ਼ਨ ਦੀ ਪ੍ਰਧਾਨਗੀ ਉਪ-ਕੁਲਪਤੀ ਡਾ. ਜਗਦੀਪ ਸਿੰਘ ਨੇ ਕੀਤੀ। ਇਸ ਮੌਕੇ ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ, ਪਟਿਆਲਾ ਦੇ ਉਪ-ਕੁਲਪਤੀ ਡਾ. ਰਤਨ ਸਿੰਘ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਏ। ਉਪ-ਕੁਲਪਤੀ ਡਾ. ਜਗਦੀਪ ਸਿੰਘ ਨੇ ਆਪਣੇ ਪ੍ਰਧਾਨਗੀ ਭਾਸ਼ਣ ਵਿੱਚ ਇਨ੍ਹਾਂ ਕੋਰਸਾਂ ਦੀ ਅਹਿਮੀਅਤ ਉੱਤੇ ਜ਼ੋਰ ਦਿੰਦਿਆਂ ਪੰਜਾਬੀ ਯੂਨੀਵਰਸਿਟੀ ਦੇ ਯੂ. ਜੀ. ਸੀ. ਮਾਲਵੀਆ ਮਿਸ਼ਨ ਟੀਚਰ ਟਰੇਨਿੰਗ ਸੈਂਟਰ ਦੇ ਯਤਨਾਂ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਇਨ੍ਹਾਂ ਕੋਰਸਾਂ ਨੇ ਅਧਿਆਪਕਾਂ ਨੂੰ ਨਵੇਂ ਗਿਆਨ ਨਾਲ਼ ਜੁੜਨ ਲਈ ਇੱਕ ਢੁਕਵਾਂ ਮੰਚ ਪ੍ਰਦਾਨ ਕੀਤਾ ਹੈ। ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ, ਪਟਿਆਲਾ ਦੇ ਉਪ-ਕੁਲਪਤੀ ਡਾ. ਰਤਨ ਸਿੰਘ ਨੇ ਕਿਹਾ ਕਿ ਉਚੇਰੀ ਸਿੱਖਿਆ ਨਾਲ਼ ਜੁੜੇ ਅਧਿਆਪਕਾਂ ਨੂੰ ਲਗਾਤਾਰ ਅਜਿਹੇ ਕੋਰਸਾਂ ਰਾਹੀਂ ਆਪਣੇ ਆਪ ਨੂੰ ਨਵੇਂ ਗਿਆਨ ਨਾਲ਼ ਜੋੜ ਕੇ ਰੱਖਣਾ ਚਾਹੀਦਾ ਹੈ। ਇਸ ਮੌਕੇ ਦੋਹਾਂ ਕੋਰਸਾਂ ਦੇ ਕੋਆਰਡੀਨੇਟਰ ਡਾ. ਮਨੀਸ਼ ਕਪੂਰ, ਡਾ. ਅਵਨੀਤਪਾਲ ਸਿੰਘ ਅਤੇ ਡਾ. ਓਂਕਾਰ ਸਿੰਘ ਵੱਲੋਂ ਕੋਰਸਾਂ ਦੇ ਹਵਾਲੇ ਨਾਲ਼ ਆਪਣੇ ਵਿਚਾਰ ਪ੍ਰਗਟਾਏ ਗਏ।

## ਕਾਨਗੜ੍ਹ ਟੇਲ ਨੂੰ ਜਾਂਦਾ ਮਾਈਨਰ ਓਵਰ ਫਲੋਅ ਹੋ ਕੇ ਟੁੱਟਿਆ



ਸਮਾਣਾ, 1 ਜੁਲਾਈ (ਵਿਜੇ ਕੁਮਾਰ): ਪਿੰਡ ਕੁਤਬਨਪੁਰ ਤੋਂ ਕਾਨਗੜ੍ਹ ਟੇਲ ਤੱਕ ਖੇਤਾਂ ਨੂੰ ਪਾਣੀ ਦੀ ਸਿੰਚਾਈ ਲਈ ਪਿਛਲੇ ਸਾਲ ਪੰਜਾਬ ਸਰਕਾਰ ਵੱਲੋਂ ਬਣਾਇਆ ਮਾਈਨਰ ਟੁੱਟ ਜਾਣ ਕਰਕੇ ਮਾਈਨਰ 'ਚ ਚੱਲ ਰਿਹਾ ਪਾਣੀ ਖੇਤਾਂ 'ਚ ਫੈਲ ਗਿਆ, ਜਿਸ ਦਾ ਨੇੜਲੇ ਖੇਤਾ ਦੇ ਕਿਸਾਨਾਂ ਨੇ ਫੈਲੇ ਪਾਣੀ ਨਾਲ ਫਸਲ ਖਰਾਬ ਹੋਣ ਦੀ ਅਸ਼ੰਕਾ ਜ਼ਾਹਰ ਕਰਦਿਆਂ ਕਿਹਾ ਕਿ ਜੀਰੀ ਦੀ ਫਸਲ ਕੁਝ ਦਿਨ ਪਹਿਲਾਂ ਹੀ ਖੇਤਾਂ 'ਚ ਲਗਾਈ ਹੈ। ਜੇਕਰ ਪਾਣੀ ਨਾਲ ਫਸਲ ਜ਼ਿਆਦਾ ਦਿਨ ਡੁੱਬੀ ਰਹੀ ਤਾਂ ਦੁਬਾਰਾ ਲਾਉਣੀ ਪੈ ਸਕਦੀ ਹੈ। ਕਿਸਾਨ ਅੰਮ੍ਰਿਤ ਪਾਲ ਸਿੰਘ ਤੇ ਸੰਦੀਪ ਸਿੰਘ ਨੇ ਨਹਿਰੀ ਪਾਣੀ ਖੇਤਾਂ ਨੂੰ ਸਿੰਚਾਈ ਲਈ ਪੰਹੁਚਾਉਣ 'ਤੇ ਸਰਕਾਰ ਦਾ ਜਿੱਥੇ ਧੰਨਵਾਦ ਕੀਤਾ, ਉੱਥੇ ਇਹ ਵੀ ਕਿਹਾ ਕਿ 19 ਕਿਊਸਿਕ ਦੀ ਸਮਰੱਥਾ ਵਾਲੇ ਮਾਈਨਰ 'ਚ ਚਲਦਾ ਪਾਣੀ ਸਾਲ ਵਿੱਚ ਕਈ ਵਾਰ ਟੁੱਟ ਕੇ ਖੇਤਾਂ 'ਚ ਫੈਲ ਗਿਆ ਹੈ। ਜਿਸਦੀ ਜਾਂਚ ਕਰਵਾਈ ਜਾਵੇ। ਇਸ ਸਬੰਧੀ ਨਹਿਰੀ ਵਿਭਾਗ ਦੇ ਐਸ.ਡੀ.ਓ. ਸਵਰਨ ਸਿੰਘ ਨਾਲ ਗੱਲ ਕੀਤੀ ਤਾਂ ਉਹਨਾਂ ਦੱਸਿਆ ਕਿ ਮਾਈਨਰ 'ਚ ਪਾਣੀ ਪੂਰਾ ਭਰ ਕੇ ਚੱਲ ਰਿਹਾ ਸੀ ਕਿਸਾਨਾਂ ਨੇ ਮੀਂਹ ਕਰਕੇ ਪਾਣੀ ਦੇ ਮੋਘੇ ਬੰਦ ਕੀਤੇ ਹੋਏ ਸਨ, ਜਿਸ ਕਰਕੇ ਓਵਰ ਫਲੋ ਹੋ ਕੇ ਮਾਈਨਰ ਦਾ ਪਾਣੀ ਟੁੱਟ ਗਿਆ। ਜਿਸ ਨੂੰ ਜਲਦੀ ਠੀਕ ਕਰਵਾਇਆ ਜਾਵੇਗਾ।

## ਧੁਨ ਅਕੈਡਮੀ ਨੇ ਮਹਾਰਾਸ਼ਟਰ 'ਚ ਕਰਵਾਇਆ ਸੰਗੀਤ ਸਮਾਰੋਹ




ਪਟਿਆਲਾ, 1 ਜੁਲਾਈ (ਚ.ਨ.ਸ.) : ਪੂਰੇ ਦੇਸ਼ ਵਿੱਚ ਭਾਰਤੀ ਸੰਗੀਤ ਅਤੇ ਸਭਿਆਚਾਰ ਦੇ ਪ੍ਰਚਾਰ-ਪ੍ਰਸਾਰ ਵਿੱਚ ਜੁਟੀ ਪਟਿਆਲਾ ਦੀ ਸੰਗੀਤ ਸੰਸਥਾ ਧੁਨ ਅਕੈਡਮੀ ਆਫ਼ ਮਿਊਜ਼ਿਕ ਐਂਡ ਕਲਚਰ ਦੇ ਮਹਾਰਾਸ਼ਟਰ ਚੈਪਟਰ ਵੱਲੋਂ ਮਹਾਰਾਸ਼ਟਰ ਦੇ ਠਾਣੇ ਸ਼ਹਿਰ ਵਿਖੇ 'ਧੁਨ ਸੰਵਾਦ' ਸੰਗੀਤ ਸਮਾਰੋਹ ਕਰਵਾਇਆ ਗਿਆ। ਠਾਣੇ ਦੇ ਕੁਵੇਗਾ ਇਨਕਲੇਵ ਵਿਖੇ ਕਰਵਾਏ ਇਸ ਸਮਾਰੋਹ ਦੌਰਾਨ ਧੁਨ ਅਕੈਡਮੀ ਦੇ ਸੰਸਥਾਪਕ ਅਤੇ ਅੰਤਰਰਾਸ਼ਟਰੀ ਪ੍ਰਸਿੱਧੀ ਪ੍ਰਾਪਤ ਬੰਸਰੀ ਵਾਦਕ ਉਸਤਾਦ ਡਾ. ਮੁਜਤਬਾ ਹੁਸੈਨ, ਤਬਲਾ ਵਾਦਕ ਪੰਡਤ ਕਾਲੀਨਾਥ ਮਿਸ਼ਰਾ, ਉੱਭਰਦੀ ਗਾਇਕਾ ਚਾਹਤ ਹੁਸੈਨ ਅਤੇ ਹੋਰ ਕਲਾਕਾਰਾਂ ਨੇ ਆਪਣੀ ਕਲਾ ਦਾ ਪ੍ਰਦਰਸ਼ਨ ਕੀਤਾ। ਇਸ ਮੌਕੇ ਸ਼ਿਵ ਸੈਨਾ (ਸ਼ਿੰਦੇ) ਦੇ ਨੇਤਾ ਸੰਸਦ ਮੈਂਬਰ ਨਰੇਸ਼ ਗਣਪਤ ਮਹਸਕੇ ਮੁੱਖ ਮਹਿਮਾਨ ਅਤੇ ਪ੍ਰਸਿੱਧ ਉਰਦੂ ਸ਼ਾਇਰ ਸ਼ਕੀਲ ਆਜ਼ਮੀ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ। ਇਸ ਮੌਕੇ ਅਕੈਡਮੀ ਵੱਲੋਂ ਗਾਇਕ ਪਦਮਸ਼੍ਰੀ ਅਨੂਪ ਜਲੋਟਾ ਨੂੰ ਲਾਈਫ਼ ਟਾਈਮ ਅਚੀਵਮੈਂਟ ਅਵਾਰਡ ਨਾਲ ਸਨਮਾਨਿਤ ਕੀਤਾ ਗਿਆ। ਸਮਾਰੋਹ ਸੰਬੰਧੀ ਜਾਣਕਾਰੀ ਦਿੰਦੇ ਹੋਏ ਡਾ. ਮੁਜਤਬਾ ਹੁਸੈਨ ਨੇ ਦੱਸਿਆ ਕਿ ਧੁਨ ਅਕੈਡਮੀ ਦਾ ਮੁੱਖ ਮੰਤਵ ਨੌਜਵਾਨ ਪੀੜ੍ਹੀ ਨੂੰ ਭਾਰਤੀ ਕਲਾ, ਸੰਗੀਤ, ਸੱਭਿਆਚਾਰ ਅਤੇ ਕਦਰਾਂ-ਕੀਮਤਾਂ ਨਾਲ ਜੋੜਨਾ ਅਤੇ ਅਜੋਕੇ ਸਮੇਂ ਦੀਆਂ ਅਲਾਮਤਾਂ ਨਸ਼ਾਖੋਰੀ, ਅਪਰਾਧਿਕ ਗਤੀਵਿਧੀਆਂ ਅਤੇ ਨੈਤਿਕ ਪਤਨ ਤੋਂ ਬਚਾਉਣਾ ਹੈ। ਇਸ ਮਕਸਦ ਦੀ ਪੂਰਤੀ ਲਈ ਅਕੈਡਮੀ ਵੱਲੋਂ ਦੇਸ਼ ਦੇ ਵੱਖ-ਵੱਖ ਪ੍ਰਾਂਤਾਂ ਵਿੱਚ ਸੰਗੀਤ, ਕਲਾ ਅਤੇ ਸਭਿਆਚਾਰਕ ਗਤੀਵਿਧੀਆਂ ਕੀਤੀਆਂ ਜਾਂਦੀਆਂ ਹਨ। ਇਸ ਸਿਲਸਿਲੇ ਤਹਿਤ ਠਾਣੇ ਵਿਖੇ ਸੰਗੀਤ ਸਮਾਰੋਹ ਕਰਵਾਇਆ ਗਿਆ। ਚਾਰ ਘੰਟੇ ਚੱਲੇ ਸਮਾਰੋਹ ਦੌਰਾਨ ਉਸਤਾਦ ਹੁਸੈਨ ਅਤੇ ਪੰਡਤ ਮਿਸ਼ਰਾ ਦੀ ਜੋੜੀ ਨੇ ਸਰੋਤਿਆਂ ਨੂੰ ਆਪਣੀ ਕਲਾ ਨਾਲ ਮੋਹ ਲਿਆ। ਚਾਹਤ ਹੁਸੈਨ ਨੇ ਸ਼ਾਸ਼ਤਰੀ, ਉਪ-ਸ਼ਾਸ਼ਤਰੀ ਅਤੇ ਸੁਗਮ ਸੰਗੀਤ ਦੀ ਪ੍ਰਭਾਵਸ਼ਾਲੀ ਪੇਸ਼ਕਾਰੀਆਂ ਦਿੱਤੀਆਂ। ਸ਼ਾਇਰ ਸ਼ਕੀਲ ਆਜ਼ਮੀ ਨੇ ਆਪਣਾ ਕਲਾਮ ਪੇਸ਼ ਕਰ ਕੇ ਸਰੋਤਿਆਂ ਦੀ ਪ੍ਰਸ਼ੰਸਾ ਹਾਸਲ ਕੀਤੀ। ਇਸ ਤੋਂ ਇਲਾਵਾ ਡਾ. ਸੰਜੈ ਜਾਧਵ, ਮੁਹੰਮਦ ਵਕੀਲ ਅਤੇ ਹੋਰ ਕਲਾਕਾਰਾਂ ਨੇ ਵੀ ਆਪਣੇ ਫ਼ਨ ਦਾ ਮੁਜ਼ਾਹਰਾ ਕੀਤਾ। ਐਮਪੀ ਨਰੇਸ਼ ਗਣਪਤ ਮਹਸਕੇ ਨੇ ਧੁਨ ਅਕੈਡਮੀ ਵੱਲੋਂ ਭਾਰਤੀ ਕਲਾ ਅਤੇ ਸੱਭਿਆਚਾਰ ਨੂੰ ਉਤਸ਼ਾਹਿਤ ਕਰਨ ਲਈ ਕੀਤੇ ਜਾ ਰਹੇ ਯਤਨਾਂ ਦੀ ਪ੍ਰਸ਼ੰਸਾ ਕੀਤੀ। ਨਾਲ ਹੀ ਭਵਿੱਖ ਵਿੱਚ ਹਰ ਤਰ੍ਹਾਂ ਦੇ ਸਹਿਯੋਗ ਦਾ ਭਰੋਸਾ ਵੀ ਦਿੱਤਾ। ਇਸ ਮੌਕੇ 'ਤੇ ਫਿਲਮ ਅਦਾਕਾਰਾ ਸਪਨਾ ਚੌਬੀਸਾ, ਸ਼ਕੀਲ ਨੂਰਾਨੀ, ਰੋਟਰੀ ਕਲੱਬ ਦੇ ਮਨੋਨੀਤ ਗਵਰਨਰ ਚੰਦਕਹਾਸ ਸ਼ੈਟੀ, ਅਕੈਡਮੀ ਦੇ ਅਹੁਦੇਦਾਰ ਸਪਨਾ ਹੁਸੈਨ, ਮਹੇਂਦਰ ਬਾਬੂ ਸ਼ਾਸ਼ਤਰੀ, ਸੰਧਿਆ ਐਸ. ਸ਼ਾਸਤਰੀ, ਡਾ. ਚਰਨ ਜਾਧਵ, ਤੁਸ਼ਾਰ ਲਾਂਗੋਲੀਆ ਅਤੇ ਹੋਰ ਪਤਵੰਤੇ ਲੋਕ ਮੌਜੂਦ ਸਨ।

## ਪੀ.ਯੂ. ਵਿਖੇ ਡਾ. ਭੀਮਇੰਦਰ ਸਿੰਘ ਨੇ ਯੁਵਕ ਭਲਾਈ ਵਿਭਾਗ ਦੇ ਡਾਇਰੈਕਟਰ ਵਜੋਂ ਅਹੁਦਾ ਸੰਭਾਲਿਆ



ਪਟਿਆਲਾ, 1 ਜੁਲਾਈ (ਰੁਪਾਣਾ) : ਪੰਜਾਬੀ ਯੂਨੀਵਰਸਿਟੀ ਵਿਖੇ ਡਾ. ਭੀਮਇੰਦਰ ਸਿੰਘ ਨੇ ਯੁਵਕ ਭਲਾਈ ਵਿਭਾਗ ਦੇ ਡਾਇਰੈਕਟਰ ਵਜੋਂ ਅਹੁਦਾ ਸੰਭਾਲ਼ ਲਿਆ ਹੈ। ਜ਼ਿਕਰਯੋਗ ਹੈ ਕਿ ਡਾ. ਭੀਮਇੰਦਰ ਸਿੰਘ ਯੂਨੀਵਰਸਿਟੀ ਦੇ ਪੰਜਾਬੀ ਸਾਹਿਤ ਅਧਿਐਨ ਵਿਭਾਗ ਵਿਖੇ ਪ੍ਰੋਫ਼ੈਸਰ ਹਨ ਅਤੇ ਮੌਜੂਦਾ ਸਮੇਂ ਵਰਲਡ ਪੰਜਾਬੀ ਸੈਂਟਰ ਦੇ ਡਾਇਰੈਕਟਰ ਵਜੋਂ ਵੀ ਕਾਰਜਸ਼ੀਲ ਹਨ। ਉਨ੍ਹਾਂ ਵੱਲੋਂ ਅਹੁਦਾ ਸੰਭਾਲ਼ੇ ਜਾਣ ਦੀ ਰਸਮ ਮੌਕੇ ਉਪ-ਕੁਲਪਤੀ ਡਾ. ਜਗਦੀਪ ਸਿੰਘ ਅਤੇ ਹੋਰ ਅਧਿਕਾਰੀ ਉਚੇਚੇ ਤੌਰ ਉੱਤੇ ਸ਼ਾਮਿਲ ਹੋਏ। ਡਾ. ਜਗਦੀਪ ਸਿੰਘ ਨੇ ਇਸ ਮੌਕੇ ਉਨ੍ਹਾਂ ਨੂੰ ਵਧਾਈ ਦਿੰਦਿਆਂ ਇਸ ਅਹੁਦੇ ਉੱਤੇ ਸ਼ਾਨਦਾਰ ਢੰਗ ਨਾਲ ਸੇਵਾਵਾਂ ਨਿਭਾਉਣ ਹਿਤ ਸ਼ੁਭਕਾਮਨਾਵਾਂ ਦਿੱਤੀਆਂ। ਡੀਨ ਅਕਾਦਮਿਕ ਮਾਮਲੇ ਪ੍ਰੋ. ਨਰਿੰਦਰ ਕੌਰ ਮੁਲਤਾਨੀ, ਵਿੱਤ ਅਫ਼ਸਰ ਡਾ. ਪ੍ਰਮੋਦ ਅੱਗਰਵਾਲ, ਯੂ. ਜੀ. ਸੀ. ਮਾਲਵੀਆ ਮਿਸ਼ਨ ਟੀਚਰ ਟਰੇਨਿੰਗ ਸੈਂਟਰ ਦੇ ਡਾਇਰੈਕਟਰ ਡਾ. ਰਮਨ ਮੈਣੀ ਅਤੇ ਸੀਨੀਅਰ ਮੈਡੀਕਲ ਅਫ਼ਸਰ ਡਾ. ਰੇਗੀਨਾ ਮੈਣੀ ਵੀ ਇਸ ਮੌਕੇ ਹਾਜ਼ਰ ਰਹੇ।

## ਪੁਸਤਕ 'ਨਾਨਕ ਵੇਲਾ' ਉੱਪਰ ਵਿਚਾਰ ਗੋਸ਼ਟੀ

### ➢ 100 ਤੋਂ ਵੱਧ ਬੁੱਧੀਜੀਵੀਆਂ, ਲੇਖਕਾਂ ਤੇ ਚਿੰਤਕਾਂ ਨੇ ਕੀਤੀ ਸ਼ਿਰਕਤ




ਪਟਿਆਲਾ, 1 ਜੁਲਾਈ (ਚ.ਨ.ਸ.) : ਫਰੈਂਡਸ ਆਫ ਸੋਸ਼ਲਿਜਮ ਪਟਿਆਲਾ ਵੱਲੋਂ ਭਾਸ਼ਾ ਵਿਭਾਗ ਪੰਜਾਬ, ਪਟਿਆਲਾ ਦੇ ਸੈਮੀਨਾਰ ਹਾਲ ਵਿਖੇ ਡਾ. ਜਗਦੀਸ਼ ਪਾਪੜਾ ਦੀ ਨਿਵੇਕਲੀ ਪੁਸਤਕ 'ਨਾਨਕ ਵੇਲਾ' ਉੱਪਰ ਵਿਚਾਰ ਗੋਸ਼ਟੀ ਕਰਵਾਈ ਗਈ, ਜਿਸ ਦੌਰਾਨ 100 ਤੋਂ ਵੱਧ ਲੇਖਕਾਂ, ਬੁੱਧੀਜੀਵੀਆਂ ਅਤੇ ਚਿੰਤਕਾਂ ਨੇ ਸ਼ਿਰਕਤ ਕਰਕੇ ਆਪੋ ਆਪਣੇ ਵਿਚਾਰ ਪੇਸ਼ ਕੀਤੇ। ਇਸ ਮੌਕੇ ਇਸ ਨਿਵੇਕਲੀ ਪੁਸਤਕ ਸਬੰਧੀ ਗੱਲਬਾਤ ਕਰਦਿਆਂ ਡਾ. ਕੁਲਦੀਪ ਸਿੰਘ ਨੇ ਕਿਹਾ ਕਿ ਪੰਦਰਵੀਂ ਤੇ 16ਵੀਂ ਸਦੀ ਵਿੱਚ ਜਿਸ ਕਿਸਮ ਦੇ ਵਰਤਾਰੇ, ਚਰਚੇ ਦੇ ਸੰਕਟ, ਵਿਗਿਆਨ ਦੀਆਂ ਲੱਭਤਾਂ, ਛਾਪਾਖਾਨਾ ਦੀ ਸ਼ੁਰੂਆਤ, ਰਾਜਨੀਤੀ 'ਚ ਨਵੇਂ ਕਾਇਦੇ ਕਾਨੂੰਨ ਲਾਗੂ ਕਰਨੇ ਤੇ ਉਸ ਹੀ ਸਮੇਂ ਗੁਰੂ ਨਾਨਕ ਦੇਵ ਜੀ ਦੇ ਵਿਚਾਰਾਂ ਦਾ ਆਗਮਨ ਹੋ ਰਿਹਾ ਸੀ, ਨਵੀਂ ਚੇਤਨਾ ਤੇ ਭਗਤੀ ਲਹਿਰ ਉਤਪੰਨ ਹੋ ਰਹੀ ਸੀ। ਇਹਨਾਂ ਸੰਦਰਭਾਂ 'ਚ ਲਿਖੀ ਕਿਤਾਬ ਬੜੀ ਮੁੱਲਵਾਨ ਹੈ। ਇਸ ਮੌਕੇ ਮੁੱਖ ਵਕਤਾ ਪ੍ਰੋਫ਼ੈਸਰ ਬਾਵਾ ਸਿੰਘ ਨੇ ਕਿਹਾ ਕਿ ਪੁਨਰ ਜਾਗਰਿਤੀ ਦੀ ਪੱਛਮ ਵਿੱਚ ਲਹਿਰ ਚੱਲ ਰਹੀ ਸੀ, ਜਿਹੜੀ ਮੁੜ 17ਵੀਂ ਸਦੀ ਵਿੱਚ ਗਿਆਨ ਤੇ ਰੋਸ਼ਨੀ ਦਿਮਾਗ ਉਤਪੰਨ ਕਰਨ ਦੀ ਲਹਿਰ 'ਚ ਬਦਲ ਗਈ, ਜਦੋਂ ਹਰੇਕ ਖੇਤਰ ਵਿੱਚ ਰੱਬ ਦੀ ਥਾਂ ਮਨੁੱਖ ਕੇਂਦਰ ਆ ਗਿਆ। ਹੁਣ 20ਵੀਂ 21ਵੀਂ ਸਦੀ ਵਿੱਚ ਪੂੰਜੀਵਾਦ ਨੇ ਸਮੁੱਚੀ ਦੁਨੀਆਂ ਨੂੰ ਆਪਣੇ ਕਲਾਵੇ ਵਿੱਚ ਲੈ ਲਿਆ। ਇਸ ਦੇ ਬਦਲਦੀਆਂ ਲਹਿਰਾਂ ਬਾਰੇ ਕਾਰਜ ਕਰਨ ਦੀ ਜ਼ਰੂਰਤ ਹੈ। ਇਸ ਤੋਂ ਇਲਾਵਾ ਇਤਿਹਾਸਕਾਰ ਸਤਨਾਮ ਚਾਨਾ ਨੇ ਕਿਹਾ ਕਿ ਅਸੀਂ ਆਪਣੇ ਗਿਆਨ ਨੂੰ ਘਟਾਅ ਕੇ ਦੇਖ ਰਹੇ ਹਾਂ ਤੇ ਪੱਛਮ ਦੇ ਗਿਆਨ ਨੂੰ ਵਧਾਅ ਕੇ ਦਰਸਾਅ ਰਹੇ ਹਾਂ, ਇਹ ਹੀ ਸਾਡੀ ਤਰਾਸਦੀ ਹੈ। ਉਹਨਾਂ ਕਿਹਾ ਕਿ ਹੁਣ ਵੀ ਸਾਨੂੰ ਸਾਡੇ ਇਤਿਹਾਸਿਕ ਸਰੋਤਾਂ ਦਾ ਮੁੜ ਮੁਲਾਂਕਣ ਦੀ ਪ੍ਰਕਿਰਿਆ ਚਲਾਉਣੀ ਚਾਹੀਦੀ ਹੈ। ਅਖੀਰ ਵਿੱਚ ਕਿਤਾਬ ਦੇ ਲੇਖਕ ਡਾ. ਜਗਦੀਸ਼ ਪਾਪੜਾ ਨੇ ਕਿਹਾ ਕਿ ਪੰਜਾਬ ਵਿੱਚ ਚਿੰਤਨ ਲਹਿਰ ਖੜੀ ਕਰਨੀ ਅਜੋਕੇ ਸਮੇਂ ਦੀ ਅਹਿਮ ਲੋੜ ਹੈ। ਉਹਨਾਂ ਅੱਗੇ ਕਿਹਾ ਕਿ ਹੁਣ ਦੇ ਸਮੇਂ ਦੇ ਗਿਆਨ ਦੀਆਂ ਨਵੀਆਂ ਚੁਣੌਤੀਆਂ ਦੇ ਪ੍ਰਸੰਗ ਵਿੱਚ ਕਾਰਜ ਕਰਨ ਲਈ ਨਵੇਂ ਚਿੰਤਕਾਂ ਨੂੰ ਅੱਗੇ ਆਉਣਾ ਚਾਹੀਦਾ ਹੈ। ਇਸ ਮੌਕੇ ਪ੍ਰੋਫੈਸਰ ਅਰਵਿੰਦਰ ਕਾਕੜਾ, ਡਾ. ਦਰਸ਼ਨ ਪਾਲ, ਜਗਮੋਹਨ ਪਟਿਆਲਾ, ਵਿਧੂ ਸ਼ੇਖਰ, ਗੁਰਮੀਤ ਦਿੱਤੂਪੁਰ ਅਤੇ ਰਣਜੀਤ ਲਹਿਰਾਗਾਗਾ ਸਮੇਤ ਹੋਰ ਵੱਖ-ਵੱਖ ਸ਼ਖਸ਼ੀਅਤਾਂ ਹਾਜ਼ਰ ਸਨ।

## ਬਸੰਤ ਰਿਤੂ ਕਲੱਬ ਨੇ ਲਗਾਏ ਯੂਥ ਹੋਸਟਲ ਵਿਖੇ ਫਲਦਾਰ ਬੂਟੇ



ਪਟਿਆਲਾ, 1 ਜੁਲਾਈ (ਚ.ਨ.ਸ.) : ਯੂਥ ਹੋਸਟਲ ਪਟਿਆਲਾ ਯੁਵਾ ਮਾਮਲੇ ਅਤੇ ਖੇਡ ਮੰਤਰਾਲੇ ਭਾਰਤ ਸਰਕਾਰ ਵਿਖੇ ਬਸੰਤ ਰਿਤੂ ਯੂਥ ਕਲੱਬ ਤ੍ਰਿਪੜੀ ਪਟਿਆਲਾ ਵੱਲੋਂ ਵਣ ਮਹਾ ਉਤਸਵ ਦਾ ਆਯੋਜਨ ਕੀਤਾ ਗਿਆ। ਇਸ ਦੀ ਪ੍ਰਧਾਨਗੀ ਯੂਥ ਹੋਸਟਲ ਦੇ ਮੈਨੇਜਰ ਰਾਜੇਸ਼ ਸ਼ਰਮਾ ਨੇ ਕੀਤੀ। ਪ੍ਰੋਗਰਾਮ ਦੀ ਸ਼ੁਰੂਆਤ ਵਿੱਚ ਅੰਬ ਦਾ ਪੌਦਾ ਲਗਾ ਕੇ ਵਣ ਮਹਾ ਉਸਤਵ ਦਾ ਉਦਘਾਟਨ ਕੀਤਾ ਗਿਆ। ਯੂਥ ਹੋਸਟਲ ਦੇ ਮੈਨੇਜਰ ਰਾਜੇਸ਼ ਸ਼ਰਮਾ ਨੇ ਆਖਿਆ ਕਿ ਅੱਜ ਬਸੰਤ ਰਿਤੂ ਯੂਥ ਕਲੱਬ ਤ੍ਰਿਪੜੀ ਪਟਿਆਲਾ ਦੇ ਪ੍ਰਧਾਨ ਇੰਜੀ: ਆਕਰਸ਼ ਸ਼ਰਮਾ ਦੀ ਟੀਮ ਵੱਲੋਂ ਯੂਥ ਹੋਸਟਲ ਵਿਖੇ ਵਣ ਮਹਾ ਉਸਤਵ ਵਿੱਚ ਅੰਬਾਂ ਦੇ ਪੌਦੇ ਲਗਾਏ ਗਏ ਅਤੇ ਉਹਨਾਂ ਦੱਸਿਆ ਕਿ ਯੂਥ ਹੋਸਟਲ ਪਟਿਆਲਾ ਵਿਖੇ ਪੂਰੇ ਭਾਰਤ ਤੋਂ ਖਿਡਾਰੀ, ਐਨ.ਆਈ.ਐਸ. ਵਿਖੇ ਇੱਕ ਸਾਲ ਦਾ ਡਿਪਲੋਮਾ, ਛੇ ਹਫਤੇ ਦਾ ਡਿਪਲੋਮਾ ਕਰਨ ਆਉਂਦੇ ਰਹਿੰਦੇ ਹਨ ਅਤੇ ਯੂਥ ਹੋਸਟਲ ਵਿਖੇ ਠਹਿਰ ਕੇ ਉਹ ਆਪਣੀ ਪੜ੍ਹਾਈ ਕਰਦੇ ਹਨ ਅਤੇ ਪੂਰੇ ਭਾਰਤ ਵਿਖੇ ਲਗਭਗ 84 ਯੂਥ ਹੋਸਟਲ ਯੁਵਾ ਮਾਮਲੇ ਅਤੇ ਖੇਡ ਮੰਤਰਾਲੇ ਭਾਰਤ ਸਰਕਾਰ ਵੱਲੋਂ ਚਲਾਏ ਜਾਂਦੇ ਹਨ। ਬਸੰਤ ਰਿਤੂ ਕਲੱਬ ਦੇ ਪ੍ਰਧਾਨ ਇੰਜੀ: ਆਕਰਸ਼ ਸ਼ਰਮਾ ਨੇ ਆਖਿਆ ਕਿ ਇਸ ਤੋਂ ਪਹਿਲਾਂ ਵੀ ਯੂਥ ਹੋਸਟਲ ਵਿਖੇ ਕਲੱਬ ਵੱਲੋਂ ਇੱਕ ਅਮਰੂਦਾਂ ਦਾ ਬਾਗ ਲਗਾਇਆ ਗਿਆ ਹੈ। ਇਸ ਪ੍ਰੋਗਰਾਮ ਵਿੱਚ ਦਵਿੰਦਰ ਕੁਮਾਰ, ਮਨਿਸਟਰੀ ਆਫ ਡਿਫੈਂਸ, ਮੁਨੀਸ਼ ਕੁਮਾਰ, ਸੁਦਰਸ਼ਨ ਕੁਮਾਰ, ਰਾਜੇਸ਼ ਕੁਮਾਰ, ਸੁਮਨ, ਕਾਜਲ, ਖੁਸ਼ਬੂ, ਪ੍ਰੀਤੀ ਅਤੇ ਸਾਇਨਾਂ ਹਾਜ਼ਰ ਸਨ।

## .ਫੌਜ 'ਚ ਭਰਤੀ ਲਈ 6 ਜ਼ਿਲ੍ਹਿਆਂ ਦੇ ਲਿਖਤੀ ਪੇਪਰ ਪਾਸ ਕਰਨ ਵਾਲੇ ਨੌਜਵਾਨਾਂ ਦਾ ਪਟਿਆਲਾ 'ਚ ਹੋਵੇਗਾ ਫਿਜ਼ੀਕਲ ਟੈਸਟ

### ਏ.ਡੀ.ਸੀ. ਤੇ ਆਰਮੀ ਭਰਤੀ ਡਾਇਰੈਕਟਰ ਵੱਲੋਂ ਸੁਚਾਰੂ ਪ੍ਰਬੰਧਾਂ ਲਈ ਬੈਠਕ




ਪਟਿਆਲਾ, 1 ਜੁਲਾਈ (ਰੁਪਾਣਾ/ਵਿਨੋਦ ਸ਼ਰਮਾ): ਭਾਰਤੀ ਫ਼ੌਜ ਦੀ ਭਰਤੀ ਲਈ ਪੰਜਾਬ ਦੇ 6 ਜ਼ਿਲ੍ਹਿਆਂ ਪਟਿਆਲਾ, ਫ਼ਤਹਿਗੜ੍ਹ ਸਾਹਿਬ, ਸੰਗਰੂਰ, ਮਾਨਸਾ, ਬਰਨਾਲਾ ਤੇ ਮਾਲੇਰਕੋਟਲਾ ਦੇ ਲਿਖਤੀ ਪ੍ਰੀਖਿਆ ਪਾਸ ਕਰਨ ਵਾਲੇ ਉਮੀਦਵਾਰਾਂ ਦਾ ਫਿਜ਼ੀਕਲ ਟੈਸਟ ਪਟਿਆਲਾ ਵਿਖੇ ਦੇ ਰਾਜਾ ਭਲਿੰਦਰ ਸਿੰਘ ਸਪੋਰਟਸ ਕੰਪਲੈਕਸ, ਪੋਲੋ ਗਰਾਊਂਡ ਵਿਖੇ 31 ਜੁਲਾਈ ਤੋਂ ਸ਼ੁਰੂ ਹੋਵੇਗਾ। ਇਸ ਆਰਮੀ ਭਰਤੀ ਰੈਲੀ ਲਈ ਤਿਆਰੀਆਂ ਦਾ ਜਾਇਜ਼ਾ ਲੈਣ ਲਈ ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ) ਨਵਰੀਤ ਕੌਰ ਸੇਖੋਂ ਨੇ ਆਰਮੀ ਭਰਤੀ ਦੇ ਡਾਇਰੈਕਟਰ ਕਰਨਲ ਜੀ.ਆਰ.ਐਸ. ਰਾਜਾ ਹੋਰ ਅਧਿਕਾਰੀਆ ਨਾਲ ਇੱਕ ਅਹਿਮ ਬੈਠਕ ਕੀਤੀ। ਕਰਨਲ ਰਾਜਾ ਨੇ ਦੱਸਿਆ ਕਿ 31 ਜੁਲਾਈ ਤੋਂ 11 ਅਗਸਤ ਤੱਕ ਚੱਲਣ ਵਾਲੀ ਇਸ ਆਰਮੀ ਭਰਤੀ ਰੈਲੀ ਮੌਕੇ ਛੇ ਜ਼ਿਲ੍ਹਿਆ ਦੇ 8 ਤੋਂ 9 ਹਜ਼ਾਰ ਉਹ ਨੌਜਵਾਨ ਉਮੀਦਵਾਰ ਸ਼ਾਮਲ ਹੋਣਗੇ ਜਿਹੜੇ ਲਿਖਤੀ ਟੈਸਟ ਪਾਸ ਕਰ ਲੈਣਗੇ ਅਤੇ ਇਨ੍ਹਾਂ ਦੀ ਸਰੀਰਕ ਪਰਖ ਲਈ ਜ਼ਿਲ੍ਹਾ ਵਾਰ ਰੋਸਟਰ ਬਣਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ 6 ਜ਼ਿਲ੍ਹਿਆਂ ਦੀਆਂ 24 ਤਹਿਸੀਲਾਂ ਤੇ 2539 ਪਿੰਡਾਂ ਦੇ ਨੌਜਵਾਨਾਂ 'ਚ ਆਰਮੀ ਭਰਤੀ ਲਈ ਕਾਫ਼ੀ ਉਤਸ਼ਾਹ ਹੈ ਅਤੇ ਇਹ ਖੁਸ਼ੀ ਦੀ ਗੱਲ ਹੈ ਕਿ ਭਾਰਤੀ ਫ਼ੌਜ 'ਚ ਇਨ੍ਹਾਂ ਜ਼ਿਲ੍ਹਿਆਂ ਦੇ ਨੌਜਵਾਨਾਂ ਦੀ ਨਫ਼ਰੀ ਕਾਫ਼ੀ ਜਿਆਦਾ ਹੈ ਅਤੇ ਇਸ ਵਾਰ ਫ਼ੌਜ ਨੇ ਆਸਾਮੀਆ ਵੀ ਵਧਾ ਕੇ ਦੁਗਣੀਆਂ ਕਰ ਦਿੱਤੀਆਂ ਹਨ। ਉਨ੍ਹਾਂ ਦੱਸਿਆ ਕਿ ਫ਼ਿਜੀਕਲ ਟੈਸਟ ਲਈ ਰੋਜ਼ਾਨਾ 700-700 ਨੌਜਵਾਨ ਬੁਲਾਏ ਜਾਣਗੇ ਤੇ ਇਨ੍ਹਾਂ ਦਾ ਟੈਸਟ ਸਵੇਰੇ 4 ਵਜੇ ਪੋਲੋ ਗਰਾਊਂਡ 'ਚ ਪਹੁੰਚ ਜਾਇਆ ਕਰਨਗੇ। ਨਵਰੀਤ ਕੌਰ ਸੇਖੋਂ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ ਮੁਤਾਬਕ ਪੰਜਾਬ ਦੇ ਨੌਜਵਾਨਾਂ ਨੂੰ ਰੋਜ਼ਗਾਰ ਮੁਹੱਈਆ ਕਰਵਾਉਣ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਭਾਰਤੀ ਫ਼ੌਜ ਨੂੰ ਹਰ ਤਰ੍ਹਾਂ ਦਾ ਲੋੜੀਂਦਾ ਸਹਿਯੋਗ ਦਿੱਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸਿਵਲ ਪ੍ਰਸ਼ਾਸਨ, ਪੁਲਿਸ ਤੇ ਆਰਮੀ ਦੀਆਂ ਤਿੰਨੇ ਫ਼ੌਜਾਂ ਨੌਜਵਾਨਾਂ ਦੀ ਭਰਤੀ ਆਪਸੀ ਤਾਲਮੇਲ ਨਾਲ ਸੁਚਾਰੂ ਢੰਗ ਨਾਲ ਕਰਵਾਉਣਗੀਆਂ। ਵਧੀਕ ਡਿਪਟੀ ਕਮਿਸ਼ਨਰ ਸੇਖੋਂ ਤੇ ਆਰਮੀ ਭਰਤੀ ਡਾਇਰੈਕਟਰ ਕਰਨ ਰਾਜਾ ਨੇ ਭਰਤੀ ਰੈਲੀ ਲਈ ਸਿਵਲ ਤੇ ਪੁਲਿਸ ਪ੍ਰਸ਼ਾਸਨ ਵੱਲੋਂ ਕੀਤੇ ਪ੍ਰਬੰਧਾਂ ਦਾ ਜਾਇਜ਼ਾ ਲੈਂਦਿਆਂ ਸਾਰੇ ਸਬੰਧਤ ਵਿਭਾਗਾਂ ਨੂੰ ਲੋੜੀਂਦੇ ਨਿਰਦੇਸ਼ ਜਾਰੀ ਕੀਤੇ। ਉਨ੍ਹਾਂ ਕਿਹਾ ਕਿ ਟ੍ਰੈਫਿਕ ਡਾਇਰਵਰਸ਼ਨ, ਮੈਡੀਕਲ ਐਮਰਜੈਂਸੀ ਸਹੂਲਤ, ਮੋਬਾਇਲ ਟੁਆਲਿਟਸ, ਪੀਣ ਵਾਲੇ ਪਾਣੀ ਦੇ ਟੈਂਕਰ, ਮੀਂਹ ਤੋਂ ਬਚਣ ਲਈ ਆਰਜੀ ਤਰਪਾਲ ਸ਼ੈਲਟਰ, ਲਾਇਟਾਂ, ਬੈਰੀਗੇਟਿੰਗ, ਪੁਲਿਸ ਵੱਲੋਂ ਸੁਰੱਖਿਆ ਪ੍ਰਬੰਧ, ਨਗਰ ਨਿਗਮ ਵੱਲੋਂ ਘਾਹ ਦੀ ਕਟਾਈ ਤੇ ਸਾਫ਼-ਸਫ਼ਾਈ ਆਦਿ ਦੇ ਸਾਰੇ ਪ੍ਰਬੰਧ ਸਮੇਂ ਸਿਰ ਮੁਕੰਮਲ ਕਰ ਲਏ ਜਾਣ। ਮੀਟਿੰਗ 'ਚ ਕਰਨਲ ਵਿਨੋਦ ਸਿੰਘ ਰਾਵਤ, ਡੀ.ਐਸ.ਪੀ. ਸਿਟੀ-1 ਸਤਨਾਮ ਸਿੰਘ, ਕਰਨਲ ਸੋਨਮ ਜੁਨੇਜਾ, ਏ.ਆਰ.ਓ. ਸੂਬੇਦਾਰ ਮੇਜਰ ਤੰਨਮ, ਏ.ਸੀ.ਐਸ. ਡਾ. ਰਚਨਾ, ਜ਼ਿਲ੍ਹਾ ਖੇਡ ਅਫ਼ਸਰ ਹਰਪਿੰਦਰ ਸਿੰਘ, ਤਹਿਸੀਲਦਾਰ ਕਰਨਦੀਪ ਭੁੱਲਰ, ਡਵੀਜ਼ਨ ਫਾਇਰ ਅਫ਼ਸਰ ਰਾਜਿੰਦਰ ਕੌਸ਼ਲ, ਲੋਕ ਨਿਰਮਾਣ ਵਿਭਾਗ ਦੇ ਬਿਜਲੀ ਵਿੰਗ ਦੇ ਐਕਸੀਐਨ ਨਿਸ਼ੂ ਸ਼ਰਮਾ, ਪੀ.ਐਸ.ਪੀ.ਸੀ.ਐਲ ਦੇ ਵਧੀਕ ਐਸ.ਈ. ਜਤਿੰਦਰ ਗਰਗ, ਜਲ ਸਪਲਾਈ ਤੇ ਸੈਨੀਟੇਸ਼ਨ, ਮੰਡੀ ਬੋਰਡ, ਅਤੇ ਹੋਰ ਸਬੰਧਤ ਵਿਭਾਗਾਂ ਦੇ ਅਧਿਕਾਰੀ ਤੇ ਕਰਮਚਾਰੀ ਮੌਜੂਦ ਸਨ।

## ਡੀ.ਸੀ. ਵੱਲੋਂ ਲੋਕਾਂ ਨੂੰ ਵਾਤਾਵਰਨ ਦੀ ਸ਼ੁੱਧਤਾ ਲਈ ਵੱਧ ਤੋਂ ਵੱਧ ਬੂਟੇ ਲਗਾਉਣ ਦਾ ਸੱਦਾ

### ☛ਜ਼ਿਲ੍ਹਾ ਵਾਤਾਵਰਨ ਕਮੇਟੀ ਦੀ 37ਵੀਂ ਮੀਟਿੰਗ, ਵਾਤਾਵਰਨ ਪਲਾਨ 'ਤੇ ਚਰਚਾ



ਪਟਿਆਲਾ, 1 ਜੁਲਾਈ (ਚ.ਨ.ਸ.) : ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਜ਼ਿਲ੍ਹਾ ਨਿਵਾਸੀਆਂ ਨੂੰ ਸੱਦਾ ਦਿੱਤਾ ਹੈ ਕਿ ਇਸ ਬਰਸਾਤ ਦੇ ਮੌਸਮ 'ਚ ਵੱਧ ਤੋਂ ਵੱਧ ਬੂਟੇ ਲਗਾਏ ਜਾਣ। ਉਨ੍ਹਾਂ ਨੇ ਜ਼ਿਲ੍ਹਾ ਵਾਤਾਰਵਨ ਕਮੇਟੀ ਦੀ 37ਵੀਂ ਮੀਟਿੰਗ 'ਚ ਜ਼ਿਲ੍ਹੇ ਦੇ ਵਾਤਾਵਰਨ ਪਲਾਨ 'ਤੇ ਚਰਚਾ ਕਰਦਿਆਂ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਜ਼ਿਲ੍ਹੇ ਅੰਦਰ ਵਣਾਂ ਹੇਠ ਰਕਬਾ ਵਧਾਉਣ ਲਈ ਹਰਿਆਵਲ ਲਹਿਰ ਤਹਿਤ ਬੂਟੇ ਲਾਉਣ ਦਾ ਟੀਚਾ ਵੀ ਪੂਰਾ ਕੀਤਾ ਜਾਵੇਗਾ, ਇਸ ਲਈ ਆਮ ਲੋਕ ਵੀ ਵੱਧ ਤੋਂ ਵੱਧ ਬੂਟੇ ਲਾਉਣ ਅਤੇ ਇਨ੍ਹਾਂ ਨੂੰ ਸੰਭਾਲਣ ਦਾ ਪ੍ਰਣ ਵੀ ਕਰਨ। ਇਸੇ ਦੌਰਾਨ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਏ.ਡੀ.ਸੀ. (ਸ਼ਹਿਰੀ ਵਿਕਾਸ) ਨਵਰੀਤ ਕੌਰ ਸੇਖੋਂ ਨੇ ਨਗਰ ਨਿਗਮ, ਨਗਰ ਕੌਂਸਲਾਂ ਤੇ ਨਗਰ ਪੰਚਾਇਤਾਂ ਦੇ ਕਾਰਜ ਸਾਧਕ ਅਧਿਕਾਰੀਆਂ, ਪੰਜਾਬ ਪ੍ਰਦੂਸ਼ਨ ਰੋਕਥਾਮ ਬੋਰਡ ਤੇ ਹੋਰ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਕਿਹਾ ਹੈ ਕਿ ਜ਼ਿਲ੍ਹੇ ਦੀ ਆਬੋ-ਹਵਾ ਨੂੰ ਦੂਸ਼ਿਤ ਹੋਣ ਤੋਂ ਬਚਾਉਣ ਲਈ ਇੱਕ ਵਾਰ ਵਰਤੋਂ 'ਚ ਆਉਣ ਵਾਲੇ ਪਲਾਸਟਿਕ ਦੀਆਂ ਵਸਤਾਂ ਨਾ ਵਰਤਨ ਲਈ ਮੁਹਿੰਮ ਚਲਾਈ ਜਾਵੇ। ਨਵਰੀਤ ਕੌਰ ਸੇਖੋਂ ਨੇ ਲੋਕਾਂ ਨੂੰ ਵੀ ਅਪੀਲ ਕੀਤੀ ਹੈ ਕਿ ਉਹ ਜਿੱਥੇ ਸਿੰਗਲ ਯੂਜ਼ ਪਲਾਸਟਿਕ ਦੀ ਵਰਤੋਂ ਬੰਦ ਕਰਨ ਉਥੇ ਨਾਲ ਹੀ ਆਪਣੇ ਘਰਾਂ ਵਿੱਚੋਂ ਨਿਕਲਦੇ ਕੂੜੇ ਨੂੰ ਗਿੱਲੇ ਤੇ ਸੁੱਕੇ ਕੂੜੇ ਦੇ ਰੂਪ ਵਿੱਚ ਵੱਖੋ-ਵੱਖ ਕਰਕੇ ਹੀ ਕੂੜੇ ਵਾਲੇ ਨੂੰ ਚੁਕਾਉਣ। ਉਨ੍ਹਾਂ ਨੇ ਕੌਮੀ ਗਰੀਨ ਟ੍ਰਿਬਿਊਨਲ ਦੀਆਂ ਹਦਾਇਤਾਂ ਮੁਤਾਬਕ ਪਟਿਆਲਾ ਜ਼ਿਲ੍ਹੇ ਲਈ ਨਾਨ-ਅਟੇਨਮੈਂਟ ਐਕਸ਼ਨ ਪਲਾਨ ਪੂਰੀ ਤਰ੍ਹਾਂ ਲਾਗੂ ਕਰਨ ਦੇ ਆਦੇਸ਼ ਵੀ ਜਾਰੀ ਕੀਤੇ। ਏ.ਡੀ.ਸੀ. ਨੇ ਜ਼ਿਲ੍ਹੇ ਅੰਦਰ ਠੋਸ ਅਤੇ ਤਰਲ ਕੂੜਾ ਪ੍ਰਬੰਧਨ, ਪਲਾਸਟਿਕ ਕੂੜੇ ਦਾ ਨਿਪਟਾਰਾ, ਗਰੀਨ ਬੈਲਟ, ਹਵਾ ਤੇ ਪਾਣੀ ਦੀ ਗੁਣਵੱਤਾ ਸੁਧਾਰਨ, ਉਦਯੋਗਿਕ ਕਚਰੇ ਨੂੰ ਸੰਭਾਲਣ ਤੋਂ ਇਲਾਵਾ ਆਵਾਜ਼ ਪ੍ਰਦੂਸ਼ਣ ਦੀ ਰੋਕਥਾਮ ਆਦਿ ਨੁਕਤਿਆਂ 'ਤੇ ਚਰਚਾ ਕਰਕੇ ਲੋੜੀਂਦੇ ਦਿਸ਼ਾ ਨਿਰਦੇਸ਼ ਜਾਰੀ ਕੀਤੇ। ਏ.ਡੀ.ਸੀ. ਨੇ ਪਿੰਡਾਂ ਦੇ ਛੱਪੜਾਂ ਦੀ ਸਾਫ਼-ਸਫ਼ਾਈ, ਘੱਗਰ 'ਚ ਪੈਣ ਵਾਲੇ ਪਾਣੀ 'ਚ ਸੀਵਰੇਜ਼ ਜਾਂ ਫੈਕਟਰੀਆਂ ਦੇ ਪਾਣੀ ਨੂੰ ਬਿਨ੍ਹਾਂ ਸੋਧੇ ਨਾ ਪੈਣ ਦੇਣ ਆਦਿ ਪ੍ਰਬੰਧਾਂ, ਸੀਵਰੇਜ਼ ਸੋਧਕ ਪਲਾਟਾਂ, ਸੋਧਿਆ ਪਾਣੀ ਸਿੰਚਾਈ ਲਈ ਵਰਤਣ, ਨਵੇਂ ਐਸ.ਟੀ.ਪੀਜ਼ ਲਾਉਣ, ਹਵਾ ਦੀ ਗੁਣਵੱਤਾ, ਆਵਾਜ਼ ਪ੍ਰਦੂਸ਼ਨ, ਪ੍ਰੈਸ਼ਰ ਹਾਰਨ, ਬਾਇਓ ਮੈਡੀਕਲ ਵੇਸਟ, ਘਰਾਂ 'ਚੋਂ ਗਿੱਲੇ ਤੇ ਸੁੱਕੇ ਕੂੜੇ ਨੂੰ ਇਕੱਤਰ ਕਰਨ ਸਬੰਧੀ ਕੀਤੇ ਜਾ ਰਹੇ ਕਾਰਜਾਂ ਦਾ ਜਾਇਜ਼ਾ ਵੀ ਲਿਆ। ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਦੇ ਵਾਤਾਵਰਨ ਇੰਜੀਨੀਅਰ ਗੁਰਕਰਨ ਸਿੰਘ ਨੇ ਮੀਟਿੰਗ ਦੀ ਕਾਰਵਾਈ ਚਲਾਈ। ਉਨ੍ਹਾਂ ਨਾਲ ਐਸ.ਡੀ.ਓ. ਅਕਾਂਕਸ਼ਾ ਬਾਸਲ, ਵਣ ਮੰਡਲ ਅਫ਼ਸਰ ਗੁਰਮਨਪ੍ਰੀਤ ਸਿੰਘ, ਜ਼ਿਲ੍ਹਾ ਪ੍ਰੀਸ਼ਦ ਦੇ ਡਿਪਟੀ ਸੀਈਓ ਅਮਨਦੀਪ ਕੌਰ, ਡੀ.ਡੀ.ਪੀ.ਓ. ਮੋਹਿੰਦਰਜੀਤ ਸਿੰਘ ਸਮੇਤ ਨਗਰ ਕੌਂਸਲਾਂ ਤੇ ਨਗਰ ਪੰਚਾਇਤਾਂ ਦੇ ਕਾਰਜ ਸਾਧਕ ਅਫ਼ਸਰ, ਜਲ ਸਪਲਾਈ ਤੇ ਸੀਵਰੇਜ਼ ਬੋਰਡ, ਡਰੇਨੇਜ, ਭੂਮੀ ਰੱਖਿਆ ਆਦਿ ਵਿਭਾਗਾਂ ਦੇ ਅਧਿਕਾਰੀ ਵੀ ਮੌਜੂਦ ਸਨ।